*Published in Punjabi & English*

Distributed in Toronto, Calgary, Vancouver and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-11, ਅੰਕ-6, ਜੂਨ 2021 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਸਾਕਾ ਨੀਲਾ ਤਾਰਾ: ਕੀ ਸਿੱਖ ਕੌਮ ਕਦੇ ਅੰਤਰ ਝਾਤ ਮਾਰੇਗੀ ? /2

ਕੋਵਿਡ ਸੰਕਟ ਦੌਰਾਨ ਕੈਨੇਡਾ, ਅਮਰੀਕਾ ਅਤੇ ਹੋਰ ਦੇਸਾਂ ਦੇ 200 ਤੋਂ ਵੱਧ ਅਕਾਦਮਿਸਨਾਂ, ਟ੍ਰੇਡ ਯੂਨੀਅਨ ਲੀਡਰਾਂ, ਅਤੇ ਸਮਾਜਕ ਕਾਰਕੁੰਨਾਂ ਵਲੋਂ/ਭਾਰਤ ਦੇ ਕਿਸਾਨਾਂ ਅਤੇ ਲੋਕਾਂ ਦੇ ਹੱਕ ਵਿੱਚ ਬਿਆਨ/4

ਕੋਰੋਨਾ ਮਹਾਂਮਾਰੀ ਪ੍ਰਤੀ ਸਰਕਾਰ ਦੀ ਲਾਪ੍ਰਵਾਹੀ ਵਿਰੁੱਧ ਆਵਾਜ਼ ਉਠਾਓ/6

ਦਿਖਾਵੇ ਦਾ ਸੱਭਿਆਚਾਰ ਜਾਂ ਸੱਭਿਆਚਾਰਕ ਦਿਖਾਵਾ/9

ਬੀ. ਸੀ. ਦੇ ਲੋਕ ਮੌਤ ਦੇ ਮੂੰਹ ਵਿੱਚ/16

'ਲਹੂ ਸਾਡੇ ਹੱਥਾਂ ਨੂੰ ਵੀ ਲੱਗਾ ਹੋਇਐ'/17

ਇਕ ਹੋਰ ਬੇਅਦਬੀ ਕਾਂਡ/18

ਸੰਗਰਾਮ ਅਤੇ ਸ਼ਾਇਰੀ ਦੀ ਜੁਗਲਬੰਦੀ ਦਾ ਸਾਥੀ: ਮਹਿੰਦਰ ਸਾਥੀ/25

ਸਮੇਂ ਨੂੰ ਸਰਾਭਿਆਂ ਦੀ ਲੋੜ/26

ਡਗਮਗਾ ਰਿਹਾ ਭਾਰਤੀ ਅਰਥਚਾਰਾ/28

ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਨੇ ਆਲਮੀ ਤੇ ਭਾਰਤੀ/40

# ਛੇ ਮਹੀਨੇ ਬਾਅਦ ਵੀ ਮਹਾਂਅੰਦੋਲਨ ਦਾ ਜਲੌਅ ਬਰਕਰਾਰ







ਬੂਟਾ ਸਿੰਘ ਨਵਾਂਸ਼ਹਿਰ
94634-74342

26 ਮਈ ਨੂੰ ਦਿੱਲੀ ਦੀਆਂ ਹੱਦਾਂ ਉੱਪਰ ਡੱਟੇ ਕਿਸਾਨ ਮੋਰਚੇ ਨੇ ਛੇ ਮਹੀਨੇ ਪੂਰੇ ਕਰ ਲਏ। ਇਤਫ਼ਾਕ ਨਾਲ ਇਹ ਆਰ. ਐੱਸ. ਐੱਸ. -ਬੀ. ਜੇ. ਪੀ. ਸਰਕਾਰ ਦੇ 7 ਸਾਲ ਪੂਰੇ ਹੋਣ ਦਾ ਦਿਨ ਵੀ ਸੀ। ਬੁੱਧ ਪੁੰਨਿਆ ਹੋਣ ਕਾਰਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਾਲੇ ਕਾਨੂੰਨਾਂ ਦਾ ਵਿਰੋਧ ਕਰਨ ਦੇ ਨਾਲ ਨਾਲ ਬੁੱਧ ਦੀਆਂ ਸਿੱਖਿਆਵਾਂ ਨੂੰ ਚੇਤੇ ਕਰਨ ਦਾ ਸੱਦਾ ਵੀ ਦਿੱਤਾ ਗਿਆ ਸੀ। 26 ਨਵੰਬਰ 2020 ਨੂੰ ਪੰਜਾਬ ਦੇ ਕਿਸਾਨ ਕਾਫ਼ਲਿਆਂ ਨੇ ਹਰਿਆਣੇ ਦੇ ਕਿਸਾਨਾਂ ਨਾਲ ਮਿਲ ਕੇ ਖੱਟੜ ਸਰਕਾਰ ਦੀਆਂ ਜੰਗੀ ਪੈਮਾਨੇ ਦੀਆਂ ਰੋਕਾਂ ਨੂੰ ਚਕਨਾਚੂਰ ਕਰਦਿਆਂ ਦਿੱਲੀ ਦੇ ਬਾਹਰਵਾਰ ਸੜਕਾਂ ਉੱਪਰ ਮੋਰਚੇ ਲਾਏ ਸਨ। ਇਸ ਦਿਨ ਦੀ ਗਹਿਗੱਚ ਜ਼ੋਰ ਆਜ਼ਮਾਈ ਭਾਰਤ ਦੇ ਲੋਕ ਸੰਘਰਸ਼ਾਂ ਦੇ ਇਤਿਹਾਸ 'ਚ ਨਿਵੇਕਲੇ ਰੂਪ 'ਚ ਦਰਜ ਹੋ ਗਈ। ਇਹ ਆਰ.ਐੱਸ.ਐੱਸ.-ਬੀ.ਜੇ.ਪੀ. ਵੱਲੋਂ 2014 'ਚ ਸੱਤਾਧਾਰੀ ਹੋਣ ਦਾ ਦਿਨ ਵੀ ਸੀ। ਸੱਤਾਧਾਰੀ ਧਿਰ ਦੇ ਵਿਕਾਸ ਅਤੇ ਤਰੱਕੀ ਦੇ ਖੋਖਲੇ ਦਾਅਵਿਆਂ ਨੂੰ ਚੁਣੌਤੀ ਦੇਣ ਲਈ ਇਸ ਦਿਨ ਦੇ ਇਤਿਹਾਸ ਸਿਰਜਕ ਮਹੱਤਵ ਨੂੰ ਚੇਤੇ ਕਰਨ ਤੋਂ ਵਧੇਰੇ ਪ੍ਰਸੰਗਿਕ ਹੋਰ ਸਰਗਰਮੀ ਕਿਹੜੀ ਹੋ ਸਕਦੀ ਸੀ।

ਇਹ ਇਸ ਸਦੀ ਦਾ ਬੇਮਿਸਾਲ ਅੰਦੋਲਨ ਹੈ, ਜਿਸ ਵਿਚ ਨਾ ਸਿਰਫ਼ ਸਮਾਜ ਦੇ ਵਿਸ਼ਾਲ ਹਿੱਸੇ ਸ਼ਾਮਲ ਹਨ ਸਗੋਂ ਵੱਖ-ਵੱਖ ਸੂਬਿਆਂ ਦੇ ਕਿਸਾਨਾਂ ਦੀ ਸਰਗਰਮ ਹਿੱਸੇਦਾਰੀ ਨਾਲ ਇਹ ਮੁਲਕ ਪੱਧਰ ਦਾ ਅੰਦੋਲਨ ਬਣ ਗਿਆ ਹੈ। ਇਹ ਐਨਾ ਲੰਮਾ ਸਮਾਂ ਸਥਾਈ ਰੂਪ 'ਚ ਚੱਲਣ ਵਾਲਾ ਪਹਿਲਾ ਮੋਰਚਾ ਹੈ ਜਿਸ ਵੱਲੋਂ ਸਿਰਜੇ ਨਿਵੇਕਲੇ ਇਤਿਹਾਸ ਦੀ ਛਾਪ ਆਉਣ ਵਾਲੇ ਸਮੇਂ 'ਚ ਉੱਠਣ ਵਾਲੇ ਸੱਤਾ ਵਿਰੁੱਧ ਸੰਘਰਸ਼ਾਂ ਉੱਪਰ ਅਮਿੱਟ ਰੂਪ 'ਚ ਰਹੇਗੀ। ਪੰਜਾਬ ਤੋਂ ਸ਼ੁਰੂ ਹੋਇਆ ਇਹ ਸੰਘਰਸ਼ ਭਾਰਤ ਤੋਂ ਬਾਹਰ ਦੁਨੀਆ ਦੇ ਹੋਰ ਮੁਲਕਾਂ ਦੇ ਲੋਕਾਂ ਲਈ ਵੀ ਧਾੜਵੀ ਕਾਰਪੋਰੇਟ ਸਰਮਾਏਦਾਰੀ ਵਿਰੁੱਧ ਜੂਝਣ ਦੀ ਪ੍ਰੇਰਣਾ ਬਣ ਗਿਆ ਹੈ ਅਤੇ ਇਸ ਨਾਲ ਇਕਮੁੱਠਤਾ ਪ੍ਰਗਟਾਉਣ ਵਾਲੀਆਂ ਕੌਮਾਂਤਰੀ ਆਵਾਜ਼ਾਂ ਦਾ ਘੇਰਾ ਆਏ ਦਿਨ ਹੋਰ ਫੈਲਦਾ ਜਾਂਦਾ ਹੈ। ਇਸ ਤਹੱਮਲ ਵਾਲੇ ਲੰਮੇ ਸੰਘਰਸ਼ ਨੇ ਜਾਬਰ ਸੱਤਾ ਅੱਗੇ ਬੇਵੱਸ ਮਹਿਸੂਸ ਕਰ ਰਹੇ ਅਵਾਮ 'ਚ ਸੱਤਾ ਦੀਆਂ ਮਨਮਾਨੀਆਂ ਨੂੰ ਸਮੂਹਿਕ ਜਥੇਬੰਦ ਯਤਨਾਂ ਰਾਹੀਂ ਠੱਲ ਪਾਉਣ ਦੀ ਚੇਤਨਾ ਜਗਾ ਕੇ ਬੇਮਿਸਾਲ ਭੂਮਿਕਾ ਨਿਭਾਈ ਹੈ। 26 ਮਈ ਨੂੰ ਦਿੱਲੀ ਦੀਆਂ ਸਰਹੱਦਾਂ ਉੱਪਰ ਸੰਘਰਸ਼ ਦੇ ਮੋਰਚੇ ਦੇ ਛੇ ਮਹੀਨੇ ਮੁਕੰਮਲ ਹੋਣਾ ਮਹੱਤਵਪੂਰਨ ਇਤਿਹਾਸਕ ਮੌਕਾ ਸੀ ਅਤੇ ਇਸ ਦਿਨ

(ਬਾਕੀ ਸਫ਼ਾ 19 'ਤੇ)

CONGRATULATIONS
TEAM OVER 650 REALTORS
with in few months
HomeLife Silvercity Realty Inc., Brokerage (independently owned & operated)
905-913-8500
11775 Bramalea Rd # 201, Brampton
GARCHA BROTHERS



Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® MULTIPLE LISTING SERVICE®
urban Real Estate Services Ltd.



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਇਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3





Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834





For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com





SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਸਾਕਾ ਨੀਲਾ ਤਾਰਾ: ਕੀ ਜ਼ਿੰਮੇਵਾਰ ਧਿਰਾਂ ਕਦੇ ਅੰਤਰ ਝਾਤ ਮਾਰਨਗੀਆਂ ?



ਜੂਨ, 1984 ਵਿੱਚ ਵਾਪਰੇ ਇਤਿਹਾਸਕ ਦੁਖਾਂਤ ਬਾਰੇ ਪਿਛਲੇ 37 ਸਾਲਾਂ ਵਿੱਚ ਸਿੱਖਾਂ ਤੇ ਗੈਰ ਸਿੱਖਾਂ ਵਲੋਂ ਬਹੁਤ ਕੁਝ ਕਿਹਾ ਤੇ ਲਿਖਿਆ ਗਿਆ ਹੈ। ਸਰਕਾਰੀ ਪੱਖ ਤੇ ਸ਼੍ਰੋਮਣੀ ਕਮੇਟੀ ਵਲੋਂ ਆਪਣੇ-ਆਪਣੇ ਪੱਖ ਤੋਂ ਵਾਈਟ ਪੇਪਰ ਵੀ ਜਾਰੀ ਕੀਤੇ ਗਏ ਸਨ। ਪਰ ਅੱਜ ਦੀ ਇਸ ਲਿਖਤ ਵਿੱਚ ਅਸੀਂ ਨਾਮਵਰ ਸਿੱਖ ਵਿਦਵਾਨਾਂ ਦੀਆਂ ਕਿਤਾਬਾਂ ਵਿੱਚੋਂ ਕੁਝ ਹਵਾਲਿਆਂ ਰਾਹੀਂ ਸਮਝਣ ਦਾ ਯਤਨ ਕਰਾਂਗੇ ਕਿ ਕੀ ਸਿੱਖ ਕੌਮ ਦੇ ਲੀਡਰਾਂ ਜਾਂ ਵਿਦਵਾਨਾਂ ਨੇ ਇਸ ਵੱਡੇ ਕੌਮੀ ਦੁਖਾਂਤ ਨੂੰ ਸਹੀ ਸੰਦਰਭ ਵਿੱਚ ਸਮਝ ਕੇ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਨਾਲ਼ ਕੌਮ ਅੱਗੇ ਵਧ ਸਕੇ? ਕੀ ਉਨ੍ਹਾਂ ਇਸ ਕਹੇ ਜਾਂਦੇ ਤੀਜੇ ਘੱਲੂਘਾਰੇ ਤੋਂ ਕੋਈ ਸਬਕ ਸਿੱਖਿਆ ਹੈ? ਬੁੱਧੀਜੀਵੀਆਂ ਤੇ ਲੀਡਰਾਂ ਦਾ ਕੰਮ ਇਹੀ ਨਹੀਂ ਹੁੰਦਾ ਕਿ ਉਹ ਅਜਿਹੇ ਘੱਲੂਘਾਰਿਆ ਤੋਂ ਬਾਅਦ ਹਮੇਸ਼ਾਂ ਲਈ ਪੀੜ੍ਹਤ ਧਿਰ ਬਣ ਕੇ ਆਪਣੀ ਰਾਜਨੀਤੀ ਕਰਨ, ਸਗੋਂ ਉਨ੍ਹਾਂ ਦਾ ਕੰਮ ਹੁੰਦਾ ਹੈ ਕਿ ਅਜਿਹੇ ਘੱਲੂਘਾਰਿਆਂ ਤੋਂ ਸਬਕ ਲੈ ਕੇ ਅੱਗੇ ਵਧਣ, ਅਜਿਹੇ ਯਤਨ ਕਰਨ ਕਿ ਮੁੜ ਅਜਿਹਾ ਕੁਝ ਨਾ ਵਾਪਰੇ? ਇਸ ਲਿਖਤ ਵਿੱਚ ਸਿੱਖਾਂ ਦੇ ਕੁਝ ਅਜਿਹੇ ਵੱਡੇ-ਵੱਡੇ ਸਤਿਕਾਰਤ ਵਿਦਵਾਨਾਂ ਦੀਆਂ ਲਿਖਤਾਂ ਵਿੱਚੋਂ ਉਨ੍ਹਾਂ ਦੀ ਮਾਨਿਸਕਤਾ ਤੇ ਦੂਰ-ਅੰਦੇਸ਼ੀ ਨੂੰ ਸਮਝਣ ਦਾ ਯਤਨ ਕਰਾਂਗੇ? ਪਾਠਕਾਂ ਨੂੰ ਵੀ ਕਹਾਂਗਾ ਕਿ ਉਹ ਆਪਣੇ-ਆਪਣੇ ਪਲੇਟਫਾਰਮ ਅਤੇ ਨਜ਼ਰੀਏ ਤੋਂ ਆਪਣੇ-ਆਪਣੇ ਢੰਗ ਨਾਲ਼ ਸੋਚਣ, ਸਮਝਣ ਤੇ ਕੁਝ ਕਰਨ ਦਾ ਯਤਨ ਕਰਨ? ਇਸ ਸਬੰਧੀ ਅਸੀਂ ਆਪਣੀ ਗੱਲ ਡਾ. ਗੁਰਭਗਤ ਸਿੰਘ ਦੇ ਲੇਖਾਂ ਅਧਾਰਿਤ ਅਜਮੇਰ ਸਿੰਘ ਵਲੋਂ ਸੰਪਾਦਤ ਕਿਤਾਬ 'ਸਿੱਖ ਦ੍ਰਿਸ਼ਟੀ ਦਾ ਗੌਰਵ' ਨਾਲ਼ ਸ਼ੁਰੂ ਕਰਾਂਗੇ, ਜਿਨ੍ਹਾਂ ਬਾਰੇ ਅਜਮੇਰ ਸਿੰਘ ਹੋਰੀਂ ਲਿਖਦੇ ਹਨ ਕਿ ਡਾ. ਗੁਰਭਗਤ ਸਿੰਘ ਇੱਕ ਪ੍ਰਬੁੱਧ ਤੇ ਮੌਲਿਕ ਵਿਦਵਾਨ ਸਨ। ਜਿਸ ਵਿੱਚ ਹਰ ਮੁੱਦੇ ਦੀ ਗਹਿਰਾਈ ਵੀ ਹੈ ਤੇ ਮੁੱਦੇ ਦੇ ਹਰ ਨੁਕਤੇ ਤੱਕ ਰਸਾਈ ਵੀ ਹੈ। ਇਸ ਕਿਤਾਬ ਵਿੱਚ ਡਾ. ਗੁਰਭਗਤ ਸਿੰਘ ਜੂਨ 84 ਦੇ ਘੱਲੂਘਾਰੇ ਬਾਰੇ ਆਪਣੇ ਇੱਕ ਲੇਖ 'ਜ਼ਖਮ ਨੂੰ ਸੂਰਜ ਬਣਨ ਦਿਉ!' (ਪੰਨਾ: 89) ਵਿੱਚ ਲਿਖਦੇ ਹਨ: 'ਜੂਨ 84 ਦਾ ਬਲੂ ਸਟਾਰ ਉਪਰੇਸ਼ਨ, ਇੱਕ ਵੱਡਾ ਘੱਲੂਘਾਰਾ ਸੀ। ਇਹ ਇੱਕ ਅਜਿਹਾ ਜ਼ਖਮ ਹੈ, ਜੋ ਸਿੱਖ ਕੌਮ ਦੀ ਸਿਮਰਤੀ ਵਿੱਚੋਂ ਨਹੀਂ ਜਾ ਸਕਦਾ। ਇਹ ਇੱਕ ਪੀੜ ਹੈ, ਇੱਕ ਕਸਕ ਹੈ, ਜੋ ਕਦੇ ਪੂਰੀ ਤਰ੍ਹਾਂ ਹਟ ਨਹੀਂ ਸਕਦੀ। ਪਰ ਜਿਨ੍ਹਾਂ ਕੌਮਾਂ ਦੀ ਸਿਰਜਨਾ ਪਰਮ ਨੈਤਿਕਤਾ ਉਤੇ ਹੋਈ ਹੋਵੇ, 'ਉਨ੍ਹਾਂ ਨੂੰ ਵੱਡੇ ਘਾਉ ਸੈਹਿਣੇ ਪੈਂਦੇ ਹਨ।' ਇਸੇ ਕਿਤਾਬ ਵਿੱਚ ਇੱਕ ਹੋਰ ਲੇਖ 'ਜ਼ਖਮ ਨੂੰ ਚੇਤੰਨਤਾ ਬਣਾਉਣ ਦੀ ਲੋੜ?' (ਪੰਨਾ: 93) ਵਿੱਚ ਲਿਖਦੇ ਹਨ: 'ਸਾਡੇ ਸਮਕਾਲੀ ਇਤਿਹਾਸ ਵਿੱਚ ਸਭ ਤੋਂ ਵੱਡਾ ਕੌਮੀ ਜ਼ਖਮ ਹਿਟਲਰ ਵਲੋਂ ਯਹੂਦੀਆਂ ਦਾ ਯੋਜਨਾਬੱਧ ਢੰਗ ਨਾਲ਼ ਕੀਤਾ ਮਹਾਂਨਾਸ਼ ਸੀ, ਜਿਸਨੂੰ ਉਹ 'ਹੌਲੋਕੌਸਟ' ਕਹਿੰਦੇ ਹਨ, ਵੀਹਵੀਂ ਸਦੀ ਦੇ ਪਹਿਲੇ ਵੱਡੇ 'ਮਹਾਂਨਾਸ' ਪਿੱਛੋਂ ਦੂਜਾ ਵੱਡਾ 'ਮਹਾਂਨਾਸ' ਵੱਡਾ ਕੌਮੀ ਜ਼ਖਮ, 'ਬਲਿਊ ਸਟਾਰ' ਸੀ। ਇਤਿਹਾਸ ਵਿੱਚ ਕੋਈ ਵੱਡੀ ਘਟਨਾ ਬਿਨਾਂ ਤਰਕ ਨਹੀਂ ਵਾਪਰਦੀ, ਜੂਨ 84 ਦਾ ਘੱਲੂਘਾਰਾ ਵੀ ਬਿਨਾਂ ਤਰਕ ਤੋਂ ਵਾਪਰਿਆ 'ਮਹਾਂਨਾਸ' ਨਹੀਂ।' ਇਸੇ ਤਰ੍ਹਾਂ ਡਾ, ਸਾਹਿਬ ਆਪਣੇ ਇੱਕ ਹੋਰ ਲੇਖ 'ਬਲਿਊ ਸਟਾਰ ਉਪਰੇਸ਼ਨ ਸਿਰਜਨਾਤਮਿਕ ਸ਼ੋਅਲਾ ਬਣਾਉਣ ਦੀ ਲੋੜ?' (ਪੰਨਾ: 96) ਵਿੱਚ ਲਿਖਦੇ ਹਨ: 'ਬਲਿਊ ਸਟਾਰ ਉਪਰੇਸ਼ਨ ਇੱਕ ਨਿਸ਼ੇਧਾਤਮਿਕ ਸਾਕਾ ਸੀ, ਜੋ ਵਾਪਰਨਾ ਨਹੀਂ ਚਾਹੀਦਾ ਸੀ, ਪਰ ਵਾਪਰ ਗਿਆ।ਇਸ ਨਾਲ਼ ਲੋਕਾਂ ਦਾ ਬਹੁਤ ਨੁਕਸਾਨ ਹੋਇਆ। ਇਤਿਹਾਸ ਵਿੱਚ ਇਸਦੀ ਤੁਲਨਾ 'ਮਹਾਂਨਾਸਾਂ' ਜਾਂ 'ਹੌਲੋਕੌਸਟ' ਨਾਲ਼ ਹੀ ਕੀਤੀ ਜਾ ਸਕਦੀ ਹੈ।'

ਡਾ. ਗੁਰਭਗਤ ਸਿੰਘ ਬੜੇ ਵੱਡੇ ਵਿਦਵਾਨ ਸਨ ਤੇ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ ਤੇ ਉਨ੍ਹਾਂ ਨਾਲ਼ ਬਿਲਕੁਲ ਸਹਿਮਤ ਹਾਂ ਕਿ ਬਲਿਊ ਸਟਾਰ ਉਪਰੇਸ਼ਨ ਨਹੀਂ ਵਾਪਰਨਾ ਚਾਹੀਦਾ ਸੀ, ਪਰ ਸੁਆਲ ਤਾਂ ਇਹ ਹੈ ਕਿ ਵਾਪਰਿਆ ਕਿਉਂ? ਡਾ. ਸਾਹਿਬ ਆਪ ਹੀ ਕਹਿੰਦੇ ਹਨ ਕਿ ਕੋਈ ਵੀ 'ਮਹਾਂਨਾਸ' ਤਰਕ ਤੋਂ ਬਿਨਾਂ ਨਹੀਂ ਵਾਪਰਦਾ, ਜਦਕਿ ਬਲਿਊ ਸਟਾਰ ਬਾਰੇ ਅਗਲੇ ਸਫਿਆਂ ਤੇ ਕਹਿੰਦੇ ਹਨ ਕਿ ਇੰਦਰਾ ਨੇ ਬਿਨਾਂ ਕਿਸੇ ਕਾਰਨ (ਤਰਕ) ਫੌਜਾਂ ਹਰਿਮੰਦਰ ਤੇ ਚਾੜ੍ਹ ਦਿੱਤੀਆਂ? ਡਾ. ਸਾਹਿਬ ਇਸ ਦੁਖਾਂਤ ਦੀ ਤੁਲਨਾ ਹਿਟਲਰ ਵਲੋਂ ਯਹੂਦੀਆਂ ਦੇ ਕੀਤੇ ਮਹਾਂਨਾਸ ਨਾਲ਼ ਕਰਦੇ ਹਨ, ਪਰ ਕੀ ਡਾ. ਸਾਹਿਬ ਨੂੰ ਪਤਾ ਨਹੀਂ ਸੀ ਕਿ ਨਾ ਸਿਰਫ ਹਿਟਲਰ ਨੇ ਸਿਰਫ 2-3 ਸਾਲਾਂ ਵਿੱਚ ਬਿਨਾਂ ਕਿਸੇ ਭੜਕਾਹਟ ਦੇ 60 ਲੱਖ ਯਹੂਦੀ ਮਾਰੇ ਸਨ, ਸਗੋਂ ਯਹੂਦੀਆਂ ਦਾ 'ਨਰਸੰਹਾਰ' ਤਾਂ 2 ਹਜ਼ਾਰ ਸਾਲ ਤੋਂ ਹੋ ਰਿਹਾ ਸੀ ਤੇ ਉਨ੍ਹਾਂ ਨੂੰ ਸਾਰੀ ਦੁਨੀਆਂ ਵਿੱਚ ਕਿਤੇ ਢੋਈ ਨਹੀਂ ਸੀ। ਕੀ ਸਾਕਾ ਨੀਲਾ ਤਾਰਾ ਦੀ ਕਿਸੇ ਵੀ ਢੰਗ ਨਾਲ਼ ਯਹੂਦੀਆਂ ਦੇ ਹੌਲੋਕੌਸਟ ਨਾਲ਼ ਤੁਲਨਾ ਕਰਨੀ ਜਾਇਜ਼ ਹੈ?

ਅਜਮੇਰ ਸਿੰਘ ਨੇ ਆਪਣੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (ਪੰਨਾ: 432) ਵਿੱਚ ਇਸ ਘਟਨਾ ਬਾਰੇ 'ਸਿਟੀਜ਼ਨਸ ਫਾਰ ਡੈਮੋਕਰੇਸੀ' ਵਲੋਂ ਜਾਰੀ ਜੂਨ 84 ਬਾਰੇ 'ਰਿਪੋਰਟ ਟੂ ਨੇਸ਼ਨ: ਉਪਰੈਸ਼ਨ ਇੰਨ ਪੰਜਾਬ' ਕਿਤਾਬਚੇ ਦੇ ਹਵਾਲੇ ਨਾਲ ਇਵੇਂ ਲਿਖਿਆ ਹੈ: 'ਬਿਨਾਂ ਕਿਸੇ ਭੜਕਾਹਟ ਦੇ ਉਨ੍ਹਾਂ ਨਾਲ਼ ਅਜਿਹਾ ਵਾਪਰਿਆ, ਇਹ ਆਜ਼ਾਦ ਭਾਰਤ ਦਾ ਜ਼ਲਿਆਂਵਾਲ਼ਾ ਬਾਗ ਸੀ, ਜੋ ਮੌਤਾਂ ਦੀ ਗਿਣਤੀ ਤੇ ਮਾਰਨ ਦੇ ਢੰਗ ਤਰੀਕਿਆਂ ਪੱਖੋਂ ਅੰਗਰੇਜ਼ਾਂ ਵੇਲੇ ਹੋਏ ਜ਼ਲਿਆਂਵਾਲ਼ਾ ਕਾਂਡ ਨੂੰ ਕਿਤੇ ਪਿਛੇ ਛੱਡ ਗਿਆ।' ਇਸੇ ਤਰ੍ਹਾਂ ਆਪਣੀ ਇੱਕ ਹੋਰ ਕਿਤਾਬ '1984': ਅਣਚਿਤਵਿਆ ਕਹਿਰ; ਨਾ ਮੰਨਣਯੋਗ, ਨਾ ਭੁੱਲਣਯੋਗ ਤੇ ਨਾ ਬਖਸ਼ਣਯੋਗ' (ਮੁਢਲੇ ਸ਼ਬਦ, ਪੰਨਾ: XII) ਵਿੱਚ ਅਜਮੇਰ ਸਿੰਘ ਜੀ ਲਿਖਦੇ ਹਨ: '1984, ਸਿੱਖਾਂ ਦੇ ਹਿਰਦਿਆਂ ਅੰਦਰ ਖੰਜਰ ਬਣ ਕੇ ਖੁਭਿਆ ਹੋਇਆ ਹੈ। ਸਿੱਖਾਂ ਦਾ ਅਤੀਤ, ਵਰਤਨਮਾਨ ਤੇ ਭਵਿੱਖ, ਸਾਰੇ '1984' ਵਿੱਚ ਸਿਮਟ ਗਏ ਹਨ। ਇਸ ਦੇ ਹਵਾਲੇ ਤੋਂ ਬਿਨਾਂ ਨਾ ਅਤੀਤ ਦੀ ਗੱਲ ਕਰਨੀ ਸੰਭਵ ਰਹੀ ਹੈ, ਨਾ ਵਰਤਮਾਨ ਨੂੰ ਜਾਣਿਆ ਜਾ ਸਕਦਾ ਹੈ, ਅਤੇ ਨਾ ਹੀ ਭਵਿੱਖ ਕਲਪਿਆ ਜਾ ਸਕਦਾ ਹੈ।' ਸ. ਅਜਮੇਰ ਸਿੰਘ ਸਾਡੇ ਤੋਂ ਬਹੁਤ ਸੀਨੀਅਰ ਹਨ, ਉਨ੍ਹਾਂ ਕੋਲ਼ ਸਿਰਫ ਸਿੱਖ ਲਹਿਰ ਦਾ ਹੀ ਨਹੀਂ, ਭਾਰਤ ਦੀ ਅਜ਼ਾਦੀ ਲਹਿਰ, ਮਾਰਕਸਵਾਦ ਤੇ ਨਕਸਲਵਾੜੀ ਲਹਿਰ ਦਾ ਵੀ ਗੂੜ੍ਹ ਗਿਆਨ ਹੈ। ਸਮਝ ਨਹੀਂ ਲੱਗੀ ਕਿ ਉਹ ਕਿਸ ਅਧਾਰ ਤੇ ਜੂਨ 84 ਦੇ ਦੁਖਾਂਤ ਨੂੰ ਜ਼ਲ੍ਹਿਆਂਵਾਲ਼ਾ ਕਾਂਡ ਨਾਲ਼ ਜੋੜ ਸਕਦੇ ਹਨ? ਜ਼ਲ੍ਹਿਆਂਵਾਲ਼ਾ ਬਾਗ ਵਿੱਚ ਤਾਂ ਸ਼ਾਂਤਮਈ ਢੰਗ ਨਾਲ਼ ਨਿਹੱਥੇ ਬੈਠੇ ਲੋਕ ਰੋਸ ਪ੍ਰਦਰਸ਼ਨ ਕਰ ਰਹੇ ਸਨ। ਜਦਕਿ ਦਰਬਾਰ ਸਾਹਿਬ ਅੰਦਰ ਭਾਰਤੀ ਫੌਜ ਦੇ ਜਨਰਲ ਸ਼ੁਬੇਗ ਸਿੰਘ ਦੀ ਕਮਾਂਡ ਅਤੇ 20ਵੀਂ ਸਦੀ ਮਹਾਂਨਾਇਕ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ (ਅਜਮੇਰ ਸਿੰਘ ਅਨੁਸਾਰ) ਦੀ ਅਗਵਾਈ ਵਿੱਚ ਵੱਡੇ-ਵੱਡੇ ਹਥਿਆਰਾਂ ਨਾਲ਼ ਲੈਸ ਮਰਜੀਵੜੇ ਭਾਰਤੀ ਫੌਜ ਨਾਲ਼ ਲੜਨ ਲਈ ਕਈ ਮਹੀਨਿਆਂ ਤੋਂ ਮੋਰਚਾਬੰਦੀ ਕਰੀ ਬੈਠੇ ਸਨ ਉਹ ਮਰਜੀਵੜੇ ਜਿਨ੍ਹਾਂ ਨੇ ਪੰਜਾਬ ਪੁਲਿਸ ਦੇ ਡੀ ਆਈ ਜੀ ਅਵਤਾਰ ਸਿੰਘ ਅਟਵਾਲ ਦਾ ਸ਼ਰੇਆਮ ਦਰਬਾਰ ਸਾਹਿਬ ਅੰਦਰ 25 ਅਪਰੈਲ, 1983 ਨੂੰ ਕਤਲ ਕਰ ਦਿੱਤਾ ਸੀ ਤੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦੀ ਆਪਣੇ ਇੱਕ ਡੀ ਆਈ ਜੀ ਦੀ ਤਿੰਨ ਘੰਟੇ ਲਾਸ਼ ਚੁੱਕਣ ਦੀ ਹਿੰਮਤ ਨਹੀਂ ਪਈ ਸੀ। ਜਿਥੇ ਅਕਾਲੀ ਲੀਡਰ ਮਲਿਕ ਸਿੰਘ ਭਾਟੀਆ ਦਾ ਦਰਬਾਰ ਸਾਹਿਬ ਦੇ ਅੰਦਰ ਖਾੜਕੂਆਂ ਨੇ 16 ਅਪਰੈਲ, 1984 ਨੂੰ ਕਤਲ ਕਰ ਦਿੱਤਾ ਸੀ। 'ਇੰਡੀਆ ਟੁਡੇ' ਦੀ ਜਨਵਰੀ 14, 1984 ਦੀ ਗੋਬਿੰਦ ਠੁਕਰਾਲ ਦੀ ਇੱਕ ਰਿਪੋਰਟ 'ਬੱਬਰ ਖਾਲਸਾ ਲੀਡਰ ਨੇ 35 ਨਿਰੰਕਾਰੀਆਂ ਨੂੰ ਮਾਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਿਆ' ਅਨੁਸਾਰ ਖਾੜਕੂ ਜਥੇਬੰਦੀ ਬੱਬਰ ਖਾਲਸਾ ਦੇ ਮੁੱਖੀ ਸੁਖਦੇਵ ਸਿੰਘ ਬੱਬਰ ਅਤੇ ਅਨੋਖ ਸਿੰਘ ਬੱਬਰ ਨੇ ਦਾਅਵਾ ਕੀਤਾ ਸੀ ਕਿ ਪਿਛਲੇ ਕੁਝ ਮਹੀਨਿਆਂ ਵਿੱਚ 35 ਨਿਰੰਕਾਰੀਆਂ ਨੂੰ ਮਾਰਨ ਦਾ ਸਿਹਰਾ ਸਾਡੀ ਜਥੇਬੰਦੀ ਨੂੰ ਜਾਂਦਾ ਹੈ ਅਤੇ ਭਿੰਡਰਾਂਵਾਲ਼ਾ ਦਰਬਾਰ ਸਾਹਿਬ ਬੈਠਾ ਐਂਵੇਂ ਹੀਰੋ ਬਣ ਰਿਹਾ ਹੈ।ਅਜਮੇਰ ਸਿੰਘ ਹੋਰਾਂ ਦੀ ਅਗਲੀ ਗੱਲ ਨਾਲ਼ ਵੀ ਅਸੀਂ ਸਹਿਮਤ ਹਾਂ ਕਿ ਜੂਨ 84 ਦਾ ਘੱਲੂਘਾਰਾ ਇੱਕ ਬਹੁਤ ਵੱਡੀ ਦੁਖਾਂਤਿਕ ਇਤਿਹਾਸਕ ਘਟਨਾ ਸੀ, ਪਰ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਇਹ ਮਹਾਂ ਵਿਦਵਾਨ ਇਸਦੇ ਕਾਰਨਾਂ ਨੂੰ ਕਿਉਂ ਨਹੀਂ ਵਿਚਾਰਦੇ? ਉਹ ਲੋਕਾਂ ਨੂੰ ਸਿਰਫ ਇੱਕ ਪਾਸੜ ਸੱਚ ਹੀ ਕਿਉਂ ਦੱਸਦੇ ਹਨ? ਕੀ ਕਦੇ ਇਤਿਹਾਸ ਦੀ ਕਿਸੇ ਮਹਾਨ ਦੁਰਘਟਨਾ ਦਾ ਸਿਰਫ ਇੱਕ ਪਹਿਲੂ ਹੋ ਸਕਦਾ ਹੈ? ਉਹ ਕਿਸ

(ਬਾਕੀ ਸਫ਼ਾ 22 'ਤੇ)






**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**

Sukhdev Singh Sandhu
(Toronto)

Master Balbir Singh Gill
(Toronto)

Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਪਿੱਪਲ ਜਾਂ ਬੋਹੜ ਦੇ ਰੁੱਖ ਰਾਤ ਨੂੰ ਆਕਸੀਜਨ ਨਹੀਂ ਛੱਡਦੇ



ਡਾ ਬਲਜਿੰਦਰ ਸਿੰਘ ਸੇਖੋਂ
001 905 781 1197



ਨਵੀਂ ਤਕਨਾਲੋਜੀ ਨੇ ਆਮ ਲੋਕਾਂ ਨੂੰ ਜਾਣਕਾਰੀ ਦਾ ਨਵਾਂ ਸਰੋਤ ਇੰਟਰਨੈਟ ਦੇ ਦਿੱਤਾ ਹੈ। ਇਸ ਵਿਚ ਬਹੁਤ ਸਾਰੀ ਲਾਭਦਾਇਕ ਜਾਣਕਾਰੀ ਬੜੇ ਸੌਖੇ ਤਰੀਕੇ ਮਿਲ ਜਾਂਦੀ ਹੈ, ਪਰ ਜ਼ਰੂਰੀ ਨਹੀਂ ਕਿ ਜੋ ਸਰੋਤ ਤੁਸੀਂ ਵੇਖ ਰਹੇ ਹੋ, ਉਹ ਬਿਲਕੁਲ ਸਹੀ ਹੋਵੇ। ਪਹਿਲਾਂ ਆਪਣੀ ਗੱਲ ਦੀ ਪ੍ਰੋੜਤਾ ਕਰਨ ਲਈ ਲੋਕ ਕਹਿ ਦਿੰਦੇ ਸਨ ਕਿ "ਇਹ ਬਿਲਕੁਲ ਸੱਚ ਹੈ, ਕਿਉਂਕਿ ਇਹ ਮੈਂ ਇਸ ਜਾਂ ਉਸ ਕਿਤਾਬ ਵਿਚ ਪੜ੍ਹੀ ਹੈ।" ਪਰ ਆਮ ਲੋਕਾਂ ਨੂੰ ਹੌਲੀ ਹੌਲੀ ਪਤਾ ਲੱਗਾ ਕਿ ਜ਼ਰੂਰੀ ਨਹੀਂ ਕਿ ਹਰ ਗੱਲ ਜੋ ਕਿਸੇ ਕਿਤਾਬ ਵਿਚ ਲਿਖੀ ਹੈ, ਉਹ ਸਹੀ ਹੋਵੇ। ਬਹੁਤ ਸਾਰੇ ਲੇਖਕ ਸੁਣੀ-ਸੁਣਾਈ ਗੱਲ ਨੂੰ ਬਿਨਾ ਕਿਸੇ ਪੜਤਾਲ ਦੇ ਲਿਖ ਜਾਂਦੇ ਹਨ, ਪਰ ਅਸਲ ਵਿਚ ਉਹ ਝੂਠੀ ਜਾਂ ਨਿਰਆਧਾਰ ਹੁੰਦੀ ਹੈ।

ਲਿਖਤਾਂ ਵਿਚ ਤਾਂ ਜਿੰਨ, ਭੂਤ, ਪ੍ਰੇਤ, ਛਲੇਡਿਆਂ ਦਾ ਵੀ ਵਿਸਥਾਰ ਮਿਲਦਾ ਹੈ, ਪਰ ਹੈ ਉਹ ਸਰਾਸਰ ਝੂਠਾ। ਕਿੰਨੀਆਂ ਹੀ ਲਿਖਤਾਂ ਵਿਚ ਸਰੀਰ ਵਿਚਲੀ ਆਤਮਾ ਬਾਰੇ ਲਿਖਿਆ ਗਿਆ ਹੈ, ਪਰ ਸਾਇੰਸਦਾਨਾਂ ਨੂੰ ਇਸ ਦਾ ਕੋਈ ਸਬੂਤ ਨਹੀਂ ਮਿਲਿਆ। ਇਹ ਲਿਖਤ ਵੀ ਮਿਲਦੀ ਹੈ ਕਿ ਰੂਸ ਵਿਚ ਸਾਇੰਸਦਾਨਾਂ ਨੇ ਕਿਸੇ ਮਰ ਰਹੇ ਵਿਅਕਤੀ ਨੂੰ ਸ਼ੀਸ਼ੇ ਦੇ ਸੀਲ ਬੰਦ ਬਕਸੇ ਵਿਚ ਰੱਖ ਦਿੱਤਾ ਅਤੇ ਉਸ ਦੀ ਜਦ ਮੌਤ ਹੋਈ, ਸ਼ੀਸ਼ੇ ਵਿਚ ਤਰੇੜ ਪੈ ਗਈ, ਜੋ ਸਾਬਤ ਕਰਦੀ ਹੈ ਕਿ ਮਰਨ ਵੇਲੇ ਰੂਹ (ਆਤਮਾ) ਉਸ ਦਾ ਸਰੀਰ ਛੱਡ ਕੇ ਜਾ ਰਹੀ ਸੀ ਤਾਂ ਹੀ ਸ਼ੀਸ਼ਾ ਟੁੱਟਿਆ। ਕੁਝ ਨੇ ਤਾਂ ਆਤਮਾ ਦਾ ਭਾਰ ਵੀ ਤੋਲ ਲਿਆ, ਮਰਨ ਤੋਂ ਪਹਿਲਾਂ ਤੇ ਮਰਨ ਉਪਰੰਤ ਭਾਰ ਨੂੰ ਅੰਕਿਤ ਕਰਕੇ, ਪਰ ਸਾਇੰਸਦਾਨਾਂ ਮੁਤਾਬਿਕ ਇਸ ਤੋਲਣ ਦੀ ਵਿਧੀ ਵਿਚ ਕਈ ਖਾਮੀਆਂ ਸਨ। ਸਾਇੰਸਦਾਨਾਂ ਦੀ ਬਹੁਤ ਡੂੰਘੀ ਖੋਜ ਦੇ ਬਾਵਜੂਦ, ਉਨ੍ਹਾਂ ਨੂੰ ਸਰੀਰ ਵਿਚ ਆਤਮਾ ਨਾਂ ਦੀ ਕੋਈ ਚੀਜ਼ ਨਹੀਂ ਮਿਲੀ।

ਪੰਜਾਬੀਆਂ, ਭਾਰਤੀਆਂ ਵਿਚ ਇਹ ਚਰਚਾ ਕਈ ਵਾਰ ਚੱਲੀ ਹੈ ਕਿ ਸਾਡੇ ਸਭਿਆਚਾਰ ਵਿਚ ਪਵਿੱਤਰ ਮੰਨੇ ਜਾਂਦੇ ਪਿੱਪਲ ਅਤੇ ਬੋਹੜ ਇਸ ਲਈ ਪੂਜੇ ਜਾਂਦੇ ਰਹੇ, ਕਿਉਂਕਿ ਹੋਰ ਚੰਗੇ ਗੁਣਾ ਤੋਂ ਇਲਾਵਾ ਇਹ ਦੂਸਰੇ ਬੂਟਿਆਂ ਦੇ ਉਲਟ, ਦਿਨ ਨੂੰ ਹੀ ਨਹੀਂ ਸਗੋਂ ਰਾਤ ਨੂੰ ਵੀ ਆਕਸੀਜਨ ਛੱਡਦੇ ਹਨ। ਇਸ ਗੱਲ ਦੀ ਪ੍ਰੋੜਤਾ ਵਿਚ ਉਹ ਕੁਝ ਬੂਟਿਆਂ ਵਿਚ ਖਾਸ ਕਿਸਮ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ, ਕੈਮ (ਕਰੈਸੂਲੇਸੀਅਨ ਐਸਿਡ ਮੈਟਾਬੋਲਿਜ਼ਮ) ਦਾ ਹਵਾਲਾ ਦਿੰਦੇ ਹਨ, ਜੋ ਉਨ੍ਹਾਂ ਮੁਤਾਬਿਕ ਪਿੱਪਲ ਅਤੇ ਬੋਹੜ ਦੇ ਰੁੱਖ ਵਿਚ ਵੀ ਹੁੰਦੀ ਹੈ। ਇਸ ਤਰ੍ਹਾਂ ਦੀਆਂ ਲਿਖਤਾਂ ਇੰਟਰਨੈੱਟ 'ਤੇ ਮਿਲਦੀਆਂ ਹਨ ਅਤੇ ਰੇਡੀਓ, ਟੈਲੀਵਿਜ਼ਨਾਂ ਦੇ ਪ੍ਰੋਗਰਾਮਾਂ ਵਿਚ ਵੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਜੇ ਇੰਟਰਨੈੱਟ 'ਤੇ ਜਾਣਕਾਰੀ ਦੇ ਸਰੋਤ, ਗੂਗਲ 'ਬਾਬਾ' ਦੀ ਗੱਲ ਹੀ ਕਰਨੀ ਹੈ ਤਾਂ ਇਸ ਵਿਚ ਵੀ ਦੋ ਕਿਸਮਾਂ ਹਨ- ਇੱਕ ਆਮ ਗੂਗਲ ਅਤੇ ਇੱਕ ਗੂਗਲ ਸਕਾਲਰ। ਆਮ ਗੂਗਲ ਵਿਚ ਜੋ ਵੀ ਲੋਕ ਲਿਖ ਦਿੰਦੇ ਹਨ, ਸ਼ਾਮਿਲ ਹੈ; ਪਰ ਗੂਗਲ ਸਕਾਲਰ ਵਿਚ ਸਿਰਫ ਜੋ ਲਿਖਤਾਂ ਸਹੀ ਸਾਇੰਸ ਦੇ ਰਸਾਲਿਆਂ ਵਿਚ ਛਪੀਆਂ ਹਨ, ਉਹ ਹੀ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਪਿੱਪਲ ਜਾਂ ਬੋਹੜ ਦੇ ਇਸ ਜਾਦੂਈ ਗੁਣ ਬਾਰੇ ਆਮ ਗੂਗਲ ਵਿਚ ਲਿਖਤਾਂ ਹਨ, ਪਰ ਗੂਗਲ ਸਕਾਲਰ ਵਿਚ ਇਸ ਬਾਰੇ ਕੁਝ ਵੀ ਲਿਖਿਆ ਨਹੀਂ ਮਿਲਦਾ।

ਸਾਇੰਸ ਵਿਚਲੀ ਜਾਣਕਾਰੀ ਮੁਤਾਬਿਕ ਇਹ ਠੀਕ ਹੈ ਕਿ ਬੂਟਿਆਂ ਵਿਚ ਪ੍ਰਕਾਸ਼ ਸੰਸਲੇਸ਼ਨ (ਫੋਟੋਸਿੰਸਥੇਸਿਸ), ਜਿਸ ਵਿਚ ਕਾਰਬਨ ਡਾਇਆਕਸਾਈਡ ਅਤੇ ਪਾਣੀ ਤੋਂ ਗੁਲੂਕੋਜ਼ ਬਣਦੀ ਹੈ, ਦੀਆਂ ਤਿੰਨ ਕਿਸਮਾਂ ਹਨ-ਸੀ 3, ਸੀ 4 ਅਤੇ ਕੈਮ। ਆਮ ਬੂਟਿਆਂ (85%) ਵਿਚ ਸਾਰੀ ਦੀ ਸਾਰੀ ਕਿਰਿਆ ਰੌਸ਼ਨੀ ਵਿਚ ਹੁੰਦੀ ਹੈ, ਇਸ ਨੂੰ ਸੀ 3 (ਕਾਰਬਨ 3) ਫੋਟੋਸਿੰਸਥੇਸਿਸ ਕਿਹਾ ਜਾਂਦਾ ਹੈ, ਕਿਉਂਕਿ ਇਸ ਵਿਚ ਕਾਰਬਨ ਡਾਇਆਕਸਾਈਡ, ਜਿਸ ਵਿਚ ਇੱਕ ਕਾਰਬਨ ਹੁੰਦਾ ਹੈ, ਤੋਂ ਪਹਿਲੇ ਪਹਿਲ, ਤਿੰਨ ਕਾਰਬਨ ਵਾਲਾ ਰਸਾਇਣ (ਫੌਸਫੋਗਲਾਇਸੀਰਿਕ ਐਸਡ) ਬਣਦਾ ਹੈ। ਇਸ ਵਿਚ ਕਮੀ ਇਹ ਹੈ ਕਿ ਬਹੁਤ ਸਾਰੀ ਤਾਕਤ ਉਹੀ ਰਸਾਇਣ (ਰੁਬਿਸਕੋ), ਜੋ ਕਾਰਬਨ ਡਾਇਆਕਸਾਈਡ ਤੋਂ ਗੁਲੂਕੋਜ਼ ਬਣਾਉਂਦਾ ਹੈ, ਕਾਰਬਨ ਡਾਇਆਕਸਾਈਡ ਦੀ ਥਾਂ ਆਕਸੀਜਨ ਵਰਤ ਕੇ ਅਜਾਈਂ ਗੁਆ ਦਿੰਦਾ ਹੈ। ਇਹ ਫਜ਼ੂਲ ਦੀ ਕਿਰਿਆ ਉਸ ਸਮੇਂ ਹੁੰਦੀ ਹੈ, ਜਦ ਪੱਤੇ ਵਿਚ ਕਾਰਬਨ ਡਾਇਆਕਸਾਈਡ ਦੀ ਥਾਂ ਆਕਸੀਜਨ ਦੀ ਮਾਤਰਾ ਵੱਧ ਜਾਂਦੀ ਹੈ। ਪ੍ਰਕਾਸ਼ ਸੰਸਲੇਸ਼ਣ ਵੇਲੇ ਆਕਸੀਜਨ ਦੀ ਮਾਤਰਾ ਤਾਂ ਵਧਣੀ ਹੋਈ, ਕਿਉਂਕਿ ਇਹ ਇਸ ਕਿਰਿਆ ਵਿਚ ਬਣ ਰਹੀ ਹੈ। ਸਾਲ 2016 ਵਿਚ ਛਪੇ ਇਕ ਖੋਜ ਪੱਤਰ ਅਨੁਸਾਰ ਅਮਰੀਕਾ ਵਿਚ ਇਸ ਕਿਰਿਆ (ਫੋਟੋਰੈਸਪੀਰੇਸ਼ਨ) ਨਾਲ ਸੋਇਆਬੀਨ ਅਤੇ ਕਣਕ ਦਾ ਝਾੜ ਕ੍ਰਮਵਾਰ 36% ਅਤੇ 20% ਘਟ ਜਾਂਦਾ ਹੈ। ਇਹ ਘਾਟਾ ਜੇ ਸਾਰੀਆਂ ਫਸਲਾਂ ਦਾ ਜੋੜ ਲਿਆ ਜਾਵੇ ਤਾਂ ਖਰਬਾਂ-ਖਰਬਾਂ ਡਾਲਰ ਦਾ ਬਣ ਜਾਂਦਾ ਹੈ। ਸਾਇੰਸਦਾਨ ਇਸ ਗੱਲ 'ਤੇ ਵੀ ਬਹਿਸ ਕਰਦੇ ਰਹਿੰਦੇ ਹਨ ਕਿ ਇਹ ਰੁਬਿਸਕੋ ਜੀਵ ਵਿਕਾਸ (ਐਵੋਲਿਊਸ਼ਨ) ਦੌਰਾਨ ਅਪਣਾ ਸਥਾਨ ਕਾਇਮ ਕਿਸ ਤਰ੍ਹਾਂ ਰੱਖ ਸਕਿਆ ਅਤੇ ਰੱਖ ਰਿਹਾ ਹੈ, ਜਦ ਕਿ ਇਸ ਵਿਚ ਇਹ ਐਡੀ ਵੱਡੀ ਕਮੀ ਹੈ। ਸ਼ਾਇਦ ਜੀਵ ਵਿਕਾਸ ਦੌਰਾਨ ਇਸ ਤੋਂ ਚੰਗਾ ਬਦਲ ਬੂਟਿਆਂ ਵਿਚ ਨਾ ਆਇਆ ਜਾਂ ਕਾਇਮ ਰਹਿ ਸਕਿਆ। ਇਸ ਵੱਡੇ ਫਜ਼ੂਲ ਘਾਟੇ ਤੋਂ ਬਚਣ ਲਈ ਜੀਵਾਂ ਦੇ ਵਿਕਾਸ ਦੌਰਾਨ, ਕੁਝ ਕੁ ਬੂਟਿਆਂ ਵਿਚ, ਦੂਸਰੀਆਂ ਦੋ ਕਿਰਿਆਵਾਂ ਹੋਂਦ ਵਿਚ ਆਈਆਂ, ਜਿਨ੍ਹਾਂ ਵਿਚ ਕਾਰਬਨ ਡਾਇਆਕਸਾਈਡ ਨੂੰ ਪੱਤਿਆਂ ਵਿਚ ਲੈਣ ਅਤੇ ਆਕਸੀਜਨ ਬਣਨ ਦੀਆਂ ਕਿਰਿਆਵਾਂ ਨੂੰ ਵੱਖ ਵੱਖ ਸਮੇਂ ਜਾਂ ਵੱਖ ਵੱਖ ਥਾਂ 'ਤੇ ਕਰ ਲਿਆ ਗਿਆ।

ਸੀ 4 ਫੋਟੋਸਿੰਸਥੇਸਿਸ ਵਿਚ ਬੂਟੇ ਕਾਰਬਨ ਡਾਇਆਕਸਾਈਡ ਨੂੰ ਪਹਿਲਾਂ ਪੱਤੇ ਦੇ ਖਾਸ ਸੈੱਲਾਂ (ਬੰਡਲ ਸ਼ੀਥ) ਵਿਚ ਲੈ ਕੇ ਉਸ ਦਾ 4 ਕਾਰਬਨ ਦਾ ਰਸਾਇਣ, ਮੈਲਿਕ ਐਸਿਡ, ਬਣਾ ਲੈਂਦੇ ਹਨ ਅਤੇ ਬਾਅਦ ਵਿਚ ਮੈਲਿਕ ਐਸਡ ਨੂੰ ਹੋਰ ਕਿਸਮ ਦੇ ਸੈੱਲਾਂ (ਮੀਜ਼ੋਫਿਲ) ਵਿਚ ਲਿਜਾ ਕੇ ਗੁਲੂਕੋਜ਼ ਬਣਾ ਲਈ ਜਾਂਦੀ ਹੈ। ਇਸ ਕਿਸਮ ਦੀ ਫੋਟੋਸਿੰਸਥੇਸਿਸ ਮੱਕੀ, ਗੰਨੇ, ਜੁਆਰ, ਬਾਜਰਾ ਆਦਿ ਵਿਚ ਹੁੰਦੀ ਹੈ। ਇਹ ਦੋਨੋ ਕਿਰਿਆਵਾਂ ਸਿਰਫ ਰੌਸ਼ਨੀ ਵਿਚ ਹੀ ਹੁੰਦੀਆਂ ਹਨ।

ਕੈਮ (ਕਰੈਸੂਲੇਸੀਅਨ ਐਸਿਡ ਮੈਟਾਬੋਲਿਜ਼ਮ) ਬਹੁਤ ਗਰਮੀ ਅਤੇ ਸੋਕੇ (ਮਾਰੂਥਲ) ਵਿਚ ਉੱਗਣ ਵਾਲੇ ਬੂਟਿਆਂ ਵਿਚ ਸ਼ੁਰੂ ਹੋਈ। ਇਹ ਬੂਟੇ ਦਿਨ ਵੇਲੇ ਪ੍ਰਕਾਸ਼ ਸੰਸਲੇਸ਼ਣ ਲਈ ਕਾਰਬਨ ਡਾਇਆਕਸਾਈਡ ਲੈਣ ਜਾਂ ਆਕਸੀਜਨ ਛੱਡਣ ਲਈ ਆਪਣੇ ਪੱਤਿਆਂ ਦੇ ਸੁਰਾਖ (ਸਟੋਮੈਟਾ) ਖੋਲ੍ਹਦੇ ਹੀ ਨਹੀਂ, ਇਸ ਤਰ੍ਹਾਂ ਕਰਨ ਨਾਲ ਇਹ ਦੁਰਲੱਭ ਪਾਣੀ ਅਜਾਈਂ ਗੁਆਉਣ ਤੋਂ ਬਚੇ ਰਹਿੰਦੇ ਹਨ। ਇਹ ਰਾਤ ਨੂੰ ਸੁਰਾਖ ਖੋਲ੍ਹ ਕੇ ਅਪਣੇ ਅੰਦਰ ਕਾਰਬਨ ਡਾਇਆਕਸਾਈਡ ਭਰ ਲੈਂਦੇ ਹਨ, ਜਿਸ ਨੂੰ ਉਹ ਇੱਕ ਤੇਜ਼ਾਬ (ਮੈਲਿਕ ਐਸਿਡ) ਬਣਾ ਕੇ ਜਮ੍ਹਾਂ ਕਰ ਲੈਂਦੇ ਹਨ। ਦਿਨ ਵੇਲੇ ਇਹੀ ਤੇਜ਼ਾਬ ਟੁੱਟ ਕੇ ਕਾਰਬਨ ਡਾਇਆਕਸਾਈਡ ਬਣਾ ਦਿੰਦਾ ਹੈ ਅਤੇ ਬੂਟੇ ਬਿਨਾ ਆਪਣੇ ਸੁਰਾਖ ਖੋਲ੍ਹੇ ਇਸ ਤੋਂ ਗੁਲੂਕੋਜ਼ ਬਣਾ ਲੈਂਦੇ ਹਨ। ਦਿਨ ਵੇਲੇ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ ਵਿਚ ਇਹ ਆਕਸੀਜਨ ਬਣਾਉਂਦੇ ਹਨ, ਜੋ ਆਮ ਕਰਕੇ ਦਿਨ ਵੇਲੇ ਹੀ ਹੌਲੀ ਹੌਲੀ ਖਾਰਜ ਹੁੰਦੀ ਰਹਿੰਦੀ ਹੈ ਅਤੇ ਬਾਕੀ ਹਨੇਰਾ ਪੈਣ 'ਤੇ ਪੱਤਿਆਂ ਦੇ ਸੁਰਾਖ ਖੁਲ੍ਹਣ ਤੇ ਬਾਹਰ ਨਿਕਲ ਜਾਂਦੀ ਹੈ। ਸੋ ਇਹ ਬੂਟੇ ਵੀ ਰਾਤ ਨੂੰ ਕਾਰਬਨ ਡਾਇਆਕਸਾਈਡ ਤਾਂ ਲੈਂਦੇ ਹਨ, ਪਰ ਸਾਰੀ ਰਾਤ ਆਕਸੀਜਨ ਬਣਾਉਂਦੇ ਜਾਂ ਛੱਡਦੇ ਨਹੀਂ। ਕੈਮ ਪ੍ਰਕਾਸ਼ ਸੰਸਲੇਸ਼ਣ, ਥੋਹਰਾਂ, ਮੋਟੇ ਪੱਤਿਆਂ ਵਾਲੇ ਬੂਟਿਆਂ (ਸਟੋਨਕਰੌਪ), ਅਨਾਨਾਸ (ਪਾਈਨਐਪਲ), ਕੁਝ ਵੇਲਾਂ ਅਤੇ ਅਰਿੰਡ ਆਦਿ ਵਿਚ ਹੁੰਦੀ ਹੈ। ਪਿੱਪਲ ਅਤੇ ਬੋਹੜ ਇਸ ਸ਼੍ਰੇਣੀ ਵਿਚ ਨਹੀਂ ਆਉਂਦੇ।

ਸੋ ਪਹਿਲੀ ਗੱਲ ਤਾਂ ਇਹ ਕਿ ਕੈਮ ਵਿਚ ਵੀ ਕੋਈ ਬੂਟਾ ਰਾਤ ਵੇਲੇ ਆਕਸੀਜਨ ਬਣਾਉਂਦਾ ਜਾਂ ਛੱਡਦਾ ਨਹੀਂ ਅਤੇ ਦੂਸਰੇ ਪਿੱਪਲ ਜਾਂ ਬੋਹੜ ਨੂੰ ਇਹ ਕਹਿ ਕੇ ਕਿ ਇਹ ਕੈਮ ਕਿਸਮ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ ਰਾਹੀਂ ਰਾਤ ਨੂੰ ਆਕਸੀਜਨ ਛੱਡਦੇ ਹਨ ਤਾਂ ਬਿਲਕੁਲ ਹੀ ਤੱਥਹੀਣ ਹੈ, ਕਿਉਂਕਿ ਇਹ ਸੀ 3 ਕਿਸਮ ਦੀ ਪ੍ਰਕਾਸ਼ ਸੰਸਲੇਸ਼ਣ ਹੀ ਕਰਦੇ ਹਨ। ਇਹ ਗੱਲ ਵਾਰ ਵਾਰ ਬਿਨਾ ਕਿਸੇ ਠੋਸ ਸਬੂਤ ਦੇ ਦੁਹਰਾਈ ਜਾਂਦੀ ਹੈ। ਇਹ ਉਸੇ ਲੜੀ ਦੀ ਇੱਕ ਤੱਥ ਹੀਣ ਗੱਲ ਹੈ, ਜਿਸ ਵਿਚ ਭਾਰਤ ਵਿਚ ਭਾਜਪਾ ਸਰਕਾਰ ਆਉਣ ਬਾਅਦ ਕਈ ਗੱਲਾਂ ਨੂੰ ਬਿਨਾ ਕਿਸੇ ਸਬੂਤ ਦੇ ਧਾਰਮਿਕ ਪੱਖ ਤੋਂ ਜਿਆਦਾ ਹੀ ਪ੍ਰਚਾਰਿਆ ਜਾ ਰਿਹਾ ਹੈ, ਇੱਥੋਂ ਤੱਕ ਕਿ ਗਊ ਮੂਤਰ, ਜੋ ਪਸ਼ੂ ਦੇ ਸਰੀਰ ਵਿਚੋਂ ਨਕਾਰੇ ਪਦਾਰਥ ਹਨ, ਨੂੰ ਵੀ ਕਿੰਨੀਆਂ ਹੀ ਬਿਮਾਰੀਆਂ ਦਾ ਤੋੜ ਦੱਸਿਆ ਗਿਆ, ਜੋ ਬਿਲਕੁਲ ਗਲਤ ਹੈ। ਪਿੱਪਲ ਅਤੇ ਬੋਹੜ ਦੇ ਇਨ੍ਹਾਂ ਗੁਣਾਂ ਬਾਰੇ ਦਸਦੀਆਂ ਲਿਖਤਾਂ ਵੀ ਇਸੇ ਝੂਠੇ ਪ੍ਰਚਾਰ ਤੰਤਰ ਦੀ ਦੇਣ ਹਨ।

**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕੋਵਿਡ ਸੰਕਟ ਦੌਰਾਨ ਕੈਨੇਡਾ, ਅਮਰੀਕਾ ਅਤੇ ਹੋਰ ਦੇਸਾਂ ਦੇ 200 ਤੋਂ ਵੱਧ ਅਕਾਦਮਿਸਨਾਂ, ਟ੍ਰੇਡ ਯੂਨੀਅਨ ਲੀਡਰਾਂ, ਅਤੇ ਸਮਾਜਕ ਕਾਰਕੁੰਨਾਂ ਵਲੋਂ ਭਾਰਤ ਦੇ ਕਿਸਾਨਾਂ ਅਤੇ ਲੋਕਾਂ ਦੇ ਹੱਕ ਵਿੱਚ ਬਿਆਨ



ਕੈਨੇਡਾ : 21 ਮਈ ਨੂੰ ਕੈਨੇਡਾ, ਅਮਰੀਕਾ ਅਤੇ ਹੋਰ ਦੇਸਾਂ ਦੇ 200 ਤੋਂ ਵੱਧ ਅਕਾਦਮਿਸਨਾਂ, ਟ੍ਰੇਡ ਯੂਨੀਅਨ ਲੀਡਰਾਂ, ਅਤੇ ਸਮਾਜਕ ਕਾਰਕੁੰਨਾਂ ਨੇ ਭਾਰਤ ਦੇ ਕਿਸਾਨਾਂ ਅਤੇ ਲੋਕਾਂ ਦੇ ਹੱਕ ਵਿੱਚ ਬਿਆਨ ਜਾਰੀ ਕਰਕੇ ਭਾਰਤ ਸਰਕਾਰ ਤੋਂ ਇਹ ਮੰਗ ਕੀਤੀ ਹੈ ਕਿ ਉਹ “(1) ਸਤੰਬਰ 2020 ਵਿੱਚ ਪਾਸ ਕੀਤੇ ਖੇਤੀ ਕਾਨੂੰਨਾਂ ਨੂੰ ਇਕਦਮ ਵਾਪਸ ਲਵੇ ਤਾਂ ਕਿ ਕਿਸਾਨ ਆਪਣੇ ਆਪ ਨੂੰ ਕੋਵਿਡ ਤੋਂ ਬਚਾ ਸਕਣ ਅਤੇ ਆਪਣੇ ਘਰਾਂ ਨੂੰ ਵਾਪਸ ਪਰਤ ਸਕਣ, ਇਹ ਜਾਣਦੇ ਹੋਏ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਭਵਿੱਖ ਖਤਰੇ ਵਿੱਚ ਨਹੀਂ ਹੈ। (2) ਜਾਲਮਾਨਾ ਕਾਨੂੰਨਾਂ ਤਹਿਤ ਕੈਦ ਕੀਤੇ ਅਤੇ ਹੁਣ ਕੋਵਿਡ ਦੀ ਇਨਫੈਕਸਨ ਦਾ ਸਾਹਮਣਾ ਕਰ ਰਹੇ ਸਾਰੇ ਸਿਆਸੀ ਕੈਦੀਆਂ ਨੂੰ ਰਿਹਾ ਕਰੇ ਅਤੇ (3) ਭਾਰਤ ਵਿੱਚ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਦੇ ਮੁਫਤ ਵੈਕਸੀਨ ਲਾਉਣ ਦਾ ਪ੍ਰਬੰਧ ਕਰੇ।”

ਭਾਰਤ ਵਿੱਚ ਕੋਵਿਡ ਦੀ ਮੌਜੂਦਾ ਸਥਿਤੀ ’ਤੇ ਟਿੱਪਣੀ ਕਰਦਿਆਂ ਬਿਆਨ ਵਿੱਚ ਕਿਹਾ ਗਿਆ ਹੈ, “ਭਾਰਤ ਇਸ ਵੇਲੇ ਕੋਵਿਡ ਮਹਾਂਮਾਰੀ ਦੀ ਜਕੜ ਵਿੱਚ ਹੈ ਜੋ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਰਤੀ ਜਨਤਾ ਪਾਰਟੀ (ਬੀ ਜੇ ਪੀ) ਦੀ ਸਰਕਾਰ ਦੀ ਅਪਰਾਧਕ ਸੁਸਤੀ ਕਾਰਨ ਪੈਦਾ ਹੋਈ ਹੈ। ਇਸ ਪਾਰਟੀ ਨੇ ਚੋਣਾਂ ਅਤੇ ਆਪਣੇ ਵਿਚਾਰਧਾਰਕ ਮਨਸੂਬਿਆਂ ਨੂੰ ਮੂਹਰੇ ਰੱਖਿਆ ਅਤੇ ਕੋਵਿਡ ਦੇ ਖਤਰਿਆਂ ਬਾਰੇ ਮਾਹਰਾਂ ਵਲੋਂ ਦਰਸਾਏ ਅੰਦਾਜੇ ਅਤੇ ਭਵਿੱਖਬਾਣੀਆਂ ਦੀ ਕੋਈ ਪਰਵਾਹ ਨਹੀਂ ਕੀਤੀ। ਇਹ ਵਿਹਾਰ ਬੀ ਜੇ ਪੀ ਦੇ 2014 ਤੋਂ ਸਰਕਾਰ ਚਲਾਉਣ ਦੇ ਚਲੇ ਆ ਰਹੇ ਤਰੀਕੇ ਅਨੁਸਾਰ ਹੀ ਹੈ ਕਿ ਬਰਾਬਰ ਦੀ ਕਿਸੇ ਵੀ ਤਾਕਤ ਦੇ ਕੇਂਦਰ ਨੂੰ ਕਮਜੋਰ ਤੇ ਖਤਮ ਕਰਨਾ ਹੈ, ਉਹ ਚਾਹੇ ਮੀਡਿਆ, ਨਿਆਂ-ਵਿਵਸਥਾ, ਵਿਰੋਧੀ ਸਿਆਸੀ ਪਾਰਟੀਆਂ, ਟਰੇਡ ਯੂਨੀਅਨਾਂ ਜਾਂ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੀਆਂ ਜਥੇਬੰਦੀਆਂ ਹੋਣ। ਸਰਕਾਰ ਦੇ ਲੋਕਾਂ ਨੂੰ ਪਾੜਨ ਵਾਲੇ ਇਹ ਅਮਲ ਗਰੀਬ ਮਜਦੂਰਾਂ, ਸਮਾਜ ਦੇ ਹਾਸੀਏ ’ਤੇ ਜੀਣ ਵਾਲੇ ਅਤੇ ਦਬਲੇ ਕੁਚਲੇ ਲੋਕਾਂ ਦੇ ਜੀਵਨ ਉੱਪਰ ਨਿਹਾਇਤ ਹੀ ਨਾਂਹ-ਪੱਖੀ ਅਸਰ ਪਾਉਂਦੇ ਹਨ ਜਦ ਕਿ ਬੀ ਜੇ ਪੀ ਦੇ ਲੰਗੋਟੀਏ ਪੂੰਜੀਵਾਦੀ ਯਾਰਾਂ ਦੀਆਂ ਜੇਬਾਂ ਵਿਚ ਬੇਸੁਮਾਰ ਧਨ ਪਾਉਂਦੇ ਹਨ।

ਮੌਜੂਦਾ ਭਿਆਨਕ ਸਥਿਤੀ ਰੋਕੀ ਜਾ ਸਕਦੀ ਸੀ, ਜਿਵੇਂ ਕੇਰਲਾ ਸੂਬੇ ਵਲੋਂ ਦਿਖਾਇਆ ਗਿਆ ਹੈ ਜਿੱਥੇ ਸਮੇਂ ਨਾਲ ਚੁੱਕੇ ਕਦਮਾਂ ਦੇ ਨਤੀਜੇ ਵਜੋਂ ਸਿਹਤ ਲਈ ਲੋੜੀਂਦੀ ਆਕਸੀਜਨ ਵਰਤੋਂ ਤੋਂ ਵੀ ਵੱਧ ਹੈ, ਜਾਂ ਜਿਸ ਤਰ੍ਹਾਂ ਮੁੰਬਈ ਸਹਿਰ ਵਲੋਂ ਕਰੋਨਾ ਦੀ ਪਹਿਲੀ ਲਹਿਰ ਸਮੇਂ ਸਥਾਪਤ ਕੀਤੇ ਵੱਡੇ ਵੱਡੇ ਅਸਥਾਈ ਹਸਪਤਾਲ ਤੋੜੇ ਨਹੀਂ ਸੀ ਗਏ ਕਿਉਂਕਿ ਉਨ੍ਹਾਂ ਨੇ ਕੋਵਿਡ ਦੀ ਦੂਜੀ ਲਹਿਰ ਦੇ ਆਉਣ ਦਾ ਅੰਦਾਜਾ ਲਾ ਲਿਆ ਸੀ।”

ਬਿਆਨ ਵਿੱਚ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦਾ ਜਿਕਰ ਇਸ ਤਰ੍ਹਾਂ ਕੀਤਾ ਗਿਆ ਹੈ: “ਅਸੀਂ ਦੇਖਦੇ ਹਾਂ ਕਿ ਲੱਖਾਂ ਕਿਸਾਨ ਲੰਮੇ ਸਮੇਂ ਤੋਂ ਅੰਦੋਲਨ ਕਰ ਰਹੇ ਹਨ ਕਿ ਮੋਦੀ ਸਰਕਾਰ ਉਹ ਤਿੰਨ ਖੇਤੀ ਕਾਨੂੰਨ ਰੱਦ ਕਰੇ ਜੋ ਉਸ ਨੇ ਬਿਨਾਂ ਕਿਸੇ ਮਸਵਰੇ ਜਾਂ ਵਿਚਾਰ ਵਟਾਂਦਰੇ ਦੇ ਕੋਵਿਡ ਮਹਾਂਮਾਰੀ ਦੌਰਾਨ ਸਤੰਬਰ 2020 ਨੂੰ ਲੁਕਵੇਂ ਤਰੀਕੇ ਨਾਲ ਪਾਸ ਕੀਤੇ ਹਨ।

ਕਿਸਾਨਾਂ ਦਾ ਇਹ ਸੰਘਰਸ਼ ਦੁਨੀਆ ਦੇ ਇਤਿਹਾਸ ਦਾ ਸਭ ਤੋਂ ਵੱਡਾ, ਲੰਬਾ ਅਤੇ ਅਹਿੰਸਕ ਸਾਂਤਮਈ ਅੰਦੋਲਨ ਹੈ ਜੋ ਹੁਣ ਛੇਵੇਂ ਮਹੀਨੇ ਵਿਚ ਦਾਖਲ ਹੋ ਰਿਹਾ ਹੈ ਜੋ ਕਿ ਆਪਣੇ ਆਪ ਵਿਚ ਵਿਲੱਖਣ ਮਿਸਾਲ ਹੈ। ਕਿਸਾਨਾਂ ਦਾ ਇਹ ਡਰ ਵਾਜਬ ਹੈ ਕਿ ਇਹ ਕਾਨੂੰਨ ਕਾਰਪੋਰੇਸ਼ਨਾਂ ਨੂੰ ਕਿਸਾਨਾਂ ਦੀਆਂ ਜਮੀਨਾਂ ਖੋਹਣ ਦੀ ਸਕਤੀ ਦੇ ਦੇਣਗੇ, ਉਨ੍ਹਾਂ ਦੀ ਰੋਟੀ ਰੋਜ਼ੀ ਨੂੰ ਖਤਰਾ ਪੈਦਾ ਕਰ ਦੇਣਗੇ ਅਤੇ ਮੁਲਕ ਅੱਗੇ ਪੈਦਾ ਹੋਏ ਖੇਤੀਬਾੜੀ ਦੇ ਸੰਕਟ ਨੂੰ ਹੋਰ ਡੂੰਘਾ ਕਰ ਦੇਣਗੇ। ਨਵੰਬਰ 2020 ਤੋਂ ਲੈ ਕੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਕਿਸਾਨਾਂ ਨੇ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ ’ਤੇ ਧਰਨਾ ਲਾਇਆ ਹੋਇਆ ਹੈ, ਪਹਿਲਾਂ ਹੱਡ ਤੋੜਵੀਂ ਠੰਡ ਵਿਚ ਤੇ ਹੁਣ ਝੁਲਸ ਦੇਣ ਵਾਲੀ ਗਰਮੀ ਵਿਚ, ਬਾਵਜੂਦ ਸਰਕਾਰੀ ਮਸ਼ੀਨਰੀ ਵਲੋਂ ਉਨ੍ਹਾਂ ’ਤੇ ਛੱਡੀ ਜਾਂਦੀ ਅੱਥਰੂ ਗੈਸ, ਪਾਣੀ ਦੀਆਂ ਤੋਪਾਂ ਅਤੇ ਹਰ ਕਿਸਮ ਦੀਆਂ ਨਾਕਾਬੰਦੀਆਂ ਦੇ। ਉਨ੍ਹਾਂ ਵਿੱਚੋਂ ਸੈਂਕੜੇ ਲੋਕ, ਨੌਜਵਾਨ ਅਤੇ ਬਜ਼ੁਰਗ, ਮਰਦ ਅਤੇ ਔਰਤਾਂ ਮੌਸਮ, ਬਿਮਾਰੀ, ਪੁਲਸ ਤਸੱਦਦ ਅਤੇ ਸੜਕ ਹਾਦਸਿਆਂ ਵਿਚ ਆਪਣੀ ਜਾਨ ਗੁਆ ਚੁੱਕੇ ਹਨ। ਬਹੁਤ ਸਾਰੇ ਹਾਕਮ ਪਾਰਟੀ ਦੇ ਗੁੰਡਿਆਂ ਹੱਥੋਂ ਜਖਮੀ ਹੋਏ ਹਨ। ਫਿਰ ਵੀ ਅੰਦੋਲਨ ਟਿਕਿਆ ਹੋਇਆ ਹੈ ਅਤੇ ਵੱਧ ਰਿਹਾ ਹੈ। ਪਰ ਮੋਦੀ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ। ਕੋਵਿਡ ਦੀ ਤਾਜੀ ਲਹਿਰ ਦੇ ਮੱਦੇਨਜਰ ਇਹ ਡਰ ਜਾਹਰ ਕੀਤਾ ਜਾ ਰਿਹਾ ਹੈ ਕਿ ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਸਰਕਾਰ ਪਬਲਿਕ ਹੈਲਥ ਦਾ ਬਹਾਨਾ ਬਣਾ ਕੇ ਅੰਦੋਲਨ ਨੂੰ ਉਖਾੜਨ ਦੀ ਕੋਸਿਸ ਕਰੇਗੀ, ਜਿਸ ਤਰ੍ਹਾਂ ਇਸ ਨੇ ਪਿਛਲੇ ਸਾਲ ਇਸ ਵਾਇਰਸ ਦੀ ਪਹਿਲੀ ਲਹਿਰ ਸਮੇਂ ਬਹੁਤ ਸਾਰੇ ਭਾਰਤੀਆਂ ਤੋਂ ਨਾਗਰਿਕਤਾਂ ਖੋਹਣ ਲਈ ਬਣਾਏ ਕਾਨੂੰਨ, ਸਿਟੀਜਨਸਿੱਪ ਅਮੈਂਡਮੈਂਟ ਐਕਟ (ਸੀ ਏ ਏ), ਵਿਰੁੱਧ ਉੱਠੇ ਵੱਡੇ ਅੰਦੋਲਨ ਨਾਲ ਕੀਤਾ ਸੀ। ਬੇਸ਼ੱਕ ਕਿਸਾਨ ਇਸ ਸਮੇਂ ਅੰਦੋਲਨ ਵਿੱਚ ਇਕੱਠੇ ਹੋਣ ਕਾਰਨ ਸਿਹਤ ਲਈ ਪੈਦਾ ਹੋਣ ਵਾਲੇ ਖਤਰਿਆਂ ਤੋਂ ਜਾਣੂ ਹਨ, ਪਰ ਉਹ ਡਟੇ ਹੋਏ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਇਕ ਪਾਸੇ ਕੋਵਿਡ ਦੀ ਇਨਫੈਕਸਨ ਦਾ ਖਤਰਾ ਹੈ ਅਤੇ ਦੂਸਰੇ ਪਾਸੇ ਖੇਤੀ ਕਾਨੂੰਨਾਂ ਤੋਂ ਖਤਰਾ ਹੈ ਜਿਹੜੇ ਉਨ੍ਹਾਂ ਲਈ ਮੌਤ ਦਾ ਫਰਮਾਨ ਹਨ।

ਕਿਸਾਨਾਂ ਦੇ ਅੰਦੋਲਨ ਨੂੰ ਭਾਰਤੀ ਸਮਾਜ ਦੇ ਸਾਰੇ ਖੇਤਰਾਂ ਤੋਂ ਅਤੇ ਦੇਸ ਤੋਂ ਬਾਹਰਲੇ ਲੋਕਾਂ ਤੋਂ ਸ਼ਾਨਦਾਰ ਸਮਰਥਨ ਪ੍ਰਾਪਤ ਹੋਇਆ ਹੈ। ਕੈਨੇਡਾ ਵਿੱਚ ਵੈਨਕੂਵਰ, ਵਿਕਟੋਰੀਆ, ਬਰਨਬੀ, ਪੋਰਟ ਕੁਕਿਟਲਮ, ਸਰੀ, ਬਰੈਂਪਟਨ ਅਤੇ ਹੋਰ ਸਹਿਰਾਂ ਦੀਆਂ ਮਿਉਂਸਪਲ ਸਰਕਾਰਾਂ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਮਤੇ ਪਾਸ ਕੀਤੇ ਗਏ ਹਨ। ਇਸ ਦੇ ਨਾਲ ਹੀ ਕੈਨੇਡੀਅਨ ਲੇਬਰ ਕਾਂਗਰਸ, ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ, ਕਈ ਸੂਬਿਆਂ ਦੀਆਂ ਲੇਬਰ ਫੈਡਰੇਸਨਾਂ ਅਤੇ ਯੂਨੀਫਰ ਸਮੇਤ ਬਹੁਤ ਸਾਰੀਆਂ ਮਜਦੂਰ ਜਥੇਬੰਦੀਆਂ ਨੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿੱਚ ਬਿਆਨ ਜਾਰੀ ਕੀਤੇ ਹਨ।”

ਬਿਆਨ ਦੇ ਅੰਤ ਵਿੱਚ ਬਿਆਨ ’ਤੇ ਦਸਖਤ ਕਰਨ ਵਾਲਿਆਂ ਨੇ ਜ਼ੋਰਦਾਰ

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



ਸ਼ਬਦਾਂ ਵਿੱਚ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਇਕਦਮ ਉੱਪਰ ਬਿਆਨੀਆਂ ਮੰਗਾਂ ਮੰਨੇ।

**ਦਸਖਤ ਕਰਨ ਵਾਲੇ:**

1. ਫਿਰੋਜ ਮਹਿਦੀ, ਅਲਟਰਨੇਟਿਵਜ ਇੰਟਰਨੈਸਨਲ, ਮਾਂਟਰੀਅਲ, ਕੈਨੇਡਾ; 2. ਕੈਥਰੀਨ ਪਾਪਾਜ, ਅਲਟਰਨੇਟਿਵਜ ਇੰਟਰਨੈਸਨਲ, ਮਾਂਟਰੀਅਲ, ਕੈਨੇਡਾ; 3. ਮੋਹਮੰਦ ਇਮਰਾਨ, ਰਿਟਾਇਰਡ, ਨਿਊ ਜਰਸੀ, ਯੂ ਐੱਸ ਏ; 4. ਪੈਟਰਿਕ ਫਾਰਬਿਆਜ, ਪੀ ਈ ਪੀ ਐਸ-ਪੋਊ ਉਇਨ ਈਕੋਲੋਜੀ ਪੋਪੂਲਰ ਏ ਸੋਸਿਅਲ, ਪੈਰਿਸ ; 5. ਡੋਲੋਰਿਸ ਚਿਊ, ਮੈਰੀਅਨੋਪੋਲਿਸ ਕਾਲਜ, ਮਾਂਟਰੀਅਲ, ਕੈਨੇਡਾ; 6. ਸੋਫੀ ਟੂਪਿਨ, ਯੂਨੀਵਰਸਿਟੀ ਆਫ ਅਮੈਸਟਰਡਮ, ਮਾਂਟਰੀਅਲ/ਅਮੈਸਟਰਡਮ; 7. ਇਸੀਤਾ ਤਿਵਾੜੀ, ਕਨਕੌਰਡੀਆ ਯੂਨੀਵਰਸਿਟੀ, ਮਾਂਟਰੀਅਲ; 8. ਰਿਚਾ ਨਾਗਰ, ਯੂਨੀਵਰਸਿਟੀ ਆਫ ਮਿਨੀਸੋਟਾ, ਟਵਿੱਨ ਸਿਟੀਜ, ਯੂ ਐੱਸ ਏ; 9. ਦੀਪਤੀ ਗੁਪਤਾ, ਡਾਅਸਨ ਕਾਲਜ, ਮਾਂਟਰੀਅਲ; 10. ਕੋਰੀ ਲੀਗਾਸਿਕ, ਡਾਅਸਨ ਕਾਲਜ ਮਾਂਟਰੀਅਲ; 11. ਰਾਹੁਲ ਵਰਮਾ, ਤੀਸਰੀ ਦੁਨੀਆ ਥੀਏਟਰ, ਮਾਂਟਰੀਅਲ; 12. ਪ੍ਰਸਾਂਤ ਕੇਸਵਾਮੂਰਤੀ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ; 13. ਆਫਸਾਨ ਨਾਸੀਰੀ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ; 14. ਸਿਡ ਸਨਾਇਡ, ਬਾਨੀ ਮੈਂਬਰ, ਇੰਡੀਪੈਂਡਿੰਟ ਜਿਊਇਸ ਵੁਆਇਸਜ ਕੈਨੇਡਾ; 16. ਜੋਨੀਦ ਜੇ ਖਾਨ, ਪੱਤਰਕਾਰ ਅਤੇ ਲੇਖਕ, ਮਾਂਟਰੀਅਲ; 17. ਸੈਆ ਲੈਟੀਜਿਆ, ਯੂਨੀਵਰਸਿਟੀ ਡੂ ਕਿਊਬਕ, ਮਾਂਟਰੀਅਲ, ਕੈਨੇਡਾ; 18. ਬਿੰਦੂ ਟੀ ਡਿਸਾਈ, ਐਲਬੈਨੀ, ਸੀ ਏ, ਯੂ ਐੱਸ ਏ; 19. ਰੌਬਰਟ ਐਪਟਰ, ਰਿਟਾਇਰਡ ਯੂਨਾਈਟਡ ਵਰਕਰਜ ਲੋਕਲ ਪ੍ਰਤੀਨਿੱਧ, ਨਿਊ ਯੌਰਕ, ਯੂ ਐੱਸ ਏ; 20 ਲਕਸਮੀ ਸਰਮਾ, ਮਾਂਟਰੀਅਲ, ਕਿਊਬਕ, ਕੈਨੇਡਾ; 21. ਜੋਡੀ ਫ੍ਰੀਮੈਨ, ਮਾਂਟਰੀਅਲ, ਕਿਊਬਕ, ਕੈਨੇਡਾ; 22. ਬਿੱਲ ਸਕਿੱਡਮੋਰ, ਕਾਰਲਟਨ ਯੂਨੀਵਰਸਿਟੀ, (ਰਿਟਾਇਰਡ) ਔਟਵਾ, ਕੈਨੇਡਾ; 23. ਅਨੀਤਾ ਲਾਲ, ਪੋਇਟਕ ਜਸਟਿਸ ਫਾਊਂਡੇਸਨ, ਕੈਨੇਡਾ; 24. ਕਾਰਮਨ ਜੈਨਸਨ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 25. ਪਾਸਾ ਐੱਮ ਖਾਨ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 26. ਏਡਰੀਅਨ ਪਿਗੌਟ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 27. ਸਦੀਕਾ ਸਿਦੀਕੀ, ਆਈ ਐੱਮ ਏ ਕਿਊਬਕ, ਮਾਂਟਰੀਅਲ ਕੈਨੇਡਾ; 28. ਰੌਬਰਟ ਹੌਰਨਸੇ, ਪ੍ਰੈਜੀਡੈਂਟ, ਬਰਗਥੌਰਸਨ ਅਕੈਡਮੀ ਆਫ ਮਿਊਜੀਕਲ ਆਰਟਸ, ਮੇਪਲ ਰਿੱਜ, ਕੈਨੇਡਾ; 29. ਮੈਲਕਮ ਗਾਈ, ਇੰਟਰਨੈਸਨਲ ਲੀਗ ਆਫ ਪੀਪਲਜ ਸਟਰਗਲ, ਮਾਂਟਰੀਅਲ ਕਿਊਬਕ ਕੈਨੇਡਾ; 30. ਨਿਤੀ ਸਰਮਾ, ਰਿਚਮੰਡ, ਬੀ ਸੀ, ਕੈਨੇਡਾ; 31. ਐਮ. ਵੀ. ਰਮਾਨਾ, ਯੂਨੀਵਰਸਿਟੀ ਆਫ ਬ੍ਰਿਟਿਸ ਕੋਲੰਬੀਆ, ਵੈਨਕੂਵਰ, ਕੈਨੇਡਾ; 32. ਲਾਵਾਨਿਆ ਨਾਰਾਸਿਹਾ, ਐਮ ਡੀ ਐਮ ਐਸ ਸੀ, ਮਗਿੱਲ ਐਂਡ ਸੇਰਬਰੁੱਕ ਯੂਨੀਵਰਸਿਟੀ, ਕਿਊਬਕ, ਕੈਨੇਡਾ; 33. ਸਟੀਵ ਓਰਲੋਵ, ਪਲੇਅਰਾਈਟ, ਮਾਂਟਰੀਅਲ, ਕਿਊਬਕ; 34. ਓਮਰ ਮੋਰਾਦ, ਮਾਂਟਰੀਅਲ, ਕਿਊਬਕ; 35. ਸੂਸੀ ਹਾਂਡਾ, ਸੈਂਟ-ਲੈਂਬਰਟ, ਕਿਊਬਕ; 36. ਜੀਲੈ ਸੈਬੋਰਿਨ, ਸੈਂਟ-ਲੈਂਬਰਟ, ਕਿਊਬਕ; 37. ਡੈਨੀਅਲ ਗੈਰੀਏ, ਆਂਸਿਆਂ ਡਿਲੇਗੇ ਨੈਸਨਲ ਸਰਵਿਸ ਸਿਵਲ ਇੰਟਰਨੈਸਨਲ, ਫਰਾਂਸ; 38. ਕ੍ਰਿਸਟੀਐਨ ਬੈਰਿਲ, ਲੌਂਗੇਏਲ, ਕਿਊਬਕ ਕੈਨੇਡਾ ; 39. ਅੰਮ੍ਰਿਤ ਕ੍ਰਿਸਨਨ, ਮਾਂਟਰੀਅਲ, ਕਿਊਬਕ ਕੈਨੇਡਾ; 40. ਵਿਜੇ ਕੋਲਿਨਜੀਵਾਦੀ, ਯੂਨੀਵਰਸਿਟੀ ਆਫ ਐਂਟਵਰਪ, ਮਾਂਟਰੀਅਲ/ਐਂਟਵਰਪ; 41. ਕੈਰੋਲੀਨ ਕੁੰਜਲ, ਮਾਂਟਰੀਅਲ, ਕਿਊਬਕ; 42. ਦੇਬਦੀਪ ਚੈਟਰਜੀ, ਕੌਨਕੌਰਡੀਆ ਯੂਨੀਵਰਸਿਟੀ, ਮਾਂਟਰੀਅਲ; 43. ਜੂਲੀ ਵਿਗ, ਯੂਨੀਵਰਸਿਟੀ ਆਫ ਟਰਾਂਟੋ, ਟਰਾਂਟੋ, ਕੈਨੇਡਾ; 44. ਆਇਸਾ ਵੈਮੂਰੀ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 45. ਡੈਰੀਨ ਬਾਰਨੀ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 46. ਫਰੀਦਾ ਗੱਟਮੈਨ, ਮਾਂਟਰੀਅਲ, ਕੈਨੇਡਾ, ਇੰਡੀਪੈਂਡਿਟ ਜਿਊਇਸ ਵੁਆਇਸਜ; 47. ਜੌਹਨ ਪਰਾਈਸ, ਯੂਨੀਵਰਸਿਟੀ ਆਫ ਵਿਕਟੋਰੀਆ; 48. ਗਰੇਸੀ ਫਰਨੈਂਡਿਸ-ਹੇਤੀ; 49. ਪ੍ਰਸਾਂਤ ਓਲੇਲਕਰ- ਇੰਡੀਆ; 50. ਵਿਨੋਦ ਮੁਬੇ, ਇਨਸਾਫ ਬੁਲੇਟਿਨ, ਨਿਊ ਯੌਰਕ, ਯੂ ਐੱਸ ਏ; 51. ਪੈਨੀ ਮਿਚਲ, ਹੈਰੀਜੋਨਜ ਮੈਗਜੀਨ, ਵਿਨੀਪੈੱਗ, ਕੈਨੇਡਾ; 52. ਐਨ ਕੇਨਜ, ਆਰ ਈ ਸੀ ਏ ਏ, ਮਾਂਟਰੀਅਲ, ਕਿਊਬਕ, ਕੈਨੇਡਾ; 53. ਜੂਡੀ ਵੌਂਗ;; 54. ਸਲਮਨ ਕੁਰੇਸੀ, ਮਿਸੀਸਾਗਾ, ਕੈਨੇਡਾ; 55. ਬਰਕ ਕੋਸਟੇਮ, ਮਾਂਟਰੀਅਲ, ਕਿਊਬਕ; 56. ਸਮੀਰ ਗੰਡੇਸਾ, ਡਾਇਰੈਕਟਰ, ਇੰਸਟੀਚਿਊਟ ਫਾਰ ਦ ਹਿਊਮੈਨਟੀਜ, ਸਾਈਮਨ ਫਰੇਜਰ ਯੂਨੀਵਰਸਿਟੀ; 57. ਡਿਨੀਸ ਨਾਦੂ, ਕੌਨਕੌਰਡੀਆ ਯੂਨੀਵਰਸਿਟੀ ਮਾਂਟਰੀਅਲ; 58. ਕੈਰੀ ਰੈਨਸਲਰ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ; 59. ਇਐਨ ਐਂਗਸ, ਪ੍ਰੋਫੈਸਰ ਐਮਰੀਟਸ, ਸਾਈਮਨ ਫਰੇਜਰ ਯੂਨੀਵਰਸਿਟੀ; 60. ਜੈਸਿਕਾ ਫੌਨਟੇਨ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 61. ਸਟੀਫਨ ਐਬਰਲੇ, ਇੰਡੀਪੈਂਡਿੰਟ ਜਿਊਇਸ ਵੁਆਇਸਜ ਮੈਂਬਰ, ਵੈਨਕੂਵਰ, ਕੈਨੇਡਾ; 62 ਐਂਡਰਿਊ ਸਟੂਹਲ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 63. ਰਾਣਾ ਖਾਨ, ਵਰਕਿੰਗ ਗਰੁੱਪ ਫਾਰ ਚੇਂਜ, ਟਰਾਂਟੋ, ਕੈਨੇਡਾ; 64. ਮਾਰਕ ਸਟਾਈਲਜ, ਸਟਾਈਲਜ ਐਸੋਸੀਏਟਸ ਇਨਕ. ਔਟਵਾ, ਕੈਨੇਡਾ; 65. ਸਨਾ ਅਹਿਮਦ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 66. ਡੇਵਿਡ ਬਰਸੀਮੀਆ, ਅਲਟਰਨੇਟਿਵ ਰੇਡੀਓ, ਬੋਲਡਰ, ਸੀ ਓ ਯੂ ਐੱਸ ਏ; 67. ਕੌਸਿਕ ਘੋਸ, ਸੈਂਟਰਲ ਵਸਿੰਗਟਨ ਯੂਨੀਵਰਸਿਟੀ, ਵਸਿੰਗਟਨ, ਯੂ.ਐਸ.ਏ; 68 ਡੈਮੋਕਰੇਸੀ, ਇਕੁਐਲਟੀ ਐਂਡ ਸੈਕੂਲਰਜਿਮ ਇਨ ਸਾਊਥ ਏਸੀਆ (ਡੇਸਾ), ਵਿਨੀਪੈੱਗ, ਕੈਨੇਡਾ; 69. ਜੀਓਪੋਲੀਟਕਲ ਇਕਾਨਮੀ ਰਿਸਰਚ ਗਰੁੱਪ (ਗਰਗ), ਕੈਨੇਡਾ; 70. ਨਿਕੋਲ ਰੰਗਨਾਥਨ, ਯੂਨੀਵਰਸਿਟੀ ਆਫ ਕੈਲੇਫੋਰਨੀਆ, ਡੇਵਿਸ; 71. ਜਯੋਤਸਨਾ ਵੈਦ, ਕਾਲਜ ਸਟੇਟਸਨ, ਟੈਕਸਾਸ, ਯੂ ਐੱਸ ਏ; 72. ਜਰਮੀ ਇਸਾਓ ਸਪੀਅਰ, ਆਰਟਿਸਟ, ਵੈਨਕੂਵਰ, ਕੈਨੇਡਾ; 73. ਜੈਰੀ ਡੀਆਸ, ਯੂਨੀਫਰ ਪ੍ਰੈਜੀਡੈਂਟ, ਕੈਨੇਡਾ; 74. ਵੀ. ਕੇ. ਤ੍ਰਿਪਾਠੀ, ਨਿਊ ਦਿੱਲੀ, ਇੰਡੀਆ; 75. ਕੈਰੌਲਿਨ ਡੀਕਰੂਜ, ਲਾ ਟਰੋਬ ਯੂਨੀਵਰਸਿਟੀ, ਮੈਲਬੌਰਨ, ਅਸਟ੍ਰੇਲੀਆ; 76. ਸਵੈਂਡ ਰੌਬਿਨਸਨ, ਜੇ ਐੱਸ ਵੁਡਜਵਰਥ ਰੈਜੀਡੈਂਟ ਸਕਾਲਰ, ਸਾਈਮਨ ਫਰੇਜਰ ਯੂਨੀਵਰਸਿਟੀ, ਵੈਨਕੂਵਰ; 77. ਰਾਮੀ ਕਾਟਜ, ਵੈਨਕੂਵਰ; 78. ਗਲੈੱਨ ਡੀਕਰੂਜ, ਡੀਕਨ ਯੂਨੀਵਰਸਿਟੀ, ਮੈਲਬੌਰਨ; 79. ਹਨਾਕੋ ਹੋਸੀਮੀ-ਕੇਨਜ, ਸੈਂਟਰ ਦ ਕਰੀਏਸਨ ਓ ਵਰਟੀਗੋ, ਮਾਂਟਰੀਅਲ, ਕੈਨੇਡਾ; 80 ਅਪਰਨਾ ਸੁੰਦਰ, ਟਰਾਂਟੋ, ਕੈਨੇਡਾ; 81. ਚੈਂਟਲ ਇਸਮੇ, ਮਾਂਟਰੀਅਲ, ਕੈਨੇਡਾ; 82. ਰੂਪਜੀਤ ਸਹੋਤਾ, ਸਾਈਮਨ ਫਰੇਜਰ ਯੂਨੀਵਰਸਿਟੀ, ਬਰਨਬੀ, ਕੈਨੇਡਾ; 83. ਤਨਵੀਰ ਸਹੋਤਾ, ਸਾਈਮਨ ਫਰੇਜਰ ਯੂਨੀਵਰਸਿਟੀ, ਬਰਨਬੀ, ਕੈਨੇਡਾ; 84. ਨਵਕਿਰਨ ਪੂਨੀਆ, ਸਾਈਮਨ ਫਰੇਜਰ ਯੂਨੀਵਰਸਿਟੀ, ਬਰਨਬੀ, ਕੈਨੇਡਾ; 85. ਜਸਪ੍ਰੀਤ ਸਿੰਘ, ਯੂਨੀਵਰਸਿਟੀ ਆਫ ਬ੍ਰਿਟਿਸ ਕੋਲੰਬੀਆ, ਵੈਨਕੂਵਰ, ਕੈਨੇਡਾ; 86. ਦਿਲਸੇਰ ਅਠਵਾਲ, ਸਾਈਮਨ ਫਰੇਜਰ ਯੂਨੀਵਰਸਿਟੀ, ਬਰਨਬੀ, ਕੈਨੇਡਾ; 87. ਕਿਸੋਰ ਗਜਭੀਏ, ਮੁੰਬਈ, ਇੰਡੀਆ; 88. ਗੁਰਮਨ ਸਹੋਤਾ, ਸਾਈਮਨ ਫਰੇਜਰ ਯੂਨੀਵਰਸਿਟੀ, ਕੈਨੇਡਾ; 89. ਜਾਨ-ਕਲਾਡ ਈਕਾਰਟ, ਸੋਸਿਓਲੋਗ ਸੈਰਸਰ ਓਟੋਨੋਮ, ਮਾਂਟਰੀਅਲ, ਕੈਨੇਡਾ ; 90. ਹਰਜਾਪ ਸਿੰਘ, ਸਾਈਮਨ ਫਰੇਜਰ ਯੂਨੀਵਰਸਿਟੀ, ਕੈਨੇਡਾ; 91. ਅੰਜਲੀ ਚੌਕਸੀ, ਡਾਅਸਨ ਕਾਲਜ, ਮਾਂਟਰੀਅਲ, ਕੈਨੇਡਾ; 92. ਸਲੇਹਾ ਅਠਾਰ, ਟਰਾਂਟੋ, ਕੈਨੇਡਾ; 93. ਪੈਟਰੀਸੀਆ ਗਰੂਬਨ, ਸਾਈਮਨ ਫਰੇਜਰ ਯੂਨੀਵਰਸਿਟੀ, ਵੈਨਕੂਵਰ, ਕੈਨੇਡਾ; 94. ਸਦਾਫ ਰਾਠੋਡ, ਯੂਨੀਵਰਸਿਟੀ ਆਫ ਮੈਸਾਚੂਸਿਟਸ, ਐਮਹਰਸਟ; 95. ਮਧੁਮਿਤਾ ਦੱਤਾ, ਕੋਲੰਬਸ, ਓਹਾਈਓ, ਯੂ ਐਸ ਏ; 96. ਜੈਨੇਵੀਵ ਰੇਲ, ਕੌਨਕੌਰਡੀਆ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 97. ਚਿਨਾਇਹਾ ਜੰਗਮ, ਕਾਰਲਟਨ ਯੂਨੀਵਰਸਿਟੀ, ਔਟਵਾ, ਕੈਨੇਡਾ; 98. ਐਂਥਨੀ ਡੀਆਜ, ਐੱਸ ਜੇ ਈ ਐੱਸ, ਸਾਊਥ ਏਸੀਆ, ਦਿੱਲੀ; 99. ਪ੍ਰਭਜੋਤ ਪਰਮਾਰ, ਸਾਊਥ ਏਸੀਅਨ ਨੈੱਟਵਰਕ ਫਾਰ ਸੈਕੂਲਰਜਿਮ ਐਂਡ ਡੈਮੋਕਰੇਸੀ, ਵੈਨਕੂਵਰ ਕੈਨੇਡਾ; 100. ਨਟਾਲੀ ਕੌਰੀ-ਟੋਅ, ਕੌਨਕੌਰਡੀਆ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 101. ਨੌਰਮਾ ਰੈਨਟੀਸੀ, ਕੌਨਕੌਰਡੀਆ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 102. ਸਰਮਨਜੀਤ ਕੌਰ, ਯੂਨੀਵਰਸਿਟੀ ਆਫ ਬ੍ਰਿਟਿਸ ਕੋਲੰਬੀਆ, ਕੈਨੇਡਾ; 103. ਕ੍ਰਿਸ ਫੋਲਡਜ, ਦ ਰਿਸਰਚ ਗੈਲਰੀ ਮਿਊਜੀਅਮ, ਐਬਟਸਫੋਰਡ, ਬੀ ਸੀ, ਕੈਨੇਡਾ ; 104. ਓਲੀਵੀਆ ਡੈਨੀਅਲ, ਯੂਨੀਵਰਸਿਟੀ ਆਫ ਦ ਫਰੇਜਰ ਵੈਲੀ, ਐਬਟਸਫੋਰਡ, ਬੀ ਸੀ ਕੈਨੇਡਾ; 105. ਮੋ ਧਾਲੀਵਾਲ, ਪੋਇਟਕ ਜਸਟਿਸ ਫਾਊਂਡੇਸਨ, ਕੈਨੇਡਾ; 106. ਰੈਨੇਲ ਐਕਸੈਨਟਸ, ਡੌਕਟੋਹਾਂ ਔਂ ਈਟਿਊਡਜ ਉਰਬੇਨ, ਮਾਂਟਰੀਅਲ, ਕੈਨੇਡਾ ; 107. ਅਲੇਨ ਸੇਂਟ-ਵਿਕਟਰ, ਹਿਸਟੋਰੀਅਨ, ਮਾਂਟਰੀਅਲ, ਕੈਨੇਡਾ; 108. ਹਸਨ ਯੂਸਫ, ਪ੍ਰੈਜੀਡੈਂਟ, ਕੈਨੇਡੀਅਨ ਲੇਬਰ ਕਾਂਗਰਸ, ਔਟਵਾ, ਕੈਨੇਡਾ; 109. ਸਟੀਫਨ ਵੌਨ ਸਾਈਕੋਵਸਕੀ, ਪ੍ਰੈਜੀਡੈਂਟ, ਵੈਨਕੂਵਰ ਐਂਡ ਡਿਸਟ੍ਰਿਕਟ ਲੇਬਰ ਕਾਊਂਸਲ, ਵੈਨਕੂਵਰ; 110. ਈਅਨ ਰੌਕਸਬੌਰੋ-ਸਮਿੱਥ, ਰਿਚਮੰਡ ਸਾਊਥ ਸੈਂਟਰ ਕਨਸਟੀਚਿਊਂਸੀ ਐਗਜੈਕਟਿਵ, ਬੀ ਸੀ, ਕੈਨੇਡਾ; 111. ਗਿਆਨ ਸਹੋਤਾ, ਵਾਈਸ ਪ੍ਰੈਜੀਡੈਂਟ, ਰਿਚਮੰਡ ਸਾਊਥ ਸੈਂਟਰ ਕਨਸਟੀਚਿਊਂਸੀ ਐਗਜੈਕਟਿਵ, ਬੀ ਸੀ, ਕੈਨੇਡਾ; 112. ਸਟੈਫੈਨ ਕੀਫਰ, ਯੌਰਕ ਯੂਨੀਵਰਸਿਟੀ, ਟਰਾਂਟੋ, ਕੈਨੇਡਾ; 113. ਈਲਨ ਕਪੂਰ, ਯੌਰਕ ਯੂਨੀਵਰਸਿਟੀ, ਟਰਾਂਟੋ, ਕੈਨੇਡਾ; 114. ਸੀਮਾ ਅਪਰੈਹਮੀਅਨ, ਸੀਮੋਨ ਦ ਬੋਵਾਰ ਇੰਸਟੀਚਿਊਟ, ਕੌਨਕੌਰਡੀਆ ਯੂਨੀਵਰਸਿਟੀ, ਕੈਨੇਡਾ ; 115. ਕਜਰੀ ਜੈਨ, ਯੂਨੀਵਰਸਿਟੀ ਆਫ ਟਰਾਂਟੋ, ਕੈਨੇਡਾ; 116. ਰੇਚਲ ਬਰਗਰ, ਕੌਨਕੌਰਡੀਆ ਯੂਨੀਵਰਸਿਟੀ, ਕੈਨੇਡਾ; 117. ਬਿਆਨਕਾ ਮੁਗਾਈਨੀ, ਡਾਇਰੈਕਟਰ, ਕੈਨੇਡੀਅਨ ਫੌਰਨ ਪਾਲਿਸੀ ਇੰਸਟੀਚਿਊਟ; 118. ਦਮਿਤਰੀ ਲੈਸਕੈਰਿਸ, ਵਕੀਲ, ਪੱਤਰਕਾਰ, ਐਕਟਵਿਸਟ; 119. ਐਨਟੋਨਿਓ ਟੌਰੈਜ-ਰੂਇਜ, ਸੈਂਟਰ ਫਾਰ ਕਰਿਟੀਕਲ ਡਿਵੈਲਪਮੈਂਟ ਸਟੱਡੀਜ, ਯੂਨੀਵਰਸਿਟੀ ਆਫ ਟਰਾਂਟੋ ਅਤੇ ਸੈਂਟਰ ਫਾਰ ਰਿਸਰਚ ਔਨ ਲੈਟਿਨ ਅਮਰੀਕਾ ਐਂਡ ਦੀ ਕੈਰੀਬੀਅਨ; 120.ਜੀਊਮ ਬਰਨਾਰਡੀ, ਡਰਾਮਾ ਸਟੱਡੀਜ ਪ੍ਰੋਗਰਾਮ, ਗਲੈਂਡਨ ਕਾਲਜ, ਯੌਰਕ ਯੂਨੀਵਰਸਿਟੀ; 121. ਸਟੀਵਨ ਬ੍ਰੁੱਸ, ਸੀਨੀਅਰ ਲੈਕਚਰਰ (ਰਿਟਾਇਰਡ), ਯੂਨੀਵਰਸਿਟੀ ਆਫ ਟਰਾਂਟੋ, ਕੈਨੇਡਾ; 122. ਭਵਾਨੀ ਰਮਨ, ਯੂਨੀਵਰਸਿਟੀ ਆਫ ਟਰਾਂਟੋ, ਕੈਨੇਡਾ; 123. ਪ੍ਰਭਜੋਤ ਪਰਮਾਰ, ਯੂਨੀਵਰਸਿਟੀ ਆਫ ਦੀ ਫਰੇਜਰ ਵੈਲੀ, ਕੈਨੇਡਾ; 124. ਸੈਡਫ ਅਰਟ-ਕੋਕ, ਰਾਇਰਸਨ ਯੂਨੀਵਰਸਿਟੀ, ਟਰਾਂਟੋ, ਕੈਨੇਡਾ; 125. ਕੈਥਰੀਨ ਬੀਮਨ, ਅਲਟਰਨੇਟਿਵਜ, ਮੌਂਟਰੀਅਲ, ਕਿਊਬਕ, ਕੈਨੇਡਾ; 126. ਐਵਲਿਨ ਮੌਂਡੋਨੀਡੋ, ਪਿਨਾਈ, ਕਿਊਬਕ, ਕੈਨੇਡਾ; 127. ਸੁਸਾਇਟੀ ਆਫ ਸੋਸਲਿਸਟ ਸਟੱਡੀਜ, ਕੈਨੇਡਾ; 128. ਸੇਜਲ ਲਾਲ, ਸਾਊਥ ਏਸੀਅਨ ਨੈੱਟਵਰਕ ਫਾਰ ਸੈਕੂਲਰਜਿਮ ਐਂਡ ਡੈਮੋਕਰੇਸੀ, ਵੈਨਕੂਵਰ, ਕੈਨੇਡਾ; 129. ਰਾਧਿਕਾ ਮੌਂਗੀਆ, ਯੌਰਕ ਯੂਨੀਵਰਸਿਟੀ, ਟਰਾਂਟੋ, ਕੈਨੇਡਾ; 130. ਮੁਸਤਫਾ ਕੋਕ, ਰਾਇਰਸਨ ਯੂਨੀਵਰਸਿਟੀ, ਟਰਾਂਟੋ, ਕੈਨੇਡਾ; 131. ਰਵਿੰਦਰਾ ਕੇ. ਜੈਨ, ਰਿਟਾਇਰਡ, ਜੇ ਐੱਨ ਯੂ, ਇੰਡੀਆ; 132. ਅਮਾਂਦਾ ਆਰ. ਸੰਕਲੈਂਡ, ਕਾਰਲਟਨ ਯੂਨੀਵਰਸਿਟੀ, ਔਟਵਾ, ਉਨਟੇਰੀਓ; 133. ਰੇਚਲ ਪੋਰਟੀਂਗਾ, ਲੇਕਹੈਡ ਯੂਨੀਵਰਸਿਟੀ, ਥੰਡਰ ਬੇਅ, ਉਨਟੇਰੀਓ; 134. ਨਵਜੋਤਪਾਲ ਕੌਰ, ਮੈਮੋਰੀਅਲ ਯੂਨੀਵਰਸਿਟੀ ਆਫ ਨਿਊਫਾਉਂਡਲੈਂਡ, ਸੇਂਟ ਜੌਹਨ, ਨਿਊਫਾਊਂਡਲੈਂਡ, ਕੈਨੇਡਾ; 135. ਮੈਰੀ ਬੋਟੀ, ਵਿਮਨ ਆਫ ਡਾਇਵਰਸ ਓਰੀਜਨ, ਮਾਂਟਰੀਅਲ, ਕਿਊਬਕ, ਕੈਨੇਡਾ; 136. ਮਾਰੀਆ ਵੌਰਟਨ, ਮਾਂਟਰੀਅਲ, ਕਿਊਬਕ, ਕੈਨੇਡਾ; 137. ਈ ਮਕਲੀਨ, ਵਿਨੀਪੈੱਗ, ਮੈਨੀਟੋਬਾ, ਕੈਨੇਡਾ; 138. ਕੋਰਾ ਲੇਅ ਗਲੈਟ, ਵਿਕਟੋਰੀਆ, ਬੀ ਸੀ, ਕੈਨੇਡਾ; 139. ਐਂਬਰੋਸੇ ਪਰੇਰਾ, ਪੋਰਟ ਮੋਰਸਬੀ, ਪਾਪਾ ਨਿਊ ਗਿਨੀ; 140. ਮੇਅ ਚਿਊ, ਮਾਂਟਰੀਅਲ, ਕਿਊਬਕ, ਕੈਨੇਡਾ; 141. ਬਾਰਬਰਾ ਪਾਰਕਰ, ਲੇਕਹੈੱਡ ਯੂਨੀਵਰਸਿਟੀ, ਥੰਡਰ ਬੇਅ, ਉਨਟੇਰੀਓ; 142. ਬਰਟਰੈਂਡ ਗਿਬੋਰਡ, ਕੋਨਸੇਲ ਸੈਂਟਰਲ ਡੂ ਮਾਂਟਰੀਅਲ ਮੈਟਰੋਪੌਲੀਟਨ, ਸੀ ਐੱਸ ਐੱਨ, ਮਾਂਟਰੀਅਲ, ਕਿਊਬਕ ; 143. ਐਰਿਕ ਸਰੈਗੀ, ਇੰਮੀਗਰੈਂਟ ਵਰਕਰਜ ਸੈਂਟਰ, ਮਾਂਟਰੀਅਲ, ਕਿਊਬਕ; 144. ਬਰਾਇਨ ਡੇਲ, ਯੂਨੀਵਰਸਿਟੀ ਆਫ ਟਰਾਂਟੋ ਸਕੈਰਬਰੋ, ਟਰਾਂਟੋ, ਉਨਟੇਰੀਓ; 145. ਮੋਨੀਕਾ ਕੌਰਜਨ, ਸੇਂਟ ਪਾਲ ਯੂਨੀਵਰਸਿਟੀ, ਔਟਾਵਾ, ਉਨਟੇਰੀਓ; 146. ਰਾਇਨ ਜੇ. ਫਿਲਪਸ, ਰਾਇਰਸਨ ਯੂਨੀਵਰਸਿਟੀ, ਟਰਾਂਟੋ, ਉਨਟੇਰੀਓ; 147. ਲਿਓਨਲ ਫਰਨੈਂਡੇਜ, ਉਨਟੇਰੀਓ, ਕੈਨੇਡਾ; 148. ਓਮਾਰ ਲਤੀਫ, ਕਮੇਟੀ ਆਫ ਪ੍ਰੋਗਰੈਸਿਵ ਪਾਕਿਸਤਾਨੀ ਕੈਨੇਡੀਅਨਜ; 149. ਨੀਲੰਬਰੀ ਘਈ, ਔਟਵਾ, ਕੈਨੇਡਾ; 150. ਡੌਮਨੀਕ ਡੈਗਨੈਲਟ, ਕੌਂਸਲ ਸੈਂਟਰਲ ਡੂ ਮਾਂਟਰੀਅਲ ਮੈਟਰੋਪੌਲੀਟਨ- ਸੀ ਐੱਸ ਐੱਨ, ਮਾਂਟਰੀਅਲ ਕਿਊਬਕ; 151. ਕ੍ਰਿਸਟੀਨ ਮਾਰੇਵਾ-ਕਰਵੌਂਸਕੀ, ਕੋਲੰਬੀਆ ਯੂਨੀਵਰਸਿਟੀ, ਨਿਊ ਯੌਰਕ; 152. ਮੈਲਕੌਮ ਬਲਿਨਕੋਵ, ਰਿਟਾਇਰਡ, ਯੌਰਕ ਯੂਨੀਵਰਸਿਟੀ, ਟਰਾਂਟੋ, ਕੈਨੇਡਾ; 153. ਡੋਰੀਨ ਫੂਮੀਆ, ਐਸੋਸੀਏਟ ਪ੍ਰੋਫੈਸਰ ਐਮਰੀਟਸ, ਸੋਸ਼ ?ਆਲੌਜੀ, ਰਾਇਰਸਨ ਯੂਨੀਵਰਸਿਟੀ, ਕੈਨੇਡਾ; 154. ਮਿਸ਼ੈਲ ਸਮਿੱਥ, ਡਾਅਸਨ ਕਾਲਜ, ਮਾਂਟਰੀਅਲ, ਕਿਊਬਕ; 155. ਅਜੀਜ ਚੌਧਰੀ, ਯੂਨੀਵਰਸਿਟੀ ਆਫ ਜੋਹੈਨਸਬਰਗ, ਸਾਊਥ ਅਫਰੀਕਾ; 156. ਸਟੈਫਾਨ ਕ੍ਰਿਸਟੌਫ, ਆਰਟਿਸਟ, ਕਮਿਊਨਿਟੀ ਆਰਗੇਨਾਈਜਰ ਐਂਡ ਸਟੂਡੈਂਟ; 157. ਜੌਹਨ ਡਮੈਲੋ, ਪੀਸ, ਪਾਲਮ ਬੀਚ ਗਾਰਡਨਜ, ਫਲੌਰੀਡਾ, ਯੂ ਐੱਸ; 158. ਨਾਜਿਲਾ ਬੀਟੈਚੇ, ਐੱਮ ਡੀ ਸੀ ਐੱਮ, ਅਸਿਸਟੈਂਟ ਪ੍ਰੋਫੈਸਰ, ਫੈਕਲਟੀ ਆਫ ਮੈਡੀਸਨ, ਯੂਨੀਵਰਸਿਟੀ ਡੂ ਮਾਂਟਰੀਅਲ; 159. ਓਡਿਲ ਹੀਲੀਅਰ, ਪੈਰਿਸ, ਫਰਾਂਸ; 160. ਵਹੀਦ ਮੁਕੱਦਮ, ਕੈਂਬਰਿਜ, ਮੈਸਾਚੂਸਿਟਸ, ਯੂ ਐੱਸ; 161. ਜੀਨ ਸਵਾਨਸਨ, ਕਾਊਂਸਲਰ, ਸਿਟੀ ਆਫ ਵੈਨਕੂਵਰ, ਕੈਨੇਡਾ; 162. ਮੇ-ਲਿੰਗ ਵੀਡਮੈਅਰ, ਐੱਮ ਡੀ, ਸੀ ਸੀ ਐੱਫ ਪੀ, ਕਲੀਨੀਕਲ ਅਸਿਸਟੈਂਟ ਪ੍ਰੋਫੈਸਰ, ਡਿਪਾਰਟਮੈਂਟ ਆਫ ਫੈਮਿਲੀ ਪ੍ਰੈਕਟਿਸ, ਯੂਨੀਵਰਸਿਟੀ ਆਫ ਬ੍ਰਿਟਿਸ ਕੋਲੰਬੀਆ, ਵੈਨਕੂਵਰ, ਕੈਨੇਡਾ; 163. ਸਿਰੀਨ ਹਾਮਜਾ, ਹਿਸਟਰੀ ਆਫ ਸਾਇੰਸ, ਹਾਰਵਰਡ ਯੂਨੀਵਰਸਿਟੀ, ਕੈਂਬਰਿੱਜ, ਮੈਸਾਚੂਸਿਟਸ, ਯੂ ਐਸ; 164. ਐਨਟੋਨੀਓ ਡੀ ਜੀਸਸ, ਸੈਂਟਰ ਫਾਰ ਫਿਲਪੀਨ ਕਨਸਰਨਜ, ਮਾਂਟਰੀਅਲ, ਕਿਊਬਕ, ਕੈਨੇਡਾ; 165. ਵਿਜੇ ਪ੍ਰਸ਼ਾਦ, ਸਾਊਥ ਏਸੀਅਨ ਦਲਿਤ-ਆਦਿਵਾਸੀ ਨੈੱਟਵਰਕ (ਸਦਾਨ); 166. ਰੌਬਿਨ ਐਂਡਰਿਊਜ, ਮੈਸੀ ਯੂਨੀਵਰਸਿਟੀ, ਨਿਊਜੀਲੈਂਡ; 167. ਕਮਲਾ ਵਿਸਵੇਸਵਰਨ, ਰਾਈਸ ਯੂਨੀਵਰਸਿਟੀ, ਹੂਸਟਨ, ਟੈਕਸਾਜ; 168. ਐਲੇਨਾ ਰੈਜਲਗੋਵਾ, ਹਿਸਟਰੀ, ਕਨਕੌਰਡੀਆ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 169. ਮਾਰਥਾ ਸਟਿਗਮੈਨ, ਇਨਵਾਇਰਮੈਂਟ ਐਂਡ ਅਰਬਨ ਚੇਂਜ, ਯੌਰਕ ਯੂਨੀਵਰਸਿਟੀ, ਟਰਾਂਟੋ, ਕੈਨੇਡਾ; 170. ਲਾਰੇਨ ਕੈਪਕੀਵਿਜ, ਡਿਪਾਰਟਮੈਂਟ ਆਫ ਜੀਓਗਰਾਫੀ, ਯੂਨੀਵਰਸਿਟੀ ਆਫ ਕੈਲਗਰੀ, ਕੈਲਗਰੀ ਕੈਨੇਡਾ; 171. ਲੋਰੇਲੀਆਈ ਹੈਨਸਨ, ਸੈਂਟਰ ਫਾਰ ਇੰਟਰਡਿਸੀਪਲਿਨੇਅਰੀ ਸਟੱਡੀਜ, ਐਥਾਬਾਸਕਾ ਯੂਨੀਵਰਸਿਟੀ, ਐਥਾਬੈਸਕਾ; 172. ਫਰਾਂਸਿਸ ਕੋਡੀ, ਯੂਨੀਵਰਸਿਟੀ ਆਫ ਟਰਾਂਟੋ, ਕੈਨੇਡਾ; 173. ਰਾਜੀ ਪਾਨਾ ਜੇਜੀਸੇਰਗਿੱਲ, ਐਨ ਐਸ ਸੀ ਏ ਡੀ ਯੂਨੀਵਰਸਿਟੀ, ਹੈਲੀਫੈਕਸ, ਨੋਵਾ ਸਕੋਸੀਆ, ਕੈਨੇਡਾ; 174. ਜੈਨੇਫਿਰ ਚਿਊ, ਮਾਂਟਰੀਅਲ, ਕੈਨੇਡਾ; 175. ਇਲੇਨ ਪਾਵਰ, ਕੁਈਨਜ ਯੂਨੀਵਰਸਿਟੀ, ਕਿੰਗਸਟਨ, ਉਨਟੇਰੀਓ, ਕੈਨੇਡਾ; 176. ਕੈਲੀ ਟਰੇਸੀ, ਯੂਨੀਵਰਸਿਟੀ ਆਫ ਦ ਫਰੇਜਰ ਵੈਲੀ, ਐਬਟਸਫੋਰਡ, ਬੀ ਸੀ, ਕੈਨੇਡਾ; 177. ਬਿਟਵੀਨ ਦੀ ਲਾਈਨਜ, ਟਰਾਂਟੋ, ਉਨਟੇਰੀਓ, ਕੈਨੇਡਾ; 178. ਲੈਰੀ ਬਰਾਊਨ, ਪ੍ਰੈਜੀਡੈਂਟ, ਦੀ ਨੈਸਨਲ ਯੂਨੀਅਨ ਆਫ ਪਬਲਿਕ ਐਂਡ ਜਨਰਲ ਇੰਪਲੌਈਜ (ਐਨ ਯੂ ਪੀ ਜੀ ਈ), ਕੈਨੇਡਾ; 179. ਐਂਡਰੀਆ ਯੌਵੋਰਸਕੀ, ਈਕੋਟਰੱਸਟ ਕੈਨੇਡਾ, ਓ ਆਈ ਐਸ ਈ, ਟਰਾਂਟੋ, ਕੈਨੇਡਾ; 180. ਸਈਦਾ ਐਨ ਬੁਖਾਰੀ, ਮਗਿੱਲ ਯੂਨੀਵਰਸਿਟੀ, ਕੈਨੇਡਾ; 181. ਰਵਨੀਤ ਸਿੱਧੂ, ਸਾਈਮਨ ਫਰੇਜਰ ਯੂਨੀਵਰਸਿਟੀ, ਬੀ ਸੀ, ਕੈਨੇਡਾ; 182. ਆਈਰਸ ਯੈਲਮ, ਸਾਊਥ ਏਸੀਅਨ ਸਟੱਡੀਜ, ਹਾਰਵਰਡ ਯੂਨੀਵਰਸਿਟੀ, ਕੈਂਬਰਿਜ, ਮੈਸਾਚੂਸਿਟਸ, ਯੂ ਐੱਸ; 183. ਕਲੈਰਿਸ ਵੈਲਜ, ਸਾਊਥ ਏਸੀਅਨ ਸਟੱਡੀਜ, ਹਾਰਵਰਡ ਯੂਨੀਵਰਸਿਟੀ, ਕੈਂਬਰਿਜ, ਮੈਸਾਚੂਸਿਟਸ, ਯੂ ਐੱਸ; 184. ਕੇਟੀ ਪੀਟਰਜ, ਅਮਰੀਕਨ ਸਟੱਡੀਜ, ਹਾਰਵਰਡ ਯੂਨੀਵਰਸਿਟੀ, ਕੈਂਬਰਿਜ, ਮੈਸਾਚੂਸਿਟਸ, ਯੂ ਐੱਸ; 185. ਐਨਲੀਸ ਵੀਲਰ, ਸੋਸਿਆਲੌਜੀ, ਯੂਨੀਵਰਸਿਟੀ ਆਫ ਵਿਕਟੋਰੀਆ, ਬੀ ਸੀ ਕੈਨੇਡਾ; 186. ਰਿਚਰਡ ਸਵਿਫਟ, ਨਿਊ ਇੰਟਰਨੈਸਨਲਿਸਟ ਮੈਗਜੀਨ; 187. ਹਰਨੇਕ ਧਾਲੀਵਾਲ, ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸਨ, ਵਿਨੀਪੈੱਗ, ਕੈਨੇਡਾ; 188. ਮੁਖਤਿਆਰ ਸਿੰਘ, (ਰਿਟਾਇਰਡ), ਯੂਨੀਵਰਸਿਟੀ ਆਫ ਮੈਨੀਟੋਬਾ, ਵਿਨੀਪੈੱਗ, ਕੈਨੇਡਾ; 189. ਡੌਨਾ ਡਿਨੀਨਾ, ਇੰਟਰਨੈਸਨਲ ਵਿਮਨਜ ਅਲਾਇੰਸ, ਸੀਆਟਲ, ਵਸਿੰਗਟਨ, ਯੂ ਐਸ ਏ; 190. ਐਮਲੀ ਨਗੂਇਨ, ਸੈਂਟਰ ਇੰਟਰਨੈਸਨਲ ਦੀ ਸੌਲੀਡੈਰਟੀ ਊਵਰੀਅਰ (ਸੀ ਆਈ ਐਸ ਓ); 191. ਕੈਰੋਲੀਨ ਕੁਨੈਲ, ਫੈਡਰੇਸਨ ਨੈਸਨਲ ਦੇ ਆਂਸੀਨੀਓਂਟਸ ਏ ਦੇ ਆਂਸੀਨੀਓਂਟਸ ਡੂ ਕਿਊਬਕ ; 192. ਪਰੀਤੋਸ ਕੁਮਾਰ, ਗਲੋਬਲ ਡਿਵੈਲਪਮੈਂਟ ਸਟੱਡੀਜ, ਕੁਈਨਜ ਯੂਨੀਵਰਸਿਟੀ, ਕਿੰਗਸਟਨ, ਕੈਨੇਡਾ; 193. ਮੈਰੀ ਸਟੂਅਰਟ, ਮਾਂਟਰੀਅਲ, ਕਿਊਬਕ; 194. ਮਾਰਗਰੀਟ ਕੈਫਰਟ, ਮਾਂਟਰੀਅਲ, ਕੈਨੇਡਾ; 195. ਸੀਤਲ ਲੋਧੀਆ, ਟਰਾਂਟੋ, ਉਨਟੇਰੀਓ, ਕੈਨੇਡਾ; 196. ਸ੍ਰੀ ਮੁਲੇ, ਸੇਂਟ ਜੌਹਨਜ, ਨਿਊਫਾਊਂਡਲੈਂਡ, ਕੈਨੇਡਾ; 197. ਮੌਰੀਸ ਡੂਫੋਰ, ਮਾਂਟਰੀਅਲ, ਕਿਊਬਕ; 198. ਭਜਨ ਗਿੱਲ, ਸੈਕਟਰੀ, ਪ੍ਰੋਗਰੈਸਿਵ ਕਲਚਰਲ ਐਸੋਸੀਏਸਨ, ਕੈਲਗਰੀ, ਕੈਨੇਡਾ; 199. ਹਰਚਰਨ ਸਿੰਘ ਪਰਹਾਰ, ਐਡੀਟਰ, ਸਿੱਖ ਵਿਰਸਾ, ਕੈਲਗਰੀ, ਅਲਬਰਟਾ ਕੈਨੇਡਾ; 200. ਵਰਿੰਦਾ ਨਰੈਨ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ; 201. ਕਲੀਮ ਸਿੱਦੀਕੀ, ਮਗਿੱਲ ਯੂਨੀਵਰਸਿਟੀ, ਮਾਂਟਰੀਅਲ, ਕੈਨੇਡਾ ; 202. ਹਰਬੰਸ ਸਿੰਘ, ਐਡੀਟਰ, ਸਰੋਕਾਰਾਂ ਦੀ ਅਵਾਜ, ਟਰਾਂਟੋ, ਉਨਟੇਰੀਓ, ਕੈਨੇਡਾ; 203. ਗੁਰਚਰਨ ਬਰਾੜ, ਪੰਜਾਬੀ ਕਲਚਰਲ ਐਸੋਸੀਏਸਨ ਆਫ ਅਲਬਰਟਾ, ਐਡਮੰਟਨ, ਕੈਨੇਡਾ; 204. ਗੁਰਵਿੰਦਰ ਗਿੱਲ, ਸੈਕੂਲਰ ਪੀਪਲਜ ਐਸੋਸੀਏਸਨ, ਐਡਮੰਟਨ, ਅਲਬਰਟਾ, ਕੈਨੇਡਾ ; 205. ਡਾ: ਸਹੀਨ ਅਨਸਾਰੀ, ਆਰਕੀਟੈਕਟ ਇੰਡੀਆ, ਨਿਊ ਦਿੱਲੀ; 206. ਮ੍ਰਿਤੀਓਨਜੋਏ ਮੋਹੰਤੀ, ਸੀਰਾਜ (ਸੀ ਈ ਆਰ ਆਈ ਏ ਐਸ, ਯੂ ਕਿਊ ਏ ਐਮ, ਮਾਂਟਰੀਅਲ, ਕਿਊਬਕ, ਕੈਨੇਡਾ; 207. ਜੋਡੀ ਕੋਬਿਰਿੰਸਕੀ, ਸਰਕ (ਐਸ ਐਸ ਐੱਚ ਆਰ ਸੀ) ਡੌਕਟਰਲ ਫੈਲੋ, ਯੂਨੀਵਰਸਿਟੀ ਆਫ ਵਾਟਰਲੂ, ਉਨਟੇਰੀਓ, ਕੈਨੇਡਾ; 208. ਨੈਨਸੀ ਸੀਅਰਜ ਬੇਕਰ, ਟੀਚਰ, ਟਰਾਂਟੋ, ਓਨਟੇਰੀਓ, ਕੈਨੇਡਾ; 209. ਜੌਨਾਥਨ ਐਸ ਬੇਕਰ, ਪ੍ਰੋਫੈਸਰ, ਟਰਾਂਟੋ, ਓਨਟੇਰੀ ਓ, ਕੈਨੇਡਾ; 210. ਲੇਅਰਡ ਕਰੌਂਕ, ਪ੍ਰੈਜੀਡੈਂਟ, ਬੀ ਸੀ ਫੈਡਰੇਸਨ ਆਫ ਲੇਬਰ, ਵੈਨਕੂਵਰ, ਕੈਨੇਡਾ; 211. ਸੂਜੇਨ ਸਕਿੱਡਮੋਰ, ਸੈਕਟਰੀ ਟ੍ਰੈਈਅਰਰ, ਬੀ ਸੀ ਫੈਡਰੇਸਨ ਆਫ ਲੇਬਰ, ਵੈਨਕੂਵਰ, ਕੈਨੇਡਾ

# ਕੋਰੋਨਾ ਮਹਾਂਮਾਰੀ ਪ੍ਰਤੀ ਸਰਕਾਰ ਦੀ ਲਾਪ੍ਰਵਾਹੀ ਵਿਰੁੱਧ ਆਵਾਜ਼ ਉਠਾਓ



ਬੀਤੇ ਸਾਲ ਦੇ ਮੁਕਾਬਲੇ ਇਸ ਵਾਰ ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦੇ ਵੱਧ ਖ਼ਤਰਨਾਕ ਹੋਣ ਕਰਕੇ ਸਾਰੀ ਕਾਇਨਾਤ ਸੰਕਟ ਗ੍ਰਸਿਤ ਹੈ। ਇਸ ਬਿਮਾਰੀ ਦੀ ਸਾਰੇ ਪੱਖਾਂ ਨੂੰ ਵਿਚਾਰੇ ਬਿਨਾਂ ਅਸੀਂ ਕਿਸੇ ਸਿੱਟੇ ਤੇ ਨਹੀਂ ਪਹੁੰਚ ਸਕਦੇ। ਬੀਤੇ 24 ਘੰਟਿਆਂ ਦੌਰਾਨ 2'76,110 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਹੀ ਕੁੱਲ.ਮਾਮਲਿਆਂ ਦੀ ਗਿਣਤੀ ਵਧ ਕੇ 2,57,72,440 ਹੋ ਗਈ। ਇਸ ਦੌਰਾਨ 37,74 ਲੋਕਾਂ ਦੀ ਮੌਤ ਨਾਲ ਕੁੱਲ ਮਰਨ ਵਾਲਿਆਂ ਦੀ ਗਿਣਤੀ 2,87,122 ਹੋ ਗਈ। ਇਸ ਤਰ੍ਹਾਂ ਮੌਤ ਦਰ 1.11 ਫੀਸਦੀ ਹੈ। ਭਵਿਖ ਚ ਇਸ ਬੀਮਾਰੀ ਦੀ ਤੀਜੀ ਲਹਿਰ ਦੇ ਆਉਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਕਰੋਨਾ ਦੇ ਨਾਲ ਨਾਲ ਬਲੈਕ ਫੰਗਸ ਨਾਂ ਦੀ ਬਿਮਾਰੀ ਵੀ ਇਸ ਵਿੱਚ ਸਾਮਲ ਹੋ ਗਈ ਹੈ। ਦੂਜੇ ਪਾਸੇ ਇਸ ਬਿਮਾਰੀ ਦੇ ਆਉਣ ਤੋਂ ਪਿੱਛੋਂ ਦੁਨੀਆਂ ਚ 8 ਲੋਕ ਨਵੇਂ ਅਰਬਪਤੀਆਂ ਦੀ ਸੂਚੀ ਚ ਸ਼ਾਮਲ ਹੋ ਗਏ ਹਨ। ਕੋਵਿਡ ਵੈਕਸੀਨ ਬਣਾਉਣ ਵਰਗੀਆਂ ਪ੍ਰਮੁੱਖ ਫਾਰਮਾ ਕੰਪਨੀਆਂ ਅੰਨ੍ਹੇਵਾਹ ਮੁਨਾਫਾ ਕਮਾ ਰਹੀਆਂ ਹਨ ਕਿਉਂਕਿ ਸਰਕਾਰ ਨੇ ਹੈਲਥ ਕੇਅਰ ਸਿਸਟਮ ਨੂੰ ਨਿੱਜੀ ਹੱਥਾਂ ਚ ਸੌਂਪ ਦਿੱਤਾ ਹੈ। ਕੋਰੋਨਾ ਵਾਇਰਸ ਵੈਕਸੀਨ ਕਾਰਨ ਜਿਹੜੇ ਲੋਕ ਅਰਬਪਤੀ ਕਲੱਬ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਦੀ ਕੁੱਲ ਮਿਲਾ ਕੇ ਦੌਲਤ 19.3 ਅਰਬ ਡਾਲਰ (15.8 ਯੂਰੋ) ਹੈ। ਇਨ੍ਹਾਂ ਅਰਬਪਤੀਆਂ ਵਿੱਚੋਂ ਪੁਣੇ ਸਥਿਤ ਸੀਰਮ ਇੰਸਟੀਚਿਊਟ ਆਫ ਇੰਡੀਆ ਦੇ ਸੰਸਥਾਪਕ ਸਾਇਰਸ ਪੂਨਾਵਾਲਾ ਵੀ ਸਾਮਲ ਹਨ, ਜਿਨ੍ਹਾਂ ਨੇ ਸਾਲ 2021ਵਿੱਚ 12.7 ਅਰਬ ਡਾਲਰ ਕਮਾਏ ਹਨ। ਪਿਛਲੇ ਸਾਲ 82 ਅਰਬ ਡਾਲਰ ਕਮਾਏ ਸਨ। ਇਸ ਤੋਂ ਇਲਾਵਾ ਕੈਡਿਲਾ ਹੈਲਥਕੇਅਰ ਦੇ ਪੰਕਜ ਪਟੇਲ ਨੇ ਇਸ ਸਾਲ ਪੰਜ ਅਰਬ ਡਾਲਰ ਕਮਾਏ ਹਨ ਤੇ ਪਿਛਲੇ ਸਾਲ 2.9 ਅਰਬ ਡਾਲਰ ਕਮਾਏ ਸਨ।

ਇਹਨਾਂ ਉਪਰੰਤ ਅੰਕੜਿਆਂ ਦੇ ਬਾਵਜੂਦ ਕੁਝ ਲੋਕ ਕੋਰੋਨਾ ਨੂੰ ਬੀਮਾਰੀ ਹੀ ਨਹੀਂ ਮੰਨਦੇ। ਜਦੋਂਕਿ ਇਹ ਧਾਰਨਾ ਵੀ ਗਲਤ ਹੈ। ਕਰੋਨਾ ਵਰਗੀਆਂ ਮਹਾਂਮਾਰੀਆਂ ਸਾਡੀਆਂ ਸਰਕਾਰਾਂ ਦੀਆਂ ਆਰਥਿਕ ਨੀਤੀਆਂ ਦਾ ਹੀ ਸਿੱਟਾ ਹਨ ਜੋ ਸਾਡੇ ਵਾਤਾਵਰਣ ਨੂੰ ਬਰਬਾਦ ਕਰ ਰਹੀਆਂ ਹਨ। ਇਸ ਦੇ ਸਿੱਟੇ ਵਜੋਂ ਇਨਸਾਨਾਂ ਚ ਰੋਗ ਪ੍ਰਤੀਰੋਧਕ ਸਮਰੱਥਾ ਘਟੀ ਹੈ। ਕੋਰੋਨਾਂ ਮਹਾਂਮਾਰੀ ਦੇ ਪਹਿਲਾਂ ਤੋਂ ਵੀ ਦੁਨੀਆਂ ਦੇ ਅਰਥਚਾਰੇ ਦੀ ਸਥਿਤੀ ਮੰਦੇ ਵਿੱਚੋਂ ਗੁਜ਼ਰ ਰਹੀ ਸੀ। ਪੂਰੇ ਯੂਰਪੀਅਨ ਯੂਨੀਅਨ ਦਾ ਸੰਯੁਕਤ ਅਰਥਚਾਰਾ 2020 ਦੀ ਪਹਿਲੀ ਤਿਮਾਹੀ ਚ 3.5 ਫੀਸਦੀ ਤੋਂ ਡਿੱਗਿਆ ਹੈ। ਹੁਣ ਤੱਕ ਦੀ ਇਹ ਸਭ ਤੋਂ ਵੱਡੀ ਗਿਰਾਵਟ ਹੈ। ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਦੀ ਹੈ। ਉਸ ਵਿੱਚ 2020 ਦੀ ਪਹਿਲੀ ਤਿਮਾਹੀ ਚ ਇੱਕ ਹੀ ਸਾਲ ਦੇ ਅਰਸੇ ਚ 6.8 ਫੀਸਦੀ ਦੀ ਗਿਰਾਵਟ ਆਈ। ਦੁਨੀਆਂ ਦੇ ਬਾਕੀ ਦੇਸ਼ਾਂ ਦੀ ਸਥਿਤੀ ਇਸ ਤੋਂ ਵੀ ਬਦਤਰ ਹੈ। ਭਾਰਤ ਦੀ ਅਰਥਵਿਵਸਥਾ ਦੀ ਗਿਰਾਵਟ ਦੇ ਅੰਕੜੇ ਵੀ ਬੇਹੱਦ ਨਿਰਾਸ਼ਾਜਨਕ ਹਨ। ਕੋਰੋਨਾ ਮਹਾਂਮਾਰੀ ਅਤੇ ਵਿਤੀ ਸੰਕਟ ਦੋਨਾਂ ਦਾ ਜਿੰਮੇਵਾਰ ਮੌਜੂਦਾ ਵਿੱਤੀ ਪ੍ਰਬੰਧ ਹੈ ਅਤੇ ਇਸ ਵੱਲੋਂ ਲਾਗੂ ਕੀਤਾ ਜਾ ਰਿਹਾ ਵਿਕਾਸ ਮਾਡਲ ਹੈ। ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਦਾ ਨਵਾਂ ਵਾਇਰਸ ਵੀ ਇਸ ਲੁਟੇਰੀ ਵਿਵਸਥਾ ਦੀ ਦੇਣ ਹੈ।

ਪੈਦਾਵਾਰ ਦਾ ਢੰਗ ਤਰੀਕਾ ਜੋ ਅਪਣਾਇਆ ਜਾ ਰਿਹਾ ਹੈ, ਉਸ ਦਾ ਮਕਸਦ ਖਪਤਕਾਰਕਾਰੀ ਵਸਤਾਂ ਦੀ ਮੰਡੀ ਵਿੱਚ ਵੱਧ ਤੋਂ ਵੱਧ ਮਾਲ ਸਪਲਾਈ ਕਰ ਕੇ ਵੱਡਾ ਮੁਨਾਫਾ ਕਮਾਉਣ ਹੈ। ਆਲਮੀ ਵਪਾਰਕ ਸੰਸਥਾ (ਡਬਲਯੂ.ਟੀ.ਓ) ਰਾਹੀਂ ਸਾਮਰਾਜੀ ਦੇਸ਼ਾਂ ਵਲੋਂ ਤਹਿ ਕੀਤੀਆਂ ਨੀਤੀਆਂ ਸਾਰੀ ਦੁਨੀਆਂ ਦੇ ਦੇਸ਼ਾਂ ਤੇ ਲਾਗੂ ਕੀਤੀਆਂ ਜਾ ਰਹੀਆਂ ਹਨ। ਵਿਕਾਸ ਦੇ ਨੁਕਸਦਾਰ ਮਾਡਲ ਨੇ ਕੁਦਰਤ ਤੇ ਵਾਤਾਵਰਨ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਇਸ ਵਾਇਰਸ ਨੇ ਵਿਕਸਿਤ ਦੇਸ਼ਾਂ ਦੇ ਸਿਹਤ ਪ੍ਰਬੰਧਾਂ ਦਾ ਵੀ ਜਨਾਜਾ ਕੱਢ ਦਿੱਤਾ ਹੈ। ਭਾਰਤ ਸਮੇਤ ਕੋਈ ਵੀ ਮੁਲਕ ਆਪਣਾ ਵਿਕਾਸ ਕੁਦਰਤ ਅਤੇ ਮਨੁੱਖ ਦੀਆਂ ਲੋੜਾਂ ਅਨੁਸਾਰ ਨਹੀਂ ਕਰ ਰਿਹਾ ਬਲਕਿ ਬਹੁਕੌਮੀ ਕਾਰਪੋਰੇਸਨਾਂ ਦੀ ਦੌਲਤ ਚ ਵਾਧਾ ਕਰਨ ਲਈ ਕਰ ਰਿਹਾ ਹੈ। ਸਾਰਸ, ਜਪਾਨੀ ਫਲੂ, ਮਰਸ ਤੇ ਇੰਬੋਲਾ ਵਰਗੇ ਵਾਇਰਸ ਪਹਿਲਾਂ ਵੀ ਮਨੁੱਖੀ ਜਾਨਾਂ ਦਾ ਖੋਹ ਬਣਦੇ ਰਹੇ ਹਨ। ਕੋਰੋਨਾ ਵਾਇਰਸ ਦੀ ਖਾਸੀਅਤ ਇਹ ਹੈ ਕਿ ਇਹ ਬਦਲਦੇ ਵਾਤਾਵਰਨ ਅਤੇ ਦਵਾਈਆਂ ਦੇ ਅਸਰ ਹੇਠ ਮਊਟੇਟ ਹੁੰਦਾ ਹੋਇਆ ਨਵੀਂਆਂ ਸ਼ਕਲਾਂ ਅਖਤਿਆਰ ਕਰਦਾ ਰਹਿੰਦਾ ਹੈ, ਵਇਰਸ ਦੀ ਹਰ ਨਵੀਂ ਕਿਸਮ ਪਹਿਲੀ ਨਾਲੋਂ ਵੱਧ ਘਾਤਕ ਹੁੰਦੀ ਹੈ। ਪਿਛਲੇ ਸਾਲ ਇਸ ਬਿਮਾਰੀ ਬਹਾਨੇ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਠੋਸੇ ਲਾਕਡਾਊਨ ਨੇ ਮਿਹਨਤਕਸ਼ ਜਨਤਾ ਦਾ ਬਹੁਤ ਨੁਕਸਾਨ ਕੀਤਾ। 2.7 ਬਿਲੀਅਨ ਮਜਦੂਰਾਂ ਤੇ ਇਸ ਪੂਰੇ ਲੋਕਡਾਊਨ ਦਾ ਬਹੁਤ ਬੁਰਾ ਅਸਰ ਪਿਆ ਹੈ, ਜੋ ਦੁਨੀਆਂ ਦੇ ਕੁੱਲ ਮਜ਼ਦੂਰਾਂ–3.3 ਬਿਲੀਅਨ ਦਾ 81 ਫ਼ੀਸਦੀ ਹੈ। ਇਹਨਾਂ ਮਜ਼ਦੂਰਾਂ ਤੋਂ ਇਲਾਵਾ ਲਘੂ ਕਾਰੋਬਾਰੀਆਂ, ਛੋਟੇ ਵਪਾਰੀਆਂ, ਦਸਤਕਾਰਾਂ, ਨੀਮ–ਸਰਮਾਏਦਾਰਾਂ, ਬੇਰੁਜਗਾਰ ਨੌਜਵਾਨਾਂ, ਮੁਲਾਜਮਾਂ,ਘਰੇਲੂ/ਕਾਰੋਬਾਰੀਆਂ ਔਰਤਾਂ ਤੇ ਵਿਦਿਆਰਥੀਆਂ ਨੂੰ ਰੁਜਗਾਰ ਤੇ ਆਮਦਨ ਵਿਚ ਵੱਡਾ ਘਾਟਾ ਪਿਆ। ਆਈਐਮਐਫ, ਸੰਸਾਰ ਬੈਂਕ, ਓਈਸੀਡੀ ਦੇ ਹਿਸਾਬ ਨਾਲ ਵਿਸ਼ਵ ਦੀ ਜੀਡੀਪੀ ਚ ਕਰੀਬ ਪੰਜ ਫੀਸਦੀ ਦਾ ਘਾਟਾ ਪਿਆ ਹੋਵੇਗਾ, ਜੋ 2008 ਦੀ ਆਰਥਕ ਮੰਦੀ ਤੋਂ ਕਾਫੀ ਵੱਧ ਹੈ। ਅੱਜ ਲੱਖਾਂ ਮੇਹਨਤਕਸ਼ ਰੋਟੀ ਰੋਜੀ ਲਈ ਭੀਖ ਮੰਗਣ ਨੂੰ ਮਜਬੂਰ ਹਨ। ਮੱਧਵਰਗ ਦੇ ਵੱਡੇ ਹਿੱਸੇ ਅਤੇ ਆਮ ਲੋਕ ਵੀ ਅੱਜ ਸਾਧਨਾਂ ਦੀ ਕਮੀ ਅਤੇ ਮਨੋਵਿਗਿਆਨਕ ਸਮਸਿਆਵਾਂ ਕਾਰਨ ਲਾਚਾਰ ਹਨ। ਆਈਐਲਓ ਦੀ ਰਿਪੋਰਟ ਮੁਤਾਬਕ ਦੁਨੀਆਂ ਭਰ ਵਿੱਚ ਲੱਖਾਂ ਨੌਕਰੀਆਂ ਚਲੀਆਂ ਗਈਆਂ ਹਨ। ਪੂੰਜੀ ਕੁਝ ਹੀ ਹੱਥਾਂ ਵਿੱਚ ਕੇਂਦਰਿਤ ਹੋ ਚੁੱਕੀ ਹੈ। ਭਾਰਤ ਦੇ ਅਰਥਚਾਰੇ ਦੀ ਸਥਿਤੀ ਤਾਂ ਇਸ ਕੋਰੋਨਾ ਮਹਾਂਮਾਰੀ ਦੇ ਆਉਣ ਤੋਂ ਪਹਿਲਾਂ ਹੀ ਬਹੁਤ ਨਾਜੁਕ ਸੀ ਜੋ ਹੁਣ ਹੋਰ ਵੀ ਬਦਤਰ ਹੋਣ ਜਾ ਰਹੀ ਹੈ।

**ਕੇਂਦਰੀ ਹਕੂਮਤ ਦੀ ਮਾੜੀ ਕਾਰਗੁਜ਼ਾਰੀ:** ਪਿਛਲੇ ਸਾਲ ਦੀ ਕੋਰੋਨਾ ਮਹਾਵਾਰੀ ਦੇ ਅਰਸੇ ਨੂੰ ਕੇਂਦਰੀ ਹਕੂਮਤ ਨੇ ਆਪਣੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰਨ ਲਈ ਦੱਬ ਕੇ ਵਰਤਿਆ। ਮਜ਼ਦੂਰਾਂ ਤੇ ਲਾਗੂ ਹੁੰਦੇ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹੋਏ, ਉਨ੍ਹਾਂ ਨੂੰ ਤਹਿਸ ਨਹਿਸ ਕਰਕੇ ਸਰਮਾਏਦਾਰਾਂ/ਕਾਰਖਾਨਾ ਮਾਲਕਾਂ ਨੂੰ ਫਾਇਦਾ ਪਹੁੰਚਾਉਦੇ ਚਾਰ ਕੋਡ ਬਣਾ ਦਿੱਤੇ। ਉਨ੍ਹਾਂ ਦੀ ਦਿਹਾੜੀ 8 ਘੰਟੇ ਦੀ ਥਾਂ 12 ਘੰਟੇ ਕਰ ਦਿੱਤੀ। ਖੇਤੀ ਖੇਤਰ ਲਈ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤਾ, ਜਿਹਨਾਂ ਦਾ ਮਤਲਬ ਕਿਸਾਨਾਂ ਕੋਲੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟਾਂ ਦੇ ਹਵਾਲੇ ਕਰਨ, ਠੇਕਾ ਖੇਤੀ ਸ਼ੁਰੂ ਕਰਨ, ਘੱਟੋ ਘੱਟ ਸਹਾਇਕ ਮੁੱਲ ਖ਼ਤਮ ਕਰ ਕੇ ਸਰਕਾਰੀ ਮੰਡੀਆਂ ਦੀ ਥਾਂ ਨਿਜੀ ਮੰਡੀਆਂ ਨੂੰ ਲਿਆਉਣ ਅਤੇ ਅੰਨ ਦੀ ਜਨਤਕ ਵੰਡ ਪ੍ਰਣਾਲੀ ਖਤਮ ਕਰਨ ਤੇ ਅਨਾਜ ਭੰਡਾਰਨ ਦੀ ਸਹੂਲਤ ਕਿਸਾਨਾਂ ਤੋ ਖੋਹ ਕੇ ਵੱਡੇ ਵਪਾਰੀਆਂ ਤੇ ਕਾਰਪੋਰੇਟ ਅਦਾਰਿਆਂ ਨੂੰ ਦੇਣਾ ਹੈ। ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਗਰੀਬੀ ਤੇ ਅਨਿਆਂ ਦੇ ਖ਼ਿਲਾਫ਼ ਲੋਕਾਂ ਦੇ ਉਠੇ ਸੰਘਰਸ਼ਾਂ ਨੂੰ ਕੁਚਲਣ ਲਈ ਜਨਤਕ ਤੇ ਨਿੱਜੀ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਕਾਨੂੰਨ ਲਿਆਂਦਾ ਗਿਆ ਅਤੇ ਉਸੇ ਤਰਜ਼ ਤੇ ਪੰਜਾਬ ਸਰਕਾਰ ਨੇ ਅਜਿਹਾ ਕਨੂੰਨ ਪਾਸ ਕੀਤਾ। ਕੋਰੋਨਾ ਮਹਾਂਮਾਰੀ ਦੇ ਪਹਿਲੇ ਦੌਰ ਵਿਚ ਪਿਛਲੇ ਸਾਲ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਚੱਲ ਰਹੇ ਸੰਗੀਨ ਬਾਗ ਵਰਗੇ ਮੋਰਚਿਆਂ ਨੂੰ ਖਤਮ ਕਰਵਾਇਆ ਗਿਆ। ਇਸ ਸਾਲ ਵੀ ਕੇਂਦਰ ਸਰਕਾਰ ਦੀ ਅੱਖ ਤਿੰਨ ਕਾਲੇ ਖੇਤੀ ਕਨੂੰਨਾਂ ਵਿਰੁੱਧ ਚੱਲ ਰਹੇ ਕਿਸਾਨਾਂ ਦੇ ਘੋਲ ਨੂੰ ਕੁਚਲਣ ਤੇ ਹੈ। ਲੋਕਾਂ ਦੀ ਸਿਹਤ ਨੂੰ ਤਰਜੀਹ ਤੇ ਰੱਖਣ ਦੀ ਬਜਾਏ ਸਰਕਾਰਾਂ ਆਪਣੀਆਂ ਪਾਲਿਸੀਆਂ ਹੀ ਲਾਗੂ ਕਰਦੀਆਂ ਹਨ। ਸਰਕਾਰ ਨੇ ਕੋਰੋਨਾ ਦੀ ਮਹਾਂਮਾਰੀ ਨਾਲ ਨਿਪਟਣ ਲਈ ਪਹਿਲਾਂ ਕੋਈ ਤਿਆਰੀ ਨਹੀਂ ਕੀਤੀ। ਸਿਹਤ ਢਾਂਚੇ ਨੂੰ ਮਜ਼ਬੂਤ ਨਹੀਂ ਕੀਤਾ ਅਤੇ ਲੋਕਾਂ ਦੀ ਰੋਟੀ ਰੋਜ਼ੀ ਦਾ ਪ੍ਰਬੰਧ ਕੀਤੇ ਬਗੈਰ ਹੀ ਲਾਕਡਾਊਨ ਲਾ ਦਿੱਤਾ ਹੈ, ਜਿਸ ਨਾਲ ਲੋਕਾਂ ਦਾ ਨੱਕ ਵਿੱਚ ਦਮ ਆਇਆ ਪਿਆ ਹੈ। ਮਹਾਂਮਾਰੀ ਦੀ ਪਹਿਲੀ ਲਹਿਰ ਦੇ ਮੱਠਾ ਪੈ ਜਾਣ ਪਿੱਛੋਂ ਥੋੜ੍ਹੇ ਸਮੇਂ ਬਾਅਦ ਹੀ ਚਿਤਾਵਨੀ ਦਿੱਤੀ ਗਈ ਸੀ ਕਿ ਦੂਜੀ ਲਹਿਰ ਆ ਰਹੀ ਹੈ ਤੇ ਉਹ ਪਹਿਲੀ ਨਾਲੋਂ ਵੱਧ ਘਾਤਕ ਹੋਵੇਗੀ ਪਰ ਮੋਦੀ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਤੇ ਆਪਣਾ ਚੋਣ ਏਜੰਡਾ ਚਾਲੂ ਰੱਖਿਆ। ਜਨਤਕ ਸਿਹਤ ਪ੍ਰਣਾਲੀ ਦੀਆਂ ਖਾਮੀਆਂ ਨੂੰ ਦੂਰ ਨਹੀਂ ਕੀਤਾ। ਨਵੇਂ ਡਾਕਟਰ ਤੇ ਹੋਰ ਅਮਲਾ ਭਰਤੀ ਕਰਕੇ ਮਜ਼ਬੂਤ ਕਰਨ ਦੀ ਬਜਾਏ ਨਿੱਜੀ ਹਸਪਤਾਲਾਂ ਤੇ ਹੀ ਟੇਕ ਵਧਾਉਣ ਦੀ ਨੀਤੀ ਜਾਰੀ ਰੱਖੀ। ਖੇਤੀ ਨਾਲ ਸਬੰਧਤ ਰੇਹ, ਤੇਲ, ਸਪਰੇਅ, ਕੀਟਨਾਸ਼ਕ ਦਵਾਈਆਂ ਤੇ ਖਾਣ ਪੀਣ ਦੀਆਂ ਹੋਰ ਜ਼ਰੂਰੀ ਵਸਤਾਂ 'ਚ ਆਈ ਮਹਿੰਗਾਈ ਨੂੰ ਨੱਥ ਪਾਉਣ ਲਈ ਕੋਈ ਕਦਮ ਨਹੀਂ ਚੁੱਕੇ ਗਏ ਤੇ ਲੋਕਾਂ ਦੀ ਮਿਹਨਤ ਦਾ ਮੁੱਲ ਵੀ ਮਹਿੰਗਾਈ ਸੂਚਕ ਅੰਕ ਨਾਲ ਜੋੜ ਕੇ ਤੈਅ ਨਹੀਂ ਕੀਤਾ। ਪਹਿਲੀ ਮੰਦੀ ਦੇ ਸ਼ਿਕਾਰ ਹੋਏ ਕਾਰੋਬਾਰੀਆਂ ਨੂੰ ਕਿਸੇ ਕਿਸਮ ਦੇ ਪੈਕੇਜ ਨਹੀਂ ਦਿੱਤੇ। ਸਿੱਖਿਆ ਖੇਤਰ ਨੂੰ ਨਵੀਂ ਸਿੱਖਿਆ ਨੀਤੀ ਲਾਗੂ ਕਰਕੇ ਮੁਨਾਫਾਖੋਰਾਂ ਦੇ ਹਵਾਲੇ ਕਰ ਦਿੱਤਾ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਬੰਦ ਕਰ ਕੇ ਆਨਲਾਈਨ ਸਿੱਖਿਆ ਦਾ ਇੱਕ ਨਵਾਂ ਹੀ ਸਿਸਟਮ ਚਾਲੂ ਕਰ ਦਿੱਤਾ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਸਮਾਰਟਫੋਨ ਖਰੀਦਣੇ ਪਏ ਅਤੇ ਮਾਪਿਆਂ ਤੇ ਬੇਲੋੜਾ ਬੋਝ ਪਾ ਦਿੱਤਾ ਗਿਆ ਹੈ। ਦਵਾਈਆਂ ਤੇ ਡਾਕਟਰੀ ਦਾ ਹੋਰ ਸਾਜ਼ੋ ਸਾਮਾਨ ਦੀਆਂ ਕੀਮਤਾਂ ਤੇ ਕੰਟਰੋਲ ਰੱਖਣ ਦੀ ਬਜਾਏ ਇਸ ਨੂੰ ਬਾਜ਼ਾਰ ਦੇ ਹਵਾਲੇ ਕਰ ਦਿੱਤਾ ਗਿਆ, ਜਿਸ ਨਾਲ ਲੋਕਾਂ ਦੀ ਵੱਡੀ ਪੱਧਰ ਲੁੱਟ–ਖਸੁੱਟ ਹੋ ਰਹੀ ਹੈ। ਆਕਸੀਜਨ ਤੇ ਹੋਰ ਜਾਨ ਬਚਾਊ ਦਵਾਈਆਂ ਦੀ ਕਾਲਾ ਬਾਜ਼ਾਰੀ ਸਿਖਰਾਂ ਤੇ ਹੈ। ਜਮ੍ਹਾਂਖੋਰਾਂ ਨੇ ਬਾਜ਼ਾਰ ਵਿੱਚ ਜ਼ਰੂਰੀ ਘਰੇਲੂ ਸਾਮਾਨ, ਦਵਾਈਆਂ ਆਦਿ ਦੀ ਨਕਲੀ ਕਿੱਲਤ ਪੈਦਾ ਕੀਤੀ ਹੋਈ ਹੈ ਅਤੇ ਆਪਣੀ ਮਨਮਰਜ਼ੀ ਦੇ ਭਾਅ ਉਨ੍ਹਾਂ ਨੂੰ ਵੇਚ ਰਹੇ ਹਨ। ਸਰਕਾਰੀ ਹਸਪਤਾਲਾਂ ਦੇ ਜਰਜਰੇ ਹੋ ਚੁੱਕੇ ਢਾਂਚੇ ਵਿਚ ਲੈਵਲ– ਇੱਕ ਤੇ ਲੇਵਲ–ਦੋ ਦਾਖਲ ਕਰਨ ਲਈ ਵੀ ਬੈੱਡਾਂ ਦੀ ਸਹੂਲਤ ਨਹੀਂ ਮਿਲ ਰਹੀ। ਡਾਕਟਰਾਂ ਤੇ ਹੋਰ ਜਰੂਰੀ ਪੈਰਾ–ਮੈਡੀਕਲ ਸਟਾਫ, ਸਿਹਤ ਕਾਮੇ ਤੇ ਸਫਾਈ ਕਰਮਚਾਰੀਆਂ ਦੀਆਂ ਅਨੇਕਾਂ ਅਸਾਮੀਆਂ ਖਾਲੀ ਪਈਆਂ ਹਨ। ਡਾਕਟਰਾਂ ਤੇ ਨਰਸਾਂ ਦੇ ਕੰਮ ਦੀਆਂ ਹਾਲਤਾਂ ਮਾੜੀਆਂ ਹੋਣ ਅਤੇ ਕੰਮ ਦਾ ਬੋਝ ਜ਼ਿਆਦਾ ਹੋਣ ਕਰਕੇ ਉਹ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਰਹੇ ਹਨ। ਏਮਜ ਅਤੇ ਪੀਜੀਆਈ ਵਰਗੇ ਹਸਪਤਾਲਾਂ ਨੂੰ ਆਮ ਮਰੀਜਾਂ ਲਈ ਬੰਦ ਕਰਕੇ ਲੋਕਾਂ ਨੂੰ ਇਲਾਜ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਕੈਂਸਰ ਦੇ ਮਰੀਜ਼ ਲਈ ਬਣੇ ਵਿਸੇਸ਼ ਸਹੂਲਤ ਵਾਲੇ ਕੈਂਸਰ ਕੇਅਰ ਸੈਂਟਰਾਂ ਵਿੱਚ ਵੀ ਕੋਰੋਨਾ ਦੇ ਮਰੀਜ ਦਾਖਲ ਕਰ ਲਏ ਹਨ, ਜਿਸ ਨਾਲ ਕੈਂਸਰ ਦੇ ਮਰੀਜਾਂ ਦਾ ਇਲਾਜ ਲਗਪਗ ਬੰਦ ਹੋ ਗਿਆ ਹੈ। ਨਿੱਜੀ ਹਸਪਤਾਲਾਂ ਨੇ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਆਪਣੀਆਂ ਸਿਹਤ ਸਹੂਲਤਾਂ, ਦਵਾਈਆਂ, ਬਿਸਤਰਿਆਂ ਤੇ ਵੈਂਟੀਲੇਟਰਾਂ ਆਦਿ ਦੇ ਖਰਚਿਆਂ ਨੂੰ ਸੈਂਕੜੇ ਗੁਣਾ ਵਧਾ ਕੇ ਵਸੂਲਣਾ ਸ਼ੁਰੂ ਕਰ ਦਿੱਤਾ ਹੈ ਅਤੇ ਮਰੀਜ਼ਾਂ ਦੀ ਵੱਡੀ ਪੱਧਰ ਤੇ ਲੁੱਟ–ਖਸੁੱਟ ਹੋ ਰਹੀ ਹੈ। ਮੌਤ ਹੋ ਜਾਣ ਤੇ ਨਿਜੀ ਹਸਪਤਾਲ ਲੱਖਾਂ ਦੇ ਬਿੱਲ ਤਾਰਨ ਤੋਂ ਬਗੈਰ ਲਾਸ਼ ਤਕ ਨਹੀਂ ਦਿੰਦੇ। ਪ੍ਰਧਾਨ ਮੰਤਰੀ ਕੇਅਰ ਫੰਡ ਚੋਂ ਖਰੀਦੇ ਗਏ ਦੋ ਦਰਜਨ ਤੋਂ ਵੱਧ ਵੈਂਟੀਲੇਟਰ ਬਠਿੰਡੇ ਦੇ ਨਿੱਜੀ ਹਸਪਤਾਲਾਂ ਨੂੰ ਦੇ ਦਿੱਤੇ ਗਏ। ਜਦ ਕਿ ਉਹ ਸਰਕਾਰੀ ਹਸਪਤਾਲਾਂ ਵਿੱਚ ਇੰਸਟਾਲ ਹੋਣੇ ਚਾਹੀਦੇ ਸਨ। ਪਿਛਲੇ ਸਾਲ ਭਰਤੀ ਕੀਤੇ ਕੋਰੋਨਾ ਵਲੰਟੀਅਰਾਂ ਨੂੰ ਹਟਾ ਦਿੱਤਾ ਗਿਆ ਹੈ। ਜਿਹੜੇ ਕੋਰੋਨਾ ਸੇਂਟਰ ਪਿਛਲੇ ਸਾਲ ਬੰਦ ਕਰ ਦਿੱਤੇ ਗਏ ਸਨ ਉਹ ਇਸ ਸਾਲ ਦੁਬਾਰਾ ਚਾਲੂ ਹੀ ਨਹੀਂ ਕੀਤੀ ਗਏ। ਬਠਿੰਡੇ ਦੇ ਏਮਜ ਹਸਪਤਾਲ ਨੂੰ ਚਾਲੂ ਰੱਖਣ ਦੀ ਬਜਾਏ ਉਸ ਨੂੰ ਬੰਦ ਕਰਕੇ ਉਥੋਂ ਦੇ ਡਾਕਟਰਾਂ ਤੇ ਨਰਸਾਂ ਨੂੰ ਪਟਿਆਲੇ ਦੇ ਰਾਜਿੰਦਰਾ ਹਸਪਤਾਲ ਵਿਚ ਭੇਜ ਦਿੱਤਾ ਗਿਆ ਪਰ ਉੱਥੇ ਉਨ੍ਹਾਂ ਦੇ ਰਹਿਣ ਦਾ ਕੋਈ ਪ੍ਰਬੰਧ ਨਹੀਂ ਸੀ ਤੇ ਕੰਮ ਦੀ ਹਾਲਤ ਬਹੁਤ ਮਾੜੀਆਂ ਸਨ। ਉਨ੍ਹਾਂ ਵੱਲੋਂ ਸਹੂਲਤਾਂ ਦੀ ਮੰਗ ਕਰਨ ਤੇ ਉਨ੍ਹਾਂ ਸਿਰ ਨੂੰ ਡਿਊਟੀ ਤੋਂ ਅਣਗਹਿਲੀ ਦੇ ਕੇਸ ਮੜ੍ਹ ਦਿੱਤੇ। ਕੰਮ ਦੀਆਂ ਮਾੜੀਆਂ ਹਾਲਤਾਂ ਹੋਣ ਕਰਕੇ ਅਤੇ ਕੋਰੋਨਾ ਦਾ ਪ੍ਰਕੋਪ ਝੱਲਦੇ ਹੋਏ ਡਾਕਟਰਾਂ ਦੀਆਂ ਮੌਤਾਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਹੁਣ ਤੱਕ 1070 ਡਾਕਟਰ ਮੌਤ ਦੇ ਮੂੰਹ ਵਿੱਚ ਚਲੇ ਗਏ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਵਿੱਤੀ ਸਹਾਇਤਾ ਦੇਣੀ ਤਾਂ ਪਾਸੇ ਰਹੀ ਬਲਕਿ ਉਨ੍ਹਾਂ ਦੇ ਇਲਾਜ ਦੇ ਬਿੱਲ ਵੀ ਸਰਕਾਰ ਵਲੋਂ ਨਹੀਂ ਦਿੱਤੇ ਗਏ। ਜਦੋਂ ਕਿਸੇ ਬੀਮਾਰੀ ਨੂੰ ਮਹਾਂਮਾਰੀ ਐਲਾਨ ਦਿੱਤਾ ਜਾਂਦਾ ਹੈ ਤਾਂ ਸਰਕਾਰ ਤੇ ਉਸ ਬਿਮਾਰੀ ਨੂੰ ਕੰਟਰੋਲ ਕਰਨ ਲਈ ਪ੍ਰਬੰਧ ਕਰਨ ਦੇ ਵੀ ਕੁਝ ਫਰਜ ਆਇਦ ਹੁੰਦੇ ਹਨ। ਮਹਾਂਮਾਰੀ ਐਕਟ ਅਧੀਨ ਕੋਰੋਨਾ ਨਿਯਮਾਂ ਦੀ ਅਸੂਲਾਂ ਦੀ ਉਲੰਘਣਾ ਕਰਨ ਵਾਲਿਆਂ ਤੇ ਕੇਸ ਤਾਂ ਦਰਜ ਹੋ ਰਹੇ ਹਨ ਪਰ ਸਰਕਾਰ ਕੋਈ ਫਰਜ਼ ਨਿਭਾ ਹੀ ਨਹੀਂ ਰਹੀ। ਸੈਨੇਟਾਈਜ਼ਰਾਂ, ਪਲਸ ਆਕਸੀਮੀਟਰਾਂ, ਆਕਸੀਜਨ ਗੈਸ ਤੇ ਜਰੂਰੀ ਦਵਾਈਆਂ ਦੀ ਕਾਲਾਬਾਜ਼ਾਰੀ ਹੋ ਰਹੀ ਹੈ ਕਿ ਉਹ ਬਹੁਤ ਮਹਿੰਗੇ ਰੇਟਾਂ ਤੇ ਵੇਚੇ ਜਾ ਰਹੇ ਹਨ। ਕੇਂਦਰ ਜਾਂ ਰਾਜ ਸਰਕਾਰਾਂ ਨੇ ਅਜੇ ਤੱਕ ਨਿੱਜੀ ਹਸਪਤਾਲਾਂ ਵਿੱਚ ਇਲਾਜ ਦੇ ਰੇਟਾਂ ਦੀ ਕੋਈ ਰਿਆਇਤੀ ਲਿਸਟ ਜਾਰੀ ਨਹੀਂ ਕੀਤੀ ਤੇ ਨਾ ਹੀ ਲੋਕਾਂ ਨੂੰ ਲੋੜੀਂਦੀਆਂ ਜ਼ਰੂਰੀ ਤੇ ਖਾਣ ਪੀਣ ਦੀਆਂ ਵਸਤਾਂ ਦੇ ਰੇਟ ਹੀ ਤੈਅ ਕੀਤੇ ਹਨ। ਸਿੱਖਿਆ ਅਤੇ ਸਿਹਤ ਦੋ ਅਜਿਹੇ ਖੇਤਰ ਹਨ ਜਿੱਥੋਂ ਦੀਆਂ ਸਹੂਲਤਾਂ ਲੋਕਾਂ ਨੂੰ ਮੁਫ਼ਤ ਮੁਹੱਈਆ ਕਰਵਾਉਣਾ ਸਰਕਾਰ ਦਾ ਸੰਵਿਧਾਨਕ ਫਰਜ਼ ਹੈ ਤੇ ਲੋਕਾਂ ਦਾ ਮੁਢਲਾ ਹੱਕ ਵੀ। ਸਭ ਤੋਂ ਮਾੜਾ ਹਾਲ ਪੇਂਡੂ ਖੇਤਰ ਦਾ ਹੈ, ਜਿੱਥੇ ਸਿਹਤ ਸਹੂਲਤਾਂ ਦਾ ਮਾੜਾ ਮੋਟਾ ਢਾਂਚਾ ਵੀ ਤਹਿਸ ਨਹਿਸ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਸ਼ਹਿਰ ਵਿੱਚ ਇਲਾਜ ਲਈ ਆਉਣਾ ਪੈ ਰਿਹਾ ਹੈ। ਬੱਸਾਂ ਦੇ ਕਿਰਾਏ ਅਤੇ ਪੈਟਰੋਲ ਡੀਜਲ ਦੀਆਂ ਕੀਮਤਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਕੋਰੋਨਾ ਦੀ ਬਿਮਾਰੀ ਤੋਂ ਬਚਾਅ ਲਈ ਵੈਕਸੀਨਾਂ ਸਰਕਾਰ ਨੇ ਲੋਕਾਂ ਨੂੰ ਲਾਉਣੀਆਂ ਸ਼ੁਰੂ ਕੀਤੀਆਂ ਹਨ ਪਰ ਇਸ ਸਬੰਧੀ ਲੋੜੀਂਦੀ ਮੁੱਢਲੀ ਜਾਣਕਾਰੀ ਮੁਹੱਈਆ ਨਹੀਂ ਕੀਤੀ ਗਈ ਉਲਟਾ ਵੈਕਸੀਨ ਲਵਾਉਣ ਲਈ ਮਜਬੂਰ ਕੀਤਾ ਗਿਆ। ਆਬਾਦੀ ਦੇ ਹਿਸਾਬ ਨਾਲ ਵੈਕਸੀਨ ਦੀ ਮਿਕਦਾਰ ਪਹਿਲਾਂ ਤੈਅ ਨਹੀਂ ਕੀਤੀ ਗਈ। ਪਹਿਲਾਂ ਧੜਾਧੜ ਵੈਕਸੀਨ ਲਾਉਣ ਤੋਂ ਬਾਅਦ ਹੁਣ ਜਦ ਇਸ ਦੀ ਭਾਰੀ ਕਿੱਲਤ ਪੈਦਾ ਹੋ ਗਈ ਹੈ ਤਾਂ ਭਾਰਤ ਸਰਕਾਰ ਕੋਲ ਕੋਈ ਵਿਉਂਤਬੰਦੀ ਨਹੀਂ। ਕੋਰੋਨਾ ਦੇ ਕੇਸਾਂ ਅਤੇ ਉਸ ਨਾਲ ਹੋਣ ਵਾਲੀਆਂ ਮੌਤਾਂ ਦੇ ਅੰਕੜਿਆਂ ਨੂੰ ਮੀਡੀਆ ਵੱਲੋਂ ਦਹਿਸ਼ਤ ਪਾਉਣ ਲਈ ਧੜੱਲੇ ਨਾਲ ਵਰਤਿਆ ਜਾ ਰਿਹਾ ਹੈ। ਬਿਮਾਰੀ ਸਬੰਧੀ ਲੋੜੀਂਦੀ ਵਿਗਿਆਨਕ ਜਾਣਕਾਰੀ ਦੇਣ ਤੇ ਬਚਾਅ ਦੇ ਉਪਾਅ ਦੱਸਣ ਦੀ ਥਾਂ ਬਿਮਾਰੀ ਦੀ ਦਹਿਸ਼ਤ ਪਾਈ ਜਾਂਦੀ ਹੈ। ਮੀਡੀਆ ਦੇ ਪ੍ਰਚਾਰ ਰਾਹੀਂ ਲੋਕਾਂ ਚ ਪਸਰੀ ਦਹਿਸ਼ਤ ਨੂੰ ਸਰਕਾਰ ਆਪਣੇ ਮਤਲਬ ਲਈ ਇਕ ਮੌਕੇ ਵਜੋਂ ਵਰਤ ਕੇ ਤਰ੍ਹਾਂ ਤਰ੍ਹਾਂ ਦੇ ਟੈਕਸ ਲੋਕਾਂ ਸਿਰ ਮੜ੍ਹ ਰਹੀ ਹੈ। ਲੋਕਾਂ ਦੀਆਂ ਛੋਟੀਆਂ ਬੱਚਤਾਂ ਤੇ ਵਿਆਜ ਘਟਾਏ ਗਏ ਹਨ ਜਦ ਕਿ ਲੋਕਾਂ ਵੱਲੋਂ ਲਏ ਗਏ ਕਰਜ਼ਿਆਂ ਤੇ ਵਿਆਜ ਵਧਾ ਦਿੱਤੇ ਗਏ ਹਨ। ਸਿੱਖਿਆ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਵਾਲੀ ਨਵੀਂ ਸਿੱਖਿਆ ਨੀਤੀ ਸਰਕਾਰ ਨੇ ਚੁੱਪ ਚਪੀਤੇ ਲਾਗੂ ਕਰ ਦਿੱਤੀ ਹੈ। ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ, ਕਾਲਜ, ਸਕੂਲ ਤੇ ਹੋਰ ਵਿੱਦਿਅਕ ਅਦਾਰੇ ਗੰਭੀਰ ਆਰਥਿਕ ਸੰਕਟ ਵਿੱਚ ਡੁੱਬ ਗਏ ਹਨ। ਲਾਸ਼ਾਂ ਦੇ ਦਾਹ ਸੰਸਕਾਰ ਲਈ ਲੋੜੀਂਦੀਆਂ ਲਕੜਾਂ ਤਕ ਮਹਿੰਗੀਆਂ ਹੋ ਗਈਆਂ ਹਨ ਤੇ ਸ਼ਮਸ਼ਾਨ ਘਾਟਾਂ ਵਿੱਚ ਥਾਂ ਨਹੀਂ ਮਿਲ ਰਹੀ। ਸ਼ਹਿਰਾਂ ਅੰਦਰ ਸਫਾਈ ਪ੍ਰਬੰਧਾਂ ਦਾ ਬਹੁਤ ਮਾੜਾ ਹਾਲ ਹੈ। ਮਰੀਜਾਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਉਨ੍ਹਾਂ ਨੂੰ ਇਲਾਜ ਲਈ ਸ਼ਿਫਟ ਕਰਨ ਵਾਸਤੇ ਐਂਬੂਲੈਂਸਾਂ ਤਕ ਵੀ ਨਹੀਂ ਪੂਰੀਆਂ ਆ ਰਹੀਆਂ ਅਤੇ ਜੋ ਮਿਲਦੀਆਂ ਵੀ ਹਨ ਉਨ੍ਹਾਂ ਦੇ ਰੇਟ ਬਹੁਤ ਮਹਿੰਗੇ ਹਨ। ਆਪਣੇ

ਹੀ ਘਰਾਂ ਵਿੱਚ ਏਕਾਂਤਵਸ ਹੋ ਕੇ ਕੋਰੋਨਾ ਦਾ ਇਲਾਜ ਕਰਵਾ ਰਹੇ ਮਰੀਜ਼ਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ ਕਿਉਂਕਿ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਇਲਾਜ ਕਿਟਾਂ ਦੀ ਭਾਰੀ ਕਿੱਲਤ ਹੋਣ ਪਿੱਛੋਂ ਹੁਣ ਮਰੀਜ਼ ਆਪਣੇ ਹੀ ਖਰਚੇ ਤੇ ਇਲਾਜ ਕਰ ਰਹੇ ਹਨ। ਜੇ ਆਕਸੀਜਨ ਦੀ ਲੋੜ ਪੈਂਦੀ ਹੈ ਤਾਂ ਉਹ ਵੀ ਬਾਜ਼ਾਰ ਵਿਚ ਨਹੀਂ ਮਿਲਦੀ ਬਲਕਿ ਕਾਲਾਬਾਜਾਰੀ ਚੱਲ ਰਹੀ ਹੈ। ਸਰਕਾਰ ਨੇ ਆਕਸੀਜਨ ਦੀ ਤੋਟ ਦੂਰ ਕਰਨ ਦਾ ਅਜੇ ਤੱਕ ਕੋਈ ਪ੍ਰਬੰਦ ਨਹੀਂ ਕੀਤਾ। ਸਰਕਾਰ ਦੀ ਤਰਜੀਹ ਲੋਕਾਂ ਨੂੰ ਬਚਾਉਣਾ ਦੀ ਘੱਟ ਤੇ ਸਰਮਾਏਦਾਰਾਂ ਦਾ ਮੁਨਾਫਾ ਯਕੀਨੀ ਬਣਾਉਣ ਦੀ ਵੱਧ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਤਾਂ ਸਾਰੇ ਅਧਿਕਾਰ ਹੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨੂੰ ਦੇ ਦਿੱਤੇ ਹਨ ਉਹ ਜਦੋਂ ਚਾਹੁਣ ਦੁਕਾਨਾਂ ਬੰਦ ਕਰਵਾ ਦੇਣ, ਜਦੋਂ ਚਾਹੁਣ ਲੌਕ ਡਾਊਨ ਲਾ ਦੇਣ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕ ਹਕੂਮਤੀ ਪਾਰਟੀ ਦੇ ਹਲਕਾ ਇੰਚਾਰਜਾਂ, ਐਮਐਲਏਜ਼ ਤੇ ਮੰਤਰੀਆਂ ਦੇ ਮੁਥਾਜ ਹੋ ਗਏ ਹਨ ਉਹ ਜਦੋਂ ਚਾਹੁਣ ਡੀਸੀ ਰਾਹੀਂ ਕੁੱਲ ਵੀ ਕਰਵਾ ਲੈਣ। ਕੋਰੂਨਾ ਦੇ ਫੈਲਣ ਦਾ ਕਾਰਨ ਵੀ ਕੇਂਦਰ ਸਰਕਾਰ ਦੀਆਂ ਅਣਗਹਿਲੀਆਂ ਅਤੇ ਮਰਜੀਆ ਹਨ। ਸਰਕਾਰਾਂ ਨੇ ਪਹਿਲਾਂ ਤਾਂ ਸਥਾਨਕ ਸਰਕਾਰਾਂ (ਮਿਉਂਸਪਲ ਕਾਰਪੋਰੇਸ਼ਨਾਂ, ਪੰਚਾਇਤਾਂ ਆਦਿ) ਦੀਆਂ ਚੋਣਾਂ ਕਰਵਾਈਆਂ। ਫੇਰ ਪੰਜ ਰਾਜਾਂ ਦੇ ਵਿੱਚ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਐਲਾਨ ਉਦੋਂ ਕੀਤਾ ਜਦੋਂ ਕੋਰੋਨਾ ਆ ਗਿਆ ਸੀ। ਚੋਣ ਰੈਲੀਆਂ 'ਚ ਵੱਡੇ ਇਕੱਠ ਕੀਤੇ ਗਏ। ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਮੇਤ ਸਾਰੀਆਂ ਪਾਰਟੀਆਂ ਨੇ ਵੱਡੀਆਂ ਰੈਲੀਆਂ ਕੀਤੀਆਂ। ਕੁੰਭ ਦੇ ਮੇਲੇ ਵਿੱਚ ਕਰੋੜਾਂ ਲੋਕ ਇਸ਼ਨਾਨ ਕਰਦੇ ਰਹੇ ਤੇ ਸਰਕਾਰ ਸੁੱਤੀ ਰਹੀ। ਇਹ ਸਾਰੇ ਫੈਸਲੇ ਲੈਣ ਸਮੇਂ ਵੋਟਾਂ ਦੀਆਂ ਗਿਣਤੀਆਂ ਮਿਣਤੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਨਾ ਕਿ ਲੋਕਾਂ ਦੀ ਸਿਹਤ ਨੂੰ।

**ਲਾਕਡਾਊਨ ਕਰਕੇ ਆਰਥਿਕ ਮੰਦੀ ਚ ਵਾਧਾ ਹੋ ਰਿਹਾ ਹੈ:** ਦੁਨੀਆਂ ਵਿੱਚ ਇਸ ਸਮੇਂ ਚੱਲ ਰਹੀ ਆਰਥਿਕ ਮੰਦੀ ਨੂੰ 1930 ਤੇ ਮੰਦਵਾੜੇ ਤੋਂ ਵੀ ਵੱਡਾ ਕਿਹਾ ਜਾ ਰਿਹਾ ਹੈ। ਇਕ ਖੋਜ ਸੰਸਥਾ ਦਾ ਕਹਿਣਾ ਹੈ ਕਿ ਇੱਕ ਹਫਤੇ ਦੀ ਲੌਕਡਾਊਨ ਨਾਲ ਛੱਬੀ ਅਰਬ ਡਾਲਰ ਦਾ ਨੁਕਸਾਨ ਹੋਇਆ। ਦੁਨੀਆਂ ਦੇ ਸ਼ੇਅਰ ਮਾਰਕੀਟਾਂ ਗੋਤੇ ਖਾ ਰਹੀਆਂ ਹਨ। ਪਰ ਇਸ ਨਾਲ ਕਾਰਪੋਰੇਟਾਂ ਦਾ ਕੁਝ ਨਹੀਂ ਵਿਗਾੜਣਾ ਬਲਕਿ ਸਾਰਾ ਬੋਝ ਮਿਹਨਤਕਸ਼ਾਂ ਉੱਪਰ ਹੀ ਡਿੱਗਣਾ ਹੈ। ਪ੍ਰਧਾਨ ਮੰਤਰੀ ਨੇ ਬਿਨਾ ਕਿਸੇ ਆਰਥਿਕ ਪੈਕੇਜ ਦੇ ਕਿਹਾ ਹੈ ਕਿ ਮਿੱਲਾਂ ਦੇ ਮਾਲਕ ਕਿਸੇ ਵੀ ਛਾਂਟੀ ਨਾ ਕਰਨ ਅਤੇ ਤਨਖਾਹ ਨਾ ਕੱਟਣ। ਵੱਖ ਵੱਖ ਸਮੇਂ ਐਲਾਨੀਆਂ ਰਾਹਤਾਂ ਕਾਰਪੋਰੇਟਰਾਂ ਲਈ ਹੀ ਹਨ। ਮਜਦੂਰਾਂ ਕਿਸਾਨਾਂ ਨੂੰ ਬੁਰੀ ਤਰ੍ਹਾਂ ਦਾ ਦਰਨਿਕਾਰ ਕੀਤਾ ਗਿਆ ਹੈ। ਲੌਕਡਾਊਨ ਨੇ ਭਾਰਤ ਵਿੱਚ ਕਰੋੜਾਂ ਕਿਰਤੀਆਂ ਨੂੰ ਝਟਕਾ ਦਿੱਤਾ ਹੋਇਆ ਹੈ। ਸਨਅਤਾਂ ਚੋਂ ਬਾਹਰ ਕੀਤੇ ਮਜ਼ਦੂਰਾਂ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ। ਛੋਟੇ ਮੋਟੇ ਸਭ ਕਾਰੋਬਾਰ ਬੰਦ ਹੋਣ ਜਾ ਰਹੇ ਹਨ। ਲਾਮਿਸਾਲ ਬੇਰੁਜਗਾਰੀ ਪੈਦਾ ਹੋ ਗਈ ਹੈ। ਲੇਬਰ ਕਾਨੂੰਨਾਂ ਨੂੰ ਝਟਕਾ ਦਿੱਤਾ ਗਿਆ ਹੈ। ਪੀ ਐਮ ਕੇਅਰ ਫੰਡ ਵਿਚ ਭਾਜਪਾ ਨੇ ਹਜਾਰਾਂ ਕਰੋੜ ਰੁਪਏ ਜਮ੍ਹਾਂ ਕਰ ਲਏ ਹਨ ਪਰ ਸੂਬਿਆਂ ਨੂੰ ਕੋਈ ਰਾਹਿਤ ਪੈਕੇਜ ਨਹੀਂ ਦਿੱਤਾ ਜਾ ਰਿਹਾ। ਸਾਰੀ ਹੀ ਵੈਕਸੀਨ ਜਾਂ ਹੋਰ ਸਾਜ਼ੋ ਸਾਮਾਨ ਖਰੀਦ ਲਈ ਰਾਜਾਂ ਨੂੰ ਸਿਧੇ ਆਰਡਰ ਦੇਣ ਲਈ ਜਾਂ ਟੈਂਡਰ ਜਾਰੀ ਕਰਨ ਲਈ ਕਿਹਾ ਗਿਆ ਹੈ। ਧਾਰਮਿਕ, ਸਮਾਜਕ ਤੇ ਸੰਘਰਸ਼ੀ ਜਥੇਬੰਦੀਆਂ ਹੀ ਦੁਖੀਆਂ ਦੀ ਮਦਦ ਲਈ ਅੱਗੇ ਆਈਆਂ ਹਨ। ਮੋਦੀ ਸਰਕਾਰ ਨੇ ਕੋਰੋਨਾ ਬਿਮਾਰੀ ਅਤੇ ਲੌਕਡਾਊਨ ਦੀ ਆਡ ਵਿਚ ਤਿੰਨ ਕਾਲੇ ਖੇਤੀ ਕਾਨੂੰਨਾਂ ਦੇ ਵਿਰੁੱਧ ਚੱਲ ਰਹੇ ਕਿਸਾਨਾਂ ਦੇ ਲੋਕ ਅੰਦੋਲਨ ਨੂੰ ਖਤਮ ਕਰਵਾਉਣ ਦਾ ਪੂਰਾ ਤਾਣ ਲਾ ਰੱਖਿਆ ਹੈ। ਗਰੀਬਾਂ ਨੂੰ ਭੁੱਖ ਨੇ ਸਤਾਇਆ ਹੋਇਆ ਹੈ। ਕੋਰੋਨਾ ਮਹਾਂਮਾਰੀ ਦੇ ਪ੍ਰਕੋਪ ਅਤੇ ਆਰਥਕ ਤੰਗੀਆਂ ਕਰਕੇ ਲੋਕ ਮਾਨਸਿਕ ਰੋਗੀ ਬਣ ਰਹੇ ਹਨ। ਔਰਤਾਂ ਵਿਰੁੱਧ ਘਰੇਲੂ ਹਿੰਸਾ ਵਧੀ ਹੈ। ਲਾਕਡਾਊਨ ਨੇ ਜ਼ਿੰਦਗੀ ਦੇ ਹਰ ਖਿੱਤੇ ਦੀਆਂ ਮੁਸ਼ਕਲਾਂ ਵਿੱਚ ਵਾਧਾ ਕਰ ਦਿੱਤਾ ਹੈ। ਭਾਰਤੀ ਰਾਜ ਪ੍ਰਬੰਧ ਦਾ ਅਸਲੀ ਖਾਸਾ ਨੂੰ ਲੋਕਾਂ ਸਾਹਮਣੇ ਬੇਪੜਦ ਹੋ ਗਿਆ ਹੈ। ਕੋਰੋਨਾ ਦੇ ਮੌਜੂਦਾ ਪਰਕੋਪ ਦੇ ਗੁਜ਼ਰ ਜਾਣ ਪਿਛੋਂ ਹਾਲਾਤ ਹੋਰ ਵੀ ਖਰਾਬ ਹੋਣ ਵਾਲੇ ਹਨ। ਸਿਰਫ ਕੋਰੋਨਾ ਕਰਕੇ ਹੀ ਨਹੀਂ ਬਲਕਿ ਆਰਥਿਕ ਮੰਦੀ ਕਰਕੇ। ਬੈਂਕ ਬਹੁਤ ਜਿਆਦਾ ਦਬਾਅ ਹੇਠ ਹਨ। ਲੋਕਾਂ ਦਾ ਬੈਂਕਾਂ ਵਿਚ ਨਕਦੀ ਜਮ੍ਹਾਂ ਜਰਾਉਣ ਤੋਂ ਵਿਸ਼ਵਾਸ ਉਠ ਰਿਹਾ ਹੈ। ਮਿਊਚਲ ਫੰਡ ਵਰਗੀਆਂ ਬਾਕੀ ਬੱਚਤ ਯੋਜਨਾਵਾਂ ਵੀ ਦਬਾਅ ਵਿੱਚ ਹਨ। ਇਸ ਸਾਰੀ ਬਰਬਾਦੀ ਦੇ ਨਾਲ ਲੋਕਾਂ ਦੀ ਜਮ੍ਹਾਂ ਪੂੰਜੀ ਵੀ ਖਤਮ ਹੋ ਜਾਵੇਗੀ। ਇਹ ਸੰਕਟ ਕੇਵਲ ਮਜ਼ਦੂਰਾਂ ਨੂੰ ਹੀ ਨਹੀਂ ਬਲਕਿ ਮੱਧ ਵਰਗ ਨੂੰ ਵੀ ਸੱਟ ਮਾਰੇਗਾ। ਆਰਥਿਕ ਅਸੁਰੱਖਿਆ ਤੇ ਸਮਾਜਿਕ ਸੰਪਰਕ ਦੇ ਘੱਟ ਹੋਣ ਨਾਲ ਮਨੋਵਿਗਿਆਨਕ ਬਿਮਾਰੀਆਂ ਵਧਣਗੀਆਂ ਅਤੇ ਆਤਮਹੱਤਿਆਵਾਂ ਕੇਵਲ ਕਿਸਾਨ ਹੀ ਨਹੀਂ ਬਲਕਿ ਮੱਧਵਰਗ ਦੇ ਲੋਕ ਵੀ ਕਰਨਗੇ।

ਡਰ ਕੇ ਅੰਦਰ ਵੜੇ ਰਹਿਣ ਦੀ ਬਜਾਏ ਲੋਕਾਂ ਨੂੰ ਆਪਣੇ ਬੁਨਿਆਦੀ ਹੱਕਾਂ ਲਈ ਲੜਨਾ ਚਾਹੀਦਾ ਹੈ। ਬਿਮਾਰੀ ਤੋਂ ਚੌਕੰਨੇ ਰਹੋ ਅਤੇ ਜੇ ਇਸ ਦੀ ਮਾਰ ਪੈ ਵੀ ਜਾਵੇ ਤਾਂ ਸਾਨੂੰ ਵਿਗਿਆਨਕ ਇਲਾਜ ਨਾਲ ਠੀਕ ਹੋਣ ਦੀ ਕੋਸਿਸ਼ ਕਰਨੀ ਚਾਹੀਦੀ ਹੈ। ਇੱਕ ਹੋਰ ਮਹੱਤਵਪੂਰਨ ਗੱਲ ਇਹ ਕਿ ਕੋਰੋਨਾ ਦੀ ਆੜ ਵਿੱਚ ਪੂਰੀ ਦੁਨੀਆਂ ਦੇ ਨਾਗਰਿਕਾਂ ਦੀ ਨਿੱਜਤਾ ਤੇ ਵੱਡਾ ਹਮਲਾ ਕੀਤਾ ਗਿਆ ਹੈ ਤੇ ਇਸ ਵਿੱਚ ਸਾਰੇ ਦੇਸ਼ ਵੱਧ ਚੜ੍ਹ ਕੇ ਕੰਮ ਕਰ ਰਹੇ ਹਨ। ਦੁਨੀਆਂ ਭਰ ਦੀਆਂ ਸਰਕਾਰਾਂ ਕੋਰੋਨਾ ਮਰੀਜ਼ਾਂ ਨੂੰ ਟਿਕਣ ਕਰਨ ਦੇ ਨਾਂ ਤੇ ਸਰਵਲੈਂਸ ਵਧਾ ਰਹੀਆਂ ਜਨ। ਜਦ ਕਿ ਜੇ ਦੇਸ਼ ਦੇ ਸਿਹਤ ਵਿਵਸਥਾ ਅੱਛੀ ਹੈ ਤਾਂ ਇਸ ਨਿਗਰਾਨੀ ਦੀ ਕੋਈ ਜ਼ਰੂਰਤ ਨਹੀਂ ਹੈ, ਪਰ ਜਨਤਾ ਤੇ ਨਿਗਰਾਨੀ ਰੱਖਣਾ ਸ਼ਾਸਕਾਂ ਦਾ ਕੰਮ ਹੈ। ਇਸ ਨੂੰ ਪੂਰਾ ਕਰਨ ਦਾ ਮੌਕਾ ਇਸ ਸਮੇਂ ਖੁੱਲ੍ਹੇਆਮ ਮਿਲ ਗਿਆ ਹੈ। ਭਾਰਤ ਵਿਚ ਆਯੂਸ਼ਮਾਨ ਐਪ ਨੂੰ ਪਹਿਲਾਂ ਜਰੂਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਵਿਰੋਧ ਕਾਰਨ ਫਿਲਹਾਲ ਇਸ ਨੂੰ ਐਲਾਨੀਆ ਤੌਰ ਤੇ ਜਰੂਰੀ ਤਾਂ ਨਹੀਂ ਕੀਤਾ ਗਿਆ ਪਰ ਅਣਐਲਾਨੀਆ ਤੌਰ 'ਤੇ ਇਹ ਹਰ ਸਰਕਾਰੀ ਜਾਂ ਅਰਧ-ਸਰਕਾਰੀ ਸਹੂਲਤ ਲੈਣ, ਸਿੱਖਿਆ ਲੈਣ ਲਈ ਲਾਜਮੀ ਬਣਾ ਦਿੱਤਾ ਗਿਆ ਹੈ। ਲਗਾਤਾਰ ਆਉਂਦੀਆਂ ਢੇਰ ਘਟਨਾਵਾਂ ਇਹ ਵੀ ਦੱਸਦੀਆਂ ਹਨ ਕਿ ਇਹ ਐਪ ਕੋਰੋਨਾ ਦੇ ਮਰੀਜ ਖੋਜਣ ਕਰਨ ਵਿੱਚ ਨਾਕਾਮ ਹੀ ਹੋਈ ਹੈ ਪਰ ਲੋਕਾਂ ਦੀ ਲੋਕੇਸ਼ਨ ਜਾਨਣ, ਮੇਲ ਜੋਲ ਕਰਨ ਵਾਲੇ ਲੋਕਾਂ ਦੇ ਬਾਰੇ ਹੀ ਲਗਾਤਾਰ ਜਾਣਕਾਰੀਆਂ ਜੁਟਾ ਰਹੀ ਹੈ, ਕਿਉਂਕਿ ਇਸ ਦੀ ਸਰਵਿਸ ਪ੍ਰੋਵਾਇਡਰ ਕੰਪਨੀ ਬਾਰੇ ਸਰਕਾਰ ਕੁੱਝ ਦੱਸ ਨਹੀਂ ਰਹੀ ਹੈ। ਇਸ ਲਈ ਅਜੇਹਾ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਇਹ ਸੂਚਨਾਵਾਂ ਕਿਸੇ ਕੋਲ ਇਕਤਰਤ ਹੋ ਰਹੀਆਂ ਹਨ ਅਤੇ ਉਸ ਦਾ ਕੀ ਕੀਤਾ ਜਾਵੇਗਾ ਕੁਝ ਨਹੀਂ ਕਿਹਾ ਜਾ ਸਕਦਾ।

ਮੌਜੂਦਾ ਮਹਾਂਮਾਰੀ ਦੇ ਦੌਰ ਵਿਚ ਜਿੱਥੇ ਲੋਕਾਂ ਨੂੰ ਵਿਗਿਆਨਕ ਸੋਝੀ ਦੇਣੀ ਬਣਦੀ ਹੈ ਉਥੇ ਲੋਕਾਂ ਨੂੰ ਆਪਣੇ ਹੱਕਾਂ ਲਈ ਲੜਣ ਦਾ ਵੀ ਸੱਦਾ ਦੇਣਾ ਚਾਹੀਦਾ ਹੈ;ਸਾਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਕੋਰੋਨਾ ਦੇ ਮਰੀਜਾਂ ਦਾ ਇਲਾਜ ਕਰ ਰਹੇ ਸਾਰੇ ਮੈਡੀਕਲ ਅਮਲੇ, ਸਵਾਈ ਸੇਵਕਾਂ, ਹੋਰ ਕਰਮਚਾਰੀਆਂ ਨੂੰ ਇਨਫੈਕਸ਼ਨ ਤੋਂ ਬਚਾਉਣ ਲਈ ਲੋੜੀਂਦੀ ਸਾਰੇ ਸੇਫਟੀ ਉਪਾਅ ਅਤੇ ਮੈਡੀਕਲ ਸਹੂਲਤਾਂ ਤੁਰੰਤ ਮੁਹੱਈਆ ਕਰਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਦਾ ਸਿਹਤ ਬੀਮਾ ਹੋਣਾ ਚਾਹੀਦਾ। ਮਹਾਂਮਾਰੀ ਨਾਲ ਨਜਿੱਠਣ ਲਈ ਪ੍ਰਾਈਵੇਟ ਹਸਪਤਾਲਾਂ ਅਤੇ ਸਿਹਤ ਸੇਵਾਵਾਂ ਨੂੰ ਪੂਰੀ ਤਰ੍ਹਾਂ ਸਰਕਾਰੀ ਹੱਥਾਂ ਵਿੱਚ ਲੈ ਲੈਣਾ ਚਾਹੀਦਾ ਹੈ। ਕੋਰੋਨਾ ਮਹਾਂਮਾਰੀ ਦੇ ਡਰ ਕਰਕੇ ਬਾਕੀ ਸਾਰੇ ਗੰਭੀਰ ਬਿਮਾਰੀਆਂ ਵਾਲੇ ਮਰੀਜ ਦਰਨਿਕਾਰ ਹੋ ਗਏ ਹਨ। ਸਾਰੀਆਂ ਮੈਡੀਕਲ ਸੇਵਾਵਾਂ ਤੁਰੰਤ ਬਹਾਲ ਕਰਕੇ ਉਨ੍ਹਾਂ ਦਾ ਇਲਾਜ ਨਿਰਵਿਘਨ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਲਾਕਡਾਊਨ ਕੋਰੋਨਾ ਮਹਾਂਮਾਰੀ ਰੋਕਣ ਦਾ ਕੋਈ ਪਾਏਦਾਰ ਉਪਾਅ ਨਹੀਂ ਹੈ। ਲਾਕਡਾਊਨ ਦੀ ਉਲੰਘਣਾ ਕਰਕੇ ਦਰਜ ਕੀਤੇ ਸਾਰੇ ਕੇਸ ਤੁਰੰਤ ਰੱਦ ਕਰਨੇ ਬਣਦੇ ਹਨ। ਕੋਰੋਨਾ ਦੀ ਮਹਾਂਮਾਰੀ ਫੈਲਾਉਣ ਲਈ ਕਿਸਾਨਾਂ ਦੇ ਸੰਘਰਸ਼ ਨੂੰ ਜ਼ਿ?ਮੇਵਾਰ ਠਹਿਰਾਉਣਾ ਬੰਦ ਕੀਤਾ ਜਾਵੇ ਅਤੇ ਲੋਕ ਵਿਰੋਧੀ ਤਿੰਨੇ ਖੇਤੀ ਕਾਨੂੰਨ ਰੱਦ ਕੀਤੇ ਜਾਣ। ਕੋਰੋਨਾ ਮਹਾਂਮਾਰੀ ਕਾਰਨ ਬੇਰੁਜਗਾਰ ਹੋਏ ਗੈਰ ਹੁਨਰਮੰਦ ਕਾਮਿਆਂ ਨੂੰ ਘੱਟੋ ਘੱਟ ਮਜ਼ਦੂਰੀ ਦੇ ਬਰਾਬਰ ਪ੍ਰਤੀ ਮਹੀਨਾ ਮੁਆਵਜ਼ਾ ਦਿੱਤਾ ਜਾਵੇ ਅਤੇ ਹੁਨਰਮੰਦ ਕਾਮਿਆਂ ਦੀਆਂ ਤਨਖਾਹਾਂ ਜਾਰੀਆਂ ਜਾਣ। ਕੰਮ ਦੇ ਘੰਟੇ ਅੱਠ ਦੀ ਥਾਂ ਬਾਰਾਂ ਕਰਨ ਵਾਲੇ ਸਾਰੇ ਆਰਡੀਨੈਂਸ ਵਾਪਸ ਲਏ ਜਾਣ ਅਤੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ। ਕੋਰੋਨਾ ਪੀੜਤ ਮਰੀਜ਼ਾਂ ਨਾਲ ਹਮਦਰਦੀ ਵਾਲਾ ਵਰਤਾਓ ਕੀਤਾ ਜਾਵੇ। ਜਿਸ ਵੀ ਇਲਾਕੇ ਵਿੱਚ ਸੀਮਤ ਲੌਕਡਾਊਨ ਲਾਇਆ ਗਿਆ ਹੈ ਉਥੇ ਪੁਲਸ ਜ਼ਿਆਦਤੀਆਂ ਨਾ ਕਰੇ। ਕੋਰੋਨਾ ਸੰਕਟ ਦੇ ਇਸ ਦੌਰ ਵਿਚ ਜਮ੍ਹਾਂ ਪਏ ਅਨਾਜ ਨੂੰ ਮਜ਼ਦੂਰਾਂ, ਬੇਜ਼ਮੀਨੇ/ ਛੋਟੇ ਕਿਸਾਨਾਂ ਤੇ ਗਰੀਬਾਂ ਨੂੰ ਵੰਡਿਆ ਜਾਵੇ। ਕੋਰੋਨਾ ਮਹਾਂਮਾਰੀ ਦੌਰਾਨ ਲੋਕਾਂ ਤੇ ਲਾਏ ਟੈਕਸ ਰੱਦ ਕੀਤੇ ਜਾਣ। ਮਹਿੰਗਾਈ ਨੂੰ ਨੱਥ ਪਾਈ ਜਾਵੇ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨਿਰਧਾਰਿਤ ਕੀਤੀਆਂ ਜਾਣ। ਯੂਏਪੀਏ ਵਰਗੇ ਕਾਲੇ ਕਾਨੂੰਨਾਂ ਤਹਿਤ ਬੁੱਧੀਜੀਵੀਆਂ, ਸਮਾਜਕ ਕਾਰਕੁਨਾਂ, ਪੱਤਰਕਾਰਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਨ ਦਾ ਸਿਲਸਿਲਾ ਬੰਦ ਕੀਤਾ ਜਾਵੇ। ਕੋਰੋਨਾ ਦੇ ਬਹਾਨੇ ਲੋਕਾਂ ਦੀ ਨਿੱਜਤਾ ਤੇ ਹਮਲਾ (ਸਰਵਿਲੈਂਸ/ਨਿਗਰਾਨੀ) ਬੰਦ ਕੀਤੇ ਜਾਣ। ਕੋਰੋਨਾ ਦੇ ਲੈਵਲ-ਇੱਕ, ਲੈਵਲ-ਦੋ ਅਤੇ ਲੇਵਲ-ਤਿੰਨ ਦੇ ਮਰੀਜ਼ਾਂ ਦੇ ਅਨੁਪਾਤ ਦੇ ਹਿਸਾਬ ਨਾਲ ਜਨਤਕ ਖੇਤਰ ਦੇ ਹਸਪਤਾਲਾਂ ਚ ਬਿਸਤਰਿਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਵੈਂਟੀਲੇਟਰ ਮੁਹੱਈਆ ਕਰਾਏ ਜਾਣ। ਅਕਸੀਜਨ ਦੀ ਸਪਲਾਈ ਯਕੀਨੀ ਬਣਾਈ ਜਾਵੇ। ਮਰੀਜ਼ਾਂ ਦੀ ਗਿਣਤੀ ਅਤੇ ਬਿਸਤਰਿਆਂ ਦੇ ਹਿਸਾਬ ਨਾਲ ਡਾਕਟਰਾਂ, ਪੈਰਾ ਮੈਡੀਕਲ ਸਟਾਫ, ਨਰਸਾਂ, ਸਫ਼ਾਈ ਕਰਮਚਾਰੀਆਂ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇ। ਛੋਟੇ ਕਾਰੋਬਾਰੀਆਂ ਤੇ ਕਿਸਾਨਾਂ ਨੂੰ ਲੌਕ ਡਾਊਨ ਦੌਰਾਨ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਕੈਂਸਰ ਆਦਿ ਭਿਆਨਕ ਅਤੇ ਜਾਨਲੇਵਾ ਬਿਮਾਰੀਆਂ ਦੇ ਇਲਾਜ ਲਈ ਪਹਿਲਾਂ ਰਾਖਵੇਂ ਰੱਖੇ ਗਏ ਬਿਸਤਰਿਆਂ ਨੂੰ ਵਰਤਣਾ ਯਕੀਨੀ ਬਣਾਇਆ ਜਾਵੇ ਅਤੇ ਉੱਥੇ ਕੋਵਿਡ ਮਰੀਜ ਨਾ ਪਾਏ ਜਾਣ। ਏਮਜ਼, ਪੀਜੀਆਈ ਤੇ ਹੋਰ ਵੱਡੇ ਮੈਡੀਕਲ ਅਦਾਰਿਆਂ ਦੀ ਓਪੀਡੀ ਚਾਲੂ ਰੱਖੀ ਜਾਵੇ ਅਤੇ ਉਨ੍ਹਾਂ ਦੇ ਮਰੀਜ਼ਾਂ ਦੀਆਂ ਸਹੂਲਤਾਂ ਤੇ ਕੋਈ ਕੱਟ ਨਾ ਲਾਈ ਜਾਵੇ। ਕੋਰੋਨਾ ਤੋਂ ਬਚਾਅ ਲਈ ਜੋ ਵੀ ਵੈਕਸੀਨ ਆਈ ਹੈ ਉਹ ਸਵੈ-ਇੱਛਾ ਨਾਲ ਹੀ ਲਾਈ ਜਾਵੇ। ਵੈਕਸੀਨ ਲਾਉਣ ਤੋਂ ਪਹਿਲਾਂ ਵਿਅਕਤੀ ਨੂੰ ਉਨ੍ਹਾਂ ਦੇ ਨਫ਼ੇ ਨੁਕਸਾਨ ਬਾਰੇ ਭਰਪੂਰ ਜਾਣਕਾਰੀ ਦਿੱਤੀ ਜਾਵੇ ਅਤੇ ਵੈਕਸੀਨ ਲਾਉਣ ਵਾਲੀ ਥਾਂ ਤੇ ਰਿਐਕਸ਼ਨ ਕੰਟਰੋਲ ਕਰਨ ਲਈ ਸਾਰੇ ਐਮਰਜੈਂਸੀ ਪ੍ਰਬੰਧ ਕੀਤੇ ਜਾਣ। ਕੰਪਨੀਆਂ ਨੂੰ ਵੈਕਸੀਨ ਦੀ ਰਿਐਕਸ਼ਨ ਨਾਲ ਹੋਣ ਵਾਲ ਨੁਕਸਾਨ ਦੀ ਜ਼ਿੰਮੇਵਾਰੀ ਤੋਂ ਮੁਕਤ ਨਾ ਕੀਤਾ ਜਾਵੇ। ਕੋਰੋਨਾ ਦੀ ਭਿਅੰਕਰ ਬਿਮਾਰੀ ਨਾਲ ਮੌਤ ਦਾ ਸ਼ਿਕਾਰ ਹੋਏ ਲੋਕਾਂ ਦੇ ਆਸਰਿਤਾਂ ਨੂੰ ਤੁਰੰਤ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਰੈਗੂਲਰ ਪੈਨਸ਼ਨ ਲਾਈ ਜਾਵੇ।

**ਬੱਗਾ ਸਿੰਘ ਪ੍ਰਧਾਨ 9888986469**
**ਪ੍ਰਿਤਪਾਲ ਸਿੰਘ ਸਕੱਤਰ 9876060280**
**ਜਮਹੂਰੀ ਅਧਿਕਾਰ ਸਭਾ ਪੰਜਾਬ**
**ਜ਼ਿਲਾ ਬਠਿੰਡਾ**

# ਦਿੱਲੀ-ਬਾਰਡਰ ਕਿਸਾਨ ਮੋਰਚੇ ਦੇ 6 ਮਹੀਨੇ ਪੂਰੇ ਹੋਣ ਉਪਰੰਤ



**ਯਸ਼ ਪਾਲ**
**98145 35005**

ਕਿਸਾਨ ਅੰਦੋਲਨ ਦਿੱਲੀ ਮੋਰਚਾ ਸਭ ਔਖਾਂ ਮੁਸਕਲਾਂ, ਦੁਸਵਾਰੀਆਂ ਨੂੰ ਪਾਰ ਕਰਦਾ ਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮੋਰਚੇ ਨੂੰ ਪਾੜਨ, ਖਿੰਡਾਉਣ, ਕੁਚਲਨ ਲਈ ਵਰਤੇ ਸਭ ਹੱਥਕੰਡਿਆਂ, ਚਲੀਆਂ ਸਭ ਸਾਜਿਸੀ-ਛਾਤਰ ਚਾਲਾਂ ਨੂੰ ਭਾਂਜ ਦਿੰਦਾ ਹੋਇਆ 6 ਮਹੀਨੇ ਪੂਰੇ ਕਰ ਚੁੱਕਿਆ ਹੈ। ਹਜਾਰਾਂ-ਲੱਖਾਂ ਕਿਸਾਨਾਂ-ਮਜਦੂਰਾਂ-ਕਿਰਤੀਆਂ ਤੇ ਸਮਾਜ ਦੇ ਹੋਰ ਸਭਨਾਂ ਵਰਗਾਂ ਦੀ ਹਮਾਇਤ ਤੇ ਸਹਿਯੋਗ ਹਾਸਿਲ ਕਰਦਿਆਂ, ਆਪਣੇ ਸਿਦਕ, ਸਿਰੜ, ਸਬਰ-ਸੰਜਮ ਦੇ ਸਿਰ'ਤੇ ਮੁਲਕ ਵਿਆਪੀ ਪਾਸਾਰ ਕਰ ਗਿਆ ਹੈ। ਮੋਦੀ ਸਰਕਾਰ ਦੀ ਗਲੇ ਦੀ ਹੱਡੀ ਬਣ ਚੁੱਕਿਆ ਹੈ।

ਕੋਰੋਨਾ ਮਹਾਂਮਾਰੀ ਦੀ'ਪਹਿਲੀ ਲਹਿਰ' ਨੂੰ ਹੱਥ ਆਇਆ ਇੱਕ ਸੁਨਹਿਰੀ ਮੌਕਾ ਜਾਣ ਕੇ, ਕੇਂਦਰ ਦੀ ਮੋਦੀ ਸਰਕਾਰ ਨੇ ਆਪਣੇ 6 ਸਾਲਾਂ ਤੋਂ ਲਾਗੂ ਕੀਤੇ ਜਾ ਰਹੇ ਕਾਰਪੋਰੇਟੀ ਤੇ ਫਿਰਕੂ-ਫਾਸੀ ਏਜੰਡੇ ਨੂੰ ਜੋਰ ਦੀ ਅੱਡੀ ਲਾ ਦਿੱਤੀ। ਦੇਸੀ-ਵਿਦੇਸੀ ਕਾਰਪੋਰੇਟਾਂ ਦੇ ਹਿਤ ਪੂਰਦੇ ਤਿੰਨ ਖੇਤੀ ਕਾਨੂੰਨ, ਚਾਰ ਲੇਬਰ ਕੋਡ, ਬਿਜਲੀ ਐਕਟ-2020, ਕੌਮੀਸਿੱਖਿਆ ਨੀਤੀ-2020, ਲਗਭਗ ਸਮੁੱਚੇ ਜਨਤਕ ਖੇਤਰ ਦੇ ਅਦਾਰਿਆਂ ਦਾ ਨਿੱਜੀ-ਕਰਨ ਵਰਗੇ ਕਦਮ ਧੜਾਧੜ ਚੁੱਕ ਗਏ। ਨਾਲ ਦੀ ਨਾਲ ਹੀ,ਉਕਤ ਏਜੰਡੇ ਦੀ ਨੁਕਤਾਚੀਨੀ ਕਰਨ ਵਾਲੇ ਬੁੱਧੀ-ਜੀਵੀਆਂ, ਚਿੰਤਕਾਂ, ਲੇਖਕਾਂ, ਕਲਾਕਾਰਾਂ, ਪੱਤਰਕਾਰਾਂ, ਵਿਦਿਆਰਥੀ-ਨੌਜਵਾਨਾਂ ਦੀ ਜੁਬਾਨਬੰਦੀ ਕਰਨ ਲਈ ਦੇਸ ਧ੍ਰੋਹ ਵਰਗੇ ਝੂਠੇ ਸੰਗੀਨ ਦੋਸ ਲਾ ਕੇ ਜੇਲ੍ਹਾਂ ਅੰਦਰ ਸਿੱਟਿਆ ਗਿਆ। ਰਾਜ ਸਰਕਾਰਾਂ ਵੀ ਪਿੱਛੇ ਨਹੀਂ ਰਹੀਆਂ। ਉਨ੍ਹਾਂ ਵੱਲੋਂ ਵੀ ਇਸ ਮੌਕੇ ਦਾ ਲਾਹਾ ਖਟਦਿਆਂ ਅਨੇਕਾਂ ਮਜਦੂਰ-ਮੁਲਾਜਮ ਵਿਰੋਧੀ ਕਦਮ ਪੁੱਟੇ ਗਏ। ਲਗਭਗ ਇੱਕ ਸਾਲ ਤੋਂ ਚੱਲ ਰਿਹਾ ਇਹ ਕਿਸਾਨ ਅੰਦੋਲਨ ਹੀ ਮੋਦੀ ਸਰਕਾਰ ਦੇ ਇਸ ਏਜੰਡੇ ਨੂੰ ਸਿੱਧੇ-ਮੱਥੇ ਟੱਕਰ ਦੇ ਰਿਹਾ ਹੈ। ਇਸ ਲਈ ਸਮਾਜ ਦੇ ਸਭਨਾਂ ਤਬਕਿਆਂ ਦੇ ਹਿਤਾਂ ਨਾਲ ਜੁੜੇ ਇਸ ਕਿਸਾਨ ਅੰਦੋਲਨ ਨੂੰ ਜਿੱਤ ਦੀਆਂ ਬਰੂਹਾਂ ਤੱਕ ਲਿਜਾਣ ਲਈ ਇਸ ਨੂੰ ਸਰਬ-ਸਾਂਝਾ ਅੰਦੋਲਨ ਬਣਾਉਣਾ ਬੇਹੱਦ ਦਰਕਾਰ ਹੈ।

ਕੋਰੋਨਾ ਮਹਾਂਮਾਰੀ ਦੀ 'ਪਹਿਲੀ ਲਹਿਰ' ਦੌਰਾਨ ਮੋਦੀ ਸਰਕਾਰ ਵੱਲੋਂ ਕਿਸਾਨ ਮੋਰਚੇ ਨੂੰ ਦਬਕਾਉਣ, ਖਿੰਡਾਉਣ ਲਈ ਵਰਤੇ ਗਏ ਸਭ ਹੱਥਕੰਡੇ ਤੇ ਕੁਚਾਲਾਂ ਦੇ ਫੇਲ੍ਹ ਹੋ ਜਾਣ ਕਾਰਨ, ਹੁਣ 'ਦੂਜੀ ਲਹਿਰ' ਨੂੰ ਹੱਥਾ ਬਣਾਉਣ ਦੀ ਤਿਆਰੀ ਖਿੱਚੀ ਹੋਈ ਹੈ।ਪਹਿਲਾਂ ਵੀ ਵਿਗਿਆਨੀਆਂ ਤੇ ਮਾਹਿਰਾਂ ਦੇ ਸੁਝਾਵਾਂ ਨੂੰ ਨਜਰ-ਅੰਦਾਜ ਕਰ ਕੇ ਤਰਕਹੀਣ ਲਾਕ-ਡਾਊਨ ਠੋਸਣ ਤੇ ਤਾਲੀਆਂ-ਥਾਲੀਆਂ ਖੜਕਾਉਣ ਦਾ ਰਾਹ ਫੜ ਕੇ ਮੁਲਕ ਦੇ ਅਰਥਚਾਰੇ ਨੂੰ ਹੇਠਾਂ ਡੇਗਣ ਅਤੇ ਲੱਖਾਂ-ਕਰੋੜਾਂ ਕਿਰਤੀ-ਕਾਮਿਆਂ ਤੇ ਛੋਟੇ ਕਾਰੋਬਾਰੀਆਂ ਨੂੰ ਰੋਟੀ-ਰੋਜੀ ਤੋਂ ਆਤੁਰ ਕਰ ਕੇ ਮੌਤ ਦੇ ਮੂੰਹ ਧੱਕਿਆ ਗਿਆ।ਤੇ ਹੁਣ ਕੋਰੋਨਾ ਦੀ' ਦੂਜੀ ਲਹਿਰ' ਦੌਰਾਨ ਵੀ ਮਹਾਂਮਾਰੀ ਨੂੰ ਨੱਥ ਪਾਉਣ ਲਈ ਨਾ ਸਿਰਫ ਲੋੜੀਂਦੀਆਂ ਡਾਕਟਰੀ ਸਹੂਲਤਾਂ ਦਾ ਢਾਂਚਾ ਹੀ ਨਹੀਂ ਖੜ੍ਹਾ ਕੀਤਾ ਗਿਆ ਸਗੋਂ ਲੋਕਾਂ ਨੂੰ ਮਹਾਂ-ਮਾਰੀ ਤੋਂ ਬਚਣ ਦੀਆਂ ਸਾਵਧਾਨੀਆਂ ਰੱਖਣ ਦੀਆਂ ਮੱਤਾਂ ਦੇ ਕੇ, ਰਾਜਾਂ ਨੂੰ ਮਿੰਨੀ ਲਾਕਡਾਊਨ ਲਾਉਣ ਦੀਆਂ ਹਦਾਇਤਾਂ ਕਰ ਕੇ, ਖੁਦ ਪ੍ਰਧਾਨ ਮੰਤਰੀ ਮੋਦੀ, ਗ੍ਰਹਿ ਮੰਤਰੀ ਸਾਹ ਤੇ ਹਾਕਮ ਪਾਰਟੀ ਦੇ ਹੋਰ ਆਗੂ ਹਜਾਰਾਂ-ਲੱਖਾਂ ਲੋਕਾਂ ਦੀਆਂ ਚੋਣ ਰੈਲੀਆਂ ਨੂੰ ਸੰਬੋਧਨ ਕਰਨ ਦੀਆਂ ਮੁਜਰਮਾਨਾ ਕਾਰਵਾਈਆਂ 'ਚ ਰੁੱਝੇ ਰਹੇ। ਜਿਸ ਦਾ ਸਿੱਟਾ ਮੁਲਕ ਦੇਖ ਹੀ ਰਿਹਾ ਹੈ ਕਿ ਹਜਾਰਾਂ ਕੋਰੋਨਾ ਪੀੜਿਤ ਲੋਕ, ਹਸਪਤਾਲਾਂ, ਬਿਸਤਰਿਆਂ, ਦਵਾਈਆਂ, ਡਾਕਟਰਾਂ, ਨਰਸਾਂ, ਆਕਸੀਜਨ ਆਦਿ ਮੁਢਲੀਆਂ ਸਿਹਤ ਸਹੂਲਤਾਂ ਖੁਣੋਂ ਹੀ ਮੌਤ ਦੇ ਮੂੰਹ 'ਚ ਜਾ ਰਹੇ ਹਨ।

ਤੇ ਕੇਂਦਰ ਦੀ ਮੋਦੀ ਸਰਕਾਰ (ਤੇ ਰਾਜ ਸਰਕਾਰਾਂ ਵੀ) ਆਪਣੀ ਅਣਗਹਿਲੀ, ਨਾਅਹਿਲੀਅਤ, ਬਦਇੰਤਜਾਮੀ ਅਤੇ ਮੁਜਰਮਾਨਾ ਕਾਰਵਾਈਆਂ 'ਤੇ ਪਰਦਾ ਪਾਉਣ ਲਈ ਕੋਰੋਨਾ ਦੀ ਇਸ'ਦੂਜੀ ਲਹਿਰ' ਦਾ ਭਾਂਡਾ ਚੱਲ ਰਹੇ ਕਿਸਾਨ ਅੰਦੋਲਨ ਤੇ 'ਦਿੱਲੀ ਮੋਰਚੇ' ਸਿਰ ਭੰਨਣ ਦੀਆਂ ਗੋਂਦਾਂ ਗੁੰਦ ਰਹੀ ਹੈ।ਇਸ ਖਾਤਰ ਪ੍ਰਚਾਰ ਮੁਹਿੰਮ ਰਾਹੀਂ ਰੱਸੇ-ਪੈੜੇ ਬੰਨ੍ਹੇ ਜਾ ਰਹੇ ਹਨ।

ਚੱਲ ਰਹੇ ਸੰਗੀਨ ਹਾਲਾਤਾਂ ਅੰਦਰ ਮੋਦੀ ਸਰਕਾਰ ਵੀ ਇੱਕ ਪਾਸੇ ਸੰਸਾਰ ਬੈਂਕ, ਮੁਦਰਾ ਕੋਸ, ਵਿਸਵ ਵਪਾਰ ਸੰਗਠਨ ਦੀ ਤਿੱਕੜੀ ਦੇ ਦਿਸਾ ਨਿਰਦੇਸਾਂ ਤਹਿਤ ਦੇਸੀ-ਵਿਦੇਸੀ ਕਾਰਪੋਰੇਟਾਂ ਦੀ ਝੋਲੀ ਪਈ ਹੋਈ ਹੈ ਦੂਜੇ ਪਾਸੇ ਮੁਲਕ ਭਰ ਅੰਦਰ ਆਪਣੀ ਸਿਆਸੀ ਜਮੀਨ ਪੈਰਾਂ ਹੇਠੋਂ ਖੁਰਦੀ ਦੇਖ ਕੇ ਭਾਰੀ ਦਬਾਅ ਹੇਠ ਹੈ।ਇਸ ਅਹਿਮ ਤੇ ਨਾਜੁਕ ਮੋੜ 'ਤੇ ਖੜ੍ਹੇ ਕਿਸਾਨ ਅੰਦੋਲਨ ਨੂੰ ਹੋਰ ਵਿਆਪਕ ਤੇ ਤੇਜ ਕਰਨ ਲਈ 'ਸੰਯੁਕਤ ਕਿਸਾਨ ਮੋਰਚੇ' ਨੇ 26 ਮਈ ਨੂੰ ਮੁਲਕ ਪੱਧਰਾ 'ਕਾਲਾ ਦਿਨ' ਮਨਾਉਣ ਦਾ ਸੱਦਾ ਦਿੱਤਾ ਹੈ। ਕੇਂਦਰੀ 10 ਟਰੇਡ ਯੂਨੀ: ਦੇ ਸਾਂਝੇ ਫੋਰਮ ਨੇ ਵੀ ਇਸ ਸੱਦੇ ਦੀ ਹਮਾਇਤ ਦਾ ਐਲਾਨ ਕੀਤਾ ਹੈ। ਇਸ ਦਿਨ ਘਰਾਂ, ਦੁਕਾਨਾਂ, ਵਹੀਕਲਾਂ 'ਤੇ ਕਾਲੇ ਝੰਡੇ ਲਹਿਰਾਏ ਜਾਣਗੇ। ਮੋਦੀ ਸਰਕਾਰ ਦੇ ਪੁਤਲੇ ਸਾੜੇ ਜਾਣਗੇ ਅਤੇ ਜਿੱਥੇ ਤਿੰਨੇ ਕਾਲੇ ਖੇਤੀ ਕਾਨੂੰਨ ਰੱਦ ਕਰਨ, ਐਮ.ਐਸ.ਪੀ ਦੀ ਕਾਨੂੰਨੀ ਗਰੰਟੀ ਦੇਣ, ਸਰਕਾਰੀ ਖਰੀਦ ਯਕੀਨੀ ਬਣਾਉਣ, ਬਿਜਲੀ (ਸੋਧ) ਕਾਨੂੰਨ 2020 ਵਾਪਿਸ ਲੈਣ, ਕਿਰਤ ਕਾਨੂੰਨਾਂ ਦੀ ਸੋਧ ਵਾਲੇ ਚਾਰ ਲੇਬਰ ਕੋਡ ਰੱਦ ਕਰਨ, ਕੌਮੀ ਸਿੱਖਿਆ ਨੀਤੀ-2020 ਵਾਪਿਸ ਲੈਣ, ਸਮੂਹ ਜਨਤਕ ਖੇਤਰਾਂ ਦੇ ਨਿੱਜੀਕਰਨ/ਕਾਰਪੋਰੇਟੀਕਰਨ/ਕੇਂਦਰੀਕਰਨ ਦੇ ਕੀਤੇ ਗਏ ਫੈਸਲੇ ਰੱਦ ਕਰਨ ਦੇ ਮੁੱਦੇ ਉਭਾਰੇ ਜਾਣਗੇ ਉੱਥੇ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਕੋਰੋਨਾ ਮਹਾਂਮਾਰੀ ਨੂੰ ਰੋਕਣ 'ਚ ਕੀਤੀਆਂ ਗਈਆਂ ਮੁਜਰਮਾਨਾਂ ਕੁਤਾਹੀਆਂ ਨੂੰ ਨੰਗਾ ਕੀਤਾ ਜਾਵੇਗਾ ਅਤੇ ਮੰਗ ਕੀਤੀ ਜਾਵੇਗੀ ਕਿ ਫੌਰੀ ਤੌਰ 'ਤੇ ਮੁਢਲੀਆਂ ਡਾਕਟਰੀ/ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ, ਲਾਕਡਾਊਨ ਨਾ ਇਸਦਾ ਹੱਲ ਹੈ ਤੇ ਨਾ ਹੀ ਬਦਲ। ਕੋਰੋਨਾ ਟੈਸਟ ਮੁਫਤ ਕੀਤਾ ਜਾਵੇ, ਵੈਕਸੀਨ ਹਰ ਜਗ੍ਹਾ ਮੁਫਤ ਲਾਈ ਜਾਵੇ ਪਰ ਇਹ ਸਵੈ-ਇੱਛਕ ਹੋਵੇ, ਲਾਜਮੀ ਨਹੀਂ। ਨਿੱਜੀ ਹਸਪਤਾਲਾਂ ਨੂੰ ਸਰਕਾਰੀ ਪ੍ਰਬੰਧਨ ਲਿਆ ਕੇ ਕੋਰੋਨਾ ਪੀੜਿਤਾਂ ਦੀ ਕੀਤੀ ਦਾ ਰਹੀ ਲੁੱਟ ਬੰਦ ਕਰਾਈ ਜਾਵੇ।

ਸੋ ਆਓ! ਕਿਸਾਨ ਅੰਦੋਲਨ ਦੇ ਇਸ ਅਹਿਮ ਤੇ ਨਾਜੁਕ ਮੋੜ 'ਤੇ ਇਸ ਮੋਰਚੇ ਨੂੰ ਖਿੰਡਾਉਣ, ਦਬਕਾਉਣ ਦੇ ਮੋਦੀ ਸਰਕਾਰ ਦੇ ਮਨਸੂਬਿਆਂ ਨੂੰ ਮਾਤ ਦੇਣ ਲਈ ਅਤੇ ਕਿਸਾਨ ਅੰਦੋਲਨ ਨੂੰ ਜਿੱਤ ਦੀਆਂ ਬਰੂਹਾਂ ਤੱਕ ਲਿਜਾਣ ਲਈ ਇਸ ਨੂੰ ਸਰਬ-ਸਾਂਝਾ ਬਣਾਉਣ ਲਈ 26 ਮਈ ਦੇ 'ਕਾਲਾ ਦਿਨ' ਮਨਾਉਣ ਦੇ ਪ੍ਰੋਗਰਾਮਾਂ 'ਚ ਸ਼ਮੂਲੀਅਤ ਕੀਤੀ ਜਾਵੇ।

- ਡਾ. ਪਿਆਰਾ ਲਾਲ ਗਰਗ

# ਬਲੈਕ ਫੰਗਸ: ਕਾਰਨ, ਲੱਛਣ ਤੇ ਇਲਾਜ



ਅੱਜਕੱਲ੍ਹ ਕਰੋਨਾ ਮਰੀਜਾਂ ਲਈ ਕਰੋਨਾ ਦੇ ਨਾਲ ਹੀ ਇਕ ਹੋਰ ਬਿਮਾਰੀ ਨੇ ਦਹਿਸ਼ਤ ਦਾ ਮਾਹੌਲ ਸਿਰਜ ਦਿੱਤਾ ਹੈ, ਉਹ ਹੈ ਕਾਲੀ ਉੱਲੀ। ਬਨਸਪਤੀ ਵਿਗਿਆਨ ਵਿਚ ਇਸ ਨੂੰ ਮਿਊਕਰਮਾਈਸਿਟੀਜ਼ ਕਿਹਾ ਜਾਂਦਾ ਹੈ। ਇਸ ਬਿਮਾਰੀ ਦਾ ਡਾਕਟਰੀ ਨਾਮ ਮਿਊਕਰਮਾਈਕੋਸਿਸ ਹੈ। ਦੇਸ਼ ਵਿਚ ਬਲੈਕ ਫੰਗਸ ਦੇ ਹਜਾਰਾਂ ਮਾਮਲੇ ਆ ਚੁੱਕੇ ਹਨ ਜਿਨ੍ਹਾਂ ਵਿਚੋਂ 200 ਤੋਂ ਵੱਧ ਦੀ ਮੌਤ ਹੋ ਗਈ ਹੈ। ਹਰਿਆਣਾ, ਰਾਜਸਥਾਨ, ਤਾਮਿਲ ਨਾਡੂ, ਉੜੀਸਾ, ਗੁਜਰਾਤ, ਮਹਾਰਾਸਟਰ, ਚੰਡੀਗੜ੍ਹ ਨੇ ਤਾਂ ਇਸ ਨੂੰ ਮਹਾਮਾਰੀ ਕਾਨੂੰਨ 1897 ਦੀ ਸੈਕਸ਼ਨ (2) ਤਹਿਤ ਨੋਟੀਫਾਈਏਬਲ ਬਿਮਾਰੀ ਵੀ ਐਲਾਨ ਦਿੱਤਾ ਹੈ।

ਉਂਜ ਇਹ ਬਿਮਾਰੀ ਕੋਈ ਨਵੀਂ ਨਹੀਂ ਹੈ। ਇਕ ਖੋਜ ਅਨੁਸਾਰ ਇਸ ਨਾਲ ਸੰਸਾਰ ਵਿਚ ਹਰ ਸਾਲ 15 ਲੱਖ ਮੌਤਾਂ ਹੁੰਦੀਆਂ ਹਨ।ਅਮਰੀਕਾ ਵਿਚ ਇਹ ਬਿਮਾਰੀ 2005, 2008, 2011, 2014 ਅਤੇ 2018 ਵਿਚ ਰਿਪੋਰਟ ਕੀਤੀ ਗਈ ਸੀ। ਅਮਰੀਕਾ ਵਿਚ 2019 ਦੇ ਵਿਸ਼ਲੇਸ਼ਣ ਮੁਤਾਬਕ ਹਰ ਸਾਲ ਕਰੀਬ 330 ਮਾਮਲੇ ਯਾਨੀ ਇਕ ਮਾਮਲਾ ਪ੍ਰਤੀ ਮਿਲੀਅਨ ਆਬਾਦੀ ਪਾਇਆ ਜਾਂਦਾ ਹੈ। ਇਹ ਬਿਮਾਰੀ ਮਨੁੱਖੀ ਸਰੀਰ ਦੇ ਅੰਦਰ ਬਹੁਤ ਘੱਟ ਹੁੰਦੀ ਹੈ, ਪਰ ਚਮੜੀ ਰੋਗ ਤਾਂ ਆਮ ਹੀ ਚਿੱਟੀ ਉੱਲੀ ਵਾਲੇ ਧਦਰ ਆਦਿ ਹੁੰਦੇ ਹਨ, ਜਿਸ 'ਤੇ ਲੋਕ ਰਿੰਗ ਕਟਰ ਜਾਂ ਰਿੰਗ ਗਾਰਡ ਵਗੈਰਾ ਆਮ ਹੀ ਵਰਤਦੇ ਹਨ। ਆਓ, ਇਸ ਬਿਮਾਰੀ ਦੇ ਕਾਰਨ, ਲੱਛਣ ਅਤੇ ਇਲਾਜ ਬਾਰੇ ਗੱਲ ਕਰਦੇ ਹਾਂ:

**ਕਾਲੀ ਉੱਲੀ ਕੀ ਹੈ ?**

ਉੱਲੀਆਂ ਜਿਨ੍ਹਾਂ ਨਾਲ ਸਾਡਾ ਵਾਹ ਰੋਜ ਪੈਂਦਾ ਹੈ, ਸੰਸਾਰ ਵਿਚ 40 ਕਰੋੜ ਸਾਲ ਤੋਂ ਹੋਂਦ ਵਿਚ ਹਨ। ਸਾਉਣ ਭਾਦੋਂ ਦੇ ਮਹੀਨੇ ਪਿੰਡਾਂ ਦੀਆਂ ਰੂੜੀਆਂ ਉੱਪਰ ਉੱਗੀਆਂ ਚਿੱਟੀਆਂ-ਚਿੱਟੀਆਂ ਖੁੰਭਾਂ ਤੇ ਕਾਲੀ ਛਤਰੀ ਵਾਲੀਆਂ ਉੱਲੀਆਂ ਆਮ ਹੀ ਹੁੰਦੀਆਂ ਹਨ। ਇਹ ਮਿਊਕਰਮਾਈਕੋਸਿਟੀਜ਼ ਵੀ ਇਕ ਉੱਲੀ ਹੈ, ਜਿਹੋ ਜਿਹੀ ਕਾਲੀ ਜਾਂ ਚਿੱਟੀ ਉੱਲੀ ਸਾਡੇ ਅਚਾਰ ਬ੍ਰੈੱਡ ਆਦਿ ਉੱਪਰ ਲੱਗ ਜਾਂਦੀ ਹੈ। ਇਸ ਦੇ ਧਾਗੇ ਭੂਰੇ ਕਾਲੇ ਰੰਗ ਦੇ ਹੁੰਦੇ ਹਨ ਅਤੇ ਸਰੀਰ ਅੰਦਰ ਵੀ ਇਹ ਕਾਲੇ ਕਾਲੇ ਪਿੰਨੇ ਜਿਹੇ ਬਣਾ ਦਿੰਦੀ ਹੈ। ਇਸੇ ਕਰਕੇ ਇਸ ਨੂੰ ਕਾਲੀ ਉੱਲੀ ਜਾਂ ਬਲੈਕ ਫੰਗਸ ਕਿਹਾ ਜਾਂਦਾ ਹੈ।

**ਇਹ ਉੱਲੀ ਕਿੱਥੇ ਪਾਈ ਜਾਂਦੀ ਹੈ ?**

ਇਸ ਦੇ ਸਪੋਰ ਹਵਾ ਤੇ ਮਿੱਟੀ ਵਿਚ ਮਿਲਦੇ ਹਨ। ਗਲ ਸੜ ਰਹੇ ਆਰਗੈਨਿਕ ਪਦਾਰਥਾਂ ਜਿਵੇਂ ਆਲੂ, ਸਬਜੀਆਂ, ਫਲਾਂ ਆਦਿ ਉੱਪਰ, ਸਿੱਲ੍ਹੀਆਂ ਕੰਧਾਂ, ਰੂੜੀਆਂ, ਗੋਹੇ, ਗਲ ਸੜ ਰਹੇ ਪੱਤਿਆਂ ਜਾਂ ਕੰਪੋਜ਼ਿਟ ਉੱਪਰ ਵੀ ਬਲੈਕ ਫੰਗਸ ਪਾਈ ਜਾਂਦੀ ਹੈ। ਸਿੱਲ੍ਹੀਆਂ ਥਾਵਾਂ ਜਿਵੇਂ ਪਾਣੀ ਦੀਆਂ ਪਾਈਪਾਂ ਦੇ ਨਾਲ-ਨਾਲ, ਸਿੱਲ੍ਹੇ ਗਲੀਚੇ ਦੇ ਹੇਠ, ਪਾਣੀ ਦੇ ਲੀਕ ਕਰਦੇ ਟੈਂਕਾਂ ਦੇ ਸੰਪਰਕ ਵਿਚ ਇਸ ਦੇ ਬੀਜਾਣੂ (ਸਪੋਰਜ਼) 24 ਤੋਂ 48 ਘੰਟੇ ਵਿਚ ਉੱਗ ਕੇ ਵਧਣਾ ਫੈਲਣਾ ਸ਼ੁਰੂ ਕਰ ਦਿੰਦੇ ਹਨ।

**ਇਹ ਮਨੁੱਖੀ ਸਰੀਰ ਵਿਚ ਕਿਵੇਂ ਦਾਖਲ ਹੁੰਦੇ ਹਨ ?**

ਇਹ ਸਪੋਰ ਯਾਨੀ ਬੀਜਾਣੂ ਹਵਾ ਵਿਚ ਹੁੰਦੇ ਹਨ ਜੋ ਸਾਹ ਲੈਣ ਵੇਲੇ ਨੱਕ ਤੇ ਮੂੰਹ ਰਾਹੀਂ ਸਰੀਰ ਵਿਚ ਦਾਖਲ ਹੁੰਦੇ ਹਨ। ਇਹ ਗਰਮੀਆਂ ਵਿਚ ਹਵਾ ਵਿਚ ਜ਼ਿਆਦਾ ਹੁੰਦੇ ਹਨ ਜਦੋਂਕਿ ਸਰਦੀਆਂ ਜਾਂ ਬਸੰਤ ਰੁੱਤੇ ਇਹ ਥੱਲੇ ਬੈਠ ਜਾਂਦੇ ਹਨ। ਡੂੰਘੇ ਜ਼ਖਮਾਂ ਰਾਹੀਂ ਬਾਗਬਾਨੀ ਵਾਲਿਆਂ ਦੇ ਜਾਂ ਹਸਪਤਾਲ ਦੇ ਅਮਲੇ ਦੇ ਅੰਦਰ ਚਲੇ ਜਾਂਦੇ ਹਨ। ਇਸ ਲਈ ਨੰਗੇ ਪੈਰਾਂ ਜਾਂ ਹੱਥਾਂ ਨਾਲ ਬਾਗਬਾਨੀ ਤੋਂ ਗੁਰੇਜ ਕਰਨ ਦੀ ਲੋੜ ਹੈ। ਆਮ ਤੌਰ 'ਤੇ ਤੰਦਰੁਸਤ ਵਿਅਕਤੀਆਂ ਵਿਚ ਇਹ ਬਿਮਾਰੀ ਪੈਦਾ ਨਹੀਂ ਕਰਦੇ, ਪਰ ਸਰੀਰ ਵਿਚ ਰੋਗ ਰੋਧਕਤਾ ਘਟਣ 'ਤੇ ਇਹ ਮੌਕਾ ਪਾ ਕੇ ਹਮਲਾ ਕਰ ਦਿੰਦੀ ਹੈ। ਤੰਦਰੁਸਤ ਵਿਅਕਤੀਆਂ ਨੂੰ ਇਸ ਤੋਂ ਡਰਨ ਦੀ ਲੋੜ ਨਹੀਂ।

**ਇਸ ਤੋਂ ਕਿਨ੍ਹਾਂ ਨੂੰ ਖਤਰਾ ਹੈ ?**

ਕੋਵਿਡ ਦੇ ਗੰਭੀਰ ਮਰੀਜ ਜਿਨ੍ਹਾਂ ਨੂੰ ਆਈਸੀਯੂ ਵਿਚ ਜ਼ਿਆਦਾ ਮਾਤਰਾ ਵਿਚ ਸਟੀਰਾਇਡ ਦੇਣੇ ਪੈਂਦੇ ਹਨ ਜਾਂ ਜਿਨ੍ਹਾਂ ਦੀ ਅੰਗ ਜਾਂ ਸਟੈਮ ਸੈੱਲ ਬਦਲੀ (ਟਰਾਂਸਪਲਾਂਟ) ਬਾਅਦ ਜ਼ਿਆਦਾ ਮਾਤਰਾ ਵਿਚ ਜ਼ਿਆਦਾ ਸਮੇਂ ਲਈ ਸਟੀਰਾਇਡ ਵਰਗੀਆਂ ਦਵਾਈਆਂ (ਇਮਿਊਨੋ ਸੁਪਰੈਸੈਂਟਸ) ਦੇਣ ਕਾਰਨ ਰੋਗ ਰੋਧਕਤਾ ਘਟੀ ਹੋਵੇ। ਡਾਇਬਟੀਜ਼ (ਸ਼ੂਗਰ ਰੋਗ) ਵਿਚ ਸ਼ੂਗਰ ਕੰਟਰੋਲ ਨਾ ਹੋਈ ਹੋਵੇ ਜਾਂ ਗੁਰਦੇ ਦੇ ਰੋਗਾਂ ਵਾਲਿਆਂ ਨੂੰ ਵੀ ਵੱਧ ਖਤਰਾ ਹੈ। ਕੈਂਸਰ, ਅੰਗ ਤੇ ਸਟੈਮ ਸੈੱਲ ਬਦਲੀ ਦੇ ਮਰੀਜਾਂ ਵਿਚ ਇਹ ਫੇਫੜਿਆਂ ਉੱਪਰ ਹਮਲਾ ਕਰਦੀ ਹੈ। ਜ਼ਿਆਦਾ ਦੇਰ ਆਈਸੀਯੂ ਵਿਚ ਵੈਂਟੀਲੇਟਰ ਆਦਿ 'ਤੇ ਰਹਿਣ ਵਾਲਿਆਂ ਨੂੰ ਵੀ ਕਾਲੀ ਉੱਲੀ ਤੋਂ ਖਤਰਾ ਹੈ। ਵੈਂਟੀਲੇਟਰ ਦੀ ਲਾਜ਼ਮੀ ਲੋੜ ਵਾਲੇ ਕੋਵਿਡ-19 ਦੇ ਮਰੀਜਾਂ ਨੂੰ ਇਸ ਤੋਂ ਵੱਧ ਖਤਰਾ ਹੈ।

**ਇਹ ਸਰੀਰ ਦੇ ਕਿਹੜੇ ਹਿੱਸਿਆਂ ਉੱਪਰ ਹਮਲਾ ਕਰਦੀ ਹੈ ?**

ਇਸ ਦੇ ਬੀਜਾਣੂ ਨੱਕ ਰਾਹੀਂ ਦਿਮਾਗ ਤੱਕ ਪਹੁੰਚ ਜਾਂਦੇ ਹਨ। ਇਸ ਨੂੰ ਰਹੀਨੋਸੈਰੀਬਰਲ ਮਿਊਕਰਮਾਈਕੋਸਿਸ ਕਹਿੰਦੇ ਹਨ। ਇਹ ਸਾਹ ਰਾਹੀਂ ਫੇਫੜਿਆਂ ਵਿਚ ਪਹੁੰਚ ਕੇ ਕਾਲੀ ਉੱਲੀ ਬਣ ਜਾਂਦੀ ਹੈ, ਇਸ ਬਿਮਾਰੀ ਨੂੰ ਪਲਮੋਨਰੀ ਮਿਊਕਰਮਾਈਕੋਸਿਸ ਕਹਿੰਦੇ ਹਨ। ਇਹ ਮੂੰਹ ਰਾਹੀਂ ਪੇਟ ਵਿਚ ਪ੍ਰਵੇਸ਼ ਕਰਕੇ ਮਿਹਦੇ ਅਤੇ ਭੋਜਨ ਨਲੀ ਯਾਨੀ ਆਂਤ ਦੀ ਬਿਮਾਰੀ ਗੈਸਟਰੋ ਇੰਟਸਟਾਈਨਲ ਮਿਊਕਰਮਾਈਕੋਸਿਸ ਦਾ ਕਾਰਨ ਬਣਦੀ ਹੈ। ਚਮੜੀ ਉੱਪਰ ਇਹ ਕੁਟੇਨੀਅਸ ਮਿਊਕਰਮਾਈਕੋਸਿਸ ਪੈਦਾ ਕਰਦੀ ਹੈ। ਕੇਂਦਰੀ ਨਾੜੀ ਤੰਤੂ ਅਤੇ ਗੁਰਦੇ ਦਾ ਮਿਊਕਰਮਾਈਕੋਸਿਸ ਵੀ ਹੋ ਸਕਦਾ ਹੈ। ਇਹ ਰੋਗ ਸਾਰੇ ਸਰੀਰ ਵਿਚ ਵੀ ਫੈਲਿਆ ਹੋ ਸਕਦਾ ਹੈ ਜਾਂ ਫਿਰ ਕਿਸੇ ਬਹੁਤ ਹੀ ਅਜੀਬੋ ਗਰੀਬ ਹਾਲਤ ਵਿਚ ਅਸਾਧਾਰਨ ਰੂਪ ਵਿਚ ਪ੍ਰਗਟ ਹੋ ਸਕਦਾ ਹੈ। ਨੱਕ ਵਾਲਾ ਰੋਗ ਦਿਮਾਗ ਵਿਚ ਵੀ ਜਾ ਸਕਦਾ ਹੈ।

**ਕੋਵਿਡ-19 ਦੇ ਮਰੀਜਾਂ ਵਿਚ ਇਹ ਰੋਗ ਕਿਵੇਂ ਹੁੰਦਾ ਹੈ ?**

ਕੋਵਿਡ-19 ਦੇ ਮਰੀਜਾਂ ਵਿਚ ਇਹ ਜ਼ਿਆਦਾਤਰ ਰਹੀਨੋਸੈਰੀਬਰਲ ਕਿਸਮ ਦਾ ਰੋਗ ਹੈ। ਯਾਨੀ ਇਹ ਨੱਕ, ਮੂੰਹ, ਗੱਲ੍ਹਾਂ, ਜਬਾੜੇ, ਦੰਦਾਂ ਤੇ ਅੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਆਮ ਤੌਰ 'ਤੇ ਨੱਕ ਦੇ ਆਲੇ ਦੁਆਲੇ, ਗੱਲਾਂ ਦੇ ਅੰਦਰ ਦੀਆਂ ਖੋਖਲੀਆਂ ਹੱਡੀਆਂ ਵਿਚ ਸ਼ੁਰੂ ਹੁੰਦਾ ਹੈ, ਉਨ੍ਹਾਂ ਨੂੰ ਖੋਰਦਾ ਖੋਰਦਾ ਯਾਨੀ ਗਾਲਦਾ ਹੋਇਆ ਨੱਕ, ਜਬਾੜਾ, ਦੰਦਾਂ ਤੇ ਅੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਰੋਗ ਦਿਮਾਗ ਤਕ ਵੀ ਪਹੁੰਚ ਜਾਂਦਾ ਹੈ।

**ਕਾਲੀ ਉੱਲੀ ਦੇ ਕੀ ਲੱਛਣ ਹਨ ?**

ਇਸ ਨਾਲ ਨੱਕ ਬੰਦ ਹੋ ਜਾਂਦਾ ਹੈ ਜਾਂ ਨੱਕ ਵਗਦਾ ਹੈ, ਨੱਕ ਵਿਚੋਂ ਕਾਲਾ ਜਾਂ ਲਹੂ ਯੁਕਤ ਬਹੁਤ ਦੁਰਗੰਧ ਵਾਲਾ ਮਵਾਦ ਨਿਕਲਦਾ ਹੈ। ਸੁੰਘਣ ਸ਼ਕਤੀ ਘਟ ਜਾਂਦੀ ਹੈ ਜਾਂ ਖਤਮ ਹੋ ਜਾਂਦੀ ਹੈ, ਚਿਹਰੇ ਦੇ ਇਕ ਪਾਸੇ ਦਰਦ, ਭਾਰਾਪਣ, ਸੁੰਨ ਹੋ ਜਾਣਾ ਜਾਂ ਸੁੱਜ ਜਾਣਾ ਅਤੇ ਸਬੰਧਤ ਹਿੱਸਾ ਗਰਮ ਹੋ ਜਾਂਦਾ ਹੈ। ਕਈ ਵਾਰ ਮੂੰਹ ਵਿਚੋਂ ਦੁਰਗੰਧ ਆਉਂਦੀ ਹੈ, ਨੱਕ ਉੱਪਰ ਕਾਲਾਪਣ, ਤਾਲੂਏ ਉੱਪਰ ਕਾਲਾਪਣ, ਦੰਦ ਹਿਲਣ ਲੱਗ ਜਾਣੇ, ਜਬਾੜੇ ਦਾ ਗਲਣਾ, ਅੱਖਾਂ ਦੁਆਲੇ ਲਾਲੀ ਜਾਂ ਕਾਲਾਪਣ, ਦੋ-ਦੋ ਵਸਤਾਂ ਨਜ਼ਰ ਆਉਣੀਆਂ, ਦਰਦ, ਨਜ਼ਰ ਦਾ ਧੁੰਦਲਾਪਣ, ਬੁਖਾਰ, ਸਿਰ ਪੀੜ, ਚਿਹਰੇ ਦੀ ਚਮੜੀ ਉੱਪਰ ਕਾਲੇ ਧੱਬੇ, ਚਮੜੀ ਦਾ ਗਲ ਜਾਣਾ ਆਦਿ। ਬਾਕੀ ਅੰਗਾਂ ਦੇ ਰੋਗ ਵਿਚ ਖੂਨ ਦੇ ਗਤਲੇ ਬਣ ਜਾਣਾ, ਛਾਤੀ ਵਿਚ ਦਰਦ, ਖੰਘ, ਸਾਹ ਚੜ੍ਹਨਾ, ਪੇਟ ਦਰਦ, ਖੂਨ ਦੀ ਉਲਟੀ, ਤੌਰ ਭੌਰ ਹੋ ਜਾਣਾ ਯਾਨੀ ਸੁੱਧ ਬੁੱਧ ਨਾ ਰਹਿਣਾ ਆਦਿ ਲੱਛਣ ਸ਼ਾਮਲ ਹਨ।

**ਕਾਲੀ ਉੱਲੀ ਦੀ ਜਾਂਚ ਕਿਵੇਂ ਕੀਤੀ ਜਾਂਦੀ ਹੈ ?**

ਮਰੀਜ ਦੀ ਕਹਾਣੀ ਸੁਣ ਕੇ ਉਸ ਦੇ ਸਰੀਰ ਦਾ ਮੁਆਇਨਾ ਕਰਕੇ ਬਿਮਾਰੀ ਦੀਆਂ ਸਾਹਮਣੇ ਨਜਰ ਆਉਂਦੀਆਂ ਨਿਸ਼ਾਨੀਆਂ ਵੇਖ ਕੇ ਚਮੜੀ ਜਾਂ ਮਾਸ ਦੀ ਬਾਇਓਪਸੀ ਕਰਕੇ ਯਾਨੀ ਚਮੜੀ ਦਾ ਟੁਕੜਾ ਟੈਸਟ ਕਰਕੇ, ਮਵਾਦ ਦੀ ਪਰਖ ਕਰਕੇ ਰੋਗ ਦਾ ਪਤਾ ਲਗਾਇਆ ਜਾਂਦਾ ਹੈ। ਖੂਨ ਟੈਸਟ ਕਰਕੇ ਇਸ ਦਾ ਕੋਈ ਬਹੁਤਾ ਪਤਾ ਨਹੀਂ ਲੱਗਦਾ। ਹਾਂ, ਸੀਟੀ ਸਕੈਨ ਅਤੇ ਐੱਮਆਰਆਈ ਕਰਨੇ ਪੈ ਸਕਦੇ ਹਨ।

**ਇਸ ਦੀ ਰੋਕਥਾਮ ਕਿਵੇਂ ਕੀਤੀ ਜਾ ਸਕਦੀ ਹੈ ?**

ਮੂੰਹ 'ਤੇ ਮਾਸਕ ਪਹਿਨ ਕੇ ਰੱਖਣਾ, ਬਾਗਬਾਨੀ ਵੇਲੇ ਜਾਂ ਉਸਾਰੀ ਅਧੀਨ ਸਥਾਨਾਂ ਉੱਪਰ ਜਾਣ ਵੇਲੇ ਜੁੱਤੇ ਜੁਰਾਬਾਂ ਤੇ ਦਸਤਾਨੇ ਪਾ ਕੇ ਰੱਖਣਾ, ਪੂਰੀਆਂ ਬਾਹਵਾਂ ਦਾ ਕਮੀਜ ਅਤੇ ਪਜਾਮਾ ਪਾ ਕੇ ਰੱਖਣਾ। ਜ਼ਖਮ ਹੋਣ 'ਤੇ ਮਿਟੀ ਗੋਹੇ ਆਦਿ ਵਿਚ ਹੱਥ ਪੈਰ ਨਾ ਪਾਉਣਾ, ਆਕਸੀਜਨ ਲਾਉਣ ਵੇਲੇ ਬੋਤਲ ਵਿਚ ਪਾਣੀ ਪ੍ਰੈਸ਼ਰ ਸਟਰਲਾਈਜ਼ ਕਰਕੇ ਪਾਉਣਾ, ਕੋਵਿਡ ਬਾਅਦ ਵੀ ਮਾਸਕ ਪਹਿਨਣਾ, ਬਿਨਾਂ ਵੱਡੇ ਹਸਪਤਾਲ ਦੀ ਰਾਏ ਦੇ ਸਟੀਰਾਇਡ ਨਾ ਲਓ, ਜਿਮ ਆਦਿ ਵਿਚ ਐਨਾਬੌਲਿਕ ਸਟੀਰਾਇਡ ਨਾ ਵਰਤੋ, ਤਕਲੀਫ ਹੋਣ 'ਤੇ ਤੁਰੰਤ ਡਾਕਟਰ ਦੀ ਸਲਾਹ ਲਓ। ਇਹ ਬਿਮਾਰੀ ਉਂਜ ਕਰੋਨਾ ਦੀ ਤਰ੍ਹਾਂ ਖੰਘ ਆਦਿ ਰਾਹੀਂ ਇਨਫੈਕਸ਼ਨ ਨਹੀਂ ਕਰਦੀ। ਹਵਾ ਵਿਚੋਂ ਹੀ ਇਸ ਦੇ ਸਪੋਰ ਹਮਲਾ ਕਰਦੇ ਹਨ।

**ਇਸ ਦਾ ਇਲਾਜ ਕੀ ਹੈ ?**

ਇਸ ਦਾ ਇਲਾਜ ਉੱਲੀਆਂ ਵਿਰੁੱਧ ਵਰਤੀ ਜਾਂਦੀ ਐਂਫੋਟੈਰੇਸੀਨ-ਬੀ ਹੀ ਹੈ ਜੋ ਨਾੜੀ ਰਾਹੀਂ ਹੌਲੀ ਹੌਲੀ 2 ਤੋਂ 6 ਘੰਟੇ ਵਿਚ ਦੇਣੀ ਹੁੰਦੀ ਹੈ, ਪਰ ਟੀਕਾ ਲਾਉਣ ਤੋਂ ਪਹਿਲਾਂ ਟੈਸਟ ਕਰ ਲੈਣਾ ਜਰੂਰੀ ਹੈ। ਪਿਛਲੇ ਪੰਜ ਦਹਾਕਿਆਂ ਵਿਚ ਇਸ ਦਿਸ਼ਾ ਵਿਚ ਕੋਈ ਬਹੁਤੀ ਪ੍ਰਗਤੀ ਨਹੀਂ ਹੋਈ। ਸਮੇਂ ਸਿਰ ਜਾਂਚ ਅਤੇ 4-6 ਹਫਤੇ ਦੇ ਇਲਾਜ ਅਤੇ ਲੋੜ ਅਨੁਸਾਰ ਸਰਜਰੀ ਨਾਲ ਮਰੀਜ ਠੀਕ ਹੋ ਜਾਂਦੇ ਹਨ। ਸਾਰੇ ਸੰਸਾਰ ਵਿਚ ਹੀ ਬਲੈਕ ਫੰਗਸ ਰੋਗ ਨਾਲ ਮੌਤ ਦਰ ਕਾਫੀ ਉੱਚੀ ਹੈ (54%)। ਚਮੜੀ ਰੋਗ ਦੌਰਾਨ ਚਮੜੀ ਉੱਪਰ ਲਗਾਉਣ ਵਾਲੀਆਂ ਦਵਾਈਆਂ ਜੋ ਕਿ ਮਾਈਕੋਨਾਜ਼ੋਲ ਗਰੁੱਪ ਦੀਆਂ ਹਨ, ਵੀ ਵਰਤੀਆਂ ਜਾਂਦੀਆਂ ਹਨ। ਪੋਸਾਕੋਨਾਜ਼ੋਲ ਅਤੇ ਇਸਾਵੁਕੋਨਾਜ਼ੋਲ ਵੀ ਐਂਫੋਟੈਰੇਸੀਨ-ਬੀ ਵਾਂਗ ਹੀ ਦਿੱਤੀਆਂ ਜਾਂਦੀਆਂ ਹਨ।

99145-05009

ਬੁੱਧ ਸਿੰਘ ਨੀਲੋਂ

# ਪੰਜਾਬ ਦੀ ਉਚੇਰੀ ਸਿੱਖਿਆ "ਰਾਮ ਭਰੋਸੇ"

## • ਵਗੈਰ ਪੱਕੇ ਅਧਿਆਪਕਾਂ ਦੇ ਚੱਲ ਰਹੇ ਨੇ ਕਾਲਜ
## • ਗੈਸਟ ਫੈਕਲਟੀ ਅਧਿਆਪਕਾਂ ਦੇ ਸਹਾਰੇ ਚੱਲਦੇ ਹਨ ਸਰਕਾਰੀ ਕਾਲਜ

ਪੰਜਾਬ ਦੀ ਨਹੀਂ ਬਲਕਿ ਦੇਸ ਦੀ ਸਿੱਖਿਆ ਪ੍ਰਣਾਲੀ ਹੁਣ "ਰਾਮ ਭਰੋਸੇ" ਹੈ। ਕੇਂਦਰ ਸਰਕਾਰ ਹਰ ਸਾਲ ਕੌਮੀ ਬਜਟ ਦੇ ਵਿੱਚ ਸਿੱਖਿਆ ਦਾ ਬਜਟ ਘਟਾ ਰਹੀ ਹੈ। ਹੁਣ ਵੀ ਜੋ ਬਜਟ ਹੈ ਉਹ ਸਿੱਖਿਆ ਦੇ ਉਪਰ ਖਰਚ ਕਰਨ ਦੀ ਵਜਾਏ ਇਮਾਰਤਾਂ ਦੀ ਉਸਾਰੀ ਦੇ ਉਪਰ ਖਰਚਿਆ ਜਾ ਰਿਹਾ ਹੈ। ਪੰਜਾਬ ਦੇ ਬਹੁਗਿਣਤੀ ਸਰਕਾਰੀ ਕਾਲਜ ਪੱਕੇ ਪ੍ਰਿੰਸੀਪਲ ਤੇ ਪੱਕੇ ਅਧਿਆਪਕ ਤੋਂ ਬਿਨਾਂ ਹੀ ਚੱਲ ਰਹੇ। ਬਹੁਤੇ ਕਾਲਜਾਂ ਦੇ ਪ੍ਰਿੰਸੀਪਲਾਂ ਦੇ ਕੋਲ ਘੱਟੋ ਘੱਟ ਤਿੰਨ ਕਾਲਜਾਂ ਦਾ ਚਾਰਜ ਹੈ। ਜੋ ਤਨਖਾਹ ਤੇ ਹੋਰ ਸਰਕਾਰੀ ਕਾਗਜਾਂ ਦਾ ਢਿੱਡ ਭਰਨ ਲਈ ਇਕ ਦੂਜੇ ਕਾਲਜ ਦੇ ਵਿੱਚ ਸਿਰਫ ਦਸਤਖਤ ਕਰਨ ਹੀ ਜਾਂਦੇ ਹਨ। ਹੁਣ ਪੰਜਾਬ ਦੇ ਕਾਂਗਰਸ ਦਾ ਰਾਜ ਹੈ ਤੇ ਇਹਨਾਂ ਦੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਬਿਆਨ 4 ਨਵੰਬਰ 2012 ਨੂੰ ਦਿੱਤਾ ਸੀ ਜੋ ਦੂਜੇ ਦਿਨ ਕਈ ਅਖਬਾਰਾਂ ਦੇ ਮੁੱਖ ਪੰਨੇ ਛਾਪਿਆ ਸੀ ਤੇ ਮੂੰਹ ਚਿੜਾ ਰਿਹਾ ਹੈ। "ਕਾਲਜਾਂ ਵਿੱਚ ਲੈਕਚਰਾਰਾਂ ਦੀਆਂ 1873 ਵਿੱਚੋਂ 993 ਪੋਸਟਾਂ ਖਾਲੀ!" ਸਰਕਾਰ ਸਕੂਲਾਂ - ਕਾਲਜਾਂ ਵਿੱਚ ਅਧਿਆਪਕ ਭਰਤੀ ਕਰਨ ਦੀ ਥਾਂ ਸਵਰਗੀ ਝੂਟੇ ਲੈਣ ਲਈ ਕਰੋੜਾਂ ਦਾ ਹੈਲੀਕਾਪਟਰ ਖਰੀਦਣ ਨੂੰ ਤਰਜੀਹ ਦੇ ਰਹੀ ਹੈ-ਧਰਮਸੋਤ.!" ਉਦੋਂ ਬਿਆਨ ਦੇ ਕੇ ਬੇਰੁਜਗਾਰ ਨੌਜਵਾਨਾਂ ਦੇ ਵਿੱਚ ਆਪਣੀ ਬੱਲੇ ਬੱਲੇ ਕਰਵਾਉਣ ਵਾਲੇ ਹੁਣ ਦੇ ਮੌਜੂਦਾ ਕੈਬਨਿਟ ਮੰਤਰੀ ਨੂੰ ਕੋਈ ਵੀ ਪੁੱਛਣ ਵਾਲਾ ਨਹੀਂ ਕਿ ਤੁਹਾਡੀ ਸਰਕਾਰ ਨੇ ਹੁਣ ਤੱਕ ਕਿੰਨੇ ਕੁ ਅਧਿਆਪਕ ਭਰਤੀ ਕੀਤੇ ਹਨ?

ਪੰਜਾਬ ਦੇ ਵਿੱਚ ਸਿੱਖਿਆ ਢਾਂਚੇ ਦਾ ਜਿਹੜਾ ਭੱਠਾ ਬੈਠਿਆ ਉਹ ਤੋਂ ਛੱਡੋ ਆਪਾਂ ਕੀ ਲੈਣਾ ਹੈ। ਸਰਕਾਰ ਨੇ ਸਰਕਾਰੀ ਪ੍ਰਾਇਮਰੀ ਸਕੂਲਾਂ ਤੋਂ ਯੂਨੀਵਰਸਿਟੀਆਂ ਤੱਕ ਸਭ ਨੂੰ ਸੇਲ ਦੇ ਉਪਰ ਲਾ ਦਿੱਤਾ ਹੈ। ਸਕੂਲਾਂ ਦੀਆਂ ਇਮਾਰਤਾਂ ਵਿਦੇਸ਼ੀ ਡੀਜਾਈਨ ਦੀਆਂ ਬਣਾਈਆਂ ਜਾ ਰਹੀਆਂ ਹਨ ਤੇ ਕਿ ਜਿਹੜੀਆਂ ਨਿੱਜੀ ਕੰਪਨੀਆਂ ਨੇ ਅਗਲੇ ਸਮਿਆਂ ਦੇ ਵਿੱਚ ਸਿੱਖਿਆ ਦੇ ਉਪਰ ਕਬਜ਼ਾ ਕਰਨਾ ਹੈ, ਉਨ੍ਹਾਂ ਨੂੰ ਕੋਈ ਤਕਲੀਫ ਨਾ ਹੋਵੇ। ਸਰਕਾਰ ਦੇ ਲਾਲਫੀਤਾਸ਼ਾਹੀ ਦੀ ਦੂਰਅੰਦੇਸ਼ੀ ਨੂੰ ਕੋਟਿਨ ਕੋਟਿ ਪ੍ਰਣਾਮ। ਪੰਜਾਬ ਦੇ ਵਿੱਚ ਹਜ਼ਾਰਾਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿੱਚ ਹਜ਼ਾਰਾਂ ਹੀ ਪੋਸਟਾਂ ਖਾਲੀ ਹਨ। ਇਹਨਾਂ ਨੂੰ ਭਰਨ ਵੱਲ ਕਿਸੇ ਵੀ ਸਰਕਾਰ ਦਾ ਪਿਛਲੇ ਪੱਚੀ ਸਾਲ ਤੋਂ ਧਿਆਨ ਨਹੀਂ। ਸਕੂਲਾਂ ਦੇ ਵਿੱਚ ਭਰਤੀ ਉਸ ਵੇਲੇ ਕੀਤੀ ਜਾਂਦੀ ਹੈ ਜਦੋਂ ਚੋਣਾਂ ਨੇੜੇ ਹੁੰਦੀਆਂ ਹਨ। ਭਰਤੀ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ ਤੇ ਜਦ ਨੂੰ ਚੋਣ ਕਮਿਸ਼ਨ ਚੋਣ ਜਾਬਤਾ ਲਾ ਦਿੰਦਾ ਹੈ। ਸੱਚੇ ਹੋਣ ਲਈ ਸੱਤਾਧਾਰੀ ਪਾਰਟੀ ਨੂੰ ਵਧੀਆ ਮੌਕਾ ਮਿਲ ਜਾਂਦਾ ਹੈ। ਇਸ ਤਰ੍ਹਾਂ ਦਾ ਇਹ ਤਮਾਸ਼ਾ ਕਈ ਵਰ੍ਹਿਆਂ ਤੋਂ ਜਾਰੀ ਹੈ ਤੇ ਕਦੋਂ ਤੱਕ ਜਾਰੀ ਰਹਿਣਾ ਹੈ? ਸਿਆਸਤਦਾਨ ਜਾਣਦੇ ਹਨ। ਪੰਜਾਬ ਦੇ ਵਿੱਚ ਲੱਖਾਂ ਨੌਜਵਾਨ ਆਪਣੇ ਹੱਥਾਂ ਦੇ ਵਿੱਚ ਉਚੇਰੀ ਸਿੱਖਿਆ ਦੀਆਂ ਡਿਗਰੀਆਂ ਚੁੱਕੀ ਫਿਰਦੇ ਹਨ। ਪਟਿਆਲਾ ਸ਼ਹਿਰ ਦੇ ਵਿੱਚ ਕਈ ਸਾਲ ਤੋਂ ਬੇਰੁਜਗਾਰ ਅਧਿਆਪਕ ਨੌਕਰੀਆਂ ਤਾਂ ਨੀ ਹਾਸਲ ਕਰ ਸਕੇ ਪਰ ਪੁਲਿਸ ਦੇ ਅੰਨ੍ਹੇ ਤਸ਼ੱਦਦ ਦਾ ਜ਼ਰੂਰ ਸ਼ਿਕਾਰ ਹੋ ਰਹੇ ਹਨ। "ਹੁਣ ਕੌਣ ਸਾਹਿਬ ਨੂੰ ਆਖੇ ਇੰਝ ਨਹੀਂ ਇੰਝ ਕਰ?"

ਪੰਜਾਬ ਦੀ ਕਾਂਗਰਸ ਦੀ ਸਰਕਾਰ ਕੋਲ ਹੁਣ ਸੱਤ ਮਹੀਨੇ ਬਾਕੀ ਹਨ ਤੇ ਇਹਨਾਂ ਤੋਂ ਹੁਣ ਇਹ ਆਸ ਕਰਨੀ ਵੀ ਮੂਰਖਤਾ ਹੀ ਹੈ ਕਿ ਇਹ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਖਾਲੀ ਪੋਸਟਾਂ ਭਰ ਦੇਣਗੇ?

ਪੰਜਾਬ ਦੇ ਵਿੱਚ ਹੁਣ ਭਾਵੇਂ ਸਿੱਖਿਆ ਦੇ ਅਦਾਰੇ ਬੰਦ ਹਨ ਤੇ ਸ਼ਰਾਬ ਦੇ ਠੇਕੇ ਖੁੱਲ੍ਹੇ ਹਨ ਤੇ ਤੁਸੀਂ ਆਪ ਹੀ ਸੋਚੋ ਸਰਕਾਰ ਸਿੱਖਿਆ ਪ੍ਰਤੀ ਕਿੰਨੀ ਸੁਹਿਰਦ ਹੈ?

ਸੱਚ ਨੂੰ ਅਰਸੀ ਦੀ ਲੋੜ ਨਹੀਂ ਹੁੰਦੀ।

ਦੇਸ ਦੇ ਪ੍ਰਧਾਨ ਸੇਵਕ ਨੇ ਪਿਛਲੇ ਸਾਲ ਨਾਅਰਾ ਲਾਇਆ ਸੀ "ਆਤਮ ਨਿਰਭਰ ਭਾਰਤ" ਤੇ ਪੰਜਾਬ ਤਾਂ ਸਿੱਖਿਆ ਦੇ ਖੇਤਰ ਵਿੱਚ ਪਹਿਲਾਂ ਹੀ "ਆਤਮ ਨਿਰਭਰ ਹੈ ਜੋ ਸਿਖਿਆ ਦੀ ਗੱਡੀ ਨੂੰ ਬਿਨਾਂ ਡਰਾਈਵਰ ਤੇ ਇੰਜਣ ਦੇ ਚਲਾਈ ਜਾ ਰਿਹਾ ਹੈ। ਸਰਕਾਰ ਦੇ ਸਿੱਖਿਆ ਮੰਤਰੀ ਜੀ ਨੂੰ "ਨੋਬਲ ਪੁਰਸਕਾਰ" ਦੇਣਾ ਚਾਹੀਦਾ ਹੈ। ਖੈਰ ਕੀ ਪਤਾ ਮਿਲ ਵੀ ਜਾਵੇ ਕਿਉਂਕਿ ਪੰਜਾਬ ਦੀ ਮੌਜੂਦਾ ਸਰਕਾਰ ਲੋਕਾਂ ਦੇ ਖਾਸ ਕਰ ਆਰਥਿਕ ਤੌਰ ਗਰੀਬ ਬੱਚਿਆਂ ਨੂੰ ਗਿਆਨ ਵਿਹੂਣਾ ਕਰ ਰਹੀ ਹੈ! ਇਸ ਸਰਕਾਰ ਨੂੰ ਜ਼ਰੂਰ ਕਿਸੇ ਚੁਰਾਹੇ ਵਿੱਚ ਵੱਡਾ ਸਮਾਗਮ ਕਰਕੇ ਸਨਮਾਨਿਤ ਕਰਨ ਦੀ ਲੋੜ ਹੈ।

ਗੱਲ ਮੁਕਾਉਣ ਤੋਂ ਪਹਿਲਾਂ ਇਕ ਲਤੀਫਾ ਸੁਣੋ....ਬੱਚੀ ਦਾਦੇ ਨੂੰ ਸਵਾਲ ਕਰਦੀ ਹੈ..ਕਿ ਦੋ ਕੀੜੀਆਂ ਮੋਟਰ ਸਾਈਕਲ ਤੇ ਬਜਾਰ ਜਾ ਰਹੀਆਂ ਸਨ ਤੇ ਉਹ ਰਸਤੇ ਹਾਥੀ ਨਾਲ ਟਕਰਾਅ ਗਈਆਂ ਤੇ ਹਾਥੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਹਸਪਤਾਲ ਭਰਤੀ ਕੀਤਾ ਤੇ ਦੋਵੇਂ ਕੀੜੀਆਂ ਦੇ ਵਿੱਚ ਬੈਡ ਤੇ ਪਾ ਦਿੱਤੀ। ਦਾਦਾ ਜੀ ਤੁਸੀਂ ਦੱਸੋ ਹਾਥੀ ਨੂੰ ਕੀੜੀਆਂ ਦੇ ਵਿਚਕਾਰ ਕਿਉ ਪਾਇਆ .? "ਦਾਦਾ ਸੋਚਣ ਲੱਗਾ....ਪਤਾ ਨਹੀਂ ਬੇਟਾ..!" ਦਾਦਾ ਜੀ ਹਾਰ ਗੇ ਹਾਰ ਗੇ..ਤੁਸੀਂ ਬੁੱਧੂ ਹੋ.. ਵਿਚਕਾਰ ਤਾਂ ਪਾਇਆ ਸੀ, ਕੀੜੀਆਂ ਦਾ ਖੂਨ ਹਾਥੀ ਨੂੰ ਚਾੜ੍ਹਨਾ ਸੀ!

ਖੈਰ ਹਾਥੀ ਕੌਣ ਹੈ ਤੇ ਕੀੜੀਆਂ ਕੌਣ ਜੇ ਕਿਸੇ ਪਤਾ ਹੋਵੇ ਜ਼ਰੂਰ ਦੱਸਿਓ ਅੰਗੂਠਾ ਨਾ ਦਿਓ। ਕੋਈ ਸਾਰਥਿਕ ਗੱਲ ਕਰਿਓ ਤੇ ਅਗਲੀ ਵਾਰ ਪੰਜਾਬ ਦੇ ਸਰਕਾਰੀ ਕਾਲਜਾਂ ਦੀ ਮੌਜੂਦਾ ਸਥਿਤੀ ਕੀ ਹੈ। ਇਸ ਤੇ ਗੱਲ ਕਰਾਂਗੇ।

9464370823



ਹਰੀਪਾਲ
403-714-4816

# ਦਿਖਾਵੇ ਦਾ ਸੱਭਿਆਚਾਰ ਜਾਂ ਸੱਭਿਆਚਾਰਕ ਦਿਖਾਵਾ



ਇੱਥੇ ਕੈਨੇਡਾ ਵਿੱਚ ਮਹੀਨਾ ਦਸ ਦਿਨ ਵੀ ਨਹੀਂ ਲੰਘਦੇ ਕਿ ਟੀ ਵੀ ਤੋਂ ਖਬਰ ਆ ਜਾਂਦੀ ਹੈ ਕਿ ਫਲਾਣੇ ਸ਼ਹਿਰ ਐਨੇ ਮਿਲੀਅਨ ਦੀ ਦੀ ਡਰੱਗ ਫੜੀ ਗਈ, ਜਦੋਂ ਦੋਸ਼ੀਆਂ ਦੇ ਨਾਵਾਂ ਦੀ ਲਿਸਟ ਜਾਰੀ ਕੀਤੀ ਜਾਂਦੀ ਹੈ ਤਾਂ ਪੰਜਾਬੀ ਮੂਲ ਦੇ ਦੋ ਚਾਰ ਮੁੰਡੇ ਜ਼ਰੂਰ ਹੁੰਦੇ ਹਨ। ਬੜਾ ਦਿਲ ਦੁਖੀ ਹੁੰਦਾ ਹੈ ਕਿ ਕੈਨੇਡਾ ਵਿੱਚ ਆ ਕੇ ਵੀ ਸਾਡਾ ਇਹ ਹਾਲ ਹੈ, ਜਾਂ ਸਾਡੀਆਂ ਇਛਾਵਾਂ ਐਨੀਆਂ ਵਧ ਗਈਆਂ ਹਨ ਕਿ ਅਸੀਂ ਪੈਸੇ ਦੀ ਖਾਤਿਰ ਸੱਪ ਦੀ ਖੁੱਡ ਵਿੱਚ ਹੱਥ ਪਾਉਣ ਤੋਂ ਵੀ ਗੁਰੇਜ ਨਹੀਂ ਕਰਦੇ। ਜਦੋਂ ਦੋਸ਼ੀਆਂ ਦੀ ਲਿਸਟ ਦੇਖੀਦੀ ਹੈ ਤਾਂ ਫੜੇ ਗਏ ਮੁੰਡਿਆਂ ਵਿੱਚ ਬਹੁਤੇ ਜੱਟਾਂ ਦੇ ਮੁੰਡੇ ਹੁੰਦੇ ਹਨ। ਜਾਂ ਜਦ ਕਦੇ ਡਰੱਗ ਵੇਚਣ ਵਾਲ਼ੀਆਂ ਗੈਂਗਾਂ ਵਿੱਚ ਲੜਾਈ ਹੁੰਦੀ ਹੈ ਤਦ ਵੀ ਮਰਨ ਜਾਂ ਮਾਰਨ ਵਾਲ਼ਿਆਂ ਵਿੱਚ ਪੰਜਾਬੀਆਂ ਦਾ ਨਾਂ ਪੱਕਾ ਹੁੰਦਾ ਹੈ। ਅਜਿਹਾ ਕਿਉਂ ਹੈ? ਵਾਰ ਵਾਰ ਇਹ ਸੁਆਲ ਮਨ ਵਿੱਚ ਉਠਦਾ ਹੈ। ਸਾਡੇ ਵਿੱਚ ਛੇਤੀ ਅਮੀਰ ਹੋਣ ਦੀ ਇਹ ਭਾਵਨਾਂ ਐਨੀ ਕਿਉਂ ਹੈ? ਅਸੀਂ ਚਾਹੁੰਦੇ ਹਾਂ ਸਾਡਾ ਘਰ ਗੁਆਂਢੀਆਂ, ਰਿਸ਼ਤੇਦਾਰਾਂ ਤੋਂ ਵੱਡਾ ਹੋਵੇ, ਸਾਡੇ ਕੋਲ ਮਹਿੰਗੀਆਂ ਕਾਰਾਂ ਹੋਣ, ਸਾਡੇ ਬੱਚਿਆਂ ਦੇ ਵਿਆਹ ਪੂਰੀ ਟੌਰ ਵਾਲ਼ੇ ਹੋਣ। ਇਸ ਡਰੱਗ ਵਾਲ਼ੇ ਮਾਮਲੇ ਵਿੱਚ ਫੜੇ ਜਾਂਦੇ ਮੁੰਡਿਆਂ ਦਾ ਬਹੁਤਾ ਕਸੂਰ ਨਹੀਂ ਲੱਗਦਾ ਜਿੰਨਾ ਸਾਡੇ ਦਿਖਾਵੇ ਦੇ ਕਲਚਰ ਦਾ ਲੱਗਦਾ ਹੈ। ਅਸੀਂ ਚਾਹੇ ਅੱਜ ਕੈਨੇਡਾ ਆਏ ਹਾਂ, ਆਉਣ ਸਾਰ ਅਸੀਂ ਆਪਦੇ ਪੇਂਡੂਆਂ ਨਾਲ਼ ਮੁਕਾਬਲਾ ਕਰਨ ਲੱਗ ਜਾਂਦੇ ਹਾਂ ਜਿਹਨਾਂ ਨੂੰ ਕੈਨੇਡਾ ਆਇਆਂ ਨੂੰ ਜੁਗੜੇ ਬੀਤ ਗਏ ਹਨ। ਪਤਾ ਨਹੀਂ ਉਹਨਾਂ ਵਿਚਾਰਿਆਂ ਨੇ ਕਿੰਨੀ ਮਿਹਨਤ ਕੀਤੀ ਹੈ ਪਰ ਅਸੀਂ ਤਾਂ ਆਉਣ ਸਾਰ ਹੀ ਇਹਨਾਂ ਦੇ ਬਰਾਬਰ ਹੋਣਾ ਲੋਚਦੇ ਹਾਂ। ਇਸੇ ਤਰ੍ਹਾਂ ਇੱਕ ਫਰਨੀਚਰ ਸਟੋਰ ਦਾ ਮਾਲਕ ਆਪਦੇ ਘਰ ਦੇ ਕਲ਼ੇਸ਼ ਵਾਰੇ ਦੱਸਣ ਲੱਗ ਪਿਆ, ਉਸਨੇ ਕਿਹਾ ਕਿ 'ਮੈਂ ਕੈਨੇਡਾ ਆ ਕੇ ਫਰਨੀਚਰ ਦਾ ਕੰਮ ਵਿੱਡ ਲਿਆ ਮੈਂ ਅਤੇ ਮੇਰੇ ਘਰ ਵਾਲ਼ੀ ਨੇ ਐਨਾ ਕੰਮ ਕੀਤਾ ਕਿ ਅਸੀਂ ਦੋ ਤਿੰਨ ਸਟੋਰ ਕਰ ਲਏ। ਹੌਲ਼ੀ ਹੌਲ਼ੀ ਮੈਂ ਆਪਦੇ ਛੋਟੇ ਭਰਾ ਨੂੰ ਫੈਮਿਲੀ ਸਮੇਤ ਸੱਦ ਲਿਆ, ਮੇਰਾ ਛੋਟਾ ਭਾਈ ਮੇਰੇ ਨਾਲ਼ ਹੀ ਸਟੋਰ ਤੇ ਕੰਮ ਕਰਨ ਲੱਗ ਪਿਆ। ਮੈਂ ਉਸਨੂੰ ਕਿਹਾ ਕਿ ਕੁੱਝ ਚਿਰ ਕੰਮ ਸਿੱਖ ਮੈ ਤੈਨੂੰ ਵੀ ਇੱਕ ਸਟੋਰ ਖੋਲਣ ਵਿੱਚ ਮਦਦ ਕਰ ਦੇਵਾਂਗਾ। ਸਾਨੂੰ ਜਦ ਕੁੱਝ ਚਿਰ ਰਹਿੰਦਿਆਂ ਨੂੰ ਹੋ ਗਿਆ ਤਾਂ ਇੱਕ ਦਿਨ, ਜਦ ਮੈਂ ਕੰਮ ਤੋਂ ਘਰ ਆਇਆ ਤਾਂ ਘਰ ਵਿੱਚ ਕਲ਼ੇਸ਼ ਪਿਆ ਹੋਇਆ ਸੀ। ਜਦ ਮੈਂ ਕਾਰਨ ਪੁਛਿਆ ਤਾਂ ਮੇਰੀ ਛੋਟੀ ਭਰਜਾਈ ਕਹਿੰਦੀ ਕਿ ਮੇਰੇ ਕੋਲ਼ ਜੁੱਤੀਆਂ ਦੇ ਸਿਰਫ ਦੋ ਤਿੰਨ ਜੋੜੇ ਹਨ ਅਤੇ ਵੱਡੇ ਭੇਣ ਜੀ ਕੋਲ਼ ਦਸ ਹਨ। ਉਸਨੇ ਇਹ ਨਹੀਂ ਸੋਚਿਆ ਕਿ ਵੱਡੀ ਭੈਣ ਜੀ ਨੂੰ ਆਈ ਨੂੰ ਵੀ ਪੰਦਰਾ ਸਾਲ ਹੋ ਗਏ ਹਨ। ਜਦ ਮੈ ਉਸਨੂੰ ਆਪਦੀ ਘਰ ਵਾਲ਼ੀ ਦੀ ਪੰਦਰਾਂ ਸਾਲਾਂ ਦੀ ਮਿਹਨਤ ਵਾਰੇ ਦੱਸਿਆ ਤਾਂ ਉਸਦਾ ਜਵਾਬ ਸੀ 'ਵੀਰ ਜੀ ਅਸੀਂ ਕਿਹੜਾ ਇੰਡੀਆ ਵੇਹਲੇ ਬੈਠੇ ਸੀ' ਹਾਰ ਕੇ ਮੈ ਆਪਦੇ ਛੋਟੇ ਭਰਾ ਨੂੰ ਕਿਹਾ ਕਿ ਭਾਈ ਸਾਹਿਬ ਆਪਦਾ ਅੱਡ ਰਹਿਣਾ ਸ਼ੁਰੂ ਕਰੋ ਤੇ ਆਪਦਾ ਜੋ ਬਨਾਉਣਾ ਹੈ ਆਪ ਬਣਾਓ । ਇੱਕ ਵਾਰ ਇੱਕ ਬਜੁਰਗ ਨੂੰ ਗਿਲਾ ਇਹ ਸੀ ਕਿ ਉਹ ਜਿੰਨਾਂ ਦੇ ਕੰਮ ਕਰਦਾ ਹੈ, ਉਹ ਤਾਂ ਕਿਸੇ ਟਾਈਮ ਉਸ ਦੀ ਜ਼ਮੀਨ ਮਾਮਲੇ ਤੇ ਵਾਹੁੰਦੇ ਸਨ। ਮੈਂ ਉਸ ਨੂੰ ਕਿਹਾ ਭਾਈ ਸਾਹਿਬ ਇਹ ਬਹੁਤ ਪਹਿਲਾਂ ਦੇ ਆਏ ਹਨ, ਇਹਨਾਂ ਨੇ ਬਹੁਤ ਮਿਹਨਤ ਨਾਲ਼ ਇਹ ਫਰਨੀਚਰ ਦੀ ਫੈਕਟਰੀ ਖਰੀਦੀ ਹੈ, ਪਰ ਉਸ ਦੀ ਹਾਉਮੈਂ ਦੀ ਸੂਈ ਤਾਂ ਵੀਹ ਸਾਲ ਪਹਿਲਾਂ ਖੜ੍ਹੀ ਸੀ। ਜਦ ਵੀ ਲੰਚ ਟਾਈਮ ਹੁੰਦਾ ਉਹ ਦੂਜੇ ਵਰਕਰਾਂ ਕੋਲ਼ ਇਹੀ ਦੁਹਾਈ ਪਾਉਂਦਾ ਰਹਿੰਦਾ ਕਿ ਇਹ ਵੱਡੀ ਫੈਕਟਰੀ ਵਾਲ਼ੇ ਕਿਸੇ ਟੈਮ ਮੇਰੇ ਮੁਜਾਰੇ ਸਨ। ਜਦ ਇਸ ਗੱਲ ਦਾ ਮਾਲਕਾਂ ਨੂੰ ਪਤਾ ਲੱਗਿਆ ਉਹਨਾਂ ਨੇ ਕਿਹਾ ਕਿ ਭਾਈ ਸਾਹਿਬ ਕੰਮ ਕਰਨਾ ਕਰੋ ਨਹੀਂ ਡੰਡੀ ਫੜੋ, ਕੰਮ ਛੱਡ ਕੇ ਕੁੱਝ ਚਿਰ ਬਾਦ ਕਿਸੇ ਦੇ ਕਲੀਨ-ਅੱਪ ਦੇ ਕੰਮ ਤੇ ਲੱਗ ਗਿਆ, ਹੁਣ ਉਸ ਨੂੰ ਇਹ ਗਿਲਾ ਸੀ ਕਿ ਕਲੀਨਅੱਪ ਦੇ ਠੇਕੇਦਾਰ ਤਾਂ ਵੱਡੇ ਵਿਹੜੇ ਵਾਲ਼ੇ ਹਨ, ਮੈਂ ਇਹਨਾਂ ਦੇ ਅੰਡਰ ਕੰਮ ਕਰਦਾ ਹਾਂ, ਜਾਣੀ ਕਿ ਜੱਟਵਾਦ ਵਾਲ਼ੀ ਹਾਉਮੈਂ ਉਸ ਦੇ ਅੰਦਰੋ ਨਿੱਕਲ਼ੀ ਹੀ ਨਹੀਂ। ਦੁਨੀਆਂ ਦੇ ਕਿਸੇ ਵੀ ਏਅਰਪੋਰਟ ਤੇ ਚਲੇ ਜਾਓ, ਸਾਡੇ ਬਜ਼ੁਰਗ ਹੀ ਸਫਾਈ ਕਰਦੇ ਮਿਲਣਗੇ ਹੋਰ ਦੁਨੀਆਂ ਵਿੱਚ ਕਿੰਨੀਆਂ ਕੌਮਾਂ ਹਨ, ਅਜਿਹਾ ਕਿਉਂ ਹੈ, ਜੇਕਰ ਕਿਸੇ ਬਜ਼ੁਰਗ ਦੀ ਮਜ਼ਬੂਰੀ ਹੈ ਉਹ ਤਾਂ ਵੱਖਰੀ ਗੱਲ ਪਰ ਜੇਕਰ ਕੋਈ ਬਜ਼ੁਰਗ ਪੁਤਾਂ ਧੀਆਂ ਦੀ ਚੂਹੇ ਦੌੜ ਵਿੱਚ ਸ਼ਾਮਲ ਹੈ ਤਾਂ ਇਹ ਕੋਈ ਵਧੀਆ ਗੱਲ ਨਹੀਂ, ਉਹ ਕਿਉਂ ਆਪਦਾ ਬੁਢਾਪਾ ਖਰਾਬ ਕਰ ਰਿਹਾ ਹੈ।

ਸਾਡੀ ਲਾਲਸਾ ਐਨੀ ਹੈ ਕਿ ਇਸੇ ਜਨਮ ਵਿੱਚ ਹੀ ਦਸਾਂ ਪੀੜ੍ਹੀਆਂ ਲਈ ਧਨ ਦੌਲਤ ਇਕੱਠੀ ਕਰ ਦੇਈਏ। ਕਿਉਂਕਿ ਅਸੀਂ ਸਾਡੇ ਲੀਡਰਾਂ ਵੱਲ ਦੇਖਦੇ ਹਾਂ ਜਿਹੜੇ ਮਰਨ ਕਿਨਾਰੇ ਪਏ ਵੀ ਪੈਸੇ ਗਿਣੀ ਜਾਂਦੇ ਹਨ। ਬੇਸ਼ੱਕ ਮਮਤਾ ਬੈਨਰਜੀ ਕਿੰਨਾ ਮਰਜ਼ੀ ਪਿੱਟੀ ਜਾਵੇ ਕਿ ਉਸ ਨੇ ਕਦੇ ਤਨਖਾਹ ਨਹੀਂ ਲਈ ਜਾਂ ਸਾਬਕਾ ਰਾਸ਼ਟਰਪਤੀ ਅਬੁਲ ਕਲਾਮ ਦੀ ਜਾਇਦਾਦ ਕੁੱਝ ਪੈਂਟਾਂ ਸ਼ਰਟਾਂ ਜਾਂ ਹਜਾਰਾਂ ਕਿਤਾਬਾਂ ਹੋਣ ਉਹ ਅਸੀਂ ਨਹੀਂ ਦੇਖਦੇ। ਗੋਰਿਆਂ ਦੀ ਇੱਕ ਕਹਾਵਤ ਹੈ ਕਿ 'ਅਣਕਮਾਈ ਦੌਲਤ ਸਾਡੇ ਵਾਰਸਾਂ ਲਈ ਜ਼ਹਿਰ ਹੁੰਦੀ ਹੈ' ਬਿੱਲਕੁੱਲ ਸੱਚ ਹੈ। ਅਸੀਂ ਕੈਨੇਡਾ ਵਿੱਚ ਦੇਖਿਆ ਹੈ ਕਿ ਵੈਲਫੇਅਰ ਸਿਸਟਮ ਨੇ ਨੇਟਿਵ ਲੋਕਾਂ ਦਾ ਕੀ ਹਾਲ ਕੀਤਾ ਹੈ। ਇਸਦਾ ਮਤਲਬ ਇਹ ਨਹੀਂ ਕਿ ਲੋੜਵੰਦਾਂ ਨੂੰ ਵੈਲਫੇਅਰ ਨਹੀਂ ਮਿਲਣਾ ਚਾਹੀਦਾ। ਮਿਹਨਤ ਨਾਲ ਕਮਾਇਆ ਪੈਸਾ ਹੀ ਮਾਣਮੱਤੀ ਜਿੰਦਗੀ ਦਾ ਥੰਮ ਹੈ। ਅਸੀਂ ਛੋਟੇ ਹੁੰਦੇ ਆਮ ਹੀ ਵੱਡਿਆਂ ਤੋਂ ਇੱਕ ਉਦਾਹਰਣ ਸੁਣਦੇ ਹੁੰਦੇ ਸੀ ਕਿ ਇੱਕ ਮੁੰਡਾ ਫਜ਼ੂਲ ਖਰਚੀ ਸੀ ਉਹ ਆਪਦੇ ਪਿਉ ਤੋਂ ਹਰ ਰੋਜ ਇੱਕ ਰੁਪੱਈਆ ਲਵੇ ਤੇ ਖਰਚ ਕਰ ਆਵੇ, ਉਸਦੇ ਪਿਉ ਨੂੰ ਬੜਾ ਫਿਕਰ ਹੋਇਆ ਕਿ ਮੇਰੇ ਮਰਨ ਬਾਦ ਇਹ ਫਜ਼ੂਲ ਖਰਚੀ ਨਾਲ਼ ਨੰਗ ਹੋ ਜਾਵੇਗਾ ਅਤੇ ਭੁੱਖਾ ਮਰੇਗਾ, ਉਸ ਨੇ ਪੁੱਤ ਨੂੰ ਸਿਖਿਆ ਦੇਣ ਵਾਰੇ ਸੋਚਿਆ। ਆਪਦੇ ਪੁੱਤ ਨੂੰ ਕੋਲ਼ ਸੱਦ ਕੇ ਉਸ ਨੂੰ ਕਿਹਾ ਕਿ ਤੈਨੂੰ ਪਤਾ ਹੈ ਮੈਂ ਬੁੱਢਾ ਹਾਂ ਤੇ ਮੇਰੀ ਮੌਤ ਬਹੁਤੀ ਦੂਰ ਨਹੀਂ ਮੈਂ ਚਾਹੁੰਦਾਂ ਹਾਂ ਅੱਜ ਤੂੰ ਕੁੱਝ ਕਮਾ ਕਿ ਲੈ ਆ, ਉਸਦਾ ਪੁੱਤ ਕੰਮ ਕਰਨ ਗਿਆ ਤੇ ਸ਼ਾਮ ਨੂੰ ਦੁਆਨੀ ਕਮਾ ਕੇ ਆਪਦੇ ਬਾਪ ਨੂੰ ਦਿੱਤੀ ਬਾਪ ਨੇ ਕਿਹਾ ਸਾਬਾਸ਼ ਪੁੱਤ ਤੂੰ ਕੰਮ ਕਰਨ ਲੱਗ ਪਿਆ ਲੈ ਹੁਣ ਐਂ ਕਰ ਇਹ ਦੁਅਨੀ ਖੂਹ ਵਿੱਚ ਸੁੱਟ ਆ। ਐਨਾ ਸੁਣ ਕੇ ਪੁੱਤ ਤਾਂ ਅੱਗ ਬਬੂਲਾ ਹੋ ਗਿਆ ਅਤੇ ਬੋਲਿਆ 'ਤੈਨੂੰ ਪਤਾ ਬਾਪੂ ਮੈਂ ਸਾਰਾ ਦਿਨ ਇਹ ਦੁਆਨੀ ਕਮਾਉਣ ਲਈ ਲਾਲਿਆਂ ਦੀਆਂ ਬੋਰੀਆਂ ਢੋਹਦਾ ਰਿਹਾ ਹਾਂ, ਤੂੰ ਕਹਿਨਾ ਖੂਹ ਵਿੱਚ ਸੁਟ ਆ, ਮੇਰੀ ਢੂਹੀ ਤਾਂ ਅਜੇ ਵੀ ਆਕੜੀ ਪਈ ਹੈ, ਤੇਰਾ ਦਿਮਾਗ ਖਰਾਬ ਹੋ ਗਿਆ'। ਉਸਦਾ ਜਵਾਬ ਸੁਣ ਕੇ ਬਾਪ ਬੋਲਿਆ ਬੱਸ ਪੁੱਤ ਇਹੀ ਤੈਨੂੰ ਮੈਂ ਦੱਸਣਾ ਚਾਂਹੁੰਦਾ ਸੀ ਕਿ ਜਿਹੜੀ ਮੇਰੀ ਦੌਲਤ ਤੂੰ ਉਡਾ ਰਿਹਾ ਹੈਂ, ਮੈਂ ਬੜੀ ਮਿਹਨਤ ਨਾਲ਼ ਕੱਠੀ ਕੀਤੀ ਹੈ, ਕਹਿੰਦੇ ਹਨ ਇਸਤੋਂ ਬਾਦ ਪੁੱਤ ਨੂੰ ਅਕਲ ਆ ਗਈ। ਜਿਸ ਤਰ੍ਹਾਂ ਡਰੱਗ ਡੀਲਰ ਪੈਸਾ ਕਮਾਉਂਦੇ ਹਨ ਉਸੇ ਤਰ੍ਹਾਂ ਹੀ ਉੜਾ ਦਿੰਦੇ ਹਨ, ਜੇਲ਼ ਦਾ ਜਾਂ ਜਾਣ ਦਾ ਰਿਸਕ ਵੱਖਰਾ, ਜਿਹੜੀ ਉਦਾਹਰਣ ਇਹ ਆਪਦੇ ਵਾਰਸਾਂ ਨੂੰ ਛੱਡ ਕੇ ਜਾਂਦੇ ਹਨ, ਉਸ ਤੋਂ ਖਤਰਨਾਕ ਹੋਰ ਕੋਈ ਉਦਾਹਰਣ ਨਹੀਂ ਹੈ। ਅਣਕਮਾਈ ਦੌਲਤ ਦੀ ਇੱਕ ਹੋਰ ਉਦਾਹਰਣ ਹਾਜ਼ਰ ਹੈ ਜਿਹੜੀ ਕਿ ਆਪ ਬੀਤੀ ਹੈ 'ਮੈਂ ਇੱਕ ਅਜਿਹੇ ਵਿਅਕਤੀ ਨੂੰ ਜਾਣਦਾ ਸੀ ਜਿਸਨੇ ਸਭ ਢੰਗ ਵਰਤ ਕੇ ਬੇਹੱਦ ਦੌਲਤ ਕੱਠੀ ਕੀਤੀ, ਉਸ ਨੇ ਠੱਗੀ ਮਾਰਨ ਲਈ ਕੋਈ ਦੋਸਤ, ਰਿਸ਼ਤੇਦਾਰ ਨਹੀ ਛੱਡਿਆ ਅਤੇ ਮਰਨ ਲੱਗਿਆ ਇੱਕ ਟਰੱਸਟ ਫੰਡ 40 ਮਿਲੀਅਨ ਡਾਲਰ ਆਪਦੇ ਤਿੰਨਾ ਬੱਚਿਆਂ ਲਈ ਛੱਡ ਗਿਆ, ਜਿਸ ਵਿੱਚੋਂ ਉਹ ਹਰ ਮਹੀਨੇ ਦਸ ਹਜ਼ਾਰ ਡਾਲਰ ਕੱਢਵਾ ਸਕਦੇ ਸਨ। ਹੁਣ ਹੋਇਆ ਕੀ ਉਸ ਦੇ ਬੱਚੇ ਹਰ ਮਹੀਨੇ ਦਸ ਹਜਾਰ ਡਾਲਰ ਕੱਢਵਾ ਲੈਂਦੇ ਹਨ, ਖਰਚ ਪਾਣੀ ਲਈ। ਬੱਚਿਆਂ ਨੂੰ ਕਮਾਉਣ ਦਾ ਫਿਕਰ ਨਹੀ ਰਿਹਾ ਬਿਲਕੁੱਲ ਵਿਹਲੇ ਹੋ ਗਏ ਹਨ ਨਸ਼ੇ ਖਾ ਕੇ ਨੀਮ ਪਾਗਲ ਹੋ ਗਏ ਹਨ। ਨਾ ਉਹਨਾਂ ਨੂੰ ਘਰ ਦੀ ਸੁੱਧ ਬੁੱਧ ਹੈ ਨਾ ਆਪਣੇ ਆਪ ਦੀ, ਇਹ ਸਖਸ਼ ਇੱਕ ਸਲੋਅ ਜ਼ਹਿਰ ਹੌਲ਼ੀ ਹੌਲ਼ੀ ਮਾਰ ਕਰਨ ਵਾਲ਼ੀ ਆਪਦੇ ਬੱਚਿਆਂ ਨੂੰ ਦੇ ਗਿਆ ਹੈ, ਐਸ ਟੈਮ ਕੋਈ ਵੀ ਇਹ ਅੰਦਾਜਾ ਨਹੀਂ ਲਾ ਸਕਦਾ ਕਿ ਉਸਦੇ ਬੱਚਿਆਂ ਦਾ ਕੀ ਬਣੇਗਾ। ਕੋਈ ਵੀ ਨਹੀ ਚਾਹੁੰਦਾ ਕਿ ਉਸ ਦੇ ਬੱਚਿਆਂ ਦਾ ਇਹ ਹਾਲ ਹੋਵੇ। ਗੋਰੇ ਇੱਕ ਹੋਰ ਉਦਾਹਰਣ ਦਿੰਦੇ ਹਨ ਕਿ ਆਪਦੇ ਬੱਚਿਆਂ ਨੂੰ ਮੱਛੀ ਫੜਨੀ ਸਿਖਾ ਦੇਵੋ, ਮੱਛੀਆਂ ਦਾ ਢੇਰ ਨਾ ਉਹਨਾ ਲਈ ਇਕੱਠਾ ਕਰੋ ਕਿਉਂਕਿ ਮੱਛੀਆਂ ਦਾ ਢੇਰ ਤਾਂ ਬੜੀ ਜਲਦੀ ਮੁਸ਼ਕ ਮਾਰਨ ਲੱਗ ਪਵੇਗਾ। ਮੇਰੇ ਇੱਕ ਦੋਸਤ ਦੀ ਬੜੀ ਸਾਰਥਿਕ ਉਦਾਹਰਣ ਮੈਨੂੰ ਭੁਲਦੀ ਨਹੀਂ, ਉਸਨੇ ਆਪਦੇ ਬੱਚਿਆਂ ਨੂੰ ਕਿਹਾ ਕਿ ਮੈ ਇੱਕ ਮਿਹਨਤੀ ਮਜ਼ਦੂਰ ਹਾਂ ਅਤੇ ਮੇਰੇ ਕੋਲ਼ ਵਿਰਸੇ ਵਿੱਚ ਤੁਹਾਡੇ ਲਈ ਕੋਈ ਦੌਲਤ ਨਹੀਂ ਹੋਵੇਗੀ ਤੁਸੀਂ ਆਪਦਾ ਸਭ ਕੁੱਝ ਆਪ ਬਨਾਉਣਾ ਹੈ, ਅੱਜ ਉਸਦਾ ਮੁੰਡਾ ਇੱਕ ਵਕੀਲ ਹੈ ਅਤੇ ਉਸਦੀ ਕੁੜੀ ਇੱਕ ਬਹੁਤ ਵੱਡੀ ਸਰਜਨ ਹੈ। ਮੇਰਾ ਇਹ ਦੋਸਤ ਅੱਜ ਵੀ ਉਸ ਛੋਟੇ ਜਿਹੇ ਘਰ ਵਿੱਚ ਰਹਿੰਦਾ ਹੈ ਅਤੇ ਹਰ ਸਾਲ ਵਿਦੇਸ਼ ਘੁੰਮਣ ਜਾਂਦਾ ਹੈ।

ਅਸੀਂ ਕੈਨੇਡਾ ਵਿੱਚ ਆ ਕੇ ਵਿਆਹ ਵੀ ਇੰਡੀਆ ਵਾਲ਼ੇ ਹਿਸਾਬ ਹੀ ਕਰਨ ਲੱਗ ਪਏ ਹਾਂ। ਅਸੀਂ ਵਿਆਹ ਤੇ ਮਹਿੰਗੀ ਕਾਰ ਫਰਨੀਚਰ ਤੇ ਹੋਰ ਸੂਟਾਂ ਸੋਨੇ ਦੇ ਸੈਟਾਂ ਤੋਂ ਲੈ ਕੇ ਸਭ ਕੁੱਝ ਲੈ ਕੇ ਆਪਦੀ ਧੀ ਨੂੰ ਦਿੰਦੇ ਹਾਂ। ਫੇਰ ਮਹਿੰਗੇ ਤੋਂ ਮਹਿੰਗੇ ਹਾਲ ਵਿੱਚ ਪਾਰਟੀ ਕਰ ਕੇ ਆਪਦਾ ਝੁੱਗਾ ਚੌੜ ਕਰਾ ਲੈਂਦੇ ਹਾਂ, ਵਿਆਹ ਦੀ ਸ਼ੌਪਿੰਗ ਲਈ ਇੰਡੀਆ ਭੱਜਦੇ ਹਾਂ। ਕੀ ਬਹੁਤੇ ਦਾਜ ਨਾਲ਼ ਸਾਡੀ ਧੀ ਜਿਆਦਾ ਖੁਸ਼ ਰਹੂਗੀ, ਇਹ ਸਾਡਾ ਭੁਲੇਖਾ ਹੈ। ਇੱਕ ਵਾਰ ਕੈਨੇਡਾ ਦੇ ਇੱਕ ਮਹਾਂਨਗਰ ਵਿੱਚ ਇੱਕ ਵਿਆਹ ਹੋਇਆ, ਜਿਸ ਦੀ ਮੈਰਿਜ ਪਾਰਟੀ ਤੇ ਅੱਜ ਤੋਂ ਦਸ ਸਾਲ ਪਹਿਲਾਂ ਦੋ ਲੱਖ ਡਾਲਰ ਲੱਗਿਆ ਸੀ। ਵਿਆਹ ਤੋਂ ਬਾਦ ਮੁੰਡਾ ਕੁੜੀ ਹਨੀਮੂਨ ਲਈ ਪੈਰਿਸ ਚਲੇ ਗਏ ਜਦੋਂ ਵਾਪਸ ਆਏ ਮੁੰਡਾ ਆਪਦੇ ਘਰ ਚਲਿਆ ਗਿਆ ਅਤੇ ਕੁੜੀ ਆਪਦੇ ਘਰ ਚਲੀ ਗਈ, ਇਸ ਸਦਮੇ ਨੇ ਕੁੜੀ ਦੇ ਮਾਂ ਬਾਪ ਨੂੰ ਬਹੁਤ ਛੇਤੀ ਧਰਮਰਾਜ ਦਾ ਰਸਤਾ ਦਿਖਾ ਦਿੱਤਾ। ਇਸਦੀ ਜਗਾਹ ਤੇ ਕਿਉਂ ਨਹੀ ਬੱਚਿਆਂ ਨੂੰ ਪੜ੍ਹਾਈ ਦੇ ਨਾਲ਼ ਨਾਲ਼ ਵਧੀਆ ਸੰਸਕਾਰ ਅਤੇ ਕੈਨੇਡੀਅਨ ਲਿਵਿੰਗ ਦੇ ਤੌਰ ਤਰੀਕੇ ਸਖਾਈਏ। ਇਹ ਸਹੀ ਕਹਾਵਤ ਹੈ ਕਿ ਜਿਹੋ ਜਿਹਾ ਦੇਸ ਉਹੋ ਜਿਹਾ ਭੇਸ ਇਸਦਾ ਮਤਲਬ ਕੱਪੜੇ ਨਹੀਂ ਸਗੋਂ ਕੈਨੇਡਾ ਦੀਆਂ ਵਧੀਆਂ ਕਦਰਾਂ ਕੀਮਤਾਂ ਨੂੰ ਅਪਨਾਉਣਾ ਹੈ ਜਦ ਤੱਕ ਅਸੀਂ ਪੁਰਾਣੇ ਮੁਲਕ ਦੀਆਂ ਗਲ਼ੀਆਂ ਸੜੀਆਂ ਕਦਰਾਂ ਕੀਮਤਾਂ ਨਹੀਂ ਛੱਡਦੇ ਅਸੀ ਸੁਖੀ ਨਹੀ ਹੋ ਸਕਦੇ। ਸਿਰਫ ਵਿਆਹ ਹੀ ਨਹੀਂ ਮੈਂ ਕੈਨੇਡਾ ਵਿੱਚ ਹੁੰਦੇ ਫਿਊਨਲ ਤੇ ਵੀ ਬਹੁਤ ਦਿਖਾਵਾ ਦੇਖਿਆ ਹੈ, ਫਿਊਨਲ ਤੇ ਆਏ ਲੋਕ ਤਾਂ ਚਾਂਹੁੰਦੇ ਹਨ ਕਿ ਛੇਤੀ ਫਿਊਨਲ ਹੋਵੇ ਪਰ ਮਰਨ ਵਾਲ਼ੇ ਦੇ ਵਾਰਸਾਂ ਦੇ ਲੈਕਚਰ ਨਹੀਂ ਮੁਕਦੇ ਕਿ ਅਸੀਂ ਸਾਡੇ ਮਾਂ/ਬਾਪ ਨੂੰ ਐਨੀ ਚੰਗੀ ਤਰ੍ਹਾਂ ਸਾਂਭਿਆ ਹੈ, ਮਗਰ ਖੜੇ ਲੋਕ ਹੱਸੀ ਜਾਂਦੇ ਹਨ ਉਹਨਾਂ ਨੂੰ ਸਭ ਪਤਾ ਹੁੰਦਾ ਹੈ ਕਿ ਕਿਸਤਰਾਂ ਇਹਨਾਂ ਨੇ ਆਪਦੇ ਬਜ਼ੁਰਗ ਰੋਲ਼ੇ ਸਨ। ਮੈਂ ਇੱਕ ਵਾਰ ਪਿੰਡ ਗਿਆ ਅਤੇ ਸੱਥਾਂ ਵਿੱਚ ਆਪਦੇ ਦੋਸਤਾਂ ਮਿੱਤਰਾਂ ਨਾਲ਼ ਗੱਲ ਕਰਨ ਲੱਗਿਆ, ਮੇਰੇ ਦੋਸਤ ਜਾਂ ਪੇਂਡੂ ਸਾਥੀ ਇਹੀ ਗੱਲ ਕਹਿੰਦੇ ਰਹੇ ਕਿ ਫਲਾਣੇ ਨੇ ਕੈਨੇਡਾ ਜਾ ਕੇ ਬੜਾ ਕੰਮ ਚਾੜ੍ਹਿਆ ਹੈ ਫਲਾਣੇ ਬਹੁਤ ਵੱਡੇ ਲਾਟੀ ਹਨ, ਮੈਨੂੰ ਕਹਿੰਦੇ ਤੁਸੀਂ ਕੁੱਝ ਬਣਾਇਆ ਨਹੀਂ। ਮੈਂ ਕਿਹਾ ਠੀਕ ਹੈ, ਮੈਂ ਆਪਦੇ ਮਾਂ ਬਾਪ ਦੀਆਂ ਖਾਹਿਸ਼ਾ ਪੂਰੀਆਂ ਕੀਤੀਆਂ ਹਨ, ਇਮਾਨਦਾਰੀ ਨਾਲ਼ ਕੰਮ ਕਰਕੇ ਇਹੀ ਹੋ ਸਕਦਾ ਹੈ ਮੇਰੇ ਕੋਲ਼ ਬੈਠੇ ਕਾਮਰੇਡ ਗੁਰਨਾਮ ਨੇ ਇੱਕ ਇਹੋ ਜਿਹੀ ਗੱਲ ਕਹੀ ਜਿਹੜੀ ਮੈ ਜ਼ਿੰਦਗੀ ਭਰ ਨਹੀ ਭੁੱਲ ਸਕਦਾ, ਉਹ ਕਹਿੰਦਾ ਕਿਉਂ ਮੁੰਡੇ ਨੂੰ ਤੰਗ ਕਰਦੇ ਹੋ ਤੁਸੀ ਮੁੰਡੇ ਨੂੰ ਇਹ ਕਿਉਂ ਨਹੀਂ ਪੁੱਛਦੇ ਕਿ ਫਲਾਣਾ ਬੰਦਾ ਬੜਾ ਵਧੀਆ ਬੰਦਾ ਸੀ ਲੋਕ ਅੱਜ ਤੱਕ ਉਸ ਨੂੰ ਯਾਦ ਕਰਦੇ ਹਨ, ਕਾਮਰੇਡ ਗੁਰਨਾਮ ਦੀ ਗੱਲ ਦਾ ਕਿਸੇ ਕੋਲ਼ ਜਵਾਬ ਨਹੀਂ ਸੀ।

ਇੰਡੀਆ ਵਿੱਚ ਦਿਖਾਵਾ ਤਾਂ ਸਿਖਰਾਂ 'ਤੇ ਹੈ। ਸਾਡੇ ਇੱਕ ਵਾਰ ਇੱਕ ਵਿਆਹ ਹੋਇਆ, ਉਸ ਭਾਈ ਨੇ ਆਪਦੀ ਕੁੜੀ ਨੂੰ ਐਨਾ ਦਾਜ ਦਿੱਤਾ ਕਿ ਹਰ ਇੱਕ ਪਿੰਡ ਵਾਸੀ ਦੇ ਦੰਦ ਜੁੜ ਗਏ। ਵਿਆਹ ਤੋਂ ਕਈ ਦਿਨਾ ਬਾਅਦ ਉਸ ਨੇ ਸੱਥ ਵਿੱਚ ਆ ਕੇ ਫੜ ਮਾਰੀ ਕੇ ਲਓ ਬਈ ਮੈ ਤਾਂ ਖੂਹ ਵਿੱਚ ਇੱਟ ਸੁੱਟ ਦਿੱਤੀ ਹੈ। ਲੋਕਾਂ ਨੂੰ ਉਸਦੀ ਇਹ ਹੰਕਾਰ ਭਰੀ ਗੱਲ ਬੜੀ ਚੁੱਭੀ ਖਾਸ ਕਰਕੇ ਉਸਦੇ ਚਾਚੇ ਦੇ ਪੁੱਤ ਨੂੰ। ਦੋ ਕੁ ਸਾਲ ਬਾਦ ਉਸਦੇ ਚਾਚੇ ਦੇ ਪੁੱਤ ਨੇ ਉਸ ਤੋਂ ਵੱਧ ਦਾਜ ਦਿੱਤਾ ਤੇ ਸੱਥ ਵਿੱਚ ਆ ਕੇ ਕਿਹਾ 'ਲਓ ਬਈ ਮੈਂ ਤਾਂ ਇੱਟ ਖੂਹ ਵਿੱਚੋਂ ਕੱਢ ਕੇ ਮੌਣ ਤੇ ਧਰ ਦਿੱਤੀ ਹੈ, ਗੱਲ ਕੀ ਦਿਖਾਵੇ ਦੀ ਭੁੱਖ ਨੇ ਦੋਨਾਂ ਭਰਾਵਾਂ ਨੂੰ ਕੰਗਾਲ ਕਰ ਦਿੱਤਾ। ਦੋਹਾਂ ਚਚੇਰ ਭਰਾਵਾਂ ਦੀ ਜ਼ਮੀਨ ਗਹਿਣੇ ਬੈਅ ਹੋ ਗਈ ਅਤੇ ਉਹਨਾਂ ਦੀ ਔਲਾਦ ਹੁਣ ਤੱਕ, ਬਜ਼ੁਰਗਾਂ ਦੀ ਇਸ ਬੇਵਕੂਫੀ ਤੇ ਰੋ ਰਹੀ ਹੈ। ਸਾਡੀਆਂ ਆਦਤਾਂ ਵਿੱਚ ਕੈਨੇਡਾ ਵਿੱਚ ਆ ਕੇ ਵੀ ਦੇਸ ਵਾਲ਼ੀਆਂ ਹੀ ਰਹਿੰਦੀਆਂ ਹਨ। ਜਿਉਣ ਲਈ ਕਿੰਨਾ ਕੁ ਪੈਸਾ ਚਾਹੀਦਾ ਹੈ, ਬਿਨਾ ਸ਼ੱਕ ਸਿਰ ਤੇ ਛੱਤ, ਕੱਪੜੇ ਰੋਟੀ ਪਾਣੀ। ਐਨਾ ਕੁ ਤਾਂ ਪੈਦਾ ਕਰਨਾ ਇਸ ਮੁਲਕ ਵਿੱਚ ਕੋਈ ਖਾਸ ਗੱਲ ਨਹੀਂ। ਪਰ ਸਾਡੇ ਪਰਵਾਸ ਦਾ ਭੈੜਾ ਹਾਲ ਉਦੋਂ ਦੇਖਣ ਨੂੰ ਮਿਲ਼ਦਾ ਹੈ ਜਦ ਸੁਣੀਦਾ ਹੈ ਕਿ ਫਲਾਣਾ ਬੰਦਾ ਕੰਮ ਤੋਂ ਘਰ ਗਿਆ ਤੇ ਨਾਹ ਧੋ ਕੇ ਜਦ ਇੱਕ ਪੈਗ ਪਾ ਕੇ ਟੀ ਵੀ ਮੂਹਰੇ ਬੈਠਿਆ ਤਾਂ, ਪੈਗ ਪੀ ਵੀ ਨਹੀਂ ਸਕਿਆ ਪਹਿਲਾਂ ਹੀ ਟੇਡਾ ਹੋ ਗਿਆ। ਕੋਈ ਟਰੱਕ ਡਰਾਈਵਰ ਰਾਤ ਨੂੰ ਕੰਮ ਤੋਂ ਆ ਕੇ ਸੁੱਤਾ ਪਰ ਸਵੇਰ ਨੂੰ ਜਦ ਉਸਦੀ ਪਤਨੀ ਉਠਾਉਣ ਗਈ ਤਾਂ ਉਹ ਮਰਿਆ ਪਿਆ ਸੀ। ਕੰਮ ਦੀ ਸਟਰੈਸ , ਉਣੀਂਦਾ, ਰਿਸ਼ਤਿਆਂ ਦੀ ਖਿੰਝ ਖਿੰਝ ਸਾਡੀ ਜਿੰਤਬਾਹ ਕਰ ਰਹੀ ਹੈ। ਇੱਕ ਵਾਰ ਜਦ ਮੈਂ ਮਿੱਲ ਵਿੱਚ ਕੰਮ ਕਰਦਾ ਹੁੰਦਾ ਸੀ, ਜਦ ਸਾਨੂੰ ਸੇਫਟੀ ਮੀਟਿੰਗ ਵਿੱਚ ਜਨਰੇਟਰ ਤੇ ਫਿਲਮ ਦਿਖਾਈ ਗਈ ਤਾਂ ਮੈਂ ਹੈਰਾਨ ਰਹਿ ਗਿਆ ਕਿ ਇੱਕ ਫੋਰਕ - ਲਿਫਟ ਡਰਾਈਵਰ ਜਦ ਐਕਸੀਡੈਂਟ ਕਰਦਾ ਹੈ ਤਦ ਉਸ ਦੇ ਦਿਮਾਗ ਵਿੱਚ ਘਰ ਦੇ ਕਲੇਸ਼ ਦੀ ਰੀਲ਼ ਹੀ ਚੱਲ ਰਹੀ ਸੀ। ਕਦੇ ਚੱਕਰ ਲਾਈਏ ਸੀਨੀਅਰ ਕੇਅਰ ਸੈਂਟਰ ਦਾ, ਉਥੇ ਜਾ ਕੇ ਪਤਾ ਲੱਗਦਾ ਹੈ ਕਿ ਕਿਵੇਂ ਉਹ ਬਜ਼ੁਰਗ ਪਛਤਾ ਰਹੇ ਹਨ ਕਿ ਉਹਨਾਂ ਨੇ ਜ਼ਿੰਦਗੀ ਜਿਉਂ ਕਿ ਨਹੀ ਦੇਖੀ ਤੇ ਜਿਹਨਾ ਦੀ ਖਾਤਰ ਉਮਰ ਗਾਲ਼ੀ, ਜਦੋਂ ਸਾਨੂੰ ਉਹਨਾਂ ਦੀ ਲੋੜ ਸੀ ਇੱਥੇ ਛੱਡ ਗਏ ਹਨ ਤੇ ਹੁਣ ਮਿਲਣ ਵੀ ਨਹੀਂ ਆਉਂਦੇ, ਇਹੀ ਹਾਲ ਆਪਣਾ ਵੀ ਹੋਣਾ ਹੈ ਦੋਸਤੋ ਜੇਕਰ ਆਪਾਂ ਜ਼ਿੰਦਗੀ ਤੋਂ ਕੋਈ ਸਬਕ ਨਹੀਂ ਸਿੱਖਾਂਗੇ। ਜੇਕਰ ਅਸੀਂ ਏਥੇ ਆਏ ਹਾਂ ਤਾਂ ਮਾੜੀ ਮੋਟੀ ਚਿੰਤਾ ਫਰੀ ਜ਼ਿੰਦਗੀ ਕੱਢ ਲਈਏ ਨਹੀਂ ਤਾਂ ਮੁਲਕ ਛੱਡਣ ਦਾ ਫਾਇਦਾ ਕੀ ਹੋਇਆ। ਹੁਣ ਇੰਡੀਆ ਵਿੱਚ ਕਰੋਨਾ ਦੀ ਮਹਾਂਮਾਰੀ ਕਰਕੇ ਸਭ ਸੋਚ ਰਹੇ ਹਨ ਕਿ ਧਾਰਮਿਕ ਕੇਂਦਰਾਂ ਦੀ ਜਗਾਹ ਹਸਪਤਾਲ਼ ਬਨਾਉਣੇ ਚਾਹੀਦੇ ਹਨ, ਸੋਸ਼ਲ ਮੀਡੀਏ ਤੇ ਇਹ ਗੱਲ ਕਹਿਣ/ਲਿਖਣ ਵਾਲ਼ੇ ਬਹੁਤ ਪਰਵਾਸੀ ਹਨ ਪਰ ਕੀ ਇਹ ਪਰਵਾਸੀ ਆਪ ਇਹਨਾਂ ਮੁਲਕਾਂ ਵਿੱਚ ਇਹ ਧਾਰਮਿਕ ਦਿਖਾਵਾ ਘਟਾ ਸਕਦੇ ਹਨ? ਕੀ ਇਹੀ ਪੈਸਾ ਬਜ਼ੁਰਗਾਂ ਦੀ ਸਾਂਭ ਸੰਭਾਲ਼ ਲਈ ਜਾਂ ਨੌਜੁਆਨਾ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਲਾਇਆ ਜਾ ਸਕਦਾ ਹੈ? ਇਹ ਸਾਡੇ ਲੋਕਾਂ ਅੱਗੇ ਇੱਕ ਸਵਾਲ ਹੈ।

ਇਹ ਹੈ ਸਾਡਾ ਰਹਿਣ ਸਹਿਣ ਜਾਂ ਸਾਡਾ ਪਰੈਕਟੀਕਲ ਸਭਿਆਚਾਰ। ਸਾਡੇ ਲਈ ਜਿਹੜਾ ਸੱਭਿਆਚਾਰ ਸਾਡੇ ਮਹਾਂਪੁਰਖਾਂ ਨੇ ਸੋਚਿਆ ਸੀ ਜਾਂ ਸਾਨੂੰ ਦਿੱਤਾ ਉਸ ਤੋਂ ਤਾਂ ਅਸੀਂ ਕੋਹਾਂ ਦੂਰ ਚਲੇ ਗਏ ਹਾਂ। ਸਾਨੂੰ ਤਾਂ ਸਿੱਧੇ ਸਾਦੇ ਸ਼ਬਦਾਂ ਵਿੱਚ ਕਿਹਾ ਗਿਆ ਸੀ ਕਿ ਧਰਤੀ ਸਾਡੀ ਮਾਂ ਹੈ, ਪਾਣੀ ਸਾਡਾ ਪਿਤਾ ਹੈ ਅਤੇ ਹਵਾ ਸਾਡਾ ਗੁਰੂ ਹੈ। ਇਹ ਤਾਂ ਕਿਹਾ ਗਿਆ ਸੀ ਕਿ ਜਿਸ ਤਰ੍ਹਾਂ ਅਸੀਂ ਮਾਂ, ਬਾਪ ਦੀ ਸੰਭਾਲ਼ ਕਰਦੇ ਹਾਂ ਅਤੇ ਗੁਰੂ ਦਾ ਸਤਿਕਾਰ ਕਰੀਏ, ਉਸੇ ਤਰ੍ਹਾਂ ਧਰਤੀ, ਹਵਾ ਅਤੇ ਪਾਣੀ ਦੀ ਸੰਭਾਲ਼ ਕਰੀਏ ਪਰ ਅਸੀਂ ਇਹਨਾਂ ਤੋਂ ਮੁੱਖ ਮੋੜ ਕੇ ਪੁਜਾਰੀਵਾਦ ਦੇ ਮਗਰ ਲੱਗ ਕੇ ਕਿਸੇ ਅਣਦੇਖੇ ਰੱਬ ਦੀ ਭਾਲ਼ ਵਿੱਚ ਆਪਦੀ ਸਾਰੀ ਅਨਰਜੀ ਲਾਈ ਜਾਂਦੇ ਹਾਂ। ਇੱਕ ਹੋਰ ਸਾਨੂੰ ਰੀਲੈਕਸ ਕਰਨ ਲਈ ਜਾਂ ਚਿੰਤਾ ਮੁਕਤ ਜਿੰਦਗੀ ਜਿਉਣ ਲਈ ਕਿਤਾਬਾਂ ਬਹੁਤ ਜ਼ਰੂਰੀ ਹਨ ਪਰ ਇਹਨਾਂ ਲਈ ਸਾਡੇ ਲੱਖਾਂ ਡਾਲਰਾਂ ਦੇ ਘਰਾਂ ਵਿੱਚ ਕੋਈ ਜਗਾਹ ਨਹੀਂ। ਸਾਨੂੰ ਕੈਨੇਡਾ ਰਹਿੰਦਿਆਂ ਨੂੰ ਕਿੰਨਾ ਚਿਰ ਹੋ ਗਿਆ ਪਰ ਸਾਨੂੰ ਅੱਜ ਤੱਕ ਇਹ ਨਹੀਂ ਪਤਾ ਕਿ ਪੰਜਾਬੀਆਂ ਨੇ ਕੈਨੇਡਾ ਵਿਚ ਕਿਹੜੇ ਕਿਹੜੇ ਸੰਘਰਸ਼ ਕੀਤੇ ਹਨ, ਕਈ ਸਾਡੇ ਪਾਰਲੀਮੈਂਟ ਮੈਂਬਰਾਂ ਨੂੰ ਇਹ ਨਹੀ ਪਤਾ ਕਿ ਈਸਟ ਇੰਡੀਅਨ ਡਿਫੈਂਸ ਕਮੇਟੀ ਕਿਸ ਬਲਾ ਦਾ ਨਾਮ ਹੈ । ਕਿਉਂਕਿ ਸਾਡੇ ਲੀਡਰ ਤਨਖਾਂਹਾਂ ਜਾਂ ਪੈਨਸ਼ਨਾਂ ਦੀ ਖਾਤਰ ਚੋਣ ਲੜਦੇ ਹਨ ਨਾਂ ਕਿ ਕਮਿਊਨਿਟੀ ਦੇ ਮੁਦਿਆਂ ਨਾਲ਼ ਸਾਝ ਪਾਉਣ ਲਈ । ਅਸੀਂ ਇਹ ਵੀ ਨਹੀਂ ਦੇਖਦੇ ਕਿ ਸਾਡੀਆਂ ਉਜਰਤਾਂ ਮਹਿੰਗਾਈ ਦੇ ਮੁਕਾਬਲੇ ਕਿਵੇਂ ਘਟ ਰਹੀਆਂ ਹਨ , ਇਸ ਸਿਸਟਮ ਤੇ ਕਿੰਤੂ ਪਰੰਤੂ ਕਰਨ ਦੀ ਬਜਾਏ ਹੋਰ ਕੰਮ ਕਰ ਜਾਂਦੇ, ਸੈਕਿੰਡ ਜੌਬ ਕਰ ਲੈਂਦੇ ਹਾਂ, ਹੋਰ ਉਵਰ ਟਾਈਮ ਲਾ ਲੈਂਦੇ ਹਾਂ, ਪਰਵਾਰ ਨਾਲ਼ ਸਾਝਾ ਟੈਮ ਬਤੀਤ ਕਰਨ ਦੀ ਕੁਰਬਾਨੀ ਦੇ ਦਿੰਦੇ ਹਾਂ। ਕੈਨੇਡਾ ਵਿੱਚ ਇੱਕ ਨਵਾਂ ਸਰਵੇ ਹੋਇਆ ਹੈ ਕਿ ਹਫਤੇ ਦੇ 60 ਘੰਟੇ ਕੰਮ ਕਰਨ ਵਾਲ਼ਿਆਂ ਦੀ ਉਮਰ ਦਸ ਸਾਲ ਘਟ ਜਾਂਦੀ ਹੈ। ਚਾਲੀਘੰਟੇ ਦਾ ਹਫਤਾ ਜਿੰਨਾ ਨੇ ਸ਼ੁਰੂ ਕਰਾਇਆ ਉਹ ਪਾਗਲ ਨਹੀਂ ਸਨ, ਉਹਨਾਂ ਨੂੰ ਚਾਲ਼ੀ ਘੰਟੇ ਦਾ ਹਫਤਾ ਕਰਾਉਣ ਲਈ ਆਪਦਾ ਖੂਨ ਵੀ ਡੋਲਣਾ ਪਿਆ ਹੈ, ਸਾਡਾ ਕੀ ਹੈ ਅਸੀਂ ਤਾਂ ਹਫਤਾ ਸੱਤਰ ਅੱਸੀ ਘੰਟੇ ਦਾ ਕਰ ਦਿੱਤਾ ਹੈ, ਤਾਂ ਹੀ ਤਾਂ ਅਸੀਂ ਰਿਟਾਇਰ ਹੋ ਕੇ ਬੜੀ ਛੇਤੀ ਤੁਰ ਜਾਂਦੇ ਹਾਂ।

### ਕਿਸਾਨੀ ਅੰਦੋਲਨ ਦੀ ਵਿਚਾਰਧਾਰਕ ਵਿਸ਼ਾਲਤਾ ਤੇ ਨੈਤਿਕ ਜਿੱਤ

# ਪ੍ਰੇਮ, ਅਨੁਰਾਗ ਤੇ ਸੰਘਰਸ਼ ਦੇ ਛੇ ਮਹੀਨੇ

**ਸਵਰਾਜਬੀਰ**



*ਸਿੱਖ ਗੁਰੂਆਂ ਦੇ ਊਰਜਾਵਾਨ ਸੰਸਾਰ ਦੇ ਨਾਲ ਨਾਲ ਏਥੇ ਸਰਦਾਰ ਅਜੀਤ ਸਿੰਘ, ਬਾਬਾ ਸੋਹਨ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ ਅਤੇ ਹੋਰ ਲੋਕ-ਨਾਇਕਾਂ ਦੀਆਂ ਆਵਾਜਾਂ ਲਗਾਤਾਰ ਗੂੰਜਦੀਆਂ ਹਨ; ਇਹ ਪ੍ਰੇਮ ਨਗਰ ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਕਬੀਰ, ਭਗਤੀ ਲਹਿਰ ਦੇ ਹੋਰ ਸੰਤਾਂ ਤੇ ਦੁਨੀਆਂ ਦੇ ਨਾਮਵਰ ਚਿੰਤਕਾਂ, ਕਾਰਲ ਮਾਰਕਸ, ਲੈਨਿਨ, ਡਾ. ਬੀ.ਆਰ. ਅੰਬੇਦਕਰ, ਮਹਾਤਮਾ ਗਾਂਧੀ ਤੇ ਹੋਰਨਾਂ ਤੋਂ ਪ੍ਰੇਰਨਾ ਲੈ ਰਿਹਾ ਹੈ।*

ਛੇ ਮਹੀਨੇ ਪਹਿਲਾਂ ਦੇਸ਼ ਦੀ ਸਿਆਸਤ ਅਤੇ ਇਤਿਹਾਸ ਵਿਚ ਅਜਿਹਾ ਮੋੜ ਆਇਆ ਜਿਹੜਾ ਬਹੁਪਰਤੀ ਰੂਪ ਵਿਚ ਇਤਿਹਾਸਕ, ਯਾਦਗਾਰੀ ਅਤੇ ਦੂਰਗਾਮੀ ਪ੍ਰਭਾਵਾਂ ਵਾਲਾ ਹੋ ਨਿੱਬੜਿਆ ਹੈ। ਦੇਸ਼ ਦੇ ਕਿਸਾਨ ਕਈ ਮਹੀਨਿਆਂ ਤੋਂ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਦੋ ਖੇਤੀ ਕਾਨੂੰਨਾਂ ਅਤੇ ਜਰੂਰੀ ਵਸਤਾਂ ਸਬੰਧੀ ਕਾਨੂੰਨ ਵਿਚ ਕੀਤੀ ਗਈ ਸੋਧ ਵਿਰੁੱਧ ਅੰਦੋਲਨ ਕਰ ਰਹੇ ਸਨ। ਨਵੰਬਰ 2020 ਤੋਂ ਪਹਿਲਾਂ ਇਸ ਅੰਦੋਲਨ ਦਾ ਖਮੀਰ ਅਤੇ ਉਭਾਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੁਆਰਾ ਸ਼ੁਰੂ ਕੀਤੇ ਅੰਦੋਲਨ ਰਾਹੀਂ ਤਿਆਰ ਹੋਇਆ। ਕਿਸਾਨ ਜਥੇਬੰਦੀਆਂ ਨੇ 26 ਨਵੰਬਰ 2020 ਨੂੰ ਕਿਸਾਨਾਂ ਨੂੰ ਦਿੱਲੀ ਚੱਲੋ ਦਾ ਸੱਦਾ ਦਿੱਤਾ ਸੀ। ਕਿਸਾਨ ਜਥੇਬੰਦੀਆਂ ਨੂੰ ਅੰਦੇਸ਼ਾ ਸੀ ਉਨ੍ਹਾਂ ਨੂੰ ਰਾਹ ਵਿਚ ਰੋਕਿਆ ਜਾਵੇਗਾ। ਉਨ੍ਹਾਂ ਦਾ ਫੈਸਲਾ ਸੀ ਕਿ ਉਨ੍ਹਾਂ ਨੂੰ ਜਿੱਥੇ ਵੀ ਰੋਕਿਆ ਜਾਵੇਗਾ, ਉਹ ਉੱਥੇ ਬਹਿ ਕੇ ਧਰਨਾ ਦੇਣਗੀਆਂ। ਹਰਿਆਣੇ ਵਿਚ 25 ਨਵੰਬਰ 2020 ਅਤੇ ਪੰਜਾਬ ਵਿਚ 26 ਨਵੰਬਰ 2020 ਨੂੰ ਅਜਿਹਾ ਵੇਗਮਈ ਉਭਾਰ ਆਇਆ ਕਿ ਹਰਿਆਣਾ ਅਤੇ ਪੰਜਾਬ ਦੇ ਕਿਸਾਨ ਰਾਹਾਂ ਵਿਚ ਲਾਈਆਂ ਰੋਕਾਂ ਨੂੰ ਲਾਂਭੇ ਕਰਦੇ ਦਿੱਲੀ ਦੀਆਂ ਹੱਦਾਂ ਤਕ ਜਾ ਪਹੁੰਚੇ ਅਤੇ ਹੁਣ ਤਕ ਉੱਥੇ ਬੈਠੇ ਹੋਏ ਹਨ।

ਕਿਸਾਨ ਨਵੰਬਰ 2018 ਵਿਚ ਵੀ ਦਿੱਲੀ ਪਹੁੰਚੇ ਸਨ। ਉਨ੍ਹਾਂ ਦੀ ਮੰਗ ਸੀ ਕਿ ਕਿਸਾਨਾਂ ਦੇ ਕਰਜੇ ਮੁਆਫ ਕੀਤੇ ਜਾਣ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਸਮੁੱਚਤਾ ਵਿਚ ਲਾਗੂ ਕੀਤਾ ਜਾਵੇ ਅਤੇ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਮਨਜੂਰ ਕਰਨ ਲਈ ਸੰਸਦ ਦਾ ਖਾਸ ਇਜਲਾਸ ਬੁਲਾਇਆ ਜਾਵੇ। 2018 ਵਿਚ ਹੀ ਮਹਾਰਾਸ਼ਟਰ ਦੇ ਹਜਾਰਾਂ ਕਿਸਾਨ ਪੈਦਲ ਮਾਰਚ ਕਰਦੇ ਹੋਏ ਮੁੰਬਈ ਪਹੁੰਚੇ ਸਨ। ਨਵੰਬਰ 2020 ਦੇ ਕਿਸਾਨ ਅੰਦੋਲਨ ਦੀ ਨੁਹਾਰ ਵੱਖਰੀ ਸੀ। ਇਸ ਵਿਚ ਬਹੁਤ ਸਾਰੇ ਫੈਸਲੇ ਸੜਕਾਂ ’ਤੇ ਹੋਏ। ਇਸ ਅੰਦੋਲਨ ਵਿਚ ਨੌਜਵਾਨ ਕਿਸਾਨਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਤਜਰਬੇ ਅਤੇ ਅੰਦੋਲਨ ਦੇ ਵੇਗ ਦੇ ਸੰਗਮ ਨੇ ਅੰਦੋਲਨ ਨੂੰ ਅਜਿਹੇ ਤੇਵਰ ਦਿੱਤੇ ਜਿਨ੍ਹਾਂ ਨੇ ਅੰਦੋਲਨ ਨੂੰ ਇਤਿਹਾਸਕ ਬਣਾ ਦਿੱਤਾ।

**ਇਸ ਅੰਦੋਲਨ ਦੇ ਸਭ ਤੋਂ ਵੱਡੇ ਇਤਿਹਾਸਕ ਫੈਸਲੇ ਇਹ ਸਨ:** ਕਿਸਾਨ ਆਪਣੀਆਂ ਮੰਗਾਂ ਮਨਵਾਏ ਬਗੈਰ ਵਾਪਸ ਨਹੀਂ ਜਾਣਗੇ; ਉਹ ਇਸ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹਨ; ਅੰਦੋਲਨ ਸ਼ਾਂਤਮਈ ਰਹੇਗਾ ਤੇ ਸ਼ਾਂਤਮਈ ਰਹਿ ਕੇ ਸਰਕਾਰੀ ਜਬਰ ਦਾ ਸਾਹਮਣਾ ਕਰੇਗਾ। ਪੰਜਾਬ ਦੇ ਕਿਸਾਨ ਇਸ ਅੰਦੋਲਨ ਦੇ ਮੋਹਰੀ ਸਨ/ਹਨ ਅਤੇ ਉਹ ਕਈ ਸੋਮਿਆਂ ਤੋਂ ਤਾਕਤ ਹਾਸਲ ਕਰ ਰਹੇ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਸੋਮੇ ਇਹ ਹਨ: ਪਿਛਲੇ ਕੁਝ ਦਹਾਕਿਆਂ ਵਿਚ ਲੜੇ ਗਏ ਸਥਾਨਕ ਘੋਲ ਜਿਨ੍ਹਾਂ ਨੇ ਕਿਸਾਨ ਜਥੇਬੰਦੀਆਂ ਨੂੰ ਇਸ ਦੌਰ ਦੀਆਂ ਹਕੂਮਤਾਂ ਨਾਲ ਲੜਨ ਅਤੇ ਗੱਲਬਾਤ ਕਰਨ ਦੇ ਢੰਗ-ਤਰੀਕੇ ਸਿਖਾਏ ਅਤੇ ਜਿਨ੍ਹਾਂ ਦੌਰਾਨ ਹੋਈਆਂ ਜਿੱਤਾਂ, ਹਾਰਾਂ ਅਤੇ ਕੁਰਬਾਨੀਆਂ ਨੇ ਮੌਜੂਦਾ ਕਿਸਾਨ ਅੰਦੋਲਨ ਦੀ ਜਮੀਨ ਤਿਆਰ ਕੀਤੀ; ਉਨ੍ਹਾਂ ਕੋਲ ਪੰਜਾਬ ਦਾ ਸੰਗਰਾਮਮਈ ਇਤਿਹਾਸਕ ਵਿਰਸਾ ਹੈ ਜਿਸ ’ਤੇ ਪਿਛਲੇ ਦਹਾਕਿਆਂ ਦੇ ਘੋਲ ਤੇ ਮੌਜੂਦਾ ਅੰਦੋਲਨ ਉਸਰੇ ਹਨ। ਇਸ ਵਿਰਸੇ ਵਿਚ ਪੰਜਾਬ ਦੇ ਲੋਕਾਂ ਦੀਆਂ ਸਦੀਆਂ ਤੋਂ ਧਾੜਵੀਆਂ ਤੇ ਜਾਬਰ ਹਾਕਮਾਂ ਨਾਲ ਲੋਹਾ ਲੈਣ ਦੀਆਂ ਰਵਾਇਤਾਂ ਹਨ; ਸਿੱਖ ਗੁਰੂਆਂ ਦੀ ਦਿੱਤੀਆਂ ਮਹਾਨ ਕੁਰਬਾਨੀਆਂ ਹਨ; ਖਾਲਸੇ ਦੀ ਸਥਾਪਨਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ ਦੀ ਅਗਵਾਈ ਵਿਚ ਮੁਗਲ, ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਲੜੀਆਂ ਗਈਆਂ ਲੜਾਈਆਂ ਦੀ ਯਾਦ ਹੈ; ਕੂਕਾ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਤੇ ਉਸ ਦੇ ਸਾਥੀਆਂ ਨਾਲ ਸਬੰਧਿਤ ਲਹਿਰ ਅਤੇ ਹੋਰ ਕਿਸਾਨ ਅਤੇ ਮਜਦੂਰ ਘੋਲਾਂ ਦੀ ਸਿਮਰਤੀ ਹੈ।

ਇਸ ਇਤਿਹਾਸਕ ਵਿਰਸੇ ਨੇ ਦਿੱਲੀ ਦੀਆਂ ਹੱਦਾਂ ’ਤੇ ਆਪਣਾ ਜਲੌਅ ਲਗਾਇਆ। ਬਾਬਾ ਨਾਨਕ ਜੀ ਦੇ ਪੰਜਾਬ ਵਿਚ ਆਰੰਭੇ ਸਮਾਜਿਕ ਬਰਾਬਰੀ ਦੇ ਸੰਘਰਸ਼ ਨੇ ਜੋ ਊਰਜਾ ਪੰਜਾਬ ਨੂੰ ਬਖਸ਼ੀ, ਉਸ ਨੇ ਇਸ ਕਿਸਾਨ ਅੰਦੋਲਨ ਦੇ ਹਰ ਪੱਖ ਨੂੰ ਤੀਬਰ ਕੀਤਾ। ਥਾਂ ਥਾਂ ’ਤੇ ਲੰਗਰ ਲੱਗੇ; ਪੰਜਾਬ ਦੇ ਗਾਇਕ, ਰੰਗਕਰਮੀ, ਲੇਖਕ, ਚਿੰਤਕ ਅਤੇ ਹੋਰ ਵਰਗਾਂ ਦੇ ਲੋਕ ਸਿੰਘੂ ਤੇ ਟਿਕਰੀ ਪਹੁੰਚੇ; ਡਾਕਟਰਾਂ ਨੇ ਸਿਹਤ ਸੇਵਾਵਾਂ ਦੇ ਕੈਂਪ ਲਗਾਏ; ਟਰੈਕਟਰਾਂ ਦੀਆਂ ਟਰਾਲੀਆਂ ਵਿਚ ਨਿੱਕੇ ਨਿੱਕੇ ਸਾਂਝੇ ਘਰ ਵਸੇ, ਇਕ ਨਵੀਂ ਤਰ੍ਹਾਂ ਦੀ ਧਰਮਸਾਲ, ਨਵੀਂ ਤਰ੍ਹਾਂ ਦੀ ਕਮਿਊਨ, ਨਵੇਂ ਤਰ੍ਹਾਂ ਦਾ ਸਮਾਜ ਸਿੰਘੂ ਤੇ ਟਿੱਕਰੀ ਵਿਚ ਹੋਂਦ ਵਿਚ ਆਇਆ।

ਇਹ ਸਮਾਜ ਉਸ ਸਮਾਜ ਤੋਂ ਬਿਲਕੁਲ ਵੱਖਰਾ ਸੀ ਜਿਹੜਾ ਹਾਕਮ ਜਮਾਤ ਦੇਸ਼ ਦੇ ਹੋਰ ਹਿੱਸਿਆਂ ਵਿਚ ਬਣਾ ਰਹੀ ਹੈ। ਹਾਕਮ ਜਮਾਤ ਦੁਆਰਾ ਬਣਾਏ ਜਾ ਰਹੇ ਸਮਾਜ ਵਿਚ ਨਫਰਤ ਦਾ ਬੋਲਬਾਲਾ ਹੈ; ਲੋਕਾਂ ਨੂੰ ਧਰਮ ਦੇ ਆਧਾਰ ’ਤੇ ਵੰਡਿਆ ਜਾ ਰਿਹਾ ਹੈ; ਉਸ ਵਿਚ ਹਜੂਮੀ ਹਿੰਸਾ ਕਰਵਾਈ ਜਾਂਦੀ ਅਤੇ ਅਜਿਹਾ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਜੋ ਸਮਾਜ/ਕਮਿਊਨ ਸਿੰਘੂ, ਟਿਕਰੀ ਤੇ ਬਾਅਦ ਵਿਚ ਗਾਜੀਪੁਰ ਵਿਚ ਉਸਰੀ, ਉਸ ਵਿਚ ਪ੍ਰੇਮ ਹੈ, ਅਨੁਰਾਗ ਹੈ, ਸਮਾਜਿਕ ਵੰਡੀਆਂ ਵਿਰੁੱਧ ਲੜਨ ਦਾ ਜਜਬਾ ਅਤੇ ਅਨਿਆਂ ਵਿਰੁੱਧ ਲੜਦਿਆਂ ਕੁਰਬਾਨੀ ਦੇਣ ਦੀ ਭਾਵਨਾ ਹੈ। ਬਾਬਾ ਨਾਨਕ ਜੀ ਦੇ ਬੋਲ “ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥” ਏਥੇ ਸਾਕਾਰ ਹੋ ਉੱਠੇ ਹਨ। ਸਿੱਖ ਗੁਰੂਆਂ ਦੇ ਊਰਜਾਵਾਨ ਸੰਸਾਰ ਦੇ ਨਾਲ ਨਾਲ ਏਥੇ ਸਰਦਾਰ ਅਜੀਤ ਸਿੰਘ, ਬਾਬਾ ਸੋਹਨ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ ਅਤੇ ਹੋਰ ਲੋਕ-ਨਾਇਕਾਂ ਦੀਆਂ ਆਵਾਜਾਂ ਲਗਾਤਾਰ ਗੂੰਜਦੀਆਂ ਹਨ; ਇਹ ਪ੍ਰੇਮ ਨਗਰ ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਕਬੀਰ, ਭਗਤੀ ਲਹਿਰ ਦੇ ਹੋਰ ਸੰਤਾਂ ਤੇ ਦੁਨੀਆਂ ਦੇ ਨਾਮਵਰ ਚਿੰਤਕਾਂ, ਕਾਰਲ ਮਾਰਕਸ, ਲੈਨਿਨ, ਡਾ. ਬੀ.ਆਰ. ਅੰਬੇਦਕਰ, ਮਹਾਤਮਾ ਗਾਂਧੀ ਤੇ ਹੋਰਨਾਂ ਤੋਂ ਪ੍ਰੇਰਨਾ ਲੈ ਰਿਹਾ ਹੈ। ਏਥੇ ਮਹਾਤਮਾ ਜਯੋਤਿਬਾ ਫੂਲੇ, ਸਵਿੱਤਰੀ ਫੂਲੇ ਤੋਂ ਲੈ ਕੇ ਮੌਜੂਦਾ ਸਮਿਆਂ ਵਿਚ ਬੰਦੀ ਬਣਾਏ ਗਏ ਵਰਵਰਾ ਰਾਓ, ਸੁਧਾ ਭਾਰਦਵਾਜ, ਆਨੰਦ ਤੈਲਤੁੰਬੜੇ ਤੇ ਨਫਰਤੀ ਤਾਕਤਾਂ ਦੁਆਰਾ ਕਤਲ ਕੀਤੇ ਗਏ ਸਮਾਜਿਕ ਕਾਰਕੁਨਾਂ ਗੌਰੀ ਲੰਕੇਸ਼, ਨਰਿੰਦਰ ਦਾਭੋਲਕਰ, ਗੋਵਿੰਦ ਪਨਸਾਰੇ ਤੇ ਹੋਰਨਾਂ ਨੂੰ ਯਾਦ ਕੀਤਾ ਜਾਂਦਾ ਹੈ। ਸਰ ਛੋਟੂ ਰਾਮ ਤੋਂ ਲੈ ਕੇ ਮੌਜੂਦਾ ਕਿਸਾਨ ਆਗੂਆਂ ਵਿਚਲੀ ਕਿਸਾਨ ਮੰਗਾਂ ਲਈ ਲੜਨ ਦੀ ਜੀਵਟਤਾ ਇਸ ਅੰਦੋਲਨ ਵਿਚ ਹਾਜਰ ਹੈ।

ਅੰਦੋਲਨ ਦੀ ਉਪਰੋਕਤ ਵਿਚਾਰਧਾਰਕ ਵਿਸ਼ਾਲਤਾ ਕਾਰਨ ਹੀ ਇਸ ਅੰਦੋਲਨ ਨੇ ਸਾਬਤ ਕੀਤਾ ਹੈ ਕਿ ਉਸ ਤਾਕਤਵਰ ਹਕੂਮਤ, ਜਿਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਉਸ ਅਤੇ ਉਸ ਦੇ ਮਹਾਨ ਆਗੂ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ, ਨੂੰ ਲਲਕਾਰਿਆ ਜਾ ਸਕਦਾ ਹੈ। ਇਸ ਅੰਦੋਲਨ ਨੇ ਆਪਣੇ ਆਪ ਤੇ ਕਿਸਾਨਾਂ ਨੂੰ ਅੰਦੋਲਿਤ ਕੀਤਾ ਹੈ; ਇਸ ਨੇ ਸਮਾਜ ਦੇ ਹੋਰ ਵਰਗਾਂ ਦੇ ਲੋਕਾਂ, ਨੌਜਵਾਨਾਂ, ਔਰਤਾਂ, ਖੇਤ ਮਜਦੂਰਾਂ, ਸਨਅਤੀ ਮਜਦੂਰਾਂ, ਚਿੰਤਕਾਂ, ਗਾਇਕਾਂ, ਰੰਗਕਰਮੀਆਂ, ਲੋਕ ਕਲਾਕਾਰਾਂ, ਸਭ ਨੂੰ ਅੰਦੋਲਿਤ ਕੀਤਾ ਹੈ; ਇਸ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਜਿਸ ਨੇ ਸਿੰਘੂ, ਟਿਕਰੀ ਅਤੇ ਗਾਜੀਪੁਰ ਨਹੀਂ ਦੇਖੇ, ਉਨ੍ਹਾਂ ਨੇ ਦੇਸ਼ ਦੀ ਲੋਕਾਈ ਦਾ ਉਹ ਸੰਗਰਾਮਮਈ ਰੂਪ ਨਹੀਂ ਦੇਖਿਆ ਜਿਹੜਾ ਇਸ ਦੇਸ਼ ਵਿਚ ਕਈ ਦਹਾਕਿਆਂ ਬਾਅਦ ਉਭਰਿਆ ਹੈ। ਇਨ੍ਹਾਂ ਕਾਰਨਾਂ ਕਰਕੇ ਇਹ ਅੰਦੋਲਨ ਲੋਕ-ਅੰਦੋਲਨ ਬਣਿਆ ਤੇ ਲੋਕ ਸਿੰਘੂ, ਟਿਕਰੀ ਤੇ ਗਾਜੀਪੁਰ ਨੂੰ ਏਦਾਂ ਧਾਏ ਜਿਵੇਂ ਉਹ ਤੀਰਥ ਅਸਥਾਨਾਂ ਦੀ ਯਾਤਰਾ ਕਰਨ ਜਾ ਰਹੇ ਹੋਣ।

ਅੰਦੋਲਨ ਨੇ ਪੰਜਾਬੀਆਂ ਦੇ ਜੀਵਨ ਨੂੰ ਨਵਾਂ ਹੁਲਾਰਾ ਦਿੱਤਾ ਹੈ। ਕੁਝ ਸਮਾਂ ਪਹਿਲਾਂ ਪੰਜਾਬ ਨੂੰ ਅਜਿਹੇ ਸੂਬੇ ਵਜੋਂ ਦੇਖਿਆ ਜਾ ਰਿਹਾ ਸੀ ਜਿਸ ਦਾ ਬੌਧਿਕ ਤੇ ਸੱਭਿਆਚਾਰਕ ਪਤਨ ਹੋ ਰਿਹਾ ਹੈ, ਜਿੱਥੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਜਿਸ ਦੇ ਨੌਜਵਾਨ ਨਸ਼ਿਆਂ ਵਿਚ ਗ੍ਰਸੇ ਹੋਏ ਹਨ, ਉਨ੍ਹਾਂ ਦੀ ਇਕੋ ਇਕ ਲਾਲਸਾ ਵਿਦੇਸ਼ਾਂ ਨੂੰ ਪਰਵਾਸ ਕਰਨ ਦੀ ਹੈ। ਇਸ ਅੰਦੋਲਨ ਨੇ ਦਿਖਾਇਆ ਹੈ ਕਿ ਇਹ ਹੈ ਉਹ ਅਸਲੀ ਪੰਜਾਬ ਜਿਸ ਵਿਚ ਸਿਰ ਉੱਚਾ ਕਰ ਕੇ ਜਿਉਣ ਦੀ ਉਮੰਗ ਹੈ, ਜਿਸ ਦੀਆਂ ਆਸਾਂ ਦਾ ਸੰਸਾਰ ਮਿਹਨਤ, ਸਾਂਝੀਵਾਲਤਾ ਤੇ ਨਾਬਰੀ ਦੇ ਸਦਾਚਾਰ ’ਤੇ ਉਸਿਰਆ ਹੋਇਆ ਹੈ, ਜਿਸ ਦੀ ਵਲੂੰਧਰੀ ਹੋਈ ਰੂਹ ਵਿਚ ਨਿਰਮਲਤਾ ਵੀ ਹੈ ਤੇ ਤੂਫਾਨੀ ਵੇਗ ਵੀ। ਇਸ ਅੰਦੋਲਨ ਨੇ ਪੰਜਾਬ ਦੀ ਲੀਰੋ ਲੀਰ ਆਤਮਾ ਨੂੰ ਤਰੋਪੇ ਲਾ ਕੇ ਉਸ ਨੂੰ ਫਿਰ ਨਰੋਇਆ ਕੀਤਾ ਹੈ; ਪੰਜਾਬੀ ਸੱਭਿਆਚਾਰ ਨੂੰ ਨਵੀਂ ਲੀਹ ’ਤੇ ਤੋਰਿਆ ਹੈ; ਇਸ ਅੰਦੋਲਨ ਨੇ ਉਸ ਭਾਵਨਾ ਨੂੰ ਨਕਸ਼ ਦਿੱਤੇ ਜਿਸ ਨੂੰ ਅਸੀਂ ਪੰਜਾਬੀਅਤ ਕਹਿੰਦੇ ਆਏ ਹਾਂ। ਇਹ ਸੰਘਰਸ਼ ਕਿਸਾਨ ਮੰਗਾਂ ਦਾ ਅੰਦੋਲਨ ਹੋਣ ਦੇ ਨਾਲ ਨਾਲ ਪੰਜਾਬੀ ਸੱਭਿਆਚਾਰ ਦੀ ਪੁਨਰ ਸਿਰਜਣਾ ਦਾ ਪੁਰਬ ਬਣ ਗਿਆ ਹੈ। ਇਸ ਅੰਦੋਲਨ ’ਤੇ ਸੈਂਕੜੇ ਗੀਤ, ਕਵਿਤਾਵਾਂ ਤੇ ਬੋਲੀਆਂ ਲਿਖੀਆਂ ਗਈਆਂ ਹਨ, ਕਹਾਣੀਆਂ ਤੇ ਨਾਟਕ ਲਿਖੇ ਗਏ ਹਨ। ਅੰਦੋਲਨ ਨੇ ਆਪਣੇ ਆਪ ਨੂੰ ਹਉਮੈਂ ਤੇ ਘੁਮੰਡ ਤੋਂ ਬਚਾਇਆ ਹੈ ਤੇ ਨਿਮਰਤਾ ਅਤੇ ਸੰਜਮ ਨੂੰ ਆਪਣੀ ਟੇਕ ਬਣਾਇਆ ਹੈ। ਇਨ੍ਹਾਂ ਸਾਰੀਆਂ ਪ੍ਰਾਪਤੀਆਂ ਨੇ ਇਸ ਅੰਦੋਲਨ ਨੂੰ ਇਕ ਨੈਤਿਕ ਮੁਹਾਜ ਬਣਾ ਦਿੱਤਾ ਹੈ।

ਇਸ ਨੈਤਿਕ ਮੁਹਾਜ ਨੇ ਕਈ ਜਿੱਤਾਂ ਦਰਜ ਕੀਤੀਆਂ ਹਨ। ਪੰਜਾਬ ਦੇ ਕਿਸਾਨਾਂ ਦੀ ਅਗਵਾਈ ਵਿਚ ਇਸ ਨੇ ਹਰਿਆਣੇ, ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ, ਮਹਾਰਾਸ਼ਟਰ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼ (ਸੀਮਾਂਧਰਾ), ਤਿਲੰਗਾਨਾ, ਬਿਹਾਰ ਤੇ ਹੋਰ ਰਾਜਾਂ ਦੇ ਕਿਸਾਨਾਂ ਨੂੰ ਜਾਗ੍ਰਿਤ ਕੀਤਾ ਹੈ। ਬਿਹਾਰ ਦੇ ਕਿਸਾਨਾਂ ਨੂੰ ਸਮਝ ਆਈ ਹੈ ਕਿ 2006 ਵਿਚ ਉਨ੍ਹਾਂ ਦੀ ਸਰਕਾਰ ਨੇ ਸਰਕਾਰੀ ਮੰਡੀਆਂ ਖਤਮ ਕਰਕੇ ਉਨ੍ਹਾਂ ਨਾਲ ਕਿੱਡਾ ਵੱਡਾ ਅਨਿਆਂ ਕੀਤਾ। ਹੋਰ ਸੂਬਿਆਂ ਦੇ ਕਿਸਾਨ ਘੱਟੋ ਘੱਟ ਖਰੀਦ ਮੁੱਲ ਦੇ ਕਿਸਾਨਾਂ ਦੇ ਹੱਕ ਬਾਰੇ ਜਾਗਰੂਕ ਹੋਏ ਹਨ। ਅੰਦੋਲਨ ਨੇ ਸਰਕਾਰ ਦੇ ਉਸ ਬਿਰਤਾਂਤ/ਬਿਆਨੀਏ ਨੂੰ ਵੀ ਤੋੜਿਆ ਹੈ ਜਿਸ ਅਨੁਸਾਰ ਸਰਕਾਰ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਖੇਤੀ ਸੁਧਾਰਾਂ ਦੇ ਰੂਪ ਵਿਚ ਪੇਸ਼ ਕਰ ਰਹੀ ਸੀ; ਅੰਦੋਲਨ ਨੇ ਦਰਸਾਇਆ ਹੈ ਕਿ ਇਨ੍ਹਾਂ ਖੇਤੀ ਕਾਨੂੰਨਾਂ ਦਾ ਰਾਹ ਕਿਸਾਨਾਂ ਦੀ ਭਲਾਈ ਦੀ ਮੰਜ਼ਿਲ ਵੱਲ ਨਹੀਂ ਸਗੋਂ ਖੇਤੀ ਖੇਤਰ ਨੂੰ ਕਾਰਪੋਰੇਟ ਅਦਾਰਿਆਂ ਦੇ ਹੱਥਾਂ ਵਿਚ ਸੌਂਪਣ ਵੱਲ ਜਾਂਦਾ ਹੈ। ਅੰਦੋਲਨ ਨੇ ਕਾਰਪੋਰੇਟ ਪੱਖੀ ਅਰਥ ਸ਼ਾਸਤਰੀਆਂ ਦੇ ਦੰਭ ਨੂੰ ਨੰਗਿਆ ਕੀਤਾ ਹੈ। ਲੋਕ ਪੱਖੀ ਅਰਥ ਸ਼ਾਸਤਰੀ ਤੇ ਚਿੰਤਕ ਕਿਸਾਨਾਂ ਦੀ ਹਮਾਇਤ ਵਿਚ ਨਿੱਤਰੇ ਹਨ ਅਤੇ ਅੰਦੋਲਨ ਨੂੰ ਅੰਤਰਰਾਸ਼ਟਰੀ ਮੰਚਾਂ ਤੋਂ ਹਮਾਇਤ ਮਿਲੀ ਹੈ। ਦੁਨੀਆਂ ਭਰ ਦੇ ਚਿੰਤਕਾਂ, ਸਮਾਜਿਕ ਕਾਰਕੁਨਾਂ, ਵਿਦਵਾਨਾਂ, ਲੇਖਕਾਂ, ਸਿਆਸੀ ਆਗੂਆਂ, ਅਰਥ ਸ਼ਾਸਤਰੀਆਂ, ਕਲਾਕਾਰਾਂ, ਵਿਗਿਆਨੀਆਂ ਤੇ ਹੋਰ ਖੇਤਰਾਂ ਦੇ ਮਾਹਿਰਾਂ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਸਵੀਕਾਰ ਕਰਨ ਲਈ ਕਿਹਾ ਹੈ ਪਰ ਸਰਕਾਰ ਦੇ ਅਭਿਮਾਨ ਦਾ ਕਿਲਾ ਅਭੇਦ ਹੈ।

ਇਹ ਅੰਦੋਲਨ ਨੈਤਿਕ ਪੱਧਰ ’ਤੇ ਪਹਿਲਾਂ ਹੀ ਜਿੱਤ ਚੁੱਕਾ ਹੈ ਕਿਉਂਕਿ ਇਸ ਵਾਲੇ ਪਾਸੇ ਪ੍ਰੇਮ, ਸਾਂਝੀਵਾਲਤਾ, ਨਿਮਰਤਾ, ਸੰਜਮ, ਸਿਦਕ, ਸਿਰੜ, ਸਦਾਚਾਰ, ਇਖਲਾਕ ਅਤੇ ਨਿਆਂ ਨਾਲ ਇਸ਼ਕ ਦੀ ਫਸਲ ਲਹਿਲਹਾ ਰਹੀ ਹੈ ਜਦੋਂਕਿ ਦੂਸਰੇ ਪਾਸੇ ਹਕੂਮਤ ਦੇ ਘੁਮੰਡ, ਹੰਕਾਰ ਅਤੇ ਹਉਮੈਂ ਦਾ ਮਹਾਂ-ਮਹੱਲ ਹੈ। ਇਸ ਅੰਦੋਲਨ ਨੂੰ ਕਦੇ ਅਤਿਵਾਦੀ, ਕਦੇ ਖਾਲਿਸਤਾਨੀ, ਕਦੇ ਨਕਸਲੀ ਅਤੇ ਕਦੇ ਕੋਈ ਹੋਰ ਲਕਬ ਦਿੱਤੇ ਗਏ। ਸਰਕਾਰ ਨੇ ਗੱਲਬਾਤ ਕੀਤੀ ਪਰ ਨਾਲ ਨਾਲ ਪ੍ਰਧਾਨ ਮੰਤਰੀ, ਕੇਂਦਰੀ ਖੇਤੀ ਮੰਤਰੀ ਅਤੇ ਭਾਜਪਾ ਦੇ ਹੋਰ ਆਗੂ ਖੇਤੀ ਕਾਨੂੰਨਾਂ ਦੇ ਸਹੀ ਹੋਣ ਦੀ ਮੁਹਾਰਨੀ ਪੜ੍ਹਦੇ ਗਏ। ਸਰਕਾਰ ਖੇਤੀ ਕਾਨੂੰਨਾਂ ਨੂੰ 18 ਮਹੀਨੇ ਤਕ ਮੁਲਤਵੀ ਕਰਨ ਲਈ ਤਿਆਰ ਹੋ ਗਈ ਜਿਹੜਾ ਅੰਦੋਲਨ ਦੇ ਨੈਤਿਕ ਸਫਰ ਦਾ ਇਕ ਮਹੱਤਵਪੂਰਨ ਪੜਾਅ ਸੀ ਪਰ ਸਰਕਾਰ ਦੀ ਆਪਣੇ ਸਹੀ ਹੋਣ ਦੀ ਮੁਹਾਰਨੀ ਜਾਰੀ ਰਹੀ। 26 ਜਨਵਰੀ 2021 ਨੂੰ ਕੁਝ ਹੁੱਲੜਬਾਜਾਂ ਨੇ ਇਸ ਅੰਦੋਲਨ ਨੂੰ ਇਕ ਵੱਖਰੇ ਰਸਤੇ ’ਤੇ ਲੈ ਕੇ ਜਾਣ ਦੀ ਕੋਸ਼ਿਸ਼ ਕੀਤੀ, ਅੰਦੋਲਨ ਦੇ ਡਗਮਗਾਉਣ ਦੇ ਅੰਦੇਸ਼ੇ ਉਭਰੇ ਪਰ ਆਪਣੇ ਆਗੂਆਂ ਦੀ ਅਗਵਾਈ ਸਦਕਾ ਅੰਦੋਲਨ ਆਪਣੇ ਪੈਰਾਂ ’ਤੇ ਖੜ੍ਹਾ ਰਿਹਾ ਤੇ ਸ਼ਾਂਤਮਈ ਲੀਹਾਂ ’ਤੇ ਚਲਦਾ ਰਿਹਾ। ਅੰਦੋਲਨ ਵਿਚ 500 ਤੋਂ ਜ਼ਿਆਦਾ ਕਿਸਾਨ ਸ਼ਹੀਦ ਹੋਏ ਪਰ ਕਿਸੇ ਹਾਕਮ ਦੇ ਮਨ ਵਿਚ ਖਿਮਾ, ਖੇਦ ਜਾਂ ਅਫਸੋਸ ਦੇ ਭਾਵ ਨਹੀਂ ਉੱਭਰੇ। ਇਸ ਤਰ੍ਹਾਂ ਇਹ ਟੱਕਰ ਲੋਕਾਈ ਦੇ ਪ੍ਰੇਮ, ਨਿਮਰਤਾ ਅਤੇ ਸੰਜਮ ਦੇ ਸੰਸਾਰ ਅਤੇ ਹਾਕਮ ਜਮਾਤ ਦੀ ਅਸੰਵੇਦਨਸ਼ੀਲਤਾ, ਅਭਿਮਾਨ, ਹੰਕਾਰ ਤੇ ਘੁਮੰਡ ਦੇ ਸੰਸਾਰ ਵਿਚਲੀ ਟੱਕਰ ਬਣ ਗਈ ਹੈ। ਸਰਕਾਰ ਆਪਣੀ ਹਉਮੈਂ ਦੇ ਕਵਚ ਵਿਚ ਕੈਦ ਹੈ ਅਤੇ ਕਿਸਾਨ ਭਗਤ ਕਬੀਰ ਦੇ ਬੋਲਾਂ ਅਨੁਸਾਰ ਗਗਨ ਦਮਾਮੇ ਵਜਾਉਂਦੇ ਹੋਏ ਮੈਦਾਨ ਨਾ ਛੱਡਣ ਦਾ ਤਹੱਈਆ ਕਰ ਚੁੱਕੇ ਹਨ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰੇ।

ਕਿਸਾਨ ਅੰਦੋਲਨ ਨੇ ਪ੍ਰੇਮ, ਅਨੁਰਾਗ ਅਤੇ ਸੰਘਰਸ਼ ਦੇ ਸਫਰ ਵਿਚ ਛੇ ਮਹੀਨੇ ਪੂਰੇ ਕਰ ਲਏ ਹਨ ਅਤੇ ਇਸ ਸਫਰ ਦੇ ਰਾਹੀਆਂ ਨੂੰ ਆਪਣੀ ਮੰਜ਼ਿਲ ’ਤੇ ਪਹੁੰਚਣ ਦਾ ਯਕੀਨ ਹੈ। ਇਹ ਅੰਦੋਲਨ ਹੁਣੇ ਵਿਛੜੇ ਲੋਕ ਕਵੀ ਮਹਿੰਦਰ ਸਾਥੀ ਦੇ ਸ਼ਬਦਾਂ ਵਿਚ ਹਕੂਮਤ ਤੋਂ ਇਹ ਪੁੱਛ ਰਿਹਾ ਹੈ:

**ਕਿੱਥੇ ਵਸੇਂਗਾ ਤੂੰ ਭਲਾ ਸਾਨੂੰ ਉਜਾੜ ਕੇ**
**ਪਾਏਂਗਾ ਕਿੱਥੇ ਆਲ੍ਹਣਾ ਸ਼ਾਖਾਂ ਨੂੰ ਝਾੜ ਕੇ**

ਕਿਸਾਨ ਨਾ ਉਜੜਨ ਦਾ ਪ੍ਰਣ ਕਰ ਚੁੱਕੇ ਹਨ; ਹਕੂਮਤ ਉਜਾੜਨ ਦੀ ਰਾਹ ’ਤੇ ਤੁਰੀ ਹੋਈ ਹੈ। ਨੇਕੀ ਤੇ ਬਦੀ ਵਿਚ ਟੱਕਰ ਜਾਰੀ ਹੈ।

(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ)

# ਕਿਸਾਨ ਅੰਦੋਲਨ ਦੀਆਂ ਵਿਭਿੰਨ ਪਰਤਾਂ ਅਤੇ ਪਾਸਾਰਾਂ ਦੀ ਪੇਸ਼ਕਾਰੀ

**- ਰਾਜਪਾਲ ਸਿੰਘ**

ਕਿਸਾਨੀ ਦਾ ਸੰਕਟ, ਜੋ ਬਹੁਤ ਦੇਰ ਤੋਂ ਧੁਖਦਾ ਹੋਇਆ ਵੱਖ ਵੱਖ ਰੂਪਾਂ ਵਿਚ ਆਪਣੇ ਆਪ ਨੂੰ ਜਾਹਰ ਕਰ ਰਿਹਾ ਸੀ, ਕੇਂਦਰ ਦੇ ਖੇਤੀ ਕਾਨੂੰਨਾਂ ਦੇ ਪ੍ਰਤੀਕਰਮ ਵਿੱਚ ਕਿਸਾਨ ਅੰਦੋਲਨ ਦੇ ਭਾਂਬੜ ਵਜੋਂ ਮੱਚ ਉੱਠਿਆ ਹੈ। ਇਹ ਕਿਸਾਨੀ ਸੰਕਟ, ਖੇਤੀ ਕਾਨੂੰਨ ਅਤੇ ਕਿਸਾਨ ਅੰਦੋਲਨ ਲਗਪਗ ਪਿਛਲੇ ਇੱਕ ਸਾਲ ਤੋਂ ਲੇਖਕਾਂ, ਚਿੰਤਕਾਂ, ਖੇਤੀ ਮਾਹਿਰਾਂ, ਮੀਡੀਆ ਕਰਮੀਆਂ ਅਤੇ ਜਥੇਬੰਦੀਆਂ ਦੇ ਆਗੂਆਂ ਦੇ ਲੇਖਾਂ, ਭਾਸ਼ਣਾਂ, ਬਹਿਸਾਂ ਅਤੇ ਟਿੱਪਣੀਆਂ ਦਾ ਕੇਂਦਰ ਬਣੇ ਹੋਏ ਹਨ। ਇਨ੍ਹਾਂ ਲੇਖਾਂ, ਵਿਚਾਰਾਂ ਅਤੇ ਟਿੱਪਣੀਆਂ ਨੇ ਪੰਜਾਬੀ ਮਨ ਨੂੰ ਖੇਤੀ ਅਤੇ ਕਿਸਾਨੀ ਦੀ ਸਥਿਤੀ ਬਾਰੇ ਗੰਭੀਰ ਮੰਥਨ ਕਰਨ ਦੇ ਅਮਲ ਵਿੱਚ ਪਾਇਆ ਹੈ। ਇਨ੍ਹਾਂ ਵਿਚੋਂ ਚੋਣਵੇਂ ਲੇਖਾਂ ਨੂੰ ਇੱਕ ਜਗ੍ਹਾ ਇਕੱਠੇ ਕਰਕੇ ਇਸ ਮੰਥਨ ਦੇ ਅਮਲ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, *ਪੰਜਾਬੀ ਯੂਨੀਵਰਸਿਟੀ ਦੇ ਖੋਜਾਰਥੀ ਸਟਾਲਿਨਜੀਤ ਬਰਾੜ ਵੱਲੋਂ ਸੰਪਾਦਿਤ ਅਤੇ ਪੀਪਲਜ਼ ਫ਼ੋਰਮ, ਬਰਗਾੜੀ, ਪੰਜਾਬ ਵੱਲੋਂ ਪ੍ਰਕਾਸ਼ਿਤ ਪੁਸਤਕ 'ਕਿਸਾਨੀ ਸੰਕਟ – ਪਰਤ ਦਰ ਪਰਤ'* ਨੇ।

ਇਸ ਪੁਸਤਕ ਵਿੱਚ ਇਸ ਵਿਸ਼ੇ ਨਾਲ ਸਬੰਧਿਤ 40 ਦੇ ਲਗਪਗ ਮਹੱਤਵਪੂਰਨ ਲੇਖਾਂ ਨੂੰ ਤਰਤੀਬਬੱਧ ਢੰਗ ਨਾਲ ਇੱਕ ਥਾਂ ਇਕੱਠਾ ਕਰ ਕੇ ਪੇਸ਼ ਕੀਤਾ ਗਿਆ ਹੈ। ਲੇਖਾਂ ਨੂੰ ਚਾਰ ਵਰਗਾਂ – ਕਿਸਾਨ ਅੰਦੋਲਨਾਂ ਦੀ ਵਿਰਾਸਤ, ਕਿਸਾਨ ਅੰਦੋਲਨਾਂ ਦਾ ਸਮਕਾਲ, ਕਿਸਾਨ ਅੰਦੋਲਨ: ਔਰਤਾਂ ਅਤੇ ਮਜ਼ਦੂਰ ਅਤੇ ਕਿਸਾਨ ਅੰਦੋਲਨ ਅਤੇ ਸਭਿਆਚਾਰ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ। ਕਿਸਾਨ ਅੰਦੋਲਨਾਂ ਦੀ ਵਿਰਾਸਤ ਵਿੱਚ ਇੱਕ ਬੜਾ ਮਹੱਤਵਪੂਰਨ ਨੁਕਤਾ ਉਭਰਦਾ ਹੈ ਕਿ ਇਸ ਭਾਗ ਵਿੱਚ ਜਿਨ੍ਹਾਂ ਛੇ ਅੰਦੋਲਨਾਂ ਦੀ ਗੱਲ ਕੀਤੀ ਗਈ ਹੈ, ਚਾਹੇ ਉਹ ਪਗੜੀ ਸੰਭਾਲ ਜੱਟਾ ਲਹਿਰ ਸੀ, ਪੈਪਸੂ ਦੀ ਮੁਜ਼ਾਰਾ ਲਹਿਰ, ਖੁਸ਼ਹੈਸੀਅਤ ਟੈਕਸ ਵਿਰੋਧੀ ਅੰਦੋਲਨ ਅਤੇ ਚਾਹੇ ਬਾਰ ਦੇ ਇਲਾਕੇ ਵਿੱਚ ਕੀਤੇ ਗਏ ਅੰਦੋਲਨ ਸਨ, ਸਾਰਿਆਂ ਵਿੱਚ ਹੀ ਸਰਕਾਰ ਨੂੰ ਝੁਕਣਾ ਪਿਆ ਸੀ। ਇਹ ਗੱਲ ਮੌਜੂਦਾ ਅੰਦੋਲਨ ਦੀ ਸਫਲਤਾ ਲਈ ਵੀ ਆਸ ਅਤੇ ਉਤਸ਼ਾਹ ਪੈਦਾ ਕਰਦੀ ਹੈ। ਸਮਕਾਲੀ ਅੰਦੋਲਨ ਸਬੰਧੀ ਭਾਗ ਵਿੱਚ ਜੋ 22 ਲੇਖ ਦਿੱਤੇ ਗਏ ਹਨ ਉਹ ਮੌਜੂਦਾ ਕਿਸਾਨੀ ਸੰਕਟ, ਕਾਨੂੰਨਾਂ ਅਤੇ ਅੰਦੋਲਨ ਦੀਆਂ ਸਾਰੀਆਂ ਪਰਤਾਂ ਨੂੰ ਖੋਲ੍ਹ ਕੇ ਪੇਸ਼ ਕਰਦੇ ਹਨ। ਇਨ੍ਹਾਂ ਲੇਖਾਂ ਵਿੱਚ ਜਿੱਥੇ ਨਵੇਂ ਖੇਤੀ ਕਾਨੂੰਨਾਂ ਦੀਆਂ ਬਾਹਰੀ ਪਰਤਾਂ ਤੋਂ ਦਿਸਦੇ ਅਸਰਾਂ ਜਿਵੇਂ ਘੱਟੋ-ਘੱਟ ਸਮਰਥਨ ਮੁੱਲ ਦਾ ਖਤਮ ਹੋਣਾ, ਸਰਕਾਰੀ ਮੰਡੀਆਂ ਦਾ ਖਾਤਮਾ ਹੋ ਕੇ ਕਿਸਾਨਾਂ ਦਾ ਵੱਡੀਆਂ ਕੰਪਨੀਆਂ ਦੇ ਰਹਿਮ 'ਤੇ ਨਿਰਭਰ ਹੋਕੇ ਰਹਿ ਜਾਣਾ, ਜਖੀਰੇਬਾਜੀ ਤੋਂ ਰੋਕਾਂ ਟੋਕਾਂ ਖਤਮ ਹੋਣੀਆਂ ਆਦਿ ਦੇ ਜ਼ਿਕਰ ਅਤੇ ਫ਼ਿਕਰ ਹਨ, ਉੱਥੇ ਇਸ ਦੀਆਂ ਡੂੰਘੀਆਂ ਪਰਤਾਂ, ਜਿਨ੍ਹਾਂ ਵਿੱਚ ਵਿਸ਼ਵ ਵਪਾਰ ਸੰਸਥਾ ਦੇ ਨਿਰਦੇਸ਼ਾਂ ਅਤੇ ਕਾਰਪੋਰੇਟ ਜਗਤ ਦੇ ਅੰਨ੍ਹੇ ਮੁਨਾਫਿਆਂ ਦੀ ਯੋਜਨਾਬੰਦੀ ਸ਼ਾਮਲ ਹਨ, ਨੂੰ ਵੀ ਫਰੋਲਿਆ ਗਿਆ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਲੇਖਾਂ ਵਿੱਚ ਅੰਦੋਲਨ ਦੇ ਫੌਰੀ ਮੁੱਦਿਆਂ ਤੋਂ ਅੱਗੇ ਜਾ ਕੇ ਕਿਸਾਨੀ ਦੇ ਚੰਗੇਰੇ ਭਵਿੱਖ ਲਈ ਵੀ ਵਿਚਾਰਾਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚਾਰਾਂ ਵਿੱਚ ਭਵਿੱਖ ਦੀਆਂ ਵੰਗਾਰਾਂ ਦਾ ਟਾਕਰਾ ਕਰਨ ਲਈ ਕੋਆਪਰੇਟਿਵ ਪ੍ਰਬੰਧ, ਫੂਡ-ਪ੍ਰੋਸੈਸਿੰਗ ਅਤੇ ਵਾਤਾਵਰਣੀ ਵਿਗਾੜਾਂ 'ਤੇ ਕਾਬੂ ਪਾਉਣ ਵਾਲੇ ਢੰਗ ਅਪਨਾਉਣ ਦੀ ਗੱਲ ਕੀਤੀ ਗਈ ਹੈ ਅਤੇ ਕਿਸਾਨ ਲੀਡਰਸ਼ਿੱਪ ਤੋਂ ਇਨ੍ਹਾਂ ਮੁੱਦਿਆਂ ਨੂੰ ਵੀ ਸੰਬੋਧਿਤ ਹੋਣ ਦੀ ਮੰਗ ਕੀਤੀ ਗਈ ਹੈ। ਪੁਸਤਕ ਵਿਚਲੇ ਲੇਖਕਾਂ ਨੇ ਕਿਸਾਨ ਅੰਦੋਲਨ ਦੇ ਵਡੇਰੇ ਪ੍ਰਸੰਗਾਂ ਨੂੰ ਵੀ ਬਿਆਨ ਕੀਤਾ ਹੈ ਕਿ ਇਸ ਅੰਦੋਲਨ ਰਾਹੀਂ ਕੇਵਲ ਤਿੰਨ ਕਾਨੂੰਨਾਂ ਖਿਲਾਫ਼ ਹੀ ਲੜਾਈ ਨਹੀਂ ਲੜੀ ਜਾ ਰਹੀ ਸਗੋਂ ਇੱਕ ਹੋਰ ਧਰਾਤਲ 'ਤੇ ਇਹ ਤਾਨਾਸ਼ਾਹੀ ਰੁਝਾਨ ਖਿਲਾਫ਼ ਵੀ ਲੜਾਈ ਹੈ, ਇਹ ਲੋਕਾਂ ਦੀ ਰਾਇ ਦੇ ਮਹੱਤਵ ਨੂੰ ਬਹਾਲ ਕਰਨ ਦੀ ਲੜਾਈ ਹੈ, ਇਹ ਰਾਜਾਂ ਦੇ ਅਧਿਕਾਰਾਂ ਨੂੰ ਉਲੰਘਣ ਖਿਲਾਫ਼ ਵੀ ਲੜਾਈ ਹੈ। ਇਸ ਪੁਸਤਕ ਵਿਚਲੇ ਚਿੰਤਨ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਆਮ ਲੋਕਾਂ ਵਿੱਚ ਕਾਰਪੋਰੇਟ ਜਗਤ, ਕੌਮਾਂਤਰੀ ਵਿੱਤੀ ਸੰਸਥਾਵਾਂ ਅਤੇ ਸਰਕਾਰਾਂ ਦੇ ਆਪਸੀ ਸਬੰਧਾਂ ਬਾਰੇ ਜਿੰਨੀ ਜਾਗਰੂਕਤਾ ਇਸ ਕਿਸਾਨ ਅੰਦੋਲਨ ਨੇ ਦਿੱਤੀ ਹੈ ਉਹ ਇਸ ਅੰਦੋਲਨ ਦਾ ਬਹੁਤ ਵੱਡਾ ਹਾਸਲ ਹੈ ਜਿਸ ਨੇ ਕਿਸਾਨੀ ਦੀ ਸੋਚ ਉੱਤੇ ਬਹੁਤ ਦੂਰ-ਰਸੀ ਪ੍ਰਭਾਵ ਛੱਡਣੇ ਹਨ।



ਪੁਸਤਕ ਦੇ ਤੀਸਰੇ ਭਾਗ ਵਿਚਲੇ ਲੇਖ ਔਰਤਾਂ ਅਤੇ ਮਜ਼ਦੂਰਾਂ ਉੱਤੇ ਇਨ੍ਹਾਂ ਕਾਨੂੰਨਾਂ ਦੇ ਅਸਰਾਂ ਅਤੇ ਇਨ੍ਹਾਂ ਵਰਗਾਂ ਦੇ ਵਿਸ਼ੇਸ਼ ਮੁੱਦਿਆਂ ਬਾਰੇ ਚਰਚਾ ਕਰਦੇ ਹੋਏ ਇਨ੍ਹਾਂ ਨੂੰ ਅੰਦੋਲਨ ਦਾ ਅਨਿਖੜਵਾਂ ਅੰਗ ਬਣਾਉਣ 'ਤੇ ਜੋਰ ਦਿੰਦੇ ਹਨ।

ਕਿਸਾਨ ਅੰਦੋਲਨ ਅਤੇ ਸਭਿਆਚਾਰ ਵਾਲਾ ਭਾਗ ਵਿੱਚ ਕੀਤੇ ਗਏ ਵਿਚਾਰ ਅਤੇ ਵਿਸ਼ਲੇਸ਼ਣ ਵੀ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਸ ਭਾਗ ਵਿੱਚ ਪੰਜਾਬੀ ਸਭਿਆਚਾਰਕ ਅਵਚੇਤਨ ਦੀਆਂ ਉਨ੍ਹਾਂ ਰਮਜ਼ਾਂ ਨੂੰ ਫੜਿਆ ਗਿਆ ਹੈ ਜੋ ਇਸ ਅੰਦੋਲਨ ਵਿੱਚ ਗਹਿਰੇ ਰੂਪ ਵਿੱਚ ਕੰਮ ਕਰ ਰਹੀਆਂ ਹਨ। ਪੰਜਾਬੀ ਸਭਿਆਚਾਰ ਦੇ ਕੁਝ ਵਿਸ਼ੇਸ਼ ਲੱਛਣਾਂ ਦਾ ਵਰਣਨ ਕਰਦਿਆਂ ਦੱਸਿਆ ਗਿਆ ਹੈ ਕਿ ਪੰਜਾਬੀ ਸਭਿਆਚਾਰਕ ਅਵਚੇਤਨ ਵਿੱਚ ਦਿੱਲੀ ਖਿਲਾਫ਼ ਲੜਨ ਦਾ ਜੋ ਮਾਦਾ ਪਿਆ ਹੈ ਕੇਂਦਰ ਸਰਕਾਰ ਉਸ ਤਾਕਤ ਨੂੰ ਸਮਝ ਨਹੀਂ ਰਹੀ। ਇਸ ਵਿੱਚ ਕਲਾਕਾਰਾਂ, ਸਾਹਿਤਕਾਰਾਂ ਦੇ ਅੰਦੋਲਨ ਦਾ ਹਿੱਸਾ ਬਣਨ ਅਤੇ ਅੰਦੋਲਨ ਦੀ ਹਮਾਇਤ ਕਰਨ ਤੋਂ ਲੈ ਕੇ ਅੰਦੋਲਨ ਵਿੱਚ ਆਪਾ-ਚਮਕਾਊ ਰੋਲ ਕਰਨ ਦੇ ਵੱਖ ਵੱਖ ਰੂਪਾਂ ਦਾ ਮੁਲਾਂਕਣ ਕਰਦਿਆਂ ਮੁੱਲਵਾਨ ਸੇਧ ਅਤੇ ਸਮਝ ਦਿੱਤੀ ਗਈ ਹੈ। ਕਿਸਾਨੀ ਸੁਭਾਅ ਅਤੇ ਜੱਟਵਾਦ ਨੂੰ ਨਿਖੇੜਨ ਬਾਰੇ ਸਮਝਾਇਆ ਗਿਆ ਹੈ। ਇਹ ਵੀ ਦਰੁਸਤ ਮੱਤ ਦਿੱਤੀ ਗਈ ਹੈ ਕਿ ਅੰਦੋਲਨ ਦੀ ਸਫਲਤਾ ਲਈ ਇਸ ਨੂੰ ਇੱਕ ਪਾਸੇ ਧਾਰਮਿਕ ਮੂਲਵਾਦੀ ਰੁਝਾਨਾਂ ਦੇ ਧੱਕੇ ਚੜ੍ਹਨ ਅਤੇ ਦੂਜੇ ਪਾਸੇ ਹੋਛੀ ਜਥੇਬੰਦਕ ਸੰਕੀਰਣਤਾ ਤੋਂ ਬਚਾ ਕੇ ਰੱਖਣ ਦੀ ਲੋੜ ਹੈ।

ਇਸ ਤਰ੍ਹਾਂ ਇਹ ਪੁਸਤਕ ਜਿੱਥੇ ਖੇਤੀ ਕਾਨੂੰਨਾਂ ਅਤੇ ਕਿਸਾਨ ਅੰਦੋਲਨ ਦੇ ਵੱਖ ਵੱਖ ਪਹਿਲੂਆਂ ਬਾਰੇ ਇੱਕ ਬੱਝਵੀਂ ਸਮਝ ਬਣਾਉਣ ਵਿੱਚ ਸਹਾਈ ਹੁੰਦੀ ਹੈ, ਉੱਥੇ ਆਉਣ ਵਾਲੇ ਸਮਿਆਂ ਲਈ ਇੱਕ ਇਤਿਹਾਸਕ ਦਸਤਾਵੇਜ਼ ਵਜੋਂ ਵੀ ਸਾਂਭਣਯੋਗ ਹੈ। ਪੁਸਤਕ ਵਿੱਚ ਸ਼ਾਮਲ ਲੇਖਾਂ ਦੇ ਸਾਰੇ ਲੇਖਕ ਨਾਮਵਰ ਵਿਦਵਾਨ ਹਨ ਜਿਨ੍ਹਾਂ ਦੇ ਫੋਨ ਨੰਬਰ ਵੀ ਦਿੱਤੇ ਗਏ ਹਨ, ਪਰ ਹੋਰ ਵਧੀਆ ਹੁੰਦਾ ਜੇ ਇੱਕ ਅੰਤਿਕਾ ਵਿੱਚ ਇਨ੍ਹਾਂ ਵਿਦਵਾਨਾਂ ਦੀ ਮੁਹਾਰਤ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ ਹੁੰਦੀ।

ਸੰਪਰਕ: *98767-10809*

ਪੁਸਤਕ ਮੰਗਵਾਉਣ ਲਈ Peoples forum,Bargari, (9872989313) ਨਾਲ ਸੰਪਰਕ ਕੀਤਾ ਜਾ ਸਕਦਾ ਹੈ।











# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 'ਮਾਂ-ਦਿਵਸ' ਨੂੰ ਸਮਰਪਤ ਰਹੀ

ਮਈ ਮਹੀਨੇ ਵਿੱਚ ਆਏ 'ਮਾਂ ਦਿਵਸ' ਨੂੰ ਸਮਰਪਤ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਜ਼ੂਮ ਮੀਟਿੰਗ ਵਿੱਚ ਹਾਜ਼ਰ ਤੀਹ ਕੁ ਮਾਵਾਂ ਨੇ ਮਾਂ ਦੇ ਪਿਆਰ, ਦਰਦ, ਵਿਛੋੜੇ, ਕੁਰਬਾਨੀ, ਸਹਿਨਸ਼ੀਲਤਾ ਤੇ ਮਾਂ ਦੇ ਸਮੁੱਚੀ ਮਨੁੱਖਤਾ ਨਾਲ ਸਬੰਧਤ ਹੋਰ ਅਨੇਕਾਂ ਪਹਿਲੂਆਂ ਨੂੰ ਪ੍ਰਗਟਾਉਂਦੇ ਜਜ਼ਬਾਤਾਂ ਨਾਲ ਸਾਂਝ ਪਾਈ। ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਮਾਂ ਨੂੰ ਆਪਣੇ ਬੱਚਿਆਂ ਲਈ ਅਲਾਰਮ, ਅਧਿਆਪਕ ਤੇ ਡਾਕਟਰ ਕਹਿਕੇ ਨਿਵਾਜਿਆ ਜੋ ਜੰਮਣ ਪੀੜਾਂ ਦੇ 57 ਯੂਨਿਟ ਅਸਿਹ ਤੇ ਅਕਿਹ ਦਰਦ ਵਿਚੋਂ ਲੰਘ ਬੱਚਾ ਪੈਦਾ ਕਰਨ ਦੀ ਤਾਕਤ ਰਖਦੀ ਹੈ ਜਦੋਂ ਕਿ ਆਮ ਸਥਿਤੀਆਂ ਵਿੱਚ 45 ਯੂਨਿਟ ਦਰਦ ਬਰਦਾਸ਼ਤ ਕਰਨ ਦੀ ਸੀਮਾ ਮੈਡੀਕਲ ਸਾਇੰਸ ਵਲੋਂ ਤਹਿ ਕੀਤੀ ਗਈ ਦੱਸੀ ਜਾਂਦੀ ਹੈ। ਉਹਨਾਂ ਆਪਣੀ ਕਵਿਤਾ ਨਾਲ ਮਾਂ ਦੇ ਵਿਛੋੜੇ ਤੇ ਮਾਂ ਦੇ ਭਿੰਨ-ਭਿੰਨ ਰੂਪਾਂ ਦੀ ਸਾਂਝ ਪਾਈ।

'ਸੁਤ ਅਪਰਾਧ ਕਰਤ ਹੈ ਜੇਤੇ ਜਨਨੀ ਰਾਖਤ ਨਾਹੀ ਚੇਤੇ' ਗੁਰਬਾਣੀ ਦਾ ਹਵਾਲਾ ਦੇ ਮਨਮੋਹਨ ਕੌਰ ਜੀ ਨੇ ਔਰਤ ਦੇ ਰੱਬ ਵਰਗੇ ਵਿਸ਼ਾਲ ਹਿਰਦੇ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਭਾਰਤ ਵਿੱਚ ਕਰੋਨਾ ਮਹਾਂਮਾਰੀ ਕਾਰਨ ਪੀੜਤ ਲੋਕਾਈ ਵਿੱਚ ਸ਼ਾਮਲ ਮਾਵਾਂ ਦੀ ਤ੍ਰਾਸਦੀ ਵਰਨਣ ਤੋਂ ਬਾਹਰੀ ਹੈ ਜਿੱਥੇ ਘਰਾਂ ਦੇ ਘਰ ਖਾਲੀ ਹੋ ਰਹੇ ਹਨ। ਉਹਨਾਂ ਬਰਜਿੰਦਰ ਚੁਹਾਨ ਦੇ ਬੋਲਾਂ, 'ਮੰਨਿਆ ਅੱਜ ਦੀ ਰਾਤ ਕਾਲੀ ਬੜੀ ਨਾਲੇ ਫਿਰਦੀ ਹੈ ਅੰਨ੍ਹੀ ਹਵਾ; ਜੇ ਬਨੇਰੇ ਤੇ ਜਗਦਾ ਨਾ ਸਹੀ ਘਰ ਦੇ ਅੰਦਰ ਦੀਵਾ ਤਾਂ ਜਗਾ।' ਨਾਲ ਆਸ ਦੀ ਕਿਰਨ ਦਾ ਪਲਾ ਫੜਨ ਦੀ ਅਰਜੋਈ ਕੀਤੀ।

ਗੁਰਚਰਨ ਥਿੰਦ ਨੇ ਸਮਾਜ ਵਿੱਚ ਜ਼ਬਰੀ ਬਣਾਈਆਂ ਮਾਵਾਂ ਦੇ ਦਰਦਨਾਕ ਪਹਿਲੂ ਨੂੰ ਬਿਆਨਦੇ ਉਹਨਾਂ ਕਾਲੇ ਦੌਰਾਂ ਦੀ ਗੱਲ ਕੀਤੀ ਜਦੋਂ ਮਨੁੱਖੀ ਵਹਿਸ਼ਤ ਦਾ ਸ਼ਿਕਾਰ ਹੋਈਆਂ ਕੁਆਰੀਆਂ ਕੁੱਖਾਂ ਅਸਿਹ ਦਰਦ ਬਰਦਾਸ਼ਤ ਕਰ ਅਣਚਾਹੀ ਔਲਾਦ ਜੰਮਦੀਆਂ ਸ਼ਰਮਸ਼ਾਰ ਹੁੰਦੀਆਂ ਹਨ। ਤੇ ਉਹ ਅਣਚਾਹੇ ਨਜਾਇਜ਼ ਮਜ਼ਬੂਰ ਬੱਚੇ ਅੰਮ੍ਰਿਤਾ ਪ੍ਰੀਤਮ ਦੇ ਬੋਲਾਂ ਅਨੁਸਾਰ, ਉਧਿਰਕਾਰ ਹਾਂ ਮੈਂ ਉਹ ਜਿਹੜੀ ਇਨਸਾਨ ਉੱਤੇ ਪੈ ਰਹੀ, ਪੈਦਾਇਸ਼ ਹਾਂ ਉਸ ਵਕਤ ਦੀ ਜਦ ਟੁੱਟ ਰਹੇ ਸੀ ਤਾਰੇ, ਜਦ ਬੁੱਝ ਗਿਆ ਸੀ ਸੂਰਜ।" ਆਖ ਸਮੁੱਚੀ ਮਨੁੱਖਤਾ ਨੂੰ ਲਾਹਨਤ ਦੇਂਦੇ ਸ਼ਰਮਸ਼ਾਰੀ ਵਾਲਾ ਜੀਵਨ ਜਿਉਂਦੇ ਹਨ। ਉਹਨਾਂ ਧਾਰਮਿਕ ਦੂਹਰੇ ਮਾਪ-ਦੰਡਾਂ ਅਤੇ ਰੂੜੀਵਾਦੀ ਸੋਚ 'ਤੇ ਡੂੰਘੀ ਚੋਟ ਲਾਈ ਜੋ ਇੱਕਵੀਂ ਸਦੀ ਵਿੱਚ ਵੀ ਕਈ ਧਾਰਮਿਕ ਅਸਥਾਨਾਂ ਵਿੱਚ ਇਹਨਾਂ ਜਗਤ-ਜਨਣੀਆਂ ਦੇ ਦਾਖਲੇ ਤੇ ਮਨਾਹੀ ਦੀ ਤਖਤੀ ਫੜੀ ਬੈਠੀ ਹੈ ਜਦੋਂ ਕਿ ਉਹਨਾਂ ਹੀ ਕਈ ਧਾਰਮਿਕ ਅਸਥਾਨਾਂ ਤੇ ਇਨ੍ਹਾਂ ਦਾ ਦੇਵੀ-ਰੂਪ ਸ਼ਿੰਗਾਰ-ਸੁਆਰ ਕੇ ਪੂਜਿਆ ਜਾਂਦਾ ਹੈ।




ਸਰੀ ਤੋਂ ਮੀਟਿੰਗ ਵਿੱਚ ਸ਼ਾਮਲ ਹੋਏ ਗੁਰਮਿੰਦਰ ਸਿੱਧੂ, ਰਾਜਵੰਤ ਮਾਨ, ਸੁਰਜੀਤ ਧੁੰਨਾ, ਸੁਰਿੰਦਰ ਵਿਰਦੀ, ਹਰਚਰਨ ਬਾਸੀ, ਸੁਰਜੀਤ ਢਿਲੋਂ, ਸਰਬਜੀਤ ਉੱਪਲ ਤੇ ਅਮਰਜੀਤ ਗਰੇਵਾਲ, ਗੁਰਤੇਜ ਸਿੱਧੂ, ਹਰਦੇਵ ਕੌਰ, ਸੁਰਿੰਦਰ ਸੰਧੂ ਤੇ ਗੁਰਜੀਤ ਬੈਦਵਾਨ, ਕਿਰਨ ਕਲਸੀ, ਲਹਿੰਦੇ ਪੰਜਾਬ ਤੋਂ ਸਾਅਦਤ ਰੁਬੀਨਾ ਜੀ, ਹਰਮਿੰਦਰ ਚੁੱਗ ਜੀ, ਤਵਿੰਦਰ ਕੌਰ, ਕੰਵਲਜੀਤ ਪਰਮਾਰ, ਜੁਗਿੰਦਰ ਪੁਰਬਾ ਅਤੇ ਆਸ਼ਾਪਾਲ, ਅਮਰਜੀਤ ਸੱਗੂ, ਮੁਖਤਿਆਰ ਧਾਲੀਵਾਲ ਆਦਿ ਨੇ ਕਵਿਤਾਵਾਂ ਸੁਣਾਈਆਂ।

ਸਭਾ ਦੇ ਸਕੱਤਰ ਗੁਰਦੀਸ਼ ਗਰੇਵਾਲ ਜੀ ਨੇ ਮੀਟਿੰਗ ਦਾ ਸੰਚਾਲਨ ਕੀਤਾ ਅਤੇ ਵਿੱਚ ਵਿੱਚ ਮਾਂ-ਦਿਵਸ ਦੀ ਮਹੱਤਤਾ ਦੱਸ ਕੇ ਅਤੇ ਆਪਣੀਆਂ ਲਿਖੀਆਂ ਬੋਲੀਆਂ ਦੀ ਸਾਂਝ ਪਾ ਕੇ ਰੌਚਕਤਾ ਬਣਾਈ ਰਖੀ।

ਮਾਂ-ਦਿਵਸ ਨੂੰ ਸਮਰਪਤ ਇਸ ਮੀਟਿੰਗ ਵਿੱਚ ਗੁਰਚਰਨ ਥਿੰਦ ਵਲੋਂ ਮਜ਼ਦੂਰ-ਦਿਵਸ ਦੀ ਗੱਲ ਵੀ ਕੀਤੀ ਗਈ ਜੋ ਕਿ ਧਰਤੀ ਮਾਂ ਦੇ ਸਮੁੱਚੇ ਮਜ਼ਦੂਰ ਵਰਗ ਦੀ ਕਹਾਣੀ ਬਿਆਨਦਾ ਹੈ। ਦੁਨੀਆਂ ਭਰ ਦੇ ਮਜ਼ਦੂਰਾਂ ਨੇ ਸਮੇਂ ਸਮੇਂ ਆਪਣੇ ਹੱਕਾਂ ਲਈ ਸੰਘਰਸ਼ ਕੀਤਾ ਅਤੇ ਕੰਮ ਦੇ ਅੱਠ ਘੰਟੇ, ਕੰਮ ਸਬੰਧੀ ਲੋੜੀਂਦੀਆਂ ਸਹੂਲਤਾਂ, ਮਨੋਰੰਜਨ ਅਤੇ ਆਪਣੇ ਅਰਾਮ ਦੇ ਸਮੇਂ ਦੀਆਂ ਮੰਗਾਂ ਮੰਨਵਾ ਕੇ ਸਾਹ ਲਿਆ ਸੀ। ਉਹਨੇ ਕਿਹਾ ਕਿ ਮਜ਼ਦੂਰਾਂ ਦਾ ਇਹ ਸੰਘਰਸ਼ ਨਿਰੰਤਰ ਜਾਰੀ ਹੈ। ਸੰਪਰਕ ਵਾਸਤੇ : ਬਲਵਿੰਦਰ ਬਰਾੜ : 403-590-9629; ਗੁਰਚਰਨ ਥਿੰਦ: 403-402-9635: ਗੁਰਦੀਸ਼ ਗਰੇਵਾਲ: 403-404-1450


















# ਕਰੋਨਾ: ਵਾਇਰਸ ਤੱਕ ਹੀ ਸੀਮਿਤ ਨਹੀਂ ਹੈ ਮਸਲਾ, ਪ੍ਰਾਪੇਗੰਡਾ ਵੀ ਖਤਰਨਾਕ



**- ਡਾ. ਸ਼ਿਆਮ ਸੁੰਦਰ ਦੀਪਤੀ**

ਹਰ ਰੋਜ਼ ਤਕਰੀਬਨ ਚਾਰ ਲੱਖ ਨਵੇਂ ਕੇਸ ਅਤੇ ਚਾਰ ਹਜ਼ਾਰ ਦੇ ਕਰੀਬ ਮੌਤਾਂ, ਜੋ ਸਾਨੂੰ ਸਰਕਾਰ ਵੱਲੋਂ ਕਰੋਨਾ ਬੁਲੇਟਿਨ ਵਿੱਚ ਦੱਸੀਆਂ ਜਾ ਰਹੀਆਂ ਹਨ। ਇਸ ਮੁਤਾਬਕ ਮੌਤ ਦਰ ਇੱਕ ਫੀਸਦੀ ਹੈ। ਜਿਸ ਘਰ ਦੇ ਬੰਦੇ ਦੀ ਮੌਤ ਹੁੰਦੀ ਹੈ, ਉਸ ਲਈ ਇਹ ਅੰਕੜੇ ਮਾਇਨੇ ਨਹੀਂ ਰੱਖਦੇ, ਭਾਵੇਂ ਕਿ ਮੈਡੀਕਲ ਵਿਗਿਆਨ ਦੇ ਪੱਖ ਤੋਂ ਇਹ ਕੋਈ ਵੱਡੀ ਗਿਣਤੀ ਨਹੀਂ ਹੈ, ਜਦੋਂ ਕਿ ਸਾਡੇ ਕੋਲ ਹੋਰ ਕਈ ਬਿਮਾਰੀਆਂ ਬਾਰੇ ਵੀ ਮੌਤਾਂ ਦੀ ਤਸਵੀਰ ਪਈ ਹੈ ਤੇ ਇਨ੍ਹਾਂ ਦੀ ਤੁਲਨਾ ਕਰਕੇ ਸਮਝਣਾ, ਵਿਗਿਆਨਕ ਸੂਝ ਦਾ ਹਿੱਸਾ ਹੈ। ਇਸ ਦਾ ਇੱਕ ਪੱਖ ਹੋਰ ਵੀ ਹੈ ਕਿ ਜਦੋਂ ਮੀਡੀਆ ਦੇਸ਼ ਭਰ ਦੇ ਅਨੇਕਾਂ ਸਿਵਿਆਂ ਵਿੱਚ ਸੜ ਰਹੀਆਂ ਲਾਸ਼ਾਂ, ਲਾਈਨ ਲਗਾ ਕੇ ਉਡੀਕ ਕਰਦੀਆਂ ਲਾਸ਼ਾਂ ਜਾਂ ਟੋਕਣ ਲੈ ਰਹੇ ਲੋਕ, ਦਿਖਾਏ-ਦਰਸਾਏ ਜਾਂਦੇ ਹਨ ਤਾਂ ਇੱਕ ਸਵਾਲ ਤਾਂ ਪੈਦਾ ਹੁੰਦਾ ਹੈ ਕਿ ਪੂਰੇ ਦੇਸ਼ ਵਿੱਚ ਚਾਰ ਕੁ ਹਜ਼ਾਰ ਮ੍ਰਿਤਕ ਦੇਹਾਂ ਨੂੰ ਅਗਨੀ ਦੇ ਹਵਾਲੇ ਕਰਨ ਵਿੱਚ ਕਿੰਨੀ-ਕੁ ਦਿੱਕਤ ਹੈ, ਜਦੋਂ ਕਿ ਆਮ ਮੌਤ ਦਰ ਦੇ ਮੁਤਾਬਕ, ਹਰ ਰੋਜ਼ ਤਕਰੀਬਨ 26-27 ਹਜ਼ਾਰ ਲੋਕ ਹਰ ਰੋਜ਼ ਹੀ ਮਰਦੇ ਹਨ। ਕੀ ਸਰਕਾਰ ਘੱਟ ਮੌਤਾਂ ਦੱਸ ਰਹੀ ਹੈ? ਜਾਂ ਮੀਡੀਆ ਵੱਧ ਤੋਂ ਵੱਧ ਉਨ੍ਹਾਂ ਥਾਵਾਂ ’ਤੇ ਪਹੁੰਚ ਕੇ ਸਨਸਨੀ ਫੈਲਾਉਣਾ ਚਾਹੁੰਦਾ ਹੈ ਤੇ ਡਰ ਬਣਾ ਕੇ ਰੱਖਣ ਦਾ ਕਾਰਜ ਕਰ ਰਿਹਾ ਹੈ।

ਮੈਡੀਕਲ ਦੇ ਮਾਹਿਰ ਵੀ ਦੂਸਰੀ ਲਹਿਰ ਦੀ ਤਿਆਰੀ ਨਾ ਹੋਣ ਦੀ ਸੂਰਤ ਵਿੱਚ, ਇਸ ਤਸਵੀਰ ਦੀ ਗੱਲ ਕਰ ਰਹੇ ਹਨ ਤੇ ਇਸ ਫੈਲਾਅ ਨੂੰ ਪਿੰਡਾਂ ਤੱਕ ਪਹੁੰਚਣ ਦੀ ਚਿਤਾਵਨੀ ਵੀ ਦੇ ਰਹੇ ਹਨ। ਇਸ ਅਚਾਨਕ ਆਈ ਤੇਜ਼ੀ ਵਿੱਚ, ਦੇਸ਼ ਅੰਦਰ ਫਰਵਰੀ-ਮਾਰਚ ਵਿੱਚ ਹੋਈਆਂ ਦੋ ਤਿੰਨ ਅਹਿਮ ਘਟਨਾਵਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਬੰਗਾਲ ਦੀਆਂ ਚੋਣਾਂ ਅਤੇ ਕੁੰਭ। ਇੱਕ ਪਾਸੇ ਸਰਕਾਰ ਨੇ ਤਿਆਰੀ ਨਹੀਂ ਕੀਤੀ, ਦੂਸਰੇ ਪਾਸੇ ਪੂਰੀ ਖੁੱਲ੍ਹ ਦਿੱਤੀ ਗਈ, ਜੇ ਕਹੀਏ ਤਾਂ ਖ਼ੁਦ ਉਸ ਦਾ ਹਿੱਸਾ ਬਣਿਆ ਗਿਆ। ਕਰੋਨਾ ਦੇ ਫੈਲਾਅ, ਪਾਜ਼ੇਟਿਵ ਕੇਸਾਂ, ਬਿਮਾਰੀ, ਮੌਤ ਦੇ ਦ੍ਰਿਸ਼ ਨੂੰ ਡੇਢ ਸਾਲ ਹੋਣ ਜਾ ਰਿਹਾ ਹੈ ਤੇ ਕੋਈ ਵੀ ਦਿਨ ਅਜਿਹਾ ਨਹੀਂ ਹੋਣਾ ਕਿ ਮੀਡੀਆ, ਰਾਜਨੇਤਾ, ਮੈਡੀਕਲ ਅਮਲੇ ਨੇ ਇਸ ਹਾਲਤ ਨੂੰ ਵਿਸਾਰਿਆ ਹੋਵੇ ਪਰ ਸਥਿਤੀ ਸਪੱਸ਼ਟ ਹੋਣ ਦੀ ਬਜਾਏ ਗੁੰਝਲਦਾਰ ਹੋਈ ਹੈ ਤੇ ਭੰਬਲਭੂਸਾ ਵਧਿਆ ਹੈ। ਨਤੀਜੇ ਵਜੋਂ ਅਸੀਂ ਕਰੋਨਾ ਨੂੰ ਲੈ ਕੇ ਹਾਲਾਤ ਨੂੰ ਬਦ ਤੋਂ ਬਦਤਰ ਹੁੰਦੇ ਦੇਖ ਰਹੇ ਹਾਂ।

ਇੱਕ ਹੋਰ ਗੱਲ ਅਹਿਮ ਹੈ ਕਿ ਪਿਛਲੇ ਸਾਲ ਦੇ ਲੌਕਡਾਊਨ, ਮਜ਼ਦੂਰਾਂ ਦਾ ਪੈਦਲ ਹੀ ਆਪਣੇ ਘਰਾਂ ਨੂੰ ਪਰਤਣਾ, ਤਾਲੀ-ਥਾਲੀ, ਨੌ ਦਾ ਚੱਕਰ ਤੇ ਫੇਰ ਕਿਸਾਨਾਂ ਦਾ ਟੌਲਾਂ ’ਤੇ ਧਰਨਾ ਦੇਣਾ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਦਿੱਲੀ ਬਾਰਡਰ ’ਤੇ ਧਰਨਾ ਦੇਣਾ। ਉਨ੍ਹਾਂ ਨੂੰ ਕਰੋਨਾ ਮੌਜੂਦਾ ਸਰਕਾਰ ਦੀ ਚਾਲ ਵੱਧ ਲੱਗਿਆ ਹੈ ਤੇ ਉਨ੍ਹਾਂ ਨੇ ਇਸ ਨੂੰ ਕਦੇ ਵੀ ਸੰਜੀਦਗੀ ਨਾਲ ਨਹੀਂ ਲਿਆ। ਗੱਲ ਜਚਦੀ ਵੀ ਹੈ ਕਿ ਕਰੋਨਾ ਦੀ ਆੜ ਵਿੱਚ ਮਜ਼ਦੂਰਾਂ ਦੇ ਬਿੱਲ ਵਿੱਚ ਸੋਧਾਂ, ਖੇਤੀ ਕਾਨੂੰਨ, ਸਿੱਖਿਆ ਨੀਤੀ ਆਦਿ ਕਈ ਕਾਰਨਾਮੇ ਹੋਏ ਹਨ।

ਇਸ ਦੇ ਉਲਟ ਇੱਕ ਹੋਰ ਵਰਗ ਹੈ ਜੋ ਏਨਾ ਡਰਿਆ ਹੋਇਆ ਹੈ ਕਿ ਘਰ ਵਿੱਚ ਹੀ ਬੰਦ ਹੋ ਗਿਆ ਹੈ। ਅਨੇਕਾਂ ਹੀ ਅਜਿਹੇ ਲੋਕ ਹਨ, ਜੋ ਤਕਰੀਬਨ ਡੇਢ ਸਾਲ ਤੋਂ, ਜਦੋਂ ਤੋਂ ਕਿਹਾ ਗਿਆ ਹੈ, ‘ਘਰੇ ਰਹੋ ਸੁਰੱਖਿਅਤ ਰਹੋ’ ਘਰ ਤੋਂ ਬਾਹਰ ਨਹੀਂ ਨਿਕਲੇ ਹਨ। ਇਸ ਪਿੱਛੇ ਮੀਡੀਆ ਦੀ ਭੂਮਿਕਾ ਵੀ ਹੈ ਤੇ ਪੁਲੀਸ ਦਾ ਕਿਰਦਾਰ ਵੀ। ਇਸ ਡਰ ਦੀ ਹਾਲਤ ਨੇ ਸਮਾਜ ਵਿੱਚ ਕਈ ਨਵੇਂ ਰੂਪ ਸਾਹਮਣੇ ਲਿਆਂਦੇ ਹਨ, ਜਿਵੇਂ ਆਪਣੇ ਰਿਸ਼ਤੇਦਾਰਾਂ ਤੋਂ ਦੂਰੀ ਬਣਾਉਣਾ, ਕਰੋਨਾ ਹੋਣ ’ਤੇ ਟੈਲੀਫੋਨ ’ਤੇ ਵੀ ਗੱਲ ਨਾ ਕਰਨੀ, ਆਪਣੀ ਮਾਂ ਦੀ ਮ੍ਰਿਤਕ ਦੇਹ ਨੂੰ ਲੈਣ ਤੋਂ ਇਨਕਾਰ ਕਰਨਾ। ਪਿਛਲੇ ਸਾਲ ਤਾਂ ਇਹ ਬਹੁਤ ਜ਼ਿ?ਆਦਾ ਸੀ ਪਰ ਘੱਟ ਅਜੇ ਵੀ ਨਹੀਂ ਹੋਇਆ ਹੈ, ਜਦੋਂ ਮੀਡੀਆ ਅਮਾਨਵੀਂ ਤਸਵੀਰਾਂ ’ਤੇ ਜ਼ਿਆਦਾ ਕੈਮਰਾ ਫੋਕਸ ਕਰ ਰਿਹਾ ਹੈ। ਦੂਸਰੇ ਪਾਸੇ ਸਰਕਾਰ ਦੇ ਨਾਈਟ ਕਰਫ਼ਿਊ, ਕਾਰ ਵਿੱਚ ਦੋ ਸਵਾਰੀਆਂ, ਸੜਕਾਂ ਦੇ ਬੈਰੀਕੇਟਸ ਵੀ ਡਰਾਉਂਦੇ ਹਨ। ਇਹ ਗੱਲ ਜਰੂਰ ਠੀਕ ਹੈ ਕਿ ਕਿਸੇ ਵੀ ਸਾਹ ਦੀ ਬਿਮਾਰੀ ਲਈ, ਭੀੜ-ਭੜੱਕੇ ਵਿੱਚ ਇਹ ਜਰੂਰ ਫੈਲਦੀ ਹੈ ਪਰ ਹਵਾ ਨਾਲ ਫੈਲਦੀ ਹੋਵੇ, ਇਹ ਅਜੇ ਤੱਕ ਪੂਰੀ ਤਰ੍ਹਾਂ ਸਾਬਿਤ ਨਹੀਂ ਹੋਇਆ ਹੈ।

ਜਦੋਂ ਕਰੋਨਾ ਬਿਮਾਰੀ ਦੇ ਸਰੀਰਿਕ ਪੱਖ ਦੀ, ਕਰੋਨਾਵਾਇਰਸ ਦੇ ਰੂਪ ਸਰੂਪ ਦੀ ਗੱਲ ਹੁੰਦੀ ਹੈ ਤਾਂ ਖਾਂਸੀ, ਖਰਾਸ਼, ਸਾਹ ਚੜ੍ਹਣਾ, ਨਿਮੋਨੀਆਂ ਬਾਰੇ ਸਾਰੇ ਹੀ ਜਾਣੂ ਹਨ। ਨਿਮੋਨੀਆਂ ਨਾਲ ਜਦੋਂ ਫੇਫੜੇ ਨਕਾਰਾ ਹੋ ਜਾਂਦੇ ਹਨ ਤਾਂ ਮੌਤ ਦੀ ਸੰਭਾਵਨਾ ਵੀ ਕੋਈ ਨਵੀਂ ਹੈ। ਹੁਣ ਅਸੀਂ ਮਾਸਕ ਅਤੇ ਸਮਾਜਿਕ ਦੂਰੀ ਦੀ ਗੱਲ ਕਰਦੇ ਹਾਂ, ਪਰ ਇਹ ਵੀ ਸਾਡੇ ਵਿਵਹਾਰ ਦਾ ਹਿੱਸਾ ਹੈ ਕਿ ਜਦੋਂ ਵੀ ਕਿਸੇ ਨੂੰ ਵਾਇਰਲ ਬੁਖ਼ਾਰ, ਨਜ਼ਲਾ-ਜ਼ੁਕਾਮ ਹੁੰਦਾ ਰਿਹਾ ਹੈ ਤਾਂ ਅਸੀਂ ਹੱਥ ਮਿਲਾਉਣ ਤੇ ਗਲਵੱਕੜੀ ਪਾਉਣ ਤੋਂ ਵੀ ਗੁਰੇਜ਼ ਕਰਦੇ ਹਾਂ। ਅਸੀਂ ਖ਼ੁਦ ਕਹਿ ਦਿੰਦੇ ਹਾਂ ਕਿ ‘ਮੈਨੂੰ ਅੱਜ ਵਾਇਰਲ ਬੁਖ਼ਾਰ ਹੈ, ਦੂਰ ਰਹਿਣਾ ਹੀ ਬੇਹਤਰ ਹੈ।’ ਹੁਣ ਇਸ ਨੂੰ ਮਾਸਕ ਅਤੇ ਸਮਾਜਿਕ ਦੂਰੀ ਦਾ ਨਾਂ ਮਿਲ ਗਿਆ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਮਨੁੱਖ ਸਮਾਜਿਕ ਪ੍ਰਾਣੀ ਹੈ ਤੇ ਉਸ ਅੰਦਰ ਲੋਕਾਂ ਦੀ ਮਦਦ ਕਰਨ ਦਾ ਅਹਿਸਾਸ ਕੁਦਰਤੀ ਪਿਆ ਹੈ। ਅਸੀਂ ਕਿਸੇ ਵੀ ਔਕੜ ਵੇਲੇ, ਚਾਹੇ ਤੂਫ਼ਾਨ-ਸੁਨਾਮੀ, ਰੇਲਵੇ ਦੁਰਘਟਨਾ ਵੇਲੇ, ਦੂਰ-ਦਰਾਜ ਦੇ ਇਲਾਕਿਆਂ ਤੋਂ ਵੀ ਪੈਸੇ-ਕੱਪੜੇ, ਰਾਸ਼ਨ ਇਕੱਠਾ ਕਰਕੇ ਭੇਜਦੇ ਹਾਂ ਤੇ ਲੋੜ ਪੈਣ ’ਤੇ ਖ਼ੁਦ ਵੀ ਪਹੁੰਚਦੇ ਹਾਂ। ਇਹ ਨਹੀਂ ਕਿ ਕਰੋਨਾ ਆਪਦਾ ਵਿੱਚ ਅਜਿਹਾ ਆਪਸੀ ਮਦਦ ਵਾਲਾ ਕੁੱਝ ਨਾ ਹੋਇਆ ਹੋਵੇ। ਰਾਸ਼ਨ ਤੋਂ ਲੈ ਕੇ ਆਕਸੀਜਨ ਦੇ ਲੰਗਰ ਲੱਗਦੇ ਦੇਖੇ ਜਾ ਸਕਦੇ ਹਨ ਪਰ ਇਸਦੇ ਉਲਟ ਆਕਸੀਜਨ ਦੀ ਘਾਟ ਇੱਕ ਮਸਲਾ ਹੈ ਪਰ ਉਸ ਦੀ ਜਮਾਂਖੋਰੀ ਅਤੇ ਕਾਲਾਬਾਜ਼ਾਰੀ, ਨੌ ਸੋ ਰੁਪਏ ਦੇ ਟੀਕੇ ਦਾ 25-30 ਹਜ਼ਾਰ ਵਿੱਚ ਮਿਲਣਾ ਤੇ ਇੱਥੋਂ ਤੱਕ ਕਿ ਸਮਸ਼ਾਨਘਾਟ ਵਿੱਚ ਲੱਕੜਾਂ ਅਤੇ ਸਸਕਾਰ ਦੇ ਸਾਮਾਨ ਵਿੱਚ ਤੇਜ਼ੀ ਜਰੂਰ ਹੀ ਮਨੁੱਖ ਦਾ ਚਿਹਰਾ ਦਿਖਾਉਂਦੇ ਹਨ।

ਵਾਇਰਸ ਨੂੰ ਲੈ ਕੇ, ਇਸ ਦੇ ਰੂਪ ਬਦਲਣ, ਨਵੇਂ ਸਟ੍ਰੇਨ ਪੈਦਾ ਹੋਣ ਦੀ ਗੱਲ ਲਗਾਤਾਰ ਹੋ ਰਹੀ ਹੈ। ਉਸੇ ਤਰ੍ਹਾਂ, ਮਨੁੱਖ ਵੀ ਕਿਸੇ ਪੱਖੋਂ ਪਿੱਛੇ ਨਹੀਂ ਰਹਿ ਰਿਹਾ ਤੇ ਨਵੇਂ ਨਵੇਂ ਰੂਪ ਦਿਖਾ ਰਿਹਾ ਹੈ, ਜਿਸ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੁੰਦਾ। ਇਹ ਕਾਰਜ ਪੁਲੀਸ ਵੀ ਕਰ ਰਹੀ ਹੈ, ਮੀਡੀਆ ਵੀ। ਫੈਕਟਰੀਆਂ ਦੇ ਮਾਲਕ ਵੀ, ਜਿਨ੍ਹਾਂ ਦੇ ਸਿਰਾਂ ’ਤੇ ਉਹ ਸਾਲ ਦਰ ਸਾਲ ਆਪਣੇ ਘਰਾਂ ਨੂੰ ਧਨ ਨਾਲ ਭਰਦੇ ਹਨ। ਇੱਥੋਂ ਤੱਕ ਕਿ ਮੈਡੀਕਲ ਕਮਿਊਨਿਟੀ ਅੱਗੇ ਵਧ ਕੇ, ਬਾਰਡਰ ’ਤੇ ਲੜ ਰਹੇ ਫੌਜੀਆਂ ਵਾਂਗ ਜੁਟੇ ਹੋਏ ਹਨ ਪਰ ਨਿੱਜੀ ਖੇਤਰ ਦੇ, ਕਾਰਪੋਰੇਟ ਘਰਾਣਿਆਂ ਦੇ ਹਸਪਤਾਲ ਮੌਕੇ ਦਾ ਫਾਇਦਾ ਲੈਣ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ।

ਇੱਥੇ ਇੱਕ ਪੱਖ ਕਰੋਨਾ ਦੇ ਇਲਾਜ ਨੂੰ ਲੈ ਕੇ ਵੀ ਹੈ। ਕਰੋਨਾ ਦੇ ਰੂਪ-ਸਰੂਪ, ਵਿਵਹਾਰ ਬਾਰੇ ਛੇਤੀ ਹੀ ਮੈਡੀਕਲ ਵਿਗਿਆਨੀਆਂ ਨੂੰ ਪਤਾ ਚੱਲ ਗਿਆ। ਇੱਕ ਆਵਾਜ਼ ਉੱਠੀ ਕਿ ਵੈਕਸੀਨ ਹੀ ਇੱਕੋ ਇੱਕ ਕਾਰਗਰ ਉਪਾਅ ਹੈ। ਅਨੇਕਾਂ ਕੰਪਨੀਆਂ ਜੁਟ ਗਈਆਂ। ਭਾਵੇਂ ਹਸਪਤਾਲ ਦੇ ਲਈ ਇਲਾਜ ਨੂੰ ਆਏ ਮਰੀਜਾਂ ’ਤੇ ਕਈ ਦਵਾਈਆਂ ਨੂੰ ਲੈ ਕੇ ਤਜ਼ਰਬੇ ਹੋਏ। ਜੋ ਸਮੇਂ ਸਮੇਂ ਕੁਝ ਕੁ ਸਮੇਂ ਲਈ ਪ੍ਰਵਾਨ ਵੀ ਹੋਏ ਤੇ ਫਿਰ ਉਨ੍ਹਾਂ ਦੇ ਪ੍ਰਭਾਵ ਨੂੰ ਦੇਖਦੇ ਹੋਏ, ਉਹ ਸੂਚੀ ਤੋਂ ਬਾਹਰ ਵੀ ਕੀਤੇ। ਪੂਰੀ ਵਿਵਸਥਾ ਦੀ ਇੱਕਸੁਰਤਾ ਨਾ ਹੋਣ ਕਰਕੇ, ਨਿੱਜੀ ਹਸਪਤਾਲਾਂ ਨੇ, ਆਪਣੀ ਮਨਮਾਨੀ ਨਾਲ ਇਲਾਜ ਕੀਤਾ ਅਤੇ ਦਵਾਈਆਂ ਦੇ ਸਹੀ ਇਸਤੇਮਾਲ ਤੋਂ ਵੱਧ, ਉਨ੍ਹਾਂ ਦਾ ਗਲਤ ਅਤੇ ਵਾਧੂ ਪੈਸੇ ਲੈ ਕੇ ਵਰਤਣ ਵੱਲ ਰੁਝਾਨ ਦਿਖਾਇਆ। ਵੈਕਸੀਨ ਬਣ ਕੇ ਤਿਆਰ ਹੋਈ ਤੇ ਉਸ ਨੂੰ ਕੇਂਦਰ ਨੇ ਕਿਸੇ ਵੀ ਵਿਉਂਤ ਤੋਂ ਬਿਨਾਂ ਸਭ ਲਈ ਖੋਲ੍ਹ ਦਿੱਤਾ ਹੈ। ਰਾਜਨੀਤਿਕ ਚਿਹਰਾ ਉਦੋਂ ਸਾਹਮਣੇ ਆਇਆ ਜਦੋਂ ਵੈਕਸੀਨ ਜਾਂ ਆਕਸੀਜਨ ਦੀ ਵੰਡ ਨੂੰ ਲੈ ਕੇ ਕੇਂਦਰ ਨੇ ਸਭ ਕੁੱਝ ਆਪਣੇ ਹੱਥ ਵਿੱਚ ਰੱਖ ਲਿਆ ਤੇ ਉਸ ਦੀ ਵੰਡ ਨੂੰ ਲੈ ਕੇ ਵਿਤਕਰਾ ਸਾਫ਼ ਨਜ਼ਰ ਆਇਆ ਕਿ ਗ਼ੈਰ ਭਾਜਪਾ ਵਾਲੇ ਸੂਬੇ ਮਹਾਂਰਾਸ਼ਟਰ, ਪੰਜਾਬ, ਦਿੱਲੀ ਆਦਿ ਲਗਾਤਾਰ ਦੁਹਾਈ ਦੇ ਰਹੇ ਹਨ ਕਿ ਸਾਨੂੰ ਵੈਕਸੀਨ ਘੱਟ ਦਿੱਤੀ ਜਾ ਰਹੀ ਹੈ। ਵੈਕਸੀਨ ਨੂੰ ਲੈ ਕੇ, ਦੇਸ਼ ਲਈ ਇਹ ਕੋਈ ਪਹਿਲ ਤਜ਼ਰਬਾ ਨਹੀਂ ਹੈ। ਵੈਕਸੀਨ ਦੀ ਮਾਤਰਾ ਦੇ ਮੱਦੇਨਜ਼ਰ ਵਿਗਿਆਨਕ ਢੰਗ ਹੈ, ਰਿੰਗ ਵੈਕਸੀਨ। ਮਤਲਬ ਜਿੱਥੇ ਕੇਸ ਵੱਧ ਹਨ, ਉਨ੍ਹਾਂ ਇਲਾਕਿਆਂ ਨੂੰ ਪਹਿਲ ਦੇ ਆਧਾਰ ’ਤੇ ਦਵਾ/ਵੈਕਸੀਨ ਮੁਹੱਈਆਂ ਕਰਵਾਉਣਾ। ਲੌਕਡਾਊਨ ਤੋਂ ਲੈ ਕੇ ਲੌਕਡਾਊਨ ਦੀ ਸਥਿਤੀ, ਦੇਸ਼ ਦੀ ਆਰਥਿਕਤਾ ਤੇ ਤਾਂ ਸੱਟ ਮਾਰਦੀ ਹੀ ਹੈ, ਨਿਮਨ ਅਤੇ ਮੱਧਮ ਦੇ ਦਰਜੇ ਦੇ ਦੁਕਾਨਦਾਰ/ਰੇਹੜੀ ਵਾਲੇ/ਦਿਹਾੜੀਦਾਰ ਆਦਿ ਸਭ ਹੀ ਪ੍ਰੇਸ਼ਾਨ ਹਨ। ‘ਕਰੋਨਾ ਜਾਂ ਭੁੱਖ’ ਵਿੱਚੋਂ ਇੱਕ ਨੂੰ ਚੁਣਨਾ, ਉਨ੍ਹਾਂ ਦੀ ਕਿਸਮਤ ਇੱਥੇ ਤੱਕ ਹੀ ਸੀਮਤ ਹੈ। ਉਨ੍ਹਾਂ ਨੂੰ ਨਾ ਸਰਕਾਰ ਦਾ ਸਹਾਰਾ ਹੈ, ਨਾ ਹੀ ਆਪਣੇ ਮਾਲਿਕ-ਮੈਨੇਜਰਾਂ ਦਾ।

ਇਸ ਤਰ੍ਹਾਂ, ਇਸ ਪਰਿਪੇਖ ਵਿੱਚ, ਕਰੋਨਾ, ਜੋ ਕਿ ਵਾਇਰਸ ਹੈ, ਸਾਹ ਨਲੀ ਦੀ ਬਿਮਾਰੀ ਹੈ, ਨਿਮੋਨੀਆਂ ਹੋਣ ’ਤੇ ਮੌਤ ਦੀ ਸਥਿਤੀ ਬਣ ਜਾਂਦੀ ਹੈ ਪਰ ਇਸ ਦਾ ਪ੍ਰਭਾਵ ਜੋ ਸਮਾਜ ਦੇ ਵੱਖ ਵੱਖ ਪਹਿਲੂਆਂ, ਪਰਤਾਂ ਨੂੰ ਸਮਝਣ ਲਈ ਨਜ਼ਰ ਆਇਆ ਹੈ, ਉਹ ਆਉਣ ਵਾਲੇ ਸਮੇਂ ਵਿੱਚ ਸਭ ਨੂੰ ਪ੍ਰਭਾਵਿਤ ਕਰੇਗਾ, ਚਾਹੇ ਉਹ ਆਪਸੀ ਰਿਸ਼ਤਿਆਂ ਨੂੰ ਲੈ ਕੇ ਹੋਵੇ, ਚਾਹੇ ਸਰਕਾਰਾਂ ਦੀਆਂ ਨੀਤੀਆਂ ਅਤੇ ਵਿਉਂਤਬੰਦੀ ਦੀ ਕਾਬਲੀਅਤ ਨੂੰ ਲੈ ਕੇ ਹੈ। ਇਹ ਸਮਾਂ ਸਿੱਖਣ ਦਾ ਹੈ ਕਿ ਅਸੀਂ ਭਵਿੱਖ ਵਿੱਚ ਕਿਹੋ ਜਿਹਾ ਸਮਾਜ ਚਾਹੁੰਦੇ ਹਾਂ, ਜਿਹੋ ਜਿਹੇ ਰਾਜਨੀਤਿਕ ਆਗੂ ਅਤੇ ਰਿਸ਼ਤਿਆਂ ਵਿੱਚ ਕੀ ਗੁਣ ਦੇਖਣ ਦੇ ਚਾਹਵਾਨ ਹਾਂ।

98158-08506


Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com



SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220



BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
• Exterior Hand Wash & Dry
• Complete Interior Vaccum
• Clean All Windows Including Trunk
• Engine Wash, Tires & Wheels
• Wax & Polish
• Remove Scratches & Shampoo



Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com



A CHOICE DRIVING SCHOOL
- Class 5
- basic Driving Courses
- Certification Courses
- Advance Training Course
- Brush Up
- DDC Course
PICK UP & DROP OFF AVAILABLE
Off. 587-352-0610 Cell 403-473-1682

# ਲਿੰਗ ਸਮਾਨਤਾ ਅਤੇ ਆਤਮ ਨਿਰਭਰਤਾ ਲਈ ਔਰਤਾਂ ਨੂੰ ਮਿਲਣ ਬਰਾਬਰ ਦੇ ਮੌਕੇ



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070

ਦੇਸ਼ ਵਿੱਚ ਅੱਧੀ ਅਬਾਦੀ ਔਰਤਾਂ ਦੀ ਹੈ। ਇਹਨਾਂ ਔਰਤਾਂ ਨੂੰ ਬਰਾਬਰ ਹੱਕ ਦੇਣ ਦਾ ਮਾਮਲਾ ਗੁੰਝਲਦਾਰ ਅਤੇ ਚੁਣੌਤੀ ਪੂਰਨ ਹੈ। ਦੇਖਿਆ ਜਾਵੇ ਤਾਂ ਇਹ ਅਧੂਰਾ ਮਾਨਵ ਅਧਿਕਾਰ ਸੰਘਰਸ਼ ਹੈ। ਔਰਤਾਂ ਨੂੰ ਆਰਥਿਕ ਪੱਖੋਂ ਆਤਮ ਨਿਰਭਰ ਬਨਾਉਣ ਲਈ ਕੀਤੀ ਹਰ ਕੋਸ਼ਿਸ਼ ਵੀ, ਜਮੀਨੀ ਪੱਧਰ ਉਤੇ ਪਰਖਿਆਂ ਫੋਕੀ-ਫੋਕੀ ਜਾਪਦੀ ਹੈ। "ਵਰਲਡ ਇਕਨੌਮਿਕ ਫੋਰਮ" ਦੀ ਤਾਜਾ ਰਿਪੋਰਟ ਕਹਿੰਦੀ ਹੈ ਕਿ ਦੁਨੀਆ ਭਰ ਵਿੱਚ ਆਰਥਿਕ ਤੌਰ ਤੇ ਮਰਦਾਂ ਦੇ ਬਰਾਬਰ ਆਉਣ ਲਈ ਉਹਨਾਂ ਨੂੰ ਸਦੀਆਂ ਲੱਗ ਜਾਣਗੀਆਂ।

ਇਸ ਅਧਿਐਨ ਅਨੁਸਾਰ 156 ਦੇਸ਼ਾਂ ਵਿੱਚੋਂ ਭਾਰਤ ਆਰਥਿਕ ਨਾ ਬਰਾਬਰੀ ਦੇ ਮਾਮਲੇ 'ਚ 151ਵੇਂ ਥਾਂ ਹੈ। ਇੰਜ ਭਾਰਤ ਔਰਤਾਂ ਨੂੰ ਆਰਥਿਕ ਆਜ਼ਾਦੀ ਅਤੇ ਅਚੱਲ ਜਾਇਦਾਦ ਦੇਣ ਸਬੰਧੀ ਇੱਕ ਤਰ੍ਹਾਂ ਨਾਲ ਦੁਨੀਆ ਦੇ ਸਭ ਤੋਂ ਹੇਠਲੇ ਸਥਾਨ ਉਤੇ ਹੈ। ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੀਆਂ ਬਹੁਤੀਆਂ ਔਰਤਾਂ ਨੂੰ ਜ਼ਮੀਨ ਦਾ ਕੋਈ ਹੱਕ ਨਹੀਂ ਹੈ, ਜਦਕਿ ਕਾਨੂੰਨ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ। ਅਸਲ ਵਿੱਚ ਭਾਰਤ ਦਾ ਪੁਰਸ਼ ਪ੍ਰਧਾਨ ਸਮਾਜ ਔਰਤਾਂ ਨੂੰ ਜ਼ਮੀਨ ਕਿਸੇ ਵੀ ਹਾਲਾਤ ਵਿੱਚ ਦੇਣ ਨੂੰ ਤਿਆਰ ਨਹੀਂ ਹੁੰਦਾ ਭਾਵੇਂ ਕਿ ਕੁਝ ਹਾਲਾਤਾਂ ਵਿੱਚ ਭਾਵਨਾਤਮਕ ਤੌਰ ਤੇ ਔਰਤਾਂ ਵੀ ਆਪਣਾ ਇਹ ਹੱਕ ਛੱਡ ਦਿੰਦੀਆਂ ਹਨ। ਆਮ ਤੌਰ ਤੇ ਹੀ ਪਰਿਵਾਰ ਦੇ ਪੁਰਸ਼ਾਂ ਵਲੋਂ ਉਹਨਾਂ ਨੂੰ ਇਹ ਸਬਕ ਪੜਾਇਆ ਜਾਂਦਾ ਹੈ ਕਿ ਜੇਕਰ ਉਹ ਕਾਨੂੰਨੀ ਤੌਰ ਤੇ ਜ਼ਮੀਨ-ਜਾਇਦਾਦ 'ਚ ਹੱਕ ਮੰਗਣਗੀਆਂ, ਉਹਨਾਂ ਨੂੰ ਆਪਸੀ ਰਿਸ਼ਤਿਆਂ ਤੋਂ ਤੋੜ-ਵਿਛੋੜਾ ਸਹਿਣਾ ਪਵੇਗਾ।

ਭਾਰਤ ਵਿੱਚ ਖੇਤੀ ਖੇਤਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਇਕ ਤਿਹਾਈ ਹੈ। ਸਾਲ 2017-18 ਵਿੱਚ ਮਜ਼ਦੂਰ ਬੱਲ ਸਰਵੇ ਅਨੁਸਾਰ 73.2 ਫੀਸਦੀ ਪੇਂਡੂ ਔਰਤਾਂ ਖੇਤੀ ਕਰਦੀਆਂ ਹਨ ਪਰ ਜ਼ਮੀਨ ਸਿਰਫ 12.8 ਫੀਸਦੀ ਔਰਤਾਂ ਦੇ ਨਾਮ ਹੀ ਹੈ। ਵਿਆਹੀਆਂ ਔਰਤਾਂ ਨੂੰ ਉਹਨਾਂ ਦੇ ਜਨਮ ਦੇਣ ਵਾਲੇ ਮਾਪੇ ਉਹਨਾਂ ਉਤੇ ਇਹ ਦਬਾਅ ਬਣਾਈ ਰੱਖਦੇ ਹਨ ਕਿ ਉਹ ਆਪਣੇ ਪਿੱਤਰੀ ਹੱਕ ਨੂੰ ਛੱਡ ਦੇਣ।

ਆਰਥਿਕ ਨਾ ਬਰਾਬਰੀ ਤੋਂ ਬਿਨ੍ਹਾਂ ਸਿੱਖਿਆ, ਸਿਹਤ ਸਹੂਲਤਾਂ ਜਿਹੀਆਂ ਬੁਨਿਆਦੀ ਸਹੂਲਤਾਂ ਔਰਤਾਂ ਨੂੰ ਪ੍ਰਦਾਨ ਕਰਨ ਸਬੰਧੀ ਭਾਰਤ ਦੇ ਹਾਲਾਤ ਦਿਨ ਪ੍ਰਤੀ ਦਿਨ ਵਿਗੜਦੇ ਜਾ ਰਹੇ ਹਨ। ਭਾਰਤ ਇਕ ਸਾਲ ਦੇ ਸਮੇਂ ਵਿੱਚ ਹੀ ਦੁਨੀਆ ਦੇ ਦੇਸ਼ਾਂ ਦੇ ਮੁਕਾਬਲੇ 28 ਥਾਂ ਥੱਲੇ ਚਲਾ ਗਿਆ ਹੈ ਅਤੇ 156 ਦੇਸ਼ਾਂ ਵਿੱਚ ਇਸ ਦਾ ਸਥਾਨ 140ਵਾਂ ਹੋ ਗਿਆ ਹੈ। ਭਾਵੇਂ ਕਿ ਦੇਸ਼ ਵਿੱਚ ਕੁਝ ਔਰਤਾਂ, ਲੜਕੀਆਂ ਚੰਗੀ ਪੜ੍ਹਾਈ ਕਰਦੀਆਂ ਹਨ। ਉੱਚ ਅਹੁਦੇ ਵੀ ਉਹਨਾਂ ਹਾਸਲ ਕੀਤੇ ਹੋਏ ਹਨ। ਪਰ ਸਮੁੱਚੇ ਤੌਰ 'ਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਲੜਕੀਆਂ ਦੀ ਗਿਣਤੀ ਪੁਰਸ਼ਾਂ ਮੁਕਾਬਲੇ ਕਾਫ਼ੀ ਘੱਟ ਦਿਸਦੀ ਹੈ। ਸਿਹਤ ਸਹੂਲਤਾਂ ਤਾਂ ਦੇਸ਼ ਵਿੱਚ ਵੈਸੇ ਹੀ ਘੱਟ ਹਨ, ਪਰ ਜਣੇਪੇ ਸਮੇਂ ਸਿਹਤ ਸਹੂਲਤ ਨਾ ਮਿਲਣਾ, ਉਹਨਾ ਦੀ ਜਣੇਪੇ ਉਪਰੰਤ ਦੇਖ-ਭਾਲ ਨਾ ਕਰਨਾ ਅਤੇ ਬੀਮਾਰੀ ਦੀ ਹਾਲਤ 'ਚ ਹਸਪਤਾਲਾਂ ਤੋਂ ਇਲਾਜ ਨਾ ਮਿਲਣਾ ਆਮ ਗੱਲ ਹੈ।




ਲਿੰਗ ਸਮਾਨਤਾ ਦੇ ਮਾਮਲੇ 'ਚ ਵੀ ਭਾਰਤ ਦੀ ਤਸਵੀਰ ਚੰਗੀ ਨਹੀਂ ਹੈ। 2006 'ਚ ਜਾਰੀ ਰਿਪੋਰਟ ਅਨੁਸਾਰ ਭਾਰਤ ਦੀ ਥਾਂ 153 ਦੇਸ਼ਾਂ ਵਿੱਚੋਂ 98ਵੇਂ ਥਾਂ ਸੀ, ਪਰ 2020 ਵਿੱਚ ਲਿੰਗ ਸਮਾਨਤਾ 'ਚ ਇਸਦਾ ਸਥਾਨ 112ਵੇਂ ਨੰਬਰ ਤੇ ਲੁਟਕ ਗਿਆ। ਇਹ ਆਪਣੇ-ਆਪ ਵਿੱਚ ਇੱਕ ਵੱਡਾ ਸਵਾਲ ਇਸ ਕਰਕੇ ਵੀ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਭਰੂਣ ਹੱਤਿਆ, ਘਰਾਂ ਵਿੱਚ ਔਰਤਾਂ ਉਤੇ ਅਤਿਆਚਾਰ ਅਤੇ ਪੁੱਤਰਾਂ-ਪੁੱਤਰੀਆਂ 'ਚ ਨਾ-ਬਰਾਬਰੀ ਦਾ ਵਰਤਾਰਾ ਵੇਖਣ ਨੂੰ ਮਿਲਦਾ ਹੈ। ਔਰਤਾਂ ਦੀ ਵਿਭਚਾਰ ਲਈ ਖ਼ਰੀਦੋ-ਫ਼ਰੋਖਤ ਸਮਾਜ ਤੇ ਧੱਬਾ ਹੈ। ਸਿਆਸੀ ਖੇਤਰ ਵਿੱਚ ਔਰਤ ਮਰਦ ਦੀ ਸਮਾਨਤਾ ਮਾਮਲੇ 'ਚ ਭਾਰਤ ਨੂੰ ਲਿੰਗ ਸਮਾਨਤਾ ਸਥਾਪਤ ਕਰਨ ਲਈ ਹਾਲੇ ਇਕ ਸਦੀ ਤੋਂ ਵੱਧ ਸਮਾਂ ਲੱਗੇਗਾ।

ਭਾਰਤ ਵਿੱਚ ਔਰਤਾਂ ਦੀ ਰਾਜਨੀਤਿਕ ਭਾਗੀਦਾਰੀ ਸਿਰਫ 14.4 ਫੀਸਦੀ ਹੈ। ਸੰਸਦ















ਵਿੱਚ ਔਰਤਾਂ ਦੇ ਲਈ 33 ਫੀਸਦੀ ਰਿਜਰਵੇਸ਼ਨ ਦਾ ਬਿੱਲ ਹਾਲੀ ਤੱਕ ਵੀ ਲੰਮੇ ਸਮੇਂ ਤੋਂ ਅਟਕਿਆ ਪਿਆ ਹੈ। ਭਾਰਤੀ ਸੰਵਿਧਾਨ ਦੇ 73ਵੀਂ ਅਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਮਜ਼ਬੂਤ ਬਣਾਉਣ ਲਈ ਪਾਸ ਕੀਤਾ ਗਿਆ ਸੀ। ਕਾਨੂੰਨ ਅਨੁਸਾਰ ਔਰਤਾਂ ਨੂੰ ਤਾਕਤ ਦੇਣ ਲਈ ਇੱਕ ਤਿਹਾਈ ਸੀਟਾਂ ਉਤੇ ਰਿਜਰਵੇਸ਼ਨ ਦਿੱਤੀ ਗਈ। ਪਰ ਪੰਚਾਇਤਾਂ ਵਿੱਚ ਚੁਣੀਆਂ ਗਈਆਂ ਵਧੇਰੇ ਪੰਚਾਂ, ਔਰਤ-ਸਰਪੰਚਾਂ ਦੀ ਥਾਂ ਉਤੇ ਉਹਨਾਂ ਦੇ ਪ੍ਰਧਾਨ ਪਤੀ, ਪ੍ਰਧਾਨ ਪੁੱਤਰ ਜਾਂ ਪ੍ਰਧਾਨ ਦੇਵਰ ਕੰਮ ਚਲਾਉਂਦੇ ਹਨ। ਗ੍ਰਾਮ ਸਭਾ ਦੀਆਂ ਬੈਠਕਾਂ ਵਿੱਚ ਵੀ ਇਹੋ ਵਰਤਾਰਾ ਜਾਰੀ ਹੈ। ਪਰਵਾਰਿਕ, ਸਿਆਸੀ ਰਸੂਖ ਜਾਂ ਜਾਤੀ ਸਮੀਕਰਨ ਦੇ ਚਲਦਿਆਂ ਚੁਣੀਆਂ ਔਰਤਾਂ ਦੇ ਥਾਂ ਉੱਚ ਪੱਧਰੀ ਬੈਠਕਾਂ ਵਿੱਚ ਵੀ ਨੌਕਰਸ਼ਾਹੀ ਦੀ ਮਿਲੀ ਭੁਗਤ ਨਾਲ, ਉਹਨਾ ਦੇ ਪਤੀ, ਪੁੱਤਰ ਜਾਂ ਘਰ ਦਾ ਹੋਰ ਕੋਈ ਮੈਂਬਰ ਹੀ ਸ਼ਾਮਲ ਹੁੰਦਾ ਵੇਖਿਆ ਜਾਂਦਾ ਹੈ। ਯੂਨੀਸੈਫ ਦੇ ਯੂ.ਪੀ. ਦੇ ਦੱਸ ਜ਼ਿਲਿਆਂ 'ਚ ਕੀਤੇ ਇੱਕ ਸਰਵੇਖਣ ਅਨੁਸਾਰ ਲਗਭਗ 90 ਫ਼ੀਸਦੀ ਔਰਤ-ਸਰਪੰਚਾਂ ਨੂੰ ਪਤਾ ਹੀ ਨਹੀਂ ਹੈ ਕਿ ਉਹਨਾਂ ਦੇ ਸੰਵਿਧਾਨਿਕ ਹੱਕ ਕਿਹੜੇ ਹਨ? ਉਂਜ ਵੀ ਮਰਦ ਪ੍ਰਧਾਨ ਸਮਾਜ ਵਿੱਚ ਖ਼ਾਸ ਕਰਕੇ ਪੇਂਡੂ ਭਾਈਚਾਰੇ 'ਚ ਸਾਂਝੇ ਕੰਮਾਂ ਤੇ ਭਾਈਚਾਰਕ ਮਾਮਲਿਆਂ 'ਚ ਉਹਨਾ ਦੀ ਸ਼ਮੂਲੀਅਤ ਨਹੀਂ ਹੋਣ ਦਿੱਤੀ ਜਾ ਰਹੀ। ਮੁੱਖ ਤੌਰ 'ਤੇ ਸਾਰੇ ਕੰਮ-ਕਾਜ ਮਰਦ ਹੀ ਆਪਣੀ ਮਰਜ਼ੀ ਨਾਲ ਕਰਦੇ ਹਨ ਭਾਵੇਂ ਕਿ ਉਹ ਔਰਤਾਂ ਦੇ ਮਾਮਲਿਆਂ ਨਾਲ ਹੀ ਸਬੰਧਤ ਕਿਉਂ ਨਾ ਹੋਣ?

ਭਾਰਤ ਵਿੱਚ ਲਿੰਗ ਅਸਮਾਨਤਾ ਨਾ ਸਿਰਫ਼ ਔਰਤਾਂ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ, ਬਲਕਿ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਵੀ ਪ੍ਰਭਾਵਤ ਕਰਦੀ ਹੈ। ਜਿਹਨਾਂ ਰਾਸ਼ਟਰਾਂ ਵਿੱਚ ਔਰਤ ਨੂੰ ਸਮਾਜ ਵਿੱਚ ਬਰਾਬਰ ਦਾ ਸਥਾਨ ਨਹੀਂ ਮਿਲਦਾ, ਉਸ ਮੁਲਕ ਵਿੱਚ ਪਛੜੇਵਾਂ ਪੈਰ ਪਸਾਰਦਾ ਹੈ। ਲਿੰਗ ਸਮਾਨਤਾ ਅੱਜ ਵੀ ਸਮਾਜ ਵਿੱਚ ਵੱਡੀ ਚਣੌਤੀ ਹੈ, ਔਰਤਾਂ ਦੇ ਖਿਲਾਫ਼ ਵੱਡੀ ਪੱਧਰ 'ਤੇ ਹਿੰਸਾ ਹੈ, ਭੇਦਭਾਵ ਹੈ, ਰੂੜੀਵਾਦੀ ਵਿਚਾਰਾਂ ਦਾ ਪ੍ਰਛਾਵਾ ਹੈ। ਸਿੱਖਿਆ ਅਤੇ ਸਿਹਤ ਖੇਤਰ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਦਾ ਪਛੜਿਆ ਪੱਧਰ ਹੈ। ਬਰਾਬਰ ਦਾ ਕੰਮ ਕਰਨ ਬਦਲੇ ਬਰਾਬਰ ਦੀ ਮਜ਼ਦੂਰੀ ਨਹੀਂ ਹੈ।

2017-18 ਦੇ ਆਰਥਿਕ ਸਰਵੇਖਣ 'ਚ ਇਹ ਵੇਖਿਆ ਗਿਆ ਕਿ ਪੁਰਸ਼ਾਂ ਦੇ ਪਿੰਡ ਛੱਡਕੇ ਸ਼ਹਿਰ ਰੁਜ਼ਗਾਰ ਦੀ ਭਾਲ 'ਚ ਜਾਣ ਨਾਲ ਖੇਤਾਂ ਵਿੱਚ ਔਰਤਾਂ ਦੀ ਸਰਦਾਰੀ ਹੋ ਗਈ, ਉਹ ਖੇਤੀ ਦਾ ਕੇਂਦਰ ਬਿੰਦੂ ਬਣੀਆਂ। ਖੇਤੀ ਖੇਤਰ ਨਾਲ ਜੁੜਕੇ ਇਹ ਔਰਤਾਂ ਆਪਣੇ ਪਰਿਵਾਰ ਦੇ ਆਰਥਿਕ ਵਿਕਾਸ 'ਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ, ਪਰ ਸਾਡਾ ਤੰਤਰ ਉਹਨਾਂ ਦੇ ਯੋਗਦਾਨ ਨੂੰ ਮਾਨਤਾ ਨਹੀਂ ਦਿੰਦਾ। ਅਸੀਂ ਇਹ ਤੱਥ ਮੰਨਣ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਜਿਹਨਾ ਔਰਤਾਂ ਕੋਲ ਜ਼ਮੀਨ ਹੈ, ਉਹਨਾਂ ਦੀ ਆਰਥਿਕ ਤੇ ਸਮਾਜਿਕ ਸੁਰੱਖਿਆ ਬੇਹਤਰ ਹੈ, ਉਵੇਂ ਹੀ ਜਿਵੇਂ ਸਦੀਆਂ ਤੋਂ ਜ਼ਮੀਨ ਜਾਇਦਾਦ ਵਾਲੇ ਪੁਰਸ਼ਾਂ ਨੂੰ ਇਹ ਸਮਾਜਿਕ ਸੁਰੱਖਿਆ ਮਿਲਦੀ ਆਈ ਹੈ। ਭਾਰਤ ਵਲੋਂ 'ਬੇਟੀ ਬਚਾਓ, ਬੇਟੀ ਪੜ੍ਹਾਓ', ਔਰਤਾਂ ਦੇ ਸ਼ਸ਼ਕਤੀਕਰਨ, ਮਗਨਰੇਗਾ ਤਹਿਤ ਮਜ਼ਦੂਰੀ, 'ਘੁੰਗਟ ਮੁਕਤ ਜੈਪੁਰ" ਜਿਹੇ ਬਹੁਤ ਸਾਰੇ ਪ੍ਰਾਜੈਕਟਾਂ ਦਾ ਮਕਸਦ ਲਿੰਗ ਅਸਮਾਨਤਾ ਦੂਰ ਕਰਨਾ ਹੈ ਅਤੇ ਔਰਤਾਂ ਲਈ ਤਰੱਕੀ ਦੇ ਰਾਹ ਖੋਲ੍ਹਣਾ ਹੈ। ਪਰ ਦੂਜੇ ਪਾਸੇ ਬਰਾਬਰ ਵੇਤਨ, ਉੱਦਮੀ ਬਨਣ ਲਈ ਉਤਸ਼ਾਹਿਤ ਕਰਨਾ, ਪੈਂਸ਼ਨ, ਜਾਇਦਾਦ ਸਬੰਧੀ ਕੁਝ ਇਹੋ ਜਿਹੇ ਮਾਮਲੇ ਹਨ, ਜਿਹਨਾ ਸਬੰਧੀ ਹਾਲੇ ਤੱਕ ਭਾਰਤ ਵਿੱਚ ਉਹ ਕੁਝ ਨਹੀਂ ਕੀਤਾ ਜਾ ਰਿਹਾ, ਜਿਸਦੀ ਜ਼ਰੂਰਤ ਹੈ, ਕਿਉਂਕਿ ਜਦੋਂ ਤੱਕ ਔਰਤਾਂ ਨੂੰ ਆਰਥਿਕ ਆਜ਼ਾਦੀ ਨਹੀਂ ਮਿਲੇਗੀ, ਉਹਨਾ ਵਿੱਚ ਆਤਮ ਵਿਸ਼ਵਾਸ਼ ਨਹੀਂ ਵਧੇਗਾ ਅਤੇ ਸਵੈ-ਮਾਣ ਪੈਦਾ ਨਹੀਂ ਹੋਏਗਾ। ਆਰਥਿਕ ਗਤੀਵਿਧੀਆਂ ਵਿੱਚ ਜਿੰਨੀ ਵੱਡੀ ਭਾਗੀਦਾਰੀ ਔਰਤ ਦੀ ਵਧੇਗੀ, ਦੇਸ਼ ਦੀ ਅਰਥ ਵਿਵਸਥਾ ਉਤਨੀ ਹੀ ਮਜ਼ਬੂਤ ਹੋਏਗੀ, ਕਿਉਂਕਿ ਜਦੋਂ ਔਰਤਾਂ ਨੂੰ ਹੱਕ ਦਿੱਤੇ ਜਾਂਦੇ ਹਨ ਤਾਂ ਉਸਦਾ ਲਾਭ ਸਮੁੱਚੇ ਭਾਈਚਾਰੇ ਨੂੰ ਮਿਲਦਾ ਹੈ ਜਿਸ ਵਿੱਚ ਖਾਣਾ-ਸੁਰੱਖਿਆ, ਬੱਚਿਆਂ ਦੀ ਸਿਹਤ ਅਤੇ ਸਿੱਖਿਆ ਵਿੱਚ ਨਿਵੇਸ਼ ਅਤੇ ਜ਼ਮੀਨ ਦਾ ਬੇਹਤਰ ਪ੍ਰਬੰਧਨ ਸ਼ਾਮਲ ਹੈ।

ਵਿਸ਼ਵ ਬੈਂਕ ਨੇ ਮਹਿਲਾ ਕਾਰੋਬਾਰ ਅਤੇ ਕਾਨੂੰਨ 2021 ਸਬੰਧੀ ਇੱਕ ਰਿਪੋਰਟ ਜਾਰੀ ਕੀਤੀ ਹੈ। ਉਸ ਮੁਤਾਬਕ ਦੁਨੀਆ ਦੇ ਸਿਰਫ 10 ਦੇਸ਼ ਜਿਹਨਾਂ ਵਿੱਚ ਰਿਵਾਂਡਾਂ ਪਹਿਲਾਂ ਦੇਸ਼ ਹੈ, ਜਿਥੇ ਔਰਤਾਂ ਨੂੰ ਪੂਰੇ ਹੱਕ ਮਿਲੇ ਹੋਏ ਹਨ। ਜਦਕਿ ਭਾਰਤ ਸਮੇਤ ਸਰਵੇਖਣ 'ਚ ਸ਼ਾਮਲ 180 ਦੇਸ਼ਾਂ ਵਿੱਚ ਭਾਰਤ ਵਿੱਚ, ਪੁਰਸ਼ਾਂ-ਔਰਤਾਂ ਦੀ ਬਰਾਬਰਤਾ ਅਤੇ ਕਾਨੂੰਨੀ ਸੁਰੱਖਿਆ ਪੂਰੀ ਤਰ੍ਹਾਂ ਨਹੀਂ ਮਿਲ ਰਹੇ। ਇਸ ਸਰਵੇਖਣ ਵਿੱਚ ਭਾਰਤ 123ਵੇਂ ਥਾਂ ਹੈ।

ਬਿਨਾਂ ਸ਼ੱਕ ਇਹ ਗੱਲ ਸਮਝਣ ਵਾਲੀ ਹੈ ਕਿ ਲਿੰਗ ਸਮਾਨਤਾ ਲੋਕਾਂ ਦੀ ਮਾਨਸਿਕਤਾ ਵਿੱਚ ਬਦਲਾ ਲਿਆ ਕੇ ਹੀ ਦੂਰ ਕੀਤੀ ਜਾ ਸਕਦੀ ਹੈ। ਇਹ ਸਮਝਣ ਦੀ ਵੀ ਲੋੜ ਹੈ ਕਿ ਸਮਾਜਕ ਤਰੱਕੀ ਵਿੱਚ ਜਿੰਨਾ ਯੋਗਦਾਨ ਪੁਰਸ਼ਾਂ ਦਾ ਹੈ, ਉਨ੍ਹਾਂ ਹੀ ਔਰਤਾਂ ਦਾ ਹੈ। ਭਾਰਤ ਵਿੱਚ ਮੀਜੋਰਮ, ਮਿਘਾਲਿਆ ਇਹੋ ਜਿਹੇ ਸੂਬੇ ਹਨ ਜਿਹਨਾਂ ਦਾ ਸਮਾਜ, ਲਿੰਗ ਭੇਦਭਾਵ ਤੋਂ ਮੁਕਤ ਹੈ। ਉਥੇ ਔਰਤਾਂ ਨੂੰ ਬਰਾਬਰ ਦਾ ਕੰਮ ਬਿਨਾਂ ਭੇਦਭਾਵ ਦਿੱਤਾ ਜਾਂਦਾ ਹੈ। ਔਰਤਾਂ ਨੂੰ ਬਰਾਬਰ ਅਤੇ ਉਚਿੱਤ ਮੌਕੇ ਦੇਕੇ ਹੀ ਲਿੰਗ ਭੇਦਭਾਵ ਤੋਂ ਮੁਕਤ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਸੰਭਵ ਹੈ। ਪਰ ਸਾਡੇ ਦੇਸ਼ ਦੀ ਤ੍ਰਾਸਦੀ ਵੇਖੋ ਕਿ ਲਿੰਗ ਭੇਦਭਾਵ ਖਤਮ ਕਰਨ ਦੇ ਮਾਮਲੇ ਵਿੱਚ ਅਸੀਂ ਆਪਣੇ ਗੁਆਂਢੀ ਮੁਲਕਾਂ ਬੰਗਲਾ ਦੇਸ਼, ਨੇਪਾਲ, ਸ਼੍ਰੀ ਲੰਕਾ, ਭੂਟਾਨ ਤੋਂ ਵੀ ਪਿੱਛੇ ਹਾਂ।

# ਨਿਊ ਜਰਸੀ ਦੇ ਹਿੰਦੂ ਮੰਦਰ ਵਿੱਚ ਵਾਪਰੀ ਘਟਨਾ ਦੀ ਘੋਰ ਨਿੰਦਿਆ

ਤਰਕਸ਼ੀਲ ਕੋਆਰਡੀਨੇਸ਼ਨ ਕਮੇਟੀ ਕੈਨੇਡਾ ਦੀ ਯੂਮ ਮੀਟਿੰਗ ਕਨਵੀਨਰ ਬਾਈ ਜੀ ਅਵਤਾਰ (ਵੈਨਕੋਵਰ) ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ ਬਰੈਂਪਟਨ ਤੋਂ ਸਹਾਇਕ ਕਨਵੀਨਰ ਬਲਵਿੰਦਰ ਬਰਨਾਲਾ, ਬਲਦੇਵ ਰਹਿਪਾ, ਵੈਨਕੋਵਰ ਤੋਂ ਪਰਮਿੰਦਰ ਸਵੈਚ ਅਤੇ ਜਗਰੂਪ ਧਾਲੀਵਾਲ ਸਮੇਤ ਕੁੱਝ ਹੋਰ ਸਰਗਰਮ ਮੈਂਬਰ ਵੀ ਸ਼ਾਮਲ ਸਨ। ਪ੍ਰੈਸ ਲਈ ਬਿਆਨ ਜਾਰੀ ਕਰਦਿਆਂ ਬਲਵਿੰਦਰ ਬਰਨਾਲਾ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਦਾ ਮੁੱਖ ਏਜੰਡਾ ਕੈਨੇਡਾ ਪੱਧਰ ਦੀ ਇੱਕ ਤਰਕਸ਼ੀਲ ਸੁਸਾਇਟੀ ਦਾ ਸੰਵਿਧਾਨ ਵਿਚਾਰਨਾ ਸੀ ਜਿਸ ਉੱਪਰ ਨਿੱਠ ਕੇ ਚਰਚਾ ਕੀਤੀ ਗਈ ਅਤੇ ਸੰਵਿਧਾਨ ਪਾਸ ਕਰ ਦਿੱਤਾ ਗਿਆ ਜਿਸ ਨਾਲ ਕੈਨੇਡਾ ਪੱਧਰ ਦੀ ਇੱਕ ਤਰਕਸ਼ੀਲ ਸੁਸਾਇਟੀ ਰਜਿਸਟਰ ਕਰਾਉਣ ਅਤੇ ਕੈਨੇਡਾ ਪੱਧਰ ਤੇ ਨਵੇਂ ਯੂਨਿਟ ਬਣਾਉਣ/ਉਸਾਰਨ ਦੇ ਯਤਨ ਸ਼ੁਰੂ ਹੋ ਗਏ ਹਨ। ਜਥੇਬੰਦੀ ਦਾ ਨਾਮ 'ਤਰਕਸ਼ੀਲ ਸੁਸਾਇਟੀ ਕੈਨੇਡਾ (ਰਜਿਸਟਰਡ)' ਹੋਵੇਗਾ। ਸੁਸਾਇਟੀ ਤਿੰਨ ਪੜਾਵੀ (1) ਸ਼ਹਿਰੀ ਇਕਾਈਆਂ (2) ਸੂਬਾਈ ਕਾਰਜਕਾਰਨੀ (3) ਕੌਮੀ ਕਾਰਜਕਾਰਨੀ ਹੋਣਗੀਆਂ। ਸੁਸਾਇਟੀ ਦਾ ਉਦੇਸ਼ ਅਤੇ ਕਾਰਜ, ਜਥੇਬੰਦਕ ਢਾਂਚਾ, ਮੈਂਬਰਸ਼ਿੱਪ, ਮੈਂਬਰਾਂ ਸਮੇਤ ਅਹੁਦੇਦਾਰਾਂ ਦੇ ਕਾਰਜ ਅਤੇ ਫਰਜ਼, ਅਹੁਦੇਦਾਰ ਅਤੇ ਚੋਣ ਪ੍ਰੀਕਿਰਿਆ,ਡੈਲੀਗੇਟ ਇਜਲਾਸ, ਜ਼ਾਬਤੇ ਦੀ ਕਾਰਵਾਈ, ਫ਼ੰਡ ਅਤੇ ਪ੍ਰਣ ਪੱਤਰ ਸਮੇਤ ਸਾਰੀਆਂ ਧਰਾਵਾਂ ਸ਼ਾਮਲ ਹਨ। ਅਖੌਤੀ ਚਮਤਕਾਰਾਂ ਦੇ ਨਾਂ ਤੇ ਲੋਕਾਂ ਦੀ ਆਰਥਿਕ, ਮਾਨਸਿਕ ਅਤੇ ਸਰੀਰਕ ਲੁੱਟ ਕਰਨ ਵਾਲਿਆਂ ਦਾ ਪੜਦਾਫਾਸ਼ ਕਰਨ ਲਈ ਚਣੌਤੀ ਦੀ ਰਕਮ ਅਤੇ ਸ਼ਰਤਾਂ ਬਾਰੇ ਵਿਚਾਰ ਅਗਲੀ ਮੀਟਿੰਗ ਵਿੱਚ ਕੀਤੀ ਜਾਵੇਗੀ।

ਮੀਟਿੰਗ ਵਿੱਚ ਨਿਊ ਜਰਸੀ ਵਿਖੇ ਇੱਕ ਹਿੰਦੂ ਮੰਦਰ ਵਿੱਚ ਭਾਰਤ ਤੋਂ ਧਾਰਮਿਕ ਵੀਜ਼ਾ ਆਰ - 1 ਅਧੀਨ ਮੰਗਵਾਏ 200 ਅਖੌਤੀ ਦਲਿਤ ਵਿਅਕਤੀਆਂ ਤੋਂ ਬੰਧੂਆ ਮਜ਼ਦੂਰਾਂ ਦੇ ਤੌਰ ਤੇ ਕੰਮ ਲਿਆ ਜਾ ਰਿਹਾ ਸੀ ਉਨ੍ਹਾਂ ਨੂੰ ਇੱਕ ਘੰਟੇ ਦਾ ਸਿਰਫ ਇੱਕ ਡਾਲਰ ਉਜਰਤ ਦਿੱਤੀ ਜਾਂਦੀ 'ਤੇ ਉਨ੍ਹਾਂ ਪਾਸੋਂ 13-13 ਘੰਟੇ ਕੰਮ ਲਿਆ ਜਾਂਦਾ ਸੀ। ਉਨ੍ਹਾਂ ਦੇ ਪਾਸਪੋਰਟ ਵੀ ਪ੍ਰਬੰਧਕਾਂ ਦੇ ਕਬਜ਼ੇ ਵਿਚ ਸਨ। ਇਨ੍ਹਾਂ ਮਜ਼ਦੂਰਾਂ ਨਾਲ ਬਹੁਤ ਮਾੜਾ ਸਲੂਕ ਵੀ ਕੀਤਾ ਜਾਂਦਾ ਸੀ। ਉਨ੍ਹਾਂ ਮਜ਼ਦੂਰਾਂ ਵਿਚੋਂ ਛੇ ਮਜ਼ਦੂਰਾਂ ਵੱਲੋਂ ਸ਼ਿਕਾਇਤ ਦੇ ਅਧਾਰ ਤੇ ਨਿਊ ਜਰਸੀ ਦੀ ਅਦਾਲਤ ਦੇ ਆਦੇਸ਼ਾਂ ਅਨੁਸਾਰ ਅਮਰੀਕਾ ਦੇ ਹੋਮਲੈਂਡ, ਐੱਫ ਬੀ ਆਈ ਅਤੇ ਲੇਬਰ ਵਿਭਾਗ ਵੱਲੋਂ ਛਾਪਾ ਮਾਰਨ ਤੇ ਇਹ ਸਭ ਕੁੱਝ ਸਾਹਮਣੇ ਆਇਆ। ਇਸ ਸਬੰਧੀ ਪੁਰਸ਼ੋਤਮ ਸਵਾਮੀ ਨਰਾਇਣ ਆਦਿ ਸੰਸਥਾ ਦੇ ਆਗੂਆਂ ਦੇ ਖਿਲਾਫ ਨਿਊ ਜਰਸੀ ਦੀ ਅਦਾਲਤ ਵਿੱਚ ਕੇਸ ਦਰਜ਼ ਕੀਤਾ ਗਿਆ ਹੈ। ਮਨੁੱਖੀ ਤਸਕਰੀ ਇੱਕ ਗੈਰ ਮਨੁੱਖੀ ਕਾਰਾ ਹੈ ਪਰ ਇੱਕ ਧਾਰਮਿਕ ਸੰਸਥਾ ਵੱਲੋਂ ਅਜਿਹਾ ਕਰਨਾ, ਬੰਦੀ ਬਣਾਉਣਾ, ਆਰਥਿਕ, ਮਾਨਸਿਕ ਤੇ ਸਰੀਰਕ ਲੁੱਟ ਕਰਨਾ ਹੋਰ ਵੀ ਗੰਭੀਰ ਮਾਮਲਾ ਹੈ। ਕੋਆਰਡੀਨੇਸ਼ਨ ਕਮੇਟੀ ਕੈਨੇਡਾ ਇਸਦੀ ਘੋਰ ਨਿੰਦਿਆ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਮਜ਼ਦੂਰਾਂ ਨੂੰ ਇਨਸਾਫ਼ ਦਿੱਤਾ ਜਾਵੇ ਤੇ ਉਨ੍ਹਾਂ ਦੇ ਮਨੁੱਖੀ ਅਧਿਕਾਰ ਬਹਾਲ ਕੀਤੇ ਜਾਣ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਕਮੇਟੀ ਕੈਨੇਡਾ ਵਿੱਚ ਸਿਹਤ ਸੰਸਥਾਵਾਂ ਨਾਲ ਜੁੜੇ ਅਜਿਹੇ ਡਾਕਟਰਾਂ ਬਾਰੇ ਵੀ ਸਖਤ ਨੋਟਿਸ ਲੈਂਦੀ ਹੈ ਜੋ ਗ਼ੈਰ - ਵਿਗਿਆਨਿਕ ਦਵਾਈਆਂ ਦੀ ਪੜ੍ਹੋਤਾ ਕਰਦੇ ਹਨ। ਇਹ ਦਵਾਈਆਂ ਭਾਰਤ ਵਿਚਲੇ ਇੱਕ ਯੋਗ ਗੁਰੂ ਦੇ ਨਾਮ ਨਾਲ ਜਾਣੇ ਜਾਂਦੇ ਬਾਬੇ ਨਾਲ ਸਬੰਧਤ ਹਨ। ਕੈਨੇਡਾ ਦੀ ਹੈਲਥ ਸਰਵਿਸਿਜ਼ ਨੂੰ ਇਸਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਤੇ ਅਜਿਹੀਆਂ ਦਵਾਈਆਂ ਨਾਲ ਲੋਕਾਂ ਦੀ ਸਿਹਤ ਦਾ ਖਿਲਵਾੜ ਕਰਨ ਦੀ ਇਜ਼ਾਜ਼ਤ ਨਹੀਂ ਦੇਣੀ ਚਾਹੀਦੀ। ਮੀਟਿੰਗ ਨੇ ਅਮਰੀਕਾ ਵਿੱਚ ਜਹਾਜ਼ ਰਾਹੀਂ ਇੱਕ ਯਾਤਰੀ ਵੱਲੋਂ ਆਪਣੇ ਨਾਲ ਭਾਰਤ ਤੋਂ ਲਿਆਂਦੀਆਂ ਪਾਥੀਆਂ ਬਾਰੇ ਚਰਚਾ ਕਰਦਿਆਂ ਕਿਹਾ ਕਿ ਇਹ ਕਿੰਨਾ ਹਾਸੋਹੀਣਾ ਹੈ ਸ਼ਾਇਦ ਇੱਕ ਮਨੌਤ ਅਨੁਸਾਰ ਇਹ ਪਾਥੀਆਂ ਵੀ ਗੋਬਰ ਨਾਲ ਇਸ਼ਨਾਨ ਕਰਨ ਦੇ ਮੰਤਵ ਲਈ ਲਿਆਂਦੀਆਂ ਗਈਆਂ ਹੋਣ ਕਿਉਂਕਿ ਭਾਰਤ ਅੰਦਰ ਅੱਜ ਕੱਲ੍ਹ ਗਊ ਮੂਤਰ ਪੀਣ ਤੇ ਗੋਬਰ ਨਾਲ ਇਸ਼ਨਾਨ ਕਰਨ ਨਾਲ ਬਿਮਾਰੀਆਂ ਠੀਕ ਹੋਣ ਦੇ ਦਾਅਵੇ ਆਮ ਪ੍ਰਚੱਲਤ ਹਨ। ਕੈਨੇਡਾ ਦੀ ਹੈਲਥ ਸਰਵਿਸਿਜ਼ ਨੂੰ ਵੀ ਇਸਦਾ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਕਿਉਂਕਿ ਧਾਰਮਿਕ ਆਸਥਾ ਦੇ ਸਹਾਰੇ ਕੁੱਝ ਲੋਕ ਕੈਨੇਡਾ ਵਿੱਚ ਵੀ ਅਜਿਹਾ ਕਰ ਸਕਦੇ ਹਨ।

**ਬਲਵਿੰਦਰ ਬਰਨਾਲਾ**
**ਸਹਾਇਕ ਕੋਆਰਡੀਨੇਟਰ**
416-569 -1590



# ਬੀ. ਸੀ. ਦੇ ਲੋਕ ਮੌਤ ਦੇ ਮੂੰਹ ਵਿੱਚ


ਪਰਮਿੰਦਰ ਕੌਰ ਸਵੈਚ
604 760 4794



ਇਸ ਸਾਲ ਦੇ ਸ਼ੁਰੂ ਤੋਂ ਹੀ ਬੀ. ਸੀ. ਦੇ ਲੋਕ ਚਿੰਤਾ ਵਿੱਚ ਡੁੱਬੇ ਹਨ। ਜਦੋਂ ਉਹ ਦੇਖਦੇ ਹਨ ਕਿ ਕਦੇ ਕਿਸੇ ਸ਼ੌਪਿੰਗ ਮਾਲ ਵਿੱਚ, ਕਦੇ ਖੇਡ ਕੰਪਲੈਕਸਾਂ ਦੇ ਬਾਹਰ ਤੇ ਕਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਜਾਂ ਭੀੜ ਭੜਕੇ ਵਾਲੀਆਂ ਸਟਰੀਟਾਂ ਤੇ ਬਰਾਬਰ ਜਾਂਦੀਆਂ ਕਾਰਾਂ ਵਿਚੋਂ ਦਿਨ ਦਿਹਾੜੇ ਸ਼ਰੇਆਮ ਗੋਲ਼ੀਆਂ ਚੱਲਦੀਆਂ ਸੁਣਦੀਆਂ ਹਨ ਤਾਂ ਆਮ ਜਨ ਸਾਧਾਰਣ ਲੋਕਾਂ ਦਾ ਦਿਲ ਦਹਿਲ ਕੇ ਰਹਿ ਜਾਂਦਾ ਹੈ ਕਿ ਇਹੋ ਜਿਹੇ ਸ਼ਾਂਤੀ ਵਾਲੇ ਕੈਨੇਡਾ ਦੇਸ਼ ਵਿੱਚ ਵੀ ਲੋਕਾਂ ਨੂੰ ਡਰ ਡਰ ਕੇ ਜੀਣਾ ਪੈ ਰਿਹਾ ਹੈ। ਦੋ ਕੁ ਦਿਨਾਂ ਤੋਂ ਜਦੋਂ ਕੁੱਝ ਨੌਜਵਾਨਾਂ ਦੀਆਂ ਫੋਟੋਆਂ ਟੀ ਵੀ ਤੇ ਦਿਖਾਈਆਂ ਜਾ ਰਹੀਆਂ ਹਨ ਕਿ ਇਹਨਾਂ ਨੌਜਵਾਨਾਂ ਤੋਂ ਦੂਰੀ ਬਣਾ ਕੇ ਰੱਖੀ ਜਾਵੇ। ਆਮ ਲੋਕਾਂ ਨੂੰ ਸਮਝ ਨਹੀਂ ਆ ਰਿਹਾ ਕਿ ਕੀ ਇਹ ਸੰਭਵ ਹੈ? ਕੀ ਪਤਾ ਲੱਗੇ ਕਿ ਉਹ ਕਿੱਥੇ ਫਿਰ ਰਹੇ ਹਨ? ਕਿੱਧਰ ਜਾ ਰਹੇ ਹਨ? ਜੇ ਪੁਲੀਸ ਦੇ ਹੱਥ ਨਹੀਂ ਆ ਸਕਦੇ ਤਾਂ ਆਮ ਲੋਕ ਕਿਵੇਂ ਬਚਣ? ਮੂੰਹਾਂ 'ਤੇ ਮਾਸਕਾਂ ਵਿੱਚ ਕੌਣ ਲੁਕਿਆ ਹੈ ਕਿਵੇਂ ਦੇਖੀਏ? ਹਵਾ ਵਿੱਚ ਲਟਕ ਰਹੇ ਇਹੋ ਜਿਹੇ ਅਨੇਕਾਂ ਸਵਾਲ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੇ ਹਨ। ਦੁੱਖ ਦੀ ਗੱਲ ਹੈ ਕਿ ਇਹਨਾਂ ਵਿੱਚ ਪੰਜਾਬੀ ਕਮਿਊਨਿਟੀ ਦੇ ਅੱਧ ਤੋਂ ਵੱਧ ਨੌਜਵਾਨ ਹਨ ਜੋ ਦਿਨਾਂ ਵਿੱਚ ਅਮੀਰ ਹੋਣ ਦੀ ਇੱਛਾ ਨਾਲ ਪਰਿਵਾਰਾਂ ਸਮੇਤ ਇਸ ਕੋਹਰਾਮ ਦਾ ਅੰਗ ਬਣ ਰਹੇ ਹਨ ਤੇ ਫੜੇ ਜਾ ਰਹੇ ਹਨ। ਇਸ ਸਮੇਂ ਇਸ ਭਿਆਨਕ ਵਰਤਾਰੇ ਬਾਰੇ ਸੋਚਣ ਲਈ ਕਾਫੀ ਵਿਚਾਰ ਵਟਾਂਦਰੇ ਦੀ ਲੋੜ ਹੈ, ਜਿਸ ਨਾਲ ਲੋਕਾਂ ਦਾ ਜੀਵਨ ਇਸ ਗੈਂਗਵਾਰ ਵਰਗੀ ਮਹਾਂਮਾਰੀ ਤੋਂ ਬਚਾਇਆ ਜਾ ਸਕੇ।

ਦੁੱਖ ਦੀ ਗੱਲ ਹੈ ਕਿ ਸਾਰੀ ਦੁਨੀਆਂ ਇਸ ਸਮੇਂ ਕਰੋਨਾ ਮਹਾਂਮਾਰੀ ਨਾਲ ਜੂਝ ਰਹੀ ਹੈ ਪਰ ਕੈਨੇਡਾ ਦਾ ਬੀ. ਸੀ. ਸੂਬਾ ਇੱਕ ਨਹੀਂ ਤਿੰਨ ਤਿੰਨ ਮਹਾਂਮਾਰੀਆਂ ਨਾਲ ਜੂਝ ਰਿਹਾ ਹੈ, ਜਿਸ ਵਿੱਚ ਕਰੋਨਾ ਤਾਂ ਹੈ ਹੀ ਪਰ ਨਾਲ ਨਾਲ ਗੈਂਗਵਾਰ ਤੇ ਡਰੱਗ ਓਵਰਡੋਜ਼ ਨਾਲ ਵੀ। ਇਨ੍ਹਾਂ ਮਹਾਂਮਾਰੀਆਂ ਦਾ ਸਬੰਧ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਹੈ ਜੋ ਇਸ ਸੋਹਣੇ ਸੰਸਾਰ ਨੂੰ ਛੱਡ ਕੇ ਦਿਨੋ ਦਿਨ ਅਣਆਈ ਮੌਤ ਦੇ ਮੂੰਹ ਜਾ ਰਹੀਆਂ ਹਨ। ਜੇ ਅਸੀਂ ਕਰੋਨਾ ਮਹਾਂਮਾਰੀ ਦੀ ਗੱਲ ਕਰਦੇ ਹਾਂ। ਉਸ ਨਾਲ ਜਿੱਥੇ ਕੁੱਝ ਮੌਤਾਂ ਹੋ ਰਹੀਆਂ ਹਨ, ਉੱਥੇ ਬਹੁਤ ਸਾਰੇ ਵੱਧ ਗਿਣਤੀ ਲੋਕ ਇਸ ਬਿਮਾਰੀ ਵਿੱਚੋਂ ਨਿਕਲ ਕੇ ਠੀਕ ਵੀ ਹੋ ਰਹੇ ਹਨ ਅਤੇ ਮਰ ਵੀ ਉਹ ਲੋਕ ਰਹੇ ਹਨ ਜੋ ਪਹਿਲਾਂ ਤੋਂ ਹੀ ਕਿਸੇ ਬਿਮਾਰੀ ਦੀ ਗ੍ਰਿਫਤ ਵਿੱਚ ਹਨ, ਜੋ ਬਿਮਾਰੀ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਹਨ। ਜ਼ਿਆਦਾਤਰ ਮਰਨ ਵਾਲੇ 60 ਸਾਲ ਤੋਂ ਉੱਪਰ ਦੇ ਲੋਕ ਹਨ। ਇਸ ਸਬੰਧ ਵਿੱਚ ਕਹਿ ਸਕਦੇ ਹਾਂ ਕਿ ਚਾਹੇ ਕੈਨੇਡਾ ਦੀ ਫੈਡਰਲ ਸਰਕਾਰ ਹੋਵੇ ਜਾਂ ਪ੍ਰੋਵਿੰਨਸ਼ੀਅਲ ਸਰਕਾਰਾਂ ਹੋਣ ਜਾਂ ਸ਼ਹਿਰਾਂ ਦੀਆਂ, ਸਭ ਨੇ ਆਪਣੇ ਲੋਕਾਂ ਦੇ ਕੰਮਾਂ ਤੇ ਜਾਨਾਂ ਨੂੰ ਬਚਾਉਣ ਲਈ ਹਰ ਸੰਭਵ ਯਤਨ ਕੀਤੇ ਹਨ ਤੇ ਕਰ ਰਹੇ ਹਨ ਤਾਂ ਕਿ ਇਹ ਮਹਾਂਮਾਰੀ ਲੋਕਾਂ ਨੂੰ ਕਿਸੇ ਪੱਖੋਂ ਵੀ ਪ੍ਰਭਾਵਤ ਨਾ ਕਰ ਸਕੇ। ਸਭ ਨੇ ਲੋਕਾਂ ਨੂੰ ਹਰ ਪੱਖੋਂ ਸਮਝਾਉਣ ਲਈ ਵਿਤੋਂ ਵੱਧ ਤਾਣ ਲਾਇਆ ਹੋਇਆ ਹੈ। ਬੇਸ਼ੱਕ ਇਸ ਮਹਾਂਮਾਰੀ ਨੂੰ ਦੁਨੀਆਂ ਵਿੱਚ ਆਇਆਂ ਡੇਢ ਸਾਲ ਤੋਂ ਵੀ ਘੱਟ ਸਮਾਂ ਹੋਇਆ ਹੈ। ਜਦੋਂ ਅਸੀਂ ਬ੍ਰਿਟਿਸ਼ ਕਲੰਬੀਆਂ ਦੀ ਗੱਲ ਕਰਦੇ ਹਾਂ ਤਾਂ ਇਸ ਨਾਲ ਇੱਥੇ ਹੁਣ ਤੱਕ 1667 ਮੌਤਾਂ ਹੋਈਆਂ ਹਨ। ਸਰਕਾਰਾਂ ਪੂਰੀ ਤਨਦੇਹੀ ਨਾਲ ਵੈਕਸੀਨ ਦਾ ਬੰਦੋਬਸਤ ਕਰ ਰਹੀਆਂ ਹਨ ਤੇ ਆਸ ਵੀ ਹੈ ਕਿ ਇਸਤੇ ਜਲਦੀ ਕਾਬੂ ਪਾ ਲਿਆ ਜਾਵੇਗਾ।


ਦੂਸਰੀਆਂ ਦੋਨੋਂ ਮਹਾਂ ਮਾਰੀਆਂ ਇੱਕ ਦੂਜੇ ਨਾਲ ਸਬੰਧਤ ਹਨ ਤੇ ਇਹਨਾਂ ਦਾ ਦਾਰੋਮਦਾਰ ਡਰੱਗ ਦੇ ਕਾਰੋਬਾਰ ਤੇ ਅਧਾਰਤ ਹੈ। ਬੀ.ਸੀ. ਵਿੱਚ ਗੈਂਗਾਂ ਦਾ ਇਤਿਹਾਸ ਸੌ ਸਾਲ ਤੋਂ ਵੀ ਪੁਰਾਣਾ ਹੈ। ਪਹਿਲਾਂ ਪਹਿਲ ਇਹ ਛੋਟੇ ਛੋਟੇ ਗੈਂਗ ਸਨ ਪਰ ਬਾਅਦ ਵਿੱਚ ਇਹ ਸਾਰੀ ਨੌਰਥ ਅਮੇਰਿਕਾ ਵਿੱਚ ਤੇ ਸਾਰੀ ਦੁਨੀਆਂ ਵਿੱਚ ਜਥੇਬੰਦਕ ਤੌਰ 'ਤੇ ਫੈਲ ਗਏ। ਇਹਨਾਂ ਦੇ ਕੰਮ ਖੋਹ-ਖਿੰਝ, ਕਤਲ, ਜਬਰ ਚੋਰੀਆਂ, ਡਾਕੇ, ਭੰਨ-ਤੋੜ, ਹਿੰਸਾ, ਹਥਿਆਰ ਤੇ ਡਰੱਗ ਦਾ ਵਿਉਪਾਰ ਆਦਿ ਨਾਲ ਜੁੜੇ ਰਹੇ ਹਨ। ਜਿਉਂ ਜਿਉਂ ਸਮਾਜ ਵਿੱਚ ਅਮੀਰ ਗਰੀਬ ਦਾ ਪਾੜਾ ਵੱਧ ਰਿਹਾ ਹੈ ਤੇ ਬਹੁ ਗਿਣਤੀ ਲੋਕਾਂ ਦੀ ਆਮਦਨ ਬਹੁਤ ਘੱਟ ਹੋਣ ਕਰਕੇ ਗੁਜ਼ਾਰਾ ਮੁਸ਼ਕਲ ਨਾਲ ਹੁੰਦਾ ਹੈ ਤਾਂ ਬਹੁਤੀ ਵਾਰ ਨਾ ਚਾਹੁੰਦੇ ਹੋਏ ਵੀ ਇਹੋ ਜਿਹੇ ਘਟੀਆ ਕੰਮ ਕਰਨ ਲਈ ਲੋਕ ਮਜ਼ਬੂਰ ਹੋ ਜਾਂਦੇ ਹਨ। ਇਸ ਲਈ ਉਹਨਾਂ ਨੂੰ ਕਿਸੇ ਵੀ ਚੀਜ਼ ਦਾ ਲਾਲਚ ਦੇ ਕੇ ਕੰਮ ਕਰਵਾਉਣਾ ਸੌਖਾ ਹੋ ਜਾਂਦਾ ਹੈ। ਕੁੱਝ ਲੋਕ ਆਪਣੇ ਮੁਨਾਫ਼ੇ ਲਈ ਕੁੱਝ ਕੁ ਨੌਜਵਾਨਾਂ ਨੂੰ ਗੈਂਗ ਲੀਡਰ ਬਣਾ ਕੇ ਹੱਥਾਂ ਵਿੱਚ ਹਥਿਆਰ, ਮਹਿੰਗੀਆਂ ਗੱਡੀਆਂ ਤੇ ਅਪਾਰਟਮੈਂਟਾਂ ਕਿਰਾਏ ਤੇ ਲੈ ਦੇ ਕੇ ਉਹਨਾਂ ਨੂੰ ਕੰਮ ਦੇ ਦਿੱਤਾ ਜਾਂਦਾ ਹੈ ਕਿ ਛੋਟੇ ਛੋਟੇ ਬੱਚਿਆਂ ਨੂੰ ਸਕੂਲਾਂ ਵਿੱਚੋਂ ਭਰਤੀ ਕਰੋ ਤੇ ਸਟਰੀਟਾਂ ਤੇ ਡਰੱਗ ਨੂੰ ਵੇਚੋ ਤੇ ਪੈਸਾ ਕਮਾਓ, ਹੋਰ ਕੰਮ ਕਰਨ ਜਾਂ ਪੜ੍ਹਨ ਦੀ ਲੋੜ ਨਹੀਂ ਹੈ। ਇਨਸਾਨੀ ਸੁਭਾਅ ਤੇ ਫਿਰ ਅੱਲੜ ਉਮਰ ਜਿਸ ਵਿੱਚ ਅਸੀਂ ਛੇਤੀ ਤੋਂ ਛੇਤੀ ਅਮੀਰ ਹੋਣ ਦੀ ਲਾਲਸਾ ਪਾਲ਼ਦੇ ਹਾਂ, ਤਾਂ ਇਹ ਵਾਪਰਨਾ ਸੁਭਾਵਕ ਹੈ।

ਡਰੱਗ ਦਾ ਧੰਦਾ ਸਿਰਫ਼ ਕੈਨੇਡਾ ਅਮਰੀਕਾ ਦਾ ਨਹੀਂ ਸਗੋਂ ਸਾਰੀ ਦੁਨੀਆਂ ਦਾ ਸਭ ਤੋਂ ਵੱਡਾ ਧੰਦਾ ਹੈ ਜਿਸ ਵਿੱਚ ਦੁਨੀਆਂ ਦੇ ਕੁੱਝ ਕੁ ਅਮੀਰ ਲੋਕ ਇਹ ਧੰਦਾ ਚਲਾ ਰਹੇ ਹਨ ਅਤੇ ਮਣਾਂ ਮੂੰਹ ਮੁਨਾਫ਼ਾ ਖੱਟ ਰਹੇ ਹਨ ਅਤੇ ਨੌਜਵਾਨਾਂ ਨੂੰ ਬਲ਼ਦੀ ਦੇ ਬੁੱਥੇ ਦੇ ਰਹੇ ਹਨ। ਇਹਨਾਂ ਦੀ ਗਿਣਤੀ ਗਲ਼ੀਆਂ ਵਿੱਚ ਡਰੱਗ ਵੇਚਣ ਵਾਲਿਆਂ ਤੋਂ ਲੈ ਕੇ ਜਥੇਬੰਦਕ ਗੈਂਗਾਂ ਸਣੇ ਬੀ. ਸੀ. ਵਿੱਚ ਤਕਰੀਬਨ 188 ਹੋ ਚੁੱਕੀ ਹੈ। ਵੀਹਵੀਂ ਸਦੀ ਦੇ ਅਖੀਰਲੇ ਸਾਲਾਂ ਤੋਂ ਸ਼ੁਰੂ ਹੋਈ ਗੈਂਗਵਾਰ ਵਿੱਚ 400 ਤੋਂ ਵੀ ਵੱਧ ਨੌਜਵਾਨ ਗੋਲ਼ੀਆਂ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਪਏ ਹਨ। ਇਹਨਾਂ ਦੀ ਇਸ ਲੜਾਈ ਵਿੱਚ ਆਮ ਲੋਕਾਂ ਨੂੰ ਵੀ ਹਮੇਸ਼ਾਂ ਖਤਰਾ ਬਣਿਆ ਰਹਿੰਦਾ ਹੈ। ਇਹਨਾਂ ਵਿੱਚ ਭਰਤੀ ਕੀਤੇ ਨੌਜਵਾਨ ਪਹਿਲਾਂ ਛੋਟੇ ਛੋਟੇ ਬੱਚਿਆਂ ਨੂੰ ਡਰੱਗ ਖਾਣ ਲਾਉਂਦੇ ਹਨ ਅਤੇ ਜਦੋਂ ਡਰੱਗ ਉਹਨਾਂ ਦੀ ਲੋੜ ਬਣ ਜਾਂਦੀ ਹੈ ਤਾਂ ਉਹ ਜੁਰਮ ਦੇ, ਵੇਚਣ ਦੇ ਰਾਹ ਤੁਰ ਪੈਂਦੇ ਹਨ। ਅੰਕੜੇ ਦੱਸਦੇ ਹਨ ਕਿ ਇਹਨਾਂ ਦੀ ਲੰਮੀ ਤੋਂ ਲੰਮੀ ਉਮਰ 14 ਸਾਲਾਂ ਤੋਂ 35 ਸਾਲ ਦੇ ਦਰਮਿਆਨ ਹੀ ਸੀ ਕੁੱਝ ਕੁ ਹੋ ਸਕਦੇ ਹਨ ਇਸਤੋਂ ਉੱਪਰ ਟੱਪੇ ਹੋਣ। ਪਿਛਲੇ ਤਿੰਨ ਹਫਤਿਆਂ ਵਿੱਚ ਵੈਨਕੂਵਰ ਏਰੀਏ ਵਿੱਚ ਗਿਆਰਾਂ ਵਾਰ ਗੋਲ਼ੀ ਚੱਲੀ ਤੇ ਨੌਂ ਨੌਜਵਾਨ ਮਾਰੇ ਗਏ ਹਨ। ਮਾਰਨ ਵਾਲੇ ਪੁਲੀਸ ਦੇ ਅੱਗਿਓਂ ਦੀ ਭੱਜ ਜਾਂਦੇ ਹਨ ਤੇ ਨਾਲ ਦੇ ਸ਼ਹਿਰ ਜਾ ਕੇ ਗੱਡੀ ਸਾੜ ਕੇ ਸਬੂਤ ਵੀ ਖ਼ਤਮ ਕਰ ਦਿੰਦੇ ਹਨ। ਇਸ ਤਰ੍ਹਾਂ ਸਰਕਾਰਾਂ, ਪੁਲੀਸ ਸਭ ਬੇਵਸੀ ਜ਼ਾਹਰ ਕਰ ਰਹੇ ਹਨ ਤੇ ਸਾਰਾ ਆਲਮ ਉਦਾਸੀ ਦੀਆਂ ਆਹਾਂ ਭਰ ਰਿਹਾ ਹੈ।

ਤੀਸਰੀ ਮਹਾਂਮਾਰੀ ਡਰੱਗ ਖਾਣ ਵਾਲੇ ਲੋਕਾਂ ਨੂੰ ਪ੍ਰਭਾਵਤ ਕਰਦੀ ਹੈ। ਜਿੱਥੇ ਡਰੱਗ ਨੂੰ ਵੇਚਣ ਵਾਲਿਆਂ ਵਿੱਚ ਘੋਰ ਯੁੱਧ ਚੱਲ ਰਿਹਾ ਹੈ, ਉੱਥੇ ਖਾਣ ਵਾਲਿਆਂ ਦੀਆਂ ਮੌਤਾਂ ਵਿੱਚ ਦਿਨੋ ਦਿਨ ਗਿਣਤੀ ਵੱਧਦੀ ਜਾ ਰਹੀ ਹੈ। ਜੇ ਅਸੀਂ ਪਿਛਲੇ ਦਸਾਂ ਸਾਲਾਂ ਦੇ ਅੰਕੜੇ ਦੇਖੀਏ। 2011 ਵਿੱਚ 295 ਲੋਕ ਡਰੱਗ ਖਾ ਕੇ ਮਰੇ, 2012 ਵਿੱਚ 270, 2013 ਵਿੱਚ 334, 2014 ਵਿੱਚ 369, 2015 ਵਿੱਚ 529, 2016 ਵਿੱਚ 991, 2017 ਵਿੱਚ 1493, 2018 ਵਿੱਚ 1550, 2019 ਵਿੱਚ 985, 2020 ਵਿੱਚ 1723 ਡਰੱਗ ਦਾ ਸੇਵਨ ਕਰਕੇ ਮੌਤ ਦੇ ਮੂੰਹ ਜਾ ਪਏ। ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ 498 ਲੋਕ ਡਰੱਗ ਖਾ ਕੇ ਇਸ ਜਹਾਨੋਂ ਕੂਚ ਕਰ ਗਏ ਹਨ। ਇਹ ਮਰਨ ਵਾਲੇ ਲੋਕਾਂ ਵਿੱਚ ਅਮੀਰ, ਗਰੀਬ, ਛੋਟਾ, ਵੱਡਾ, ਆਦਮੀ, ਔਰਤ, ਧਰਮ, ਜਾਤ, ਰੰਗ, ਨਸਲ, ਪੜ੍ਹਿਆ, ਅਨਪੜ੍ਹ ਦਾ ਕੋਈ ਵਖਰੇਵਾਂ ਨਹੀਂ ਸੀ। ਓਵਰਡੋਜ਼ ਜੋ ਮੌਜੂਦਾ ਪੀੜ੍ਹੀ ਨੂੰ ਚੁਪ ਚੁਪੀਤੇ ਨਿਗਲ਼ ਰਹੀ ਹੈ, ਇਸਤੇ ਗੱਲ ਕਰਨੀ ਵੀ ਕਰੋਨੇ ਜਿੰਨੀ ਹੀ ਜ਼ਰੂਰੀ ਹੈ। ਹਰ ਜ਼ਿੰਦਗੀ ਦੀ ਆਪਣੀ ਕੀਮਤ ਹੈ ਉਹ ਅਜਾਈਂ ਨਹੀਂ ਜਾਣੀ ਚਾਹੀਦੀ ਹੈ। ਸਰਕਾਰ ਨੇ ਪਿਛਲੇ ਸਮੇਂ ਵਿੱਚ ਇਸਦੀ ਰੋਕਥਾਮ ਲਈ ਕਾਫ਼ੀ ਕਦਮ ਵੀ ਚੁੱਕੇ ਸਨ ਜਿਸ ਕਰਕੇ 2019 ਵਿੱਚ ਕੁੱਝ ਅੰਕੜੇ ਘਟੇ ਸਨ ਪਰ ਫਿਰ 2020 ਵਿੱਚ ਕਰੋਨੇ ਦੀ ਆੜ ਵਿੱਚ ਇਹ ਧੰਦਾ ਵਧਿਆ ਹੈ ਜਿਸ ਨਾਲ ਇਹ ਵੱਧ ਕੇ ਦੁੱਗਣੇ ਹੋ ਗਏ। ਇਸਦਾ ਮੁੱਖ ਕਾਰਣ ਇਸ ਸਮੇਂ ਡਰੱਗ ਦੀ ਆਮਦ ਘਟੀ ਹੋਵੇਗੀ ਤੇ ਉਸ ਵਿੱਚ ਗੈਰ ਕਾਨੂੰਨੀ ਕੈਮੀਕਲਾਂ ਦੀ ਵਾਧੂ ਮਿਲਾਵਟ ਕਰਕੇ ਡਰੱਗ ਵੇਚਣ ਵਾਲਿਆਂ ਨੇ ਸਸਤੇ ਤੇ ਖਤਰਨਾਕ ਕੈਮੀਕਲ ਮਿਲਾ ਕੇ ਲੋੜਵੰਦਾਂ ਵਿੱਚ ਸੁੱਟੇ ਹੋਣਗੇ ਤੇ ਮਨਮਰਜ਼ੀ ਦੇ ਭਾਅ ਵੇਚ ਕੇ ਲੋਹੜੇ ਦਾ ਮੁਨਾਫ਼ਾ ਵੀ ਕਮਾਇਆ ਹੋਵੇਗਾ ਤੇ ਜਾਨਾਂ ਵੀ ਲੈ ਲਈਆਂ। ਇਸ ਦੀ ਮਾਰ ਹੇਠ ਆਉਣ ਵਾਲੇ ਵਿਅਕਤੀ ਤਾਂ, ਕੋਈ ਸਬੂਤ ਵੀ ਨਹੀਂ ਦੇ ਸਕਦੇ ਕਿ ਉਹਨਾਂ ਨੇ ਡਰੱਗ ਕਿੱਥੋਂ ਲਈ, ਕਿਉਂ ਲਈ, ਕਿਉਂ ਕਿ ਸਣੇ ਸਬੂਤ ਹੀ ਬੰਦਾ ਤੁਰ ਜਾਂਦਾ ਹੈ। ਇਹ ਵੀ ਲੰਮੀ ਚੌੜੀ ਗੱਲ ਹੈ ਕਿ ਲੋਕ ਡਰੱਗ ਖਾਂਦੇ ਕਿਉਂ ਨੇ? ਇਹਦੇ ਕਾਰਣ ਕੀ ਹਨ? ਇਹ ਡਰੱਗ ਕਲਚਰ ਕਿਉਂ ਪੈਦਾ ਹੋ ਰਿਹਾ ਹੈ? ਮਨੁੱਖ ਡਰੱਗ ਖਾ ਕੇ ਮਰਨਾ ਕਿਉਂ ਚਾਹੁੰਦਾ ਹੈ? ਉਸਨੂੰ ਜ਼ਿੰਦਗੀ ਨਾਲ ਅੰਨ੍ਹੀ ਨਫ਼ਰਤ ਕਿਉਂ ਹੈ? ਬਗੈਰਾ ਬਗੈਰਾ? (ਇਹਨਾਂ ਗੱਲਾਂ ਬਾਰੇ ਮੈਂ ਆਪਣੇ ਪਹਿਲੇ ਲੇਖਾਂ ਵਿੱਚ ਬਹੁਤ ਵਿਸਥਾਰ ਨਾਲ ਗੱਲਾਂ ਕੀਤੀਆਂ ਹਨ।) ਅਸੀਂ ਇਹਨਾਂ ਗੱਲਾਂ ਵਿੱਚ ਨਹੀਂ ਪੈ ਰਹੇ ਸਗੋਂ ਇਸ ਗੱਲ ਵੱਲ ਧਿਆਨ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਜ਼ਿੰਦਗੀਆਂ ਕੀਮਤੀ ਹਨ ਚਾਹੇ ਉਹ ਕਰੋਨੇ ਨਾਲ, ਗੈਂਗਵਾਰ ਵਿੱਚ ਜਾ ਡਰੱਗ ਓਵਰਡੋਜ਼ ਦੀ ਭੇਂਟ ਚੜ੍ਹ ਰਹੀਆਂ ਹਨ ਜੋ ਨਹੀਂ ਜਾਣੀਆਂ ਚਾਹੀਦੀਆਂ।

ਹੁਣ ਸਮਾਂ ਆ ਗਿਆ ਹੈ ਕਿ ਜਿਵੇਂ ਪਹਿਲਾਂ ਪਹਿਲ ਕਰੋਨੇ ਨੂੰ ਚੀਨ ਦੇ ਨਾਂ ਨਾਲ ਭੰਡਿਆ ਜਾ ਰਿਹਾ ਸੀ, ਉਹ ਵਿਅਰਥ ਗੱਲਾਂ ਸਨ। ਜਲਦੀ ਹੀ ਦੁਨੀਆਂ






ਨੇ ਆਪਸ ਵਿੱਚ ਸਿਰ ਜੋੜੇ ਤੇ ਕਰੋਨਾ ਵਾਈਰਸ ਦੀ ਵੈਕਸੀਨ ਲੱਭ ਕੇ ਅਤੇ ਇਹਤਿਹਾਤ ਦੇ ਸਾਰੇ ਸੰਭਵ ਹੀਲੇ ਲੋਕਾਂ ਤੱਕ ਪਹੁੰਚਾ ਕੇ ਇਸਦੀ ਰੋਕਥਾਮ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੈ, ਉਸੇ ਤਰ੍ਹਾਂ ਡਰੱਗ ਓਵਰਡੋਜ਼ ਤੇ ਗੈਂਗਵਾਰ ਨੂੰ ਹਟਾਉਣ ਲਈ ਸਰਕਾਰਾਂ ਨੂੰ ਯੋਗ ਕਦਮ ਪੁੱਟਣੇ ਚਾਹੀਦੇ ਹਨ। ਪਿਛਲੇ ਸਾਲਾਂ ਵਿੱਚ ਗੈਂਗਵਾਰ ਨੂੰ ਪੰਜਾਬੀ ਮਾਪਿਆਂ ਦਾ ਕਸੂਰ ਜੋ ਚੰਗੀ ਪ੍ਰਵਰਿਸ਼ ਨਹੀਂ ਕਰਦੇ ਜਾਂ ਇਹ ਪੰਜਾਬੀਆਂ ਦੀ ਆਪਣੀ ਖਹਿਬਾਜ਼ੀ ਦੀ ਲੜਾਈ ਹੈ। ਗੈਂਗਸਟਰ ਇੱਕ ਦੂਜੇ ਨੂੰ ਮਾਰ ਰਹੇ ਹਨ ਆਦਿ ਕਹਿ ਕੇ ਪੁਲੀਸ ਆਪਣੇ ਗਲੋਂ ਗੁਲ਼ਾਮਾ ਲਾਉਂਦੀ ਰਹੀ ਹੈ ਤੇ ਮਾਪੇ ਪੁਲੀਸ ਦੀਆਂ ਨਾਕਾਮੀਆਂ ਤੇ ਉਂਗਲ ਧਰਦੇ ਰਹੇ ਹਨ। ਹੁਣ ਉਹ ਸਮਾਂ ਨਹੀਂ ਰਿਹਾ ਸੋ ਹੁਣ ਲੋੜ ਹੈ, ਅਮਾਨਵੀ, ਅਪਰਾਧਿਕ ਪ੍ਰਵਿਰਤੀ ਵਾਲੇ ਲੋਕ ਜੋ ਆਪਣੀ ਨਿੱਜ ਦੀ ਸੰਪਤੀ ਵਿੱਚ ਵਾਧਾ ਕਰਨ ਲਈ ਇਹ ਸਾਰਾ ਕੁੱਝ ਕਰਵਾ ਰਹੇ ਹਨ, ਉਹਨਾਂ ਵੱਲ ਦੇਖਣ ਦੀ ਕਿ ਉਹ ਆਮ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਦਾਓ ਤੇ ਲਾ ਕੇ ਚਾਂਭੜਾ ਪਾ ਪਾ ਕੇ ਆਪਣਾ ਕਾਰੋਬਾਰ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਵੱਲ ਕਿਵੇਂ ਲਿਜਾ ਰਹੇ ਹਨ। ਪੁਲੀਸ ਦੀ ਚੁੱਪੀ ਵੀ ਇਹ ਦੱਸ ਰਹੀ ਹੈ ਕਿ ਉਹ ਕੁੱਝ ਵੀ ਨਹੀਂ ਕਰ ਸਕਦੀ ਸੋ ਸਰਕਾਰਾਂ ਨੂੰ ਹੋਰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਇਹ ਡਰੱਗ ਜੋ ਹਵਾਈ ਤੇ ਸਮੁੰਦਰੀ ਰਾਹਾਂ ਵਿੱਚੋਂ ਦੀ ਹੋ ਕੇ ਕੈਨੇਡਾ ਦੀ ਧਰਤੀ ਤੇ ਪਹੁੰਚਦੀ ਹੈ ਕੀ ਇਸਨੂੰ ਪੁਖਤਾ ਤਰੀਕਿਆਂ ਨਾਲ ਨਹੀਂ ਰੋਕਿਆ ਜਾ ਸਕਦਾ। ਜੇ ਨਹੀਂ ਤਾਂ ਇਸਦਾ ਇੱਕੋ ਇੱਕ ਹੱਲ ਹੈ ਕਿ ਇਸਨੂੰ ਕਾਨੂੰਨ ਦੇ ਦਾਇਰੇ ਵਿੱਚ ਜਿਵੇਂ ਸ਼ਰਾਬ ਦੀ ਵਿਕਰੀ ਹੁੰਦੀ ਹੈ ਉਸ ਤਰ੍ਹਾਂ ਵੇਚਿਆ ਜਾਵੇ। ਇਹ ਗੈਰਕਾਨੂੰਨੀ ਵਿਕਣ ਵਾਲੀ ਡਰੱਗ ਨੂੰ ਵੇਚਣ ਲਈ ਹੀ ਗੈਂਗ ਬਣਦੇ ਹਨ, ਫਿਰ ਉਹ ਆਪਣੇ ਆਪਣੇ ਏਰੀਏ ਲਈ ਲੜਦੇ ਹਨ। ਬਹੁਤ ਸਾਰੇ ਡਰੱਗ ਖਾਣ ਵਾਲਿਆਂ ਨੂੰ ਡਰੱਗ ਦੀ ਲੋੜ ਹੈ ਉਹਨਾਂ ਨੂੰ ਖਾਣ ਤੋਂ ਰੋਕਿਆ ਨਹੀਂ ਜਾ ਸਕਦਾ। ਡਰੱਗ ਦੀ ਮੁਸ਼ਕਲ ਨੂੰ ਸਿਹਤ ਦੀ ਮੁਸ਼ਕਲ ਵਜੋਂ ਲੈਣਾ ਚਾਹੀਦਾ ਹੈ ਨਾ ਕਿ ਜੁਰਮ ਦੀ ਮੁਸ਼ਕਲ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਇਸ ਵਿੱਚ ਪੁਲੀਸ ਭਰਤੀ ਦੀ ਲੋੜ ਨਹੀਂ ਸਗੋਂ ਮਰੀਜ਼ਾਂ ਨੂੰ ਇਲਾਜ ਦੀ ਲੋੜ ਹੈ। ਜਦੋਂ ਇਹ ਡਰੱਗ ਸਟੋਰਾਂ ਤੇ ਵਿਕੇਗੀ, ਲੋਕ ਆਪਣੀ ਮਰਜ਼ੀ ਨਾਲ ਖਾ ਸਕਣਗੇ। ਉਸਦੇ ਨਫ਼ੇ ਨੁਕਸਾਨ ਬਾਰੇ ਤੇ ਮਿਕਦਾਰ ਬਾਰੇ ਪੂਰੀ ਜਾਣਕਾਰੀ ਦਿੱਤੀ ਹੋਵੇਗੀ। ਜਦੋਂ ਉਹ ਗੈਰਕਾਨੂੰਨੀ ਡਰੱਗ ਸਟਰੀਟਾਂ ਤੋਂ ਖਰੀਦਦੇ ਹਨ ਉਹਨਾਂ ਨੂੰ ਪਤਾ ਨਹੀਂ ਕਿ ਇਹ ਅਸਲ ਵਿੱਚ ਡਰੱਗ ਹੈ ਵੀ ਜਾ ਨਹੀਂ। ਬਹੁਤੀ ਵਾਰ ਇਹ ਮਿਲਾਵਟੀ ਜ਼ਹਿਰ ਉਹਨਾਂ ਦੀ ਜਾਨ ਦਾ ਖੌਅ ਬਣ ਨਿਬੜਦੀ ਹੈ। ਉਹ ਸ਼ਰਾਬ ਵਾਂਗ ਕਿਸੇ ਦੇ ਸਾਹਮਣੇ ਲੈ ਨਹੀਂ ਸਕਦੇ ਜੋ ਖਾ ਕੇ ਅੰਦਰ ਹੀ ਮਰ ਜਾਂਦੇ ਹਨ। ਜਿੰਨਾ ਚਿਰ ਇਸ ਨੂੰ ਲੀਗਲ (ਕਾਨੂੰਨੀ ਤੌਰ ’ਤੇ) ਨਹੀਂ ਕੀਤਾ ਜਾਂਦਾ ਉਂਨਾ ਚਿਰ ਨਾ ਗੈਂਗਵਾਰ ਤੋਂ ਛੁਟਕਾਰਾ ਪੈ ਸਕਦਾ ਹੈ ਤੇ ਨਾ ਹੀ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ ਘੱਟ ਹੋ ਸਕਦੀ ਹੈ ਕਿਉਂਕਿ ਸਾਡੇ ਦੇਖਦੇ ਦੇਖਦੇ ਇਹ ਡਰੱਗ ਦਾ ਵਪਾਰ ਪਹਿਲਾਂ ਸਿਰਫ਼ ਵੱਡੇ ਸ਼ਹਿਰਾਂ ਦੀਆਂ ਬਰੂਹਾਂ ਤੱਕ ਸੀਮਤ ਸੀ, ਪਰ ਹੁਣ ਇਹ ਛੋਟੇ ਵੱਡੇ ਕਸਬਿਆਂ ਵਿੱਚ ਫੈਲ ਕੇ ਦੇਸ਼ ਵਿਆਪੀ ਹੋ ਗਿਆ ਹੈ। ਜੇ ਡਰੱਗ ਕਾਨੂੰਨੀ ਤੌਰ ’ਤੇ ਵਿਕੇਗੀ ਤਾਂ ਇਸ ਤੋਂ ਹੋਣ ਵਾਲੀ ਆਮਦਨ ਨਾਲ ਲੋਕਾਂ ਵਿੱਚ ਡਰੱਗ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਪ੍ਰਚਾਰ ਕੀਤਾ ਜਾ ਸਕਦਾ ਤੇ ਇਸਦੀ ਗ੍ਰਿਫ਼ਤ ਵਿੱਚ ਆਏ ਲੋਕਾਂ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ। ਇਸ ਨਾਲ ਹੀ ਆਪਣੇ ਨਿੱਜੀ ਹਿਤਾਂ ਲਈ ਲੋਕਾਂ ਦੀਆਂ ਜਾਨਾਂ ਨਾਲ ਖਿਲਵਾੜ ਕਰਨ ਵਾਲੇ ਲੋਕਾਂ ਦੇ ਮੂੰਹ ਤੇ ਚੁਪੇੜ ਵੀ ਲੱਗ ਸਕਦੀ ਹੈ ਤੇ ਮਨੁੱਖਤਾ ਪੱਖੀ ਰੋਲ ਵੀ ਅਦਾ ਕੀਤਾ ਜਾ ਸਕਦਾ ਹੈ ਜਿਸਦੀ ਆਸ ਲੈ ਕੇ ਜਨਤਾ ਸਰਕਾਰਾਂ ਨੂੰ ਆਗੂ ਚੁਣਦੀ ਹੈ। ਹੁਣ ਸਮਾਂ ਹੈ ਕਿ ਉਹ ਵੀ ਤਨਦੇਹੀ ਨਾਲ ਆਪਣੀ ਜ਼ੁੰਮੇਵਾਰੀ ਨਿਭਾਉਣ ਤੇ ਲੋਕਾਂ ਨੂੰ ਤਿੰਨੇ ਮਹਾਂਮਾਰੀਆਂ ਤੋਂ ਸਾਹ ਲੈਣ ਵਿੱਚ ਰਾਹਤ ਮਿਲੇ।

## ਇਕ ਸੰਪਾਦਕ ਦਾ ਇਕਬਾਲੀਆ ਬਿਆਨ

# ‘ਲਹੂ ਸਾਡੇ ਹੱਥਾਂ ਨੂੰ ਵੀ ਲੱਗਾ ਹੋਇਐ’

[ਭਾਰਤ ਦੇ ਇਕ ਸੀਨੀਅਰ ਪੱਤਰਕਾਰ ਜੀ.ਐੱਸ. ਵਸੂ, ਜੋ ਨਿਊ ਇੰਡੀਅਨ ਐਕਸਪ੍ਰੈੱਸ ਦੇ ਸੰਪਾਦਕ ਹਨ, ਨੇ ਮੁਲਕ ਦੇ ਮੌਜੂਦਾ ਹਾਲਾਤ ਬਾਰੇ ਬਹੁਤ ਹੀ ਮਹੱਤਵਪੂਰਨ ਟਿੱਪਣੀ ਕੀਤੀ ਹੈ ਜੋ ਇਨ੍ਹਾਂ ਹਾਲਾਤ ਨੂੰ ਬਣਾਉਣ ’ਚ ਮੱਧ ਵਰਗ ਦੀ ਭੂਮਿਕਾ ਦੀ ਨਿਸ਼ਾਨਦੇਹੀ ਕਰਦੀ ਹੈ। ਇਸ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ - ਸੰਪਾਦਕ]

**ਅਨੁਵਾਦ : ਬੂਟਾ ਸਿੰਘ**



ਇਸ ਹਫ਼ਤੇ ਦੇ ਸ਼ੁਰੂ ਵਿਚ ਇਕ ਸੀਨੀਅਰ ਰਾਜਨੀਤਿਕ ਆਗੂ ਨਾਲ ਇਕ ਦਿਲਚਸਪ ਗੱਲਬਾਤ ਹੋਈ, ਜੋ ਰਾਜ ਦੀਆਂ ਚੋਣਾਂ ਦੇ ਸੰਭਾਵਤ ਨਤੀਜਿਆਂ ਤੋਂ ਸ਼ੁਰੂ ਹੋਈ ਅਤੇ ਫਿਰ ਪੂਰੇ ਮੁਲਕ ’ਚ ਫੈਲੀ ਮਹਾਂਮਾਰੀ ’ਤੇ ਜਾ ਪਹੁੰਚੀ, ਜਿਸ ਨਾਲ ਲੋਕ ਉਸੇ ਤਰ੍ਹਾਂ ਮਰੇ ਪਏ ਮਿਲ ਰਹੇ ਹਨ ਜਿਵੇਂ ਗਰਮੀ ਦੇ ਮੌਸਮ ਵਿਚ ਮਰੇ ਹੋਏ ਪਰਿੰਦੇ ਪਏ ਹੁੰਦੇ ਹਨ। ਸੱਤ ਸਾਲਾਂ ਵਿਚ ਜਦੋਂ ਤੋਂ ਇਹ ਸਰਕਾਰ ਸੱਤਾ ਵਿਚ ਰਹੀ ਹੈ, ਮੁਲਕ ਨੂੰ ਬਹੁਤ ਸਾਰੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦਾ ਕਾਰਨ ਲੋਕਾਂ ਉੱਪਰ ਥੋਪੇ ਬੇਲੋੜੇ ਫ਼ੈਸਲੇ ਸਨ। ਪਰ ਇਸ ਵਾਰ, ਜਿਵੇਂ ਕਿ ਰਾਜਨੀਤਕ ਆਗੂ ਨੇ ਕਿਹਾ, ਸਰਕਾਰ/ਪਾਰਟੀ ਨਾ ਤਾਂ ਬਿਰਤਾਂਤ ਸਿਰਜ ਸਕਦੀ ਹੈ ਅਤੇ ਨਾ ਹੀ ਇਸ ਪ੍ਰਤੀਕਰਮ ਦਾ ਮੁਕਾਬਲਾ ਕਰਨ ਲਈ ਦ੍ਰਿਸ਼ਟੀ ਤਿਆਰ ਕਰ ਸਕਦੀ ਹੈ।

ਹਾਲਾਂਕਿ, ਇਕ ਬੁਨਿਆਦੀ ਸਮੱਸਿਆ ਉਸ ਤਰੀਕੇ ’ਚ ਹੈ ਜਿਸ ਨਾਲ ਨਰਿੰਦਰ ਮੋਦੀ ਸਰਕਾਰ ਨੂੰ ਕੋਵਿਡ ਦੀ ਦੂਜੀ ਲਹਿਰ ਨਾਲ ਨਜਿੱਠਣ ਦੇ ਵਿਨਾਸ਼ਕਾਰੀ ਢੰਗ ਲਈ ਲਾਹਣਤ ਪਾਈ ਜਾ ਰਹੀ ਹੈ ਅਤੇ ਜੋ ਇਸ ਨਿਜ਼ਾਮ ਦੀਆਂ ਉਮੀਦਾਂ ਤੋਂ ਬਾਹਰ ਹੈ। ਇਹ ਮੰਨਦੇ ਹੋਏ ਵੀ ਕਿ ਇਹ ਕਈ ਸਾਲਾਂ ਤੋਂ ਮਿਹਨਤ ਨਾਲ ਬਣੇ “ਵਿਅਕਤੀ ਪੂਜਾ ਸੱਭਿਆਚਾਰ” ਦਾ ਸਿੱਧਾ ਸਿੱਟਾ ਹੈ, ਅਜਿਹੇ ਹਿੱਸਿਆਂ ਦੀ “ਸਮੂਹਿਕ ਜ਼ਿੰਮੇਵਾਰੀ” ਨੂੰ ਨਜ਼ਰਅੰਦਾਜ਼ ਕਰਨਾ, ਜਿਨ੍ਹਾਂ ਨੇ ਸਰਕਾਰ ਦੀ ਬਿਨਾਂ ਕੋਈ ਹੀਲ-ਹੁੱਜਤ ਕੀਤੇ ਹਮਾਇਤ ਕਰਨ ਦੀ ਚੋਣ ਕੀਤੀ, ਸਿਰਫ਼ ਇਸ ਮੁੱਦੇ ਦੀ ਅੰਸ਼ਕ ਸਮਝ ਨੂੰ ਹੀ ਦਰਸਾਉਂਦਾ ਹੈ।

ਕੁਝ ਸਮਾਂ ਪਹਿਲਾਂ ਹੀ, ਜਨਵਰੀ 2021 ਵਿਚ, ਇਸ ਸਰਕਾਰ ਨੇ ਆਲਮੀ ਆਗੂਆਂ ਕੋਲ ਸ਼ੇਖ਼ੀ ਮਾਰੀ ਸੀ ਕਿ ਭਾਰਤ ਨੇ ਵਾਇਰਸ ਨੂੰ ਹਰਾਉਣ ਦੀ ਸ਼ਾਨਦਾਰ ਮਿਸਾਲ ਕਾਇਮ ਕੀਤੀ ਹੈ। ਲੋਕਾਂ ਨੇ ਇਸ ’ਤੇ ਯਕੀਨ ਕਰ ਲਿਆ। ਇਕ ਮਹੀਨੇ ਬਾਦ, ਮਹਾਂਮਾਰੀ ਦੀ ਪਹਿਲੀ ਲਹਿਰ ਨਾਲ ਨਜਿੱਠਣ ਲਈ ਭਾਜਪਾ ਨੇ ਮੋਦੀ ਦੀ ਅਗਵਾਈ ਦੀ ਰੱਜ ਕੇ ਤਾਰੀਫ਼ ਕੀਤੀ। ਸਾਨੂੰ ਹਕੀਕਤ ਦੀ ਬਜਾਏ ਭਾਜਪਾ ਦੀ ਬੈਠਕ ਵਿਚ ਪਾਸ ਕੀਤੇ ਮਤੇ ’ਤੇ ਜ਼ਿਆਦਾ ਭਰੋਸਾ ਸੀ। ਕੁਝ ਹਫ਼ਤੇ ਬਾਅਦ, ਸਿਹਤ ਮੰਤਰੀ, ਜਿਸ ਨੂੰ ਪਿਛਲੇ ਇਕ ਸਾਲ ਵਿਚ ਇਕ ਦਰਜਨ ਵਾਰ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ, ਨੇ ਐਲਾਨ ਕੀਤਾ, “ਅਸੀਂ ਕੋਰੋਨਾ ਸੰਕਟ ਦੇ ਖ਼ਾਤਮੇ ਦੇ ਆਖ਼ਰੀ ਪੜਾਅ ਵਿਚ ਹਾਂ।”

ਉਸੇ ਸਮੇਂ ਦੌਰਾਨ ਜਵਾਬੀ ਚੇਤਾਵਨੀਆਂ ਦਿੱਤੀਆਂ ਗਈਆਂ ਪਰ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ। ਫਰਵਰੀ ਦੇ ਸ਼ੁਰੂ ’ਚ ਹੀ ਸ੍ਰੀ ਰਾਹੁਲ ਗਾਂਧੀ (ਜਿਸ ਦਾ ਭਾਜਪਾ ਵੱਲੋਂ ‘ਪੱਪੂ’ ਕਹਿ ਕੇ ਮਖੌਲ ਉਡਾਇਆ ਜਾਂਦਾ ਹੈ) ਨੇ ਚੇਤਾਵਨੀ ਦਿੱਤੀ ਸੀ ਕਿ ਵਾਇਰਸ ਦਾ ਖ਼ਤਰਾ ਬਹੁਤ ਜ਼ਿਆਦਾ ਬਣਿਆ ਹੋਇਆ ਹੈ ਅਤੇ ਉਸ ਨੇ ਸਰਕਾਰ ਨੂੰ ਇਕ ਕਾਰਜ ਯੋਜਨਾ ਬਣਾਉਣ ਦੀ ਅਪੀਲ ਕੀਤੀ। ਪਰ ਕੋਈ ਉਸ ਦੀ ਗੱਲ ਕਿਉਂ ਸੁਣੇ? ਉਸ ਨੂੰ ਕੁਝ ਨਹੀਂ ਪਤਾ, ਇਸ ਸੀ ਉਸ ਪ੍ਰਤੀ ਸਮੂਹਿਕ ਨਫ਼ਰਤ। ਵਾਇਰਸ ਵਿਗਿਆਨੀ ਅਤੇ ਹੋਰ ਮਾਹਰ ਵੀ ਚੇਤਾਵਨੀਆਂ ਦਿੰਦੇ ਰਹੇ। ਉਨ੍ਹਾਂ ਨੇ ਕਿਹਾ ਕਿ ਦੁਨੀਆ ਦੇ ਹਰ ਮੁਲਕ ਨੂੰ ਦੂਜੀ, ਤੀਜੀ ਅਤੇ ਚੌਥੀ ਲਹਿਰ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਭਾਰਤ ਵੀ ਇਸ ਤੋਂ ਬਚ ਨਹੀਂ ਸਕਦਾ। ਲੇਕਿਨ ਅਸੀਂ ਕੁੰਭ ਮੇਲੇ ਅਤੇ ਚੋਣਾਂ ਆਯੋਜਿਤ ਕਰਦੇ ਰਹੇ। ਇਕ ਦਿਨ ਜਦੋਂ ਮੁਲਕ ਵਿਚ ਢਾਈ ਲੱਖ ਤੋਂ ਵੱਧ ਮਾਮਲੇ ਦਰਜ ਹੋਏ, ਅਸੀਂ “ਬੰਗਾਲ ਵਿਚ ਹੁਣ ਤੱਕ ਦੀਆਂ ਸਭ ਤੋਂ ਵੱਡੀ ਰੈਲੀਆਂ” ਉੱਪਰ ਮਾਣ ਕਰਦੇ ਰਹੇ।

ਇਹ ਬਿਰਤਾਂਤ ਪ੍ਰਚਾਰਿਆ ਗਿਆ – ਰੈਲੀਆਂ ਅਤੇ ਕੁੰਭ ਮੇਲੇ ਦੇ ਬਾਵਜੂਦ ਬੰਗਾਲ ਜਾਂ ਉਤਰਾਖੰਡ ਵਿਚ ਕੋਰੋਨਾ ਲਾਗ ਦੇ ਕੇਸਾਂ ਦੀ ਗਿਣਤੀ ਨਹੀਂ ਵਧ ਰਹੀ। ਇਕ ਵਾਰ ਜਦੋਂ ਦੋਵਾਂ ਰਾਜਾਂ ’ਚ ਕੋਰੋਨਾ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਨਜ਼ਰ ਆਉਣਾ ਸ਼ੁਰੂ ਹੋ ਗਿਆ, ਤਾਂ ਇਹ ਝੂਠੀ ਕਹਾਣੀ ਬੰਦ ਕਰ ਦਿੱਤੀ ਗਈ। ਇਸ ਦੀ ਬਜਾਏ, ਸਾਨੂੰ ਹੁਣ ਕੀ ਦੱਸਿਆ ਗਿਆ ਹੈ? ਕਿ ਦੂਜੀ ਲਹਿਰ ਦੀ ਉਮੀਦ ਤਾਂ ਸੀ, ‘ਸੁਨਾਮੀ’ ਦੀ ਨਹੀਂ ਸੀ। ਜੋ ਦੂਜੀ ਲਹਿਰ ਹੋ ਸਕਦੀ ਸੀ ਅਤੇ ਜਿਸ ਉੱਪਰ ਕਾਬੂ ਪਾਇਆ ਜਾ ਸਕਦਾ ਸੀ ਉਸ ਨੂੰ ਕਿਸ ਨੇ ਇਕ ਬੇਕਾਬੂ ਸੁਨਾਮੀ ਵਿਚ ਬਦਲ ਦਿੱਤਾ ਜਿਸ ਨਾਲ ਸਮੂਹਿਕ ਅੰਤਮ ਸਸਕਾਰਾਂ ਦੀ ਨੌਬਤ ਆ ਗਈ? ਜੇ ਸਿਰਫ਼ ਅਸੀਂ ਬੰਗਾਲ ਵਿਚ ‘ਦੀਦੀ ਹਟਾਓ’ ਮੁਹਿੰਮ ਵਿਚ ਰੁੱਝੇ ਰਹਿਣ ਦੀ ਬਜਾਏ ਚੌਕਸ ਹੁੰਦੇ; ਜੇ ਸਿਰਫ਼ ਕੇਂਦਰ ਅਤੇ ਰਾਜਾਂ ਨੇ ਇਕ ਟੀਮ ਦੇ ਰੂਪ ’ਚ ਕੰਮ ਕੀਤਾ ਹੁੰਦਾ ਅਤੇ ਪਿਛਲੇ ਸਾਲ ਦੇ ਤਜ਼ਰਬੇ ਤੋਂ ਸਿੱਖਣ ਦੇ ਸਾਰੇ ਸੰਭਵ ਵਸੀਲਿਆਂ ਨੂੰ ਜੰਗੀ ਪੈਮਾਨੇ ’ਤੇ ਲਾਮਬੰਦ ਕੀਤਾ ਹੁੰਦਾ; ਜਦੋਂ ਹੋਰ ਮੁਲਕਾਂ ਨੇ ਟੀਕਿਆਂ ਦੇ ਆਰਡਰ ਕੀਤੇ ਜੇ ਸਿਰਫ਼ ਅਸੀਂ ਵੀ ਕੀਤੇ ਹੁੰਦੇ। ਜੇ ਸਿਰਫ...., ਇਹ ਸੂਚੀ ਅਨੰਤ ਹੈ।

ਦ੍ਰਿਸ਼ਟੀ ਦੀ ਗੱਲ ਕਰਨੀ ਹੋਵੇ ਤਾਂ ਐਂਬੂਲੈਂਸਾਂ ਦੀਆਂ ਲੰਬੀਆਂ ਕਤਾਰਾਂ, ਸ਼ਮਸ਼ਾਨਘਾਟ ਵਿਚ ਜਲ ਰਹੇ ਸਿਵਿਆਂ ਅਤੇ ਹਸਪਤਾਲ ਦੇ ਬਾਹਰ ਦਾਖ਼ਲ ਹੋਣ ਦੀ ਅਨੰਤ ਉਡੀਕ ’ਚ ਬੈਠੇ ਆਕਸੀਜਨ ਕਿੱਟਾਂ ਵਾਲੇ ਮਰੀਜਾਂ ਦਾ ਮੰਜ਼ਰ ਹੈ।

ਇਸ ਦੇ ਬਾਵਜੂਦ, ਸਾਵਧਾਨੀ ਨਾਲ ਤਿਆਰ ਕੀਤੇ ਅਕਸ ਨੂੰ ਬਚਾਉਣ ਲਈ ਅਜੇ ਵੀ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ, ਪਰ ਨਕਾਬ ਲੀਰੋ ਲੀਰ ਹੋ ਰਿਹਾ ਹੈ। ਕੇਂਦਰ ਨੇ ਪਿਛਲੇ ਸਾਲ ਖ਼ੁਦ ਹੀ 162 ਆਕਸੀਜਨ ਪਲਾਂਟ ਮਨਜ਼ੂਰ ਕੀਤੇ ਸਨ ਲੇਕਿਨ ਇਹ ਤਾਂ ਮਹਿਜ਼ ਇਕ ਬਹਾਨਾ ਹੈ ਕਿ ਰਾਜਾਂ/ਹਸਪਤਾਲਾਂ ਨੇ ਇਹ ਲੱਗਣ ਤੋਂ ਰੋਕ ਦਿੱਤੇ। ਮੁਲਕ ਦੇ ‘ਸਭ ਤੋਂ ਵਧੀਆ ਪ੍ਰਸ਼ਾਸਨ ਵਾਲੇ ਰਾਜ’ – ਉੱਤਰ ਪ੍ਰਦੇਸ਼ – ਨੂੰ ਇਸ ਤਰ੍ਹਾਂ ਦੇ 14 ਪਲਾਂਟ ਦਿੱਤੇ ਗਏ ਸਨ ਲੇਕਿਨ ਸਿਰਫ਼ ਇਕ ਹੀ ਲਗਾਇਆ ਗਿਆ ਸੀ। ਦੋਸ਼ੀ ਕੌਣ ਹੈ? ਅਸੀਂ ਤਾਂ ਬਸ ਹੁਣ ਜੋ ਕਰ ਰਹੇ ਹਾਂ ਉਹ ਹੈ ਉਨ੍ਹਾਂ ਲੋਕਾਂ ਵਿਰੁੱਧ ਐਫਆਈਆਰ ਦਰਜ ਕਰਨਾ ਜਿਹੜੇ ਸੋਸ਼ਲ ਮੀਡੀਆ ’ਤੇ ਆਕਸੀਜਨ ਦੀ ਸ਼ਿਕਾਇਤ ਕਰਦੇ ਹਨ ਜਾਂ ਗੁਜ਼ਾਰਿਸ਼ ਕਰਦੇ ਹਨ। ਹਾਂ, ਕਾਰਪੋਰੇਟ ਹਸਪਤਾਲਾਂ ਨੂੰ ਆਪਣੇ ਆਕਸੀਜਨ ਪਲਾਂਟ ਲਗਾਉਣੇ ਚਾਹੀਦੇ ਸਨ। ਮਹਾਂਮਾਰੀ ਫੈਲਣ ’ਤੇ ਸਿਹਤ ਦੇ ਖੇਤਰ ਨੂੰ ਆਪਣੇ ਹੱਥ ਲੈਣ ਤੋਂ ਬਾਅਦ, ਕੇਂਦਰ ਨੂੰ ਐਸੇ ਨਿਰਦੇਸ਼ ਜਾਰੀ ਕਰਨ ਜਾਂ ਜ਼ੋਰ ਪਾਉਣ ਤੋਂ ਕਿਸ ਨੇ ਰੋਕਿਆ? ਐਸੀ ਸਰਕਾਰ ਜੋ ਵੱਖਰੀ ਸੋਚ ਵਾਲੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰਨ ਲਈ ਪੁਰਾਤਨ ਜ਼ਮਾਨੇ ਦੇ ਕਾਨੂੰਨ ਖੋਜ ਲੈਂਦੀ ਹੈ, ਉਸ ਲਈ ਇਹ ਸੌਖਾ ਕੰਮ ਹੋਣਾ ਸੀ।

ਇਨ੍ਹਾਂ ਸਾਰੀਆਂ ਸ਼ੇਖ਼ੀਆਂ ਦਾ ਅਜੇ ਵੀ ਕੋਈ ਮਹੱਤਵ ਨਹੀਂ ਹੋਣਾ ਸੀ ਜੇ ਇਹ ਸ਼ੇਖ਼ੀਆਂ ‘ਆਮ ਸ਼ੱਕੀ ਵਿਅਕਤੀਆਂ’ ਵੱਲੋਂ ਮਾਰੀਆਂ ਗਈਆਂ ਹੁੰਦੀਆਂ ਜਿਨ੍ਹਾਂ ਉੱਪਰ ਮੁਲਕ-ਵਿਰੋਧੀ ਹੋਣ ਦਾ ਠੱਪਾ ਲਾਇਆ ਜਾ ਸਕਦਾ ਸੀ। ਲੇਕਿਨ ਇਹ ਤਾਂ ਉਸ ਮੱਧ ਵਰਗ ਅਤੇ ਉੱਚ ਮੱਧ ਵਰਗ ਵੱਲੋਂ ਮਾਰੀਆਂ ਜਾ ਰਹੀਆਂ ਸਨ, ਜੋ ਭਾਜਪਾ ਦਾ ਮੁੱਖ ਚੋਣ ਆਧਾਰ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਨੋਟਬੰਦੀ ਤਾਂ ਦਰ ਅਸਲ ਅਮੀਰਾਂ ਤੋਂ ਧਨ ਖੋਹਣ ਲਈ ਸੀ (ਅਸੀਂ ਹੁਣ ਇਸ ਬਾਰੇ ਪੜ੍ਹਨ ਦੀ ਜਹਿਮਤ ਨਹੀਂ ਉਠਾਉਂਦੇ ਕਿ ਨਕਦੀ ਕਿਵੇਂ ਚੱਲਦੀ ਰਹਿੰਦੀ ਹੈ) ਭਾਵੇਂ ਕਿ ਅਸੀਂ ਉਨ੍ਹਾਂ ਉੱਤਮ ਦਿਮਾਗਾਂ ਦਾ ਮਖ਼ੌਲ ਉਡਾਉਂਦੇ ਰਹੇ ਜਿਨ੍ਹਾਂ ਨੇ ਦੁੱਖ ਜ਼ਾਹਿਰ ਕੀਤਾ ਸੀ ਕਿ ਅਜਿਹੇ ਕਦਮ ਗ਼ਰੀਬ ਲੋਕਾਂ ਨੂੰ ਦੁਖੀ ਕਰਦੇ ਹਨ। ਸਾਡਾ ਮੰਨਣਾ ਸੀ ਕਿ ਇਸ ਮੁਲਕ ਨੂੰ ਘੇਰਾ ਘੱਤੀ ਬੈਠੀਆਂ ਸਾਰੀਆਂ ਮੁਸੀਬਤਾਂ ਦਾ ਇੱਕੋਇਕ ਕਾਰਨ, ਘੱਟ ਗਿਣਤੀਆਂ ਦੀ ਹੋਂਦ ਹੈ – ਪਿਛਲੇ ਸਾਲ ਤਬਲੀਗ਼ੀ ਜਮਾਤ ਉੱਪਰ ਕੀਤੇ ਹਮਲੇ ਨੂੰ ਯਾਦ ਕਰੋ।

ਉਸ ਹਿੱਸੇ ਲਈ ਇਹ ਦੂਜੀ ਲਹਿਰ ਸਖ਼ਤ ਸਦਮੇ ਦੇ ਥਪੇੜੇ ਵਜੋਂ ਆਈ ਹੈ ਜੋ ਹਮੇਸਾਂ ਉਮੀਦ ਕਰਦਾ ਹੈ ਅਤੇ ਜਿਸ ਨੂੰ ਰਾਜ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਭ ਸਹੂਲਤਾਂ ਮਿਲਦੀਆਂ ਹਨ (ਪਾਰਟੀ ਚਾਹੇ ਕੋਈ ਵੀ ਹੋਵੇ) ਅਤੇ ਜੋ ਰਾਖਵੇਂਕਰਨ ਤੋਂ ਸਿਵਾਏ ਇਸ ਸਭ ਕਾਸੇ ਦੀ ਲਗਾਤਾਰ ਮੰਗ ਕਰਦਾ ਰਹਿੰਦਾ ਹੈ ਕਿ ਉਹ ਸਮਾਜਿਕ ਅਤੇ ਆਰਥਿਕ ਤਰਤੀਬ ਵਿਚ ਕਿਤੇ ਹੋਰ ਹੋਣੇ ਚਾਹੀਦੇ ਸਨ। ਗੇਟਬੰਦ ਅਮੀਰ ਕਲੋਨੀਆਂ ਵਾਲੇ ਸਮੂਹ ਘਿਰ ਗਏ ਹਨ, ਉੱਚੇ ਅਤੇ ਸ਼ਕਤੀਸ਼ਾਲੀ – ਜੱਜ, ਨੌਕਰਸ਼ਾਹ, ਪੱਤਰਕਾਰ ਅਤੇ ਸੰਸਦ ਮੈਂਬਰ - ਹਸਪਤਾਲਾਂ ਦੇ ਬੈੱਡਾਂ ਜਾਂ ਆਕਸੀਜਨ ਦੀ ਵਰਤੋਂ ਕਰਨ ਤੋਂ ਅਸਮਰੱਥ ਹਨ। ਮੱਧਵਰਗ ’ਚ ਅਚਾਨਕ ਇਹ ਸਦਮੇ ਦੀ ਭਾਵਨਾ, ਅਨਾਥ/ਬੇਸਹਾਰਾ ਛੱਡ ਦਿੱਤੇ ਜਾਣ ਦੀ ਭਾਵਨਾ ਆ ਗਈ ਹੈ ਕਿਉਂਕਿ ਹਸਪਤਾਲਾਂ ਵੱਲੋਂ ਭਾਅ ਵਧਾ ਦਿੱਤੇ ਜਾਣ ਕਾਰਨ ਅਤੇ ਹਰ ਦਵਾਈ/ਮੈਡੀਕਲ ਸਮਾਨ ਵੱਧ ਤੋਂ ਵੱਧ ਪ੍ਰਚੂਨ ਮੁੱਲ ਤੋਂ ਦੋ-ਤਿੰਨ ਗੁਣਾਂ ਮੁੱਲ ਵਸੂਲ ਕੇ ਵੇਚੇ ਜਾਣ ਕਾਰਨ ਉਨ੍ਹਾਂ ਦੀ ਬਚਤ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ।

ਜਦੋਂ ਪਿਛਲੇ ਸਾਲ ਲਗਾਤਾਰ ਤਾਲਾਬੰਦੀ ਦੇ ਝੰਬੇ ਹਜ਼ਾਰਾਂ ਪ੍ਰਵਾਸੀ ਸੈਂਕੜੇ ਕਿਲੋਮੀਟਰ ਤੁਰ ਕੇ ਆਪਣੇ ਘਰ ਪਹੁੰਚਣ ਲਈ ਤਰਲੇ ਲੈ ਰਹੇ ਸਨ ਤਾਂ ਅਸੀਂ ਕੋਈ ਪ੍ਰਵਾਹ ਨਹੀਂ ਕੀਤੀ, ਨਾ ਹੀ ਸਾਨੂੰ ਉਦੋਂ ਸਦਮਾ ਪਹੁੰਚਿਆ ਜਦੋਂ ਸਰਕਾਰ ਦੇ ਕਾਨੂੰਨੀ ਬਾਜਾਂ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅਜਿਹੀ ਹਾਲਤ ਦਾ ਕੋਈ ਸਬੂਤ ਨਹੀਂ ਮਿਲਿਆ। ਪਰ ਜਦੋਂ ਉਹੀ ਕਾਨੂੰਨੀ ਬਾਜ ਹੁਣ ਅਦਾਲਤਾਂ ਨੂੰ ਕਹਿ ਰਹੇ ਹਨ ਕਿ “ਰੋਂਦੂ ਬੱਚਾ ਨਾ ਬਣੋ” ਤਾਂ ਅਸੀਂ ਖ਼ੌਫ਼ਜ਼ਦਾ ਹੋ ਗਏ ਹਾਂ। ਕਿਉਂਕਿ ਵਾਇਰਸ ਹੁਣ ਸਾਡੀਆਂ ਬਰੂਹਾਂ ’ਤੇ, ਉਨ੍ਹਾਂ ਉਦਾਸੀਨ ਹੱਦਾਂ ਹੱਦਾਂ ’ਤੇ ਪਹੁੰਚ ਗਿਆ ਹੈ ਜਿੱਥੋਂ ਅਸੀਂ ਇਕ ਸਾਲ ਤੋਂ ਕੰਮ ਕਰ ਰਹੇ ਹਾਂ। ਅਸੀਂ ਬਿਸਤਰੇ, ਆਕਸੀਜਨ ਜਾਂ ਦਵਾਈਆਂ ਦੀ ਭੀਖ ਮੰਗਣ ਦੇ ਆਦੀ ਨਹੀਂ ਹਾਂ।

ਸਾਡਾ “ਆਤਮਨਿਰਭਰਭਾਰਤ” ਹੁਣ ਮਜ਼ਬੂਤ ਨਹੀਂ ਹੈ। ਜਿਵੇਂ ਇਹ ਅਪਮਾਨਜਨਕ ਲੱਗ ਸਕਦਾ ਹੈ, ਸਭ ਨੂੰ ਨੀਂਦ ਤੋਂ ਜਗਾਉਣ ਅਤੇ ਮਹਿਸੂਸ ਕਰਾਉਣ ਲਈ ਇਸ ਪੱਧਰ ਦੇ ਵਿਸ਼ਾਲ ਸੰਕਟ ਦੀ ਲੋੜ ਸੀ ਕਿ ਅਸੀਂ ਮੂਲ ਰੂਪ ਵਿਚ ਇਕ ਨਾਬਰਾਬਰੀ ਵਾਲੇ ਸਮਾਜ ਵਿਚ ਰਹਿ ਰਹੇ ਹਾਂ ਅਤੇ ਇਕ ਤੋਂ ਬਾਦ ਆਈ ਹਰ ਸਰਕਾਰ ਨੇ ਉਨ੍ਹਾਂ ਨੂੰ ਸੌਂਪੇ ਗਏ ਦੋ ਸਭ ਤੋਂ ਮਹੱਤਵਪੂਰਨ ਫਰਜ਼ਾਂ – ਸਿਹਤ ਅਤੇ ਸਿੱਖਿਆ ਨੂੰ ਤਿਆਗ ਦਿੱਤਾ ਹੈ। ਜਿੰਨਾ ਚਿਰ ਸਿਰਫ਼ ਗ਼ਰੀਬਾਂ ਨੂੰ ਸਿਹਤ ਅਤੇ ਸਿੱਖਿਆ ਤੋਂ ਇਨਕਾਰ ਕੀਤਾ ਜਾਂਦਾ ਸੀ, ਸਾਨੂੰ ਇਸ ਦੀ ਪ੍ਰਵਾਹ ਨਹੀਂ ਸੀ। ਹੁਣ, ਜਦੋਂ ਸਾਨੂੰ ਵੀ ਇਨਕਾਰ ਕੀਤਾ ਜਾ ਰਿਹਾ ਹੈ, ਤਾਂ ਅਸੀਂ ਹੁਣ ਭਾਜਪਾ ਹਮਾਇਤੀਆਂ ਦੇ ਇਨ੍ਹਾਂ ਟਵੀਟਾਂ ਤੋਂ ਖ਼ੁਸ਼ ਨਹੀਂ ਹਾਂ ਕਿ ਦਿਨ ਵਿਚ 3,000 ਤੋਂ ਵੱਧ ਮੌਤਾਂ ਸਾਡੇ ਜਿੱਡੇ ਮੁਲਕ ਲਈ ਬਹੁਤ ਥੋੜ੍ਹੀਆਂ ਹਨ। ਇਹ ਉਦੋਂ ਹੁੰਦਾ ਹੈ ਜਦੋਂ ਨਾਗਰਿਕਾਂ ਨੂੰ ਸਿਰਫ਼ ਅੰਕੜਿਆਂ ਤੱਕ ਘਟਾ ਦਿੱਤਾ ਜਾਂਦਾ ਹੈ, ਜਦੋਂ ਹਰ ਕੋਈ ਇਹ ਤੱਥ ਭਲੀਭਾਂਤ ਜਾਣਦਾ ਹੈ ਕਿ ਮੌਤਾਂ ਸਰਕਾਰੀ ਰਿਕਾਰਡ ਨਾਲੋਂ ਘੱਟੋਘੱਟ 3-5 ਗੁਣਾਂ ਜ਼ਿਆਦਾ ਹਨ, ਜਿਸ ਦਾ ਪਤਾ ਸ਼ਮਸ਼ਾਨਘਾਟਾਂ ਉੱਪਰ ਸਸਕਾਰਾਂ ਦੇ ਬੋਝ ਅਤੇ ਲੰਮਾ ਲੰਮਾ ਸਮਾਂ ਇੰਤਜ਼ਾਰ ਕਰਨ ਤੋਂ ਲੱਗ ਰਿਹਾ ਹੈ।

ਲੋਕਤੰਤਰ ਸਿਰਫ਼ ਚੋਣਾਂ ਜਿੱਤਣਾ ਨਹੀਂ ਹੁੰਦਾ। ਜੇ ਸਿਰਫ਼ ਮੁੱਖ ਧਾਰਾ ਮੀਡੀਆ (ਜਿਸ ਦਾ ਮੈਂ ਇਕ ਹਿੱਸਾ ਹਾਂ), ਨਿਆਂਪਾਲਿਕਾ ਅਤੇ ਲੋਕਾਂ ਪ੍ਰਤੀ ਜਵਾਬਦੇਹ ਹੋਰ ਸੰਸਥਾਵਾਂ (ਸਰਕਾਰ ਨਹੀਂ) ਸ਼ੀਸ਼ੇ ’ਚ ਆਪਣਾ ਮੂੰਹ ਦੇਖ ਕੇ ਆਪਣਾ ਫਰਜ਼ ਨਿਭਾਉਂਦੀਆਂ, ਤਾਂ ਸ਼ਾਇਦ ਸਾਡੇ ਲਈ ਇਹ ਨੌਬਤ ਨਾ ਆਉਂਦੀ ਅਤੇ ਸੱਤਾਧਾਰੀਆਂ ਨੇ ਵੀ ਜਿੱਥੇ ਉਹ ਗ਼ਲਤ ਸਨ ਉਸ ਨੂੰ ਦਰੁਸਤ ਕਰਦੇ ਹੋਏ ਵਧੀਆ ਕੰਮ ਕਰਨਾ ਸੀ। ਜਿਵੇਂ ਇਕ ਸਹਿਯੋਗੀ ਨੇ ਕਿਹਾ, ਅਸੀਂ ਇਕ ਅਜਿਹੇ ਪੜਾਅ ’ਤੇ ਆ ਪਹੁੰਚੇ ਹਾਂ ਜਿੱਥੇ ਅਸੀਂ “ਵੋਟਾਂ ਪਾਉਂਦੇ ਹਾਂ ਅਤੇ ਲਾਸ਼ਾਂ ਗਿਣਦੇ ਹਾਂ।” ਬਹੁਤ ਸਾਰੀਆਂ ਰਾਤਾਂ ਐਸੀਆਂ ਹੁੰਦੀਆਂ ਹਨ ਜਦੋਂ ਤੁਸੀਂ ਇਸ ਭਾਵਨਾ ਨਾਲ ਸੌਂਦੇ ਹੋ ਕਿ ਲਹੂ “ਸਾਡੇ ਹੱਥਾਂ ਨੂੰ ਵੀ ਲੱਗਾ ਹੋਇਐ”।

ਨਰਿੰਦਰ ਸਿੰਘ ਢਿੱਲੋਂ

# ਇਕ ਹੋਰ ਬੇਅਦਬੀ ਕਾਂਡ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 2015 ਵਿਚ ਵਾਪਰੇ ਬੇਅਦਬੀ ਕਾਂਡ ਦੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਤੇ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਜਿਸ ਨੂੰ ਸੰਖੇਪ ਸ਼ਬਦਾਂ ਵਿਚ ਸਿੱਟ ਵੀ ਕਿਹਾ ਜਾਂਦਾ ਹੈ, ਦੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਰੱਦ ਹੋਣ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਘਮਸਾਨ ਮੱਚਿਆ ਹੋਇਆ ਹੈ। ਅਕਾਲੀ ਦਲ ਦੇ ਨੇਤਾ ਕੱਛਾਂ ਵਜਾ ਰਹੇ ਹਨ ਅਤੇ ਲੱਡੂ ਵੰਡ ਚੁੱਕੇ ਹਨ ਅਤੇ ਪੰਜਾਬ ਕਾਂਗਰਸ ਪਾਰਟੀ ਵਿਚ ਕੁਝ ਨੇਤਾ ਜਨਤਕ ਤੌਰ 'ਤੇ ਅਤੇ ਕੁਝ ਅੰਦਰੂਨੀ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ 'ਤੇ ਹਮਲੇ ਕਰਦਿਆਂ ਇਹ ਦੋਸ਼ ਲਾ ਰਹੇ ਹਨ ਕਿ ਪੰਜਾਬ ਸਰਕਾਰ ਦੀ ਕਾਨੂੰਨੀ ਟੀਮ ਨੇ ਇਸ ਕੇਸ ਨੂੰ ਠੀਕ ਤਰ੍ਹਾਂ ਲੜਿਆ ਹੀ ਨਹੀਂ ਅਤੇ ਐਡਵੋਕੇਟ ਜਨਰਲ ਅਦਾਲਤ ਵਿਚ ਪੇਸ਼ ਹੀ ਨਹੀਂ ਹੋਏ ਜਿਸ ਕਰਕੇ ਜਾਂਚ ਰਿਪੋਰਟ ਰੱਦ ਹੋ ਗਈ। ਕਾਂਗਰਸ ਪਾਰਟੀ ਦੇ ਅੰਦਰੋਂ ਇਹ ਅਵਾਜ਼ਾਂ ਵੀ ਉਠ ਰਹੀਆਂ ਹਨ ਕਿ ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਤੋਂ ਇਹ ਪ੍ਰਭਾਵ ਜਾ ਰਿਹਾ ਹੈ ਕਿ ਕੈਪਟਨ ਅਤੇ ਬਾਦਲ ਆਪਸ ਵਿਚ ਰਲੇ ਹੋਏ ਹਨ ਜਿਸ ਕਰਕੇ ਬਾਦਲਾਂ ਨੂੰ ਬਚਾਉਣ ਲਈ ਕੈਪਟਨ ਨੇ ਐਡਵੋਕੇਟ ਜਨਰਲ ਅਤੁਲ ਨੰਦਾ ਤੇ ਜਾਂਚ ਟੀਮ ਨੂੰ ਸੰਜੀਦਗੀ ਨਾਲ ਕੰਮ ਕਰਨ ਦੇ ਹੁਕਮ ਜਾਰੀ ਨਹੀਂ ਕੀਤੇ। ਇਸ ਸਬੰਧ ਵਿਚ ਜਸਟਿਸ ਰਣਜੀਤ ਸਿੰਘ ਅਤੇ ਸਿੱਟ ਦੇ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਵੀ ਆਪਣੇ ਆਪਣੇ ਵਿਚਾਰ ਜਨਤਕ ਕੀਤੇ ਹਨ ਜਿਸ ਦੀ ਰੋਸ਼ਨੀ ਵਿਚ ਇਸ ਘਟਨਾਕ੍ਰਮ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਬੇਅਦਬੀ ਕਾਂਡ ਪਹਿਲੀ ਜੂਨ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਤੋਂ ਬਾਅਦ ਕਿਵੇਂ ਵਾਪਰਿਆ ਅਤੇ ਲੋਕਾਂ ਵਲੋਂ ਰੋਸ ਪ੍ਰਗਟ ਕਰਦਿਆਂ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਚ ਪੁਲਿਸ ਨੇ ਕਿਵੇਂ ਫਾਇਰਿੰਗ ਕੀਤੀ, ਇਸ ਉਤੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਜਿਸ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ। ਇਸ ਕਾਂਡ ਦੀ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣੀ ਹੁਣ ਸ਼ਾਤਰ ਸਿਆਸੀ ਚਾਲਾਂ ਦੀ ਭੇਂਟ ਚੜ੍ਹ ਰਹੀਆਂ ਜਾਪਦੀਆਂ ਹਨ। ਇਹ ਕਾਂਡ ਆਪਣੇ ਆਪ ਨੂੰ ਪੰਥਕ ਆਗੂ ਅਖਵਾਉਂਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਰਾਜ ਸਮੇਂ ਹੀ ਵਾਪਰਿਆ ਅਤੇ ਆਪਣੇ ਰਾਜ ਸਮੇਂ ਦੋਸ਼ੀਆਂ ਨੂੰ ਲੱਭਕੇ ਬਣਦੀ ਸਜ਼ਾ ਦਿਵਾਉਣ ਦੀ ਥਾਂ ਇਨ੍ਹਾਂ ਆਪ ਹੀ ਬਣਾਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਦੀ ਵੀ ਕੋਈ ਪ੍ਰਵਾਹ ਨਾ ਕੀਤੀ ਜਿਸ ਤੋਂ ਲੋਕਾਂ ਵਿਚ ਇਹ ਚਰਚਾ ਸ਼ੁਰੂ ਹੋ ਗਈ ਕਿ ਇਸ ਕਾਂਡ ਪਿਛੇ ਅਕਾਲੀ ਦਲ ਦਾ ਕੋਈ ਰਾਜਨੀਤਕ ਹਿੱਤ ਜਾਪਦਾ ਹੈ। ਇਸ ਤਰ੍ਹਾਂ ਇਸ ਕਾਂਡ ਤੋਂ ਪੀੜਤ ਲੋਕ ਇਨਸਾਫ਼ ਦਾ ਰਾਹ ਤੱਕਦੇ ਹੀ ਰਹਿ ਗਏ।

ਸਾਲ 2017 ਵਿਚ ਜਦ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਸਨ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ ਵੀ ਇਹ ਵਾਅਦਾ ਕੀਤਾ ਸੀ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਉਹ ਇਸ ਬੇਅਦਬੀ, ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਗੇ ਲੇਕਿਨ ਅੱਜ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਅਦ ਜੋ ਨਤੀਜਾ ਹੈ ਉਹ ਸਭ ਦੇ ਸਾਹਮਣੇ ਹੈ। ਸਥਿਤੀ ਸਾਲ 2015 ਵਾਲੀ ਹੀ ਹੈ।

ਕਿਸੇ ਵੀ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਹੋਰ ਹਰ ਦੁੱਖ, ਸੁੱਖ, ਵਧੀਕੀ, ਜ਼ਬਰ ਜ਼ੁਲਮ ਆਦਿ ਬਰਦਾਸ਼ਤ ਕਰ ਸਕਦੇ ਹਨ ਲੇਕਿਨ ਆਪਣੇ ਧਾਰਮਿਕ ਗ੍ਰੰਥਾਂ ਦਾ ਅਪਮਾਨ ਬਰਦਾਸ਼ਤ ਨਹੀਂ ਕਰਦੇ। ਇਸੇ ਕਰਕੇ ਧਰਮ ਦਾ ਪੱਤਾ ਖੇਡਕੇ ਕਈ ਐਸੇ ਲੋਕ ਵੀ ਰਾਜ ਭਾਗ 'ਤੇ ਕਾਬਜ਼ ਹੋ ਜਾਂਦੇ ਹਨ ਜਿਨ੍ਹਾਂ ਦੀ ਲੋਕ ਹਿਤਾਂ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਉਹ ਧਾਰਮਿਕ ਮੁੱਦਿਆਂ ਨੂੰ ਜਿਉਂਦੇ ਰੱਖਦੇ ਹਨ ਅਤੇ ਚੋਣਾਂ ਸਮੇਂ ਉਨ੍ਹਾਂ ਦਾ ਢੰਡੋਰਾ ਪਿੱਟਕੇ ਲੋਕਾਂ ਨੂੰ ਉਤੇਜਿਤ ਕਰਕੇ ਵੋਟਾਂ ਹਾਸਲ ਕਰਦੇ ਹਨ। ਕੁਝ ਲੋਕਾਂ ਨੂੰ ਅਪ੍ਰੇਸ਼ਨ ਬਲਿਊ ਸਟਾਰ ਅਤੇ ਦਿੱਲੀ ਸਿੱਖਾਂ ਦਾ ਕਤਲੇਆਮ ਉਦੋਂ ਯਾਦ ਆਉਂਦਾ ਹੈ ਜਦੋਂ ਚੋਣਾਂ ਆਉਂਦੀਆਂ ਹਨ। ਜਾਪਦਾ ਹੈ ਕੈਪਟਨ ਅਮਰਿੰਦਰ ਸਿੰਘ ਵੀ ਬੇਅਦਬੀ ਅਤੇ ਗੋਲੀ ਕਾਂਡਾਂ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਨ ਤਾਂ ਜੋ ਚੋਣਾਂ ਵੇਲੇ ਇਸ ਨੂੰ ਅਕਾਲੀ ਦਲ ਵਿਰੁੱਧ ਵਰਤਕੇ ਵੋਟਾਂ ਵੀ ਲਈਆਂ ਜਾ ਸਕਣ ਅਤੇ ਬਾਦਲਾਂ ਨੂੰ ਬਚਾਉਣ ਦਾ ਕਥਿਤ ਵਾਅਦਾ ਵੀ ਨਿਭਾਇਆ ਜਾ ਸਕੇ।

ਬੇਅਦਬੀ ਕਾਂਡ ਤੋਂ ਬਾਅਦ ਅਕਾਲੀ ਦਲ ਦਾ ਰੋਲ ਇਸ ਬਾਰੇ ਕਿੰਨਾ ਨਾਂਹਪੱਖੀ ਰਿਹਾ, ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਰੂਪ ਚੋਰੀ ਹੋਣ ਤੋਂ ਬਾਅਦ ਲੋਕਾਂ ਪੁਲਿਸ ਦੇ ਨੋਟਿਸ ਵਿਚ ਲਿਆਂਦਾ, ਕੋਈ ਕਾਰਵਾਈ ਨਹੀਂ ਹੋਈ। ਦੋਸ਼ੀਆਂ ਨੇ ਬੇਅਦਬੀ ਕਰਨ ਲਈ ਇਸ਼ਤਿਹਾਰ ਲਗਾਏ, ਪੁਲਿਸ ਵਲੋਂ ਕੋਈ ਕਾਰਵਾਈ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੱਤਰੇ ਖਿਲਾਰੇ ਗਏ, ਪੁਲਿਸ ਵਲੋਂ ਕੋਈ ਕਾਰਵਾਈ ਨਹੀਂ। ਪੁਲਿਸ ਆਪਣੇ ਤੌਰ 'ਤੇ ਕੋਈ ਕਾਰਵਾਈ ਨਾ ਕਰੇ, ਇਹ ਸੰਭਵ ਨਹੀਂ। ਕਾਰਵਾਈ ਨਾ ਕਰਨ ਪਿਛੇ ਕਿਸੇ ਸਰਕਾਰੀ ਹੱਥ ਦਾ ਸ਼ੱਕ ਪੈਦਾ ਹੁੰਦਾ ਹੈ। ਜਦ ਸਮੁੱਚੇ ਪੰਜਾਬ ਵਿਚ ਲੋਕ ਰੋਹ ਵਿਚ ਉਠ ਖਲੋਤੇ ਤਾਂ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਪੁਰਅਮਨ ਬੈਠੇ ਲੋਕਾਂ 'ਤੇ ਗੋਲੀ ਚਲਾਈ ਗਈ ਜਿਸ ਨਾਲ ਬਹਿਬਲ ਕਲਾਂ ਵਿਖੇ ਦੋ ਵਿਅਕਤੀਆਂ ਦੀ ਮੌਤ ਹੋ ਗਈ। ਇਹ ਗੋਲੀ ਕਾਂਡ ਪੁਲਿਸ ਕਿਸੇ ਸਰਕਾਰੀ ਹੁਕਮ ਤੋਂ ਬਿਨਾਂ ਨਹੀਂ ਕਰ ਸਕਦੀ ਅਤੇ ਅਣਪਛਾਤੀ ਪੁਲਿਸ ਵਲੋਂ ਗੋਲੀ ਚਲਾਉਣ ਦੀ ਰਿਪੋਰਟ ਦਰਜ ਕਰਨਾ ਸਰਕਾਰੀ ਸ਼ਹਿ ਤੋਂ ਬਿਨਾਂ ਸੰਭਵ ਨਹੀਂ।

ਅਕਾਲੀ ਭਾਜਪਾ ਸਰਕਾਰ ਵਲੋਂ ਇਸ ਦੀ ਨਾਮਨਿਹਾਦ ਜਾਂਚ ਨੂੰ ਵਿਦੇਸ਼ੀ ਖਾਤੇ ਵਿਚ ਪਾ ਕੇ ਸੁਰਖ਼ਰੂ ਹੋਣ ਦੀ ਕੋਸ਼ਿਸ਼ ਕਰਕੇ ਪਿੰਡ ਪੰਜਗਰਾਈਂ ਦੇ ਦੋ ਸਕੇ ਭਰਾਵਾਂ ਜਸਵਿੰਦਰ ਸਿੰਘ ਤੇ ਰੁਪਿੰਦਰ ਸਿੰਘ ਨੂੰ ਇਹ ਕਹਿ ਕੇ ਗ੍ਰਿਫ਼ਤਾਰ ਕੀਤਾ ਗਿਆ ਕਿ ਇਨ੍ਹਾਂ ਨੂੰ ਬੇਅਦਬੀ ਕਾਂਡ ਲਈ ਵਿਦੇਸ਼ਾਂ ਤੋਂ ਮਦਦ ਮਿਲੀ ਸੀ ਅਤੇ ਰਿਪੋਰਟ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤੀ। ਨੌਜਵਾਨਾਂ 'ਤੇ ਤਸ਼ੱਦਦ ਕਰਨ ਦੀ ਵੀ ਚਰਚਾ ਹੁੰਦੀ ਰਹੀ। ਜਦ ਗ੍ਰਹਿ ਵਿਭਾਗ ਨੇ ਪੰਜਾਬ ਦੀ ਰਿਪੋਰਟ ਰੱਦ ਕਰ ਦਿੱਤੀ ਤਾਂ ਦੋਹਾਂ ਨੌਜਵਾਨਾਂ ਨੂੰ ਛੱਡਣਾ ਪਿਆ। ਚਰਚਾ ਇਹ ਵੀ ਸੀ ਕਿ ਪੁਲਿਸ ਜਾਂਚ ਡੇਰਾ ਸਿਰਸਾ ਨੂੰ ਜਾਂਦੀ ਰੋਕ ਲਈ ਜਾਂਦੀ ਸੀ। ਅਕਾਲੀ ਭਾਜਪਾ ਸਰਕਾਰ ਦੀ ਨੀਤ ਅਤੇ ਨੀਤੀ ਵਿਚ ਖੋਟ ਹੋਣ ਕਰਕੇ ਸਰਕਾਰ ਨੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਠੰਡੇ ਬਸਤੇ ਵਿਚ ਪਾ ਦਿੱਤੀ। ਹੁਣ ਹਾਈਕੋਰਟ ਦੇ ਫੈਸਲੇ ਨਾਲ ਇਕ ਵਾਰ ਅਕਾਲੀ ਦਲ ਦੀ ਨੀਤੀ ਵਿਚ ਖੋਟ ਢੱਕੀ ਗਈ ਹੈ। ਇਸੇ ਕਰਕੇ ਉਹ ਹਾਈਕੋਰਟ ਦੇ ਫੈਸਲੇ 'ਤੇ ਖੁਸ਼ੀਆਂ ਮਨ੍ਹਾ ਰਹੇ ਹਨ।

2107 ਵਿਚ ਕਾਂਗਰਸ ਸਰਕਾਰ ਬਣਨ 'ਤੇ ਅਪ੍ਰੈਲ 2017 ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਗਿਆ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵੱਖ-ਵੱਖ ਥਾਹੀਂ ਵਾਪਰੇ ਬੇਅਦਬੀ ਕਾਂਡ ਅਤੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡਾਂ ਦੀ ਜਾਂਚ ਦਾ ਕੰਮ ਸੌਂਪਿਆ ਗਿਆ। ਉਸ ਨੇ 30 ਜੂਨ 2018 ਨੂੰ 192 ਸਫਿਆਂ ਦੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ। ਇਸ ਰਿਪੋਰਟ 'ਤੇ ਪੰਜਾਬ ਵਿਧਾਨ ਸਭਾ ਵਿਚ ਬਹਿਸ ਵੀ ਕਰਵਾਈ ਗਈ ਜਿਸ ਵਿਚ ਕਾਂਗਰਸੀ ਮੰਤਰੀਆਂ ਸਮੇਤ ਮੈਂਬਰਾਂ ਨੇ ਮੁੱਖ ਮੰਤਰੀ ਕੋਲੋਂ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ। ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ ਜਿਸ ਦੇ ਮੁਖੀ ਸੀਨੀਅਰ ਪੁਲਿਸ ਅਫ਼ਸਰ ਪ੍ਰਬੋਧ ਕੁਮਾਰ ਸਨ। ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ, ਆਈ. ਜੀ. ਕਰਾਇਮ ਅਰੁਨਾਪਾਲ ਸਿੰਘ, ਐਸ.ਐਸ.ਪੀ. ਕਪੂਰਥਲਾ ਸਤਿੰਦਰਪਾਲ ਸਿੰਘ ਅਤੇ ਭੁਪਿੰਦਰ ਸਿੰਘ ਕਮਾਂਡੈਂਟ ਪੁਲਿਸ ਰਕਰੂਟਮੈਂਟ ਸੈਂਟਰ ਵੀ ਇਸ ਪੰਜ ਮੈਂਬਰੀ ਸਿੱਟ ਦੇ ਮੈਂਬਰ ਸਨ।

ਜਲਦੀ ਹੀ ਸਿੱਟ ਦੇ ਮੈਂਬਰਾਂ ਵਿਚ ਤਕਰਾਰ ਦੀਆਂ ਖ਼ਬਰਾਂ ਆਉਣ ਲੱਗ ਪਈਆਂ। ਸਿਆਸੀ ਹਲਕਿਆਂ ਵਿਚ ਇਹ ਚਰਚਾ ਸ਼ੁਰੂ ਹੋ ਗਈ ਸੀ ਕਿ ਸਰਕਾਰ ਵਲੋਂ ਸਿੱਟ ਦੇ ਮੈਂਬਰਾਂ 'ਤੇ ਦਬਾਅ ਪਾਇਆ ਜਾ ਰਿਹਾ ਸੀ ਕਿ ਪਹਿਲੀ ਸਰਕਾਰ ਦੇ ਉਚ



ਨੇਤਾਵਾਂ ਨੂੰ ਜਾਂਚ ਵਿਚ ਸ਼ਾਮਲ ਨਾ ਕੀਤਾ ਜਾਵੇ ਪਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਹ ਦਬਾਅ ਮੰਨਣ ਤੋਂ ਇਨਕਾਰ ਕਰ ਦਿੱਤਾ। ਇਕ ਗੱਲਬਾਤ ਦੌਰਾਨ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਜਦ ਉਨ੍ਹਾਂ ਨੇ ਪਹਿਲੀ ਸਰਕਾਰ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ ਜਾਂਚ ਲਈ ਨੋਟਿਸ ਭੇਜੇ ਤਾਂ ਉਨ੍ਹਾਂ 'ਤੇ ਨੋਟਿਸ ਵਾਪਸ ਲੈਣ ਲਈ ਦਬਾਅ ਪਾਇਆ ਗਿਆ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਟ ਦੇ ਮੈਂਬਰਾਂ ਨੂੰ ਇਕਜੁਟ ਕਰਨ ਦਾ ਕੋਈ ਯਤਨ ਨਾ ਕੀਤਾ ਤੇ ਸ਼ੱਕ ਦੀ ਸੂਈ ਕੈਪਟਨ ਸਾਹਿਬ ਵੱਲ ਹੀ ਜਾਣ ਲੱਗ ਪਈ ਕਿ ਉਨ੍ਹਾਂ ਦੀ ਹਦਾਇਤ 'ਤੇ ਹੀ ਸਿੱਟ ਦੇ ਮੈਂਬਰ ਬਾਦਲਾਂ ਨੂੰ ਜਾਂਚ ਤੋਂ ਬਾਹਰ ਰੱਖਣਾ ਚਾਹੁੰਦੇ ਸਨ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਹ ਦਬਾਅ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਦੋਹਾਂ ਬਾਦਲਾਂ ਨੂੰ ਜਾਂਚ ਵਿਚ ਸ਼ਾਮਲ ਕੀਤਾ ਅਤੇ ਸਾਰੀ ਜਾਂਚ ਨੇਪਰੇ ਚਾੜ੍ਹੀ।

ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਜਾਂਚ ਤੋਂ ਲਾਂਭੇ ਕਰਨ ਲਈ ਅਕਾਲੀ ਦਲ ਨੇ ਚੋਣ ਕਮਿਸ਼ਨ ਤੱਕ ਵੀ ਪਹੁੰਚ ਕੀਤੀ ਪਰ ਕਾਮਯਾਬੀ ਨਾ ਮਿਲੀ। ਕਾਨੂੰਨੀ ਮਾਹਿਰਾਂ ਮੁਤਾਬਕ ਕੋਈ ਵੀ ਅਦਾਲਤ ਜਾਂ ਚੋਣ ਕਮਿਸ਼ਨ ਪੁਲਿਸ ਜਾਂਚ ਵਿਚ ਦਖ਼ਲ ਨਹੀਂ ਦੇ ਸਕਦੇ। ਉਂਜ ਵੀ ਜੇਕਰ ਅਕਾਲੀ ਦਲ ਹੋਵੇ ਜਾਂ ਕੋਈ ਹੋਰ, ਜਾਂਚ ਅਫ਼ਸਰ ਦੋਸ਼ੀ ਦੀ ਮਰਜ਼ੀ ਦਾ ਲਾਉਣਾ ਸੰਭਵ ਨਹੀਂ ਹੁੰਦਾ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਮੁਕੰਮਲ ਬਾਈਕਾਟ ਰੱਖਿਆ। ਜਸਟਿਸ ਰਣਜੀਤ ਸਿੰਘ ਨੇ ਇਕ ਗੱਲਬਾਤ ਵਿਚ ਦੱਸਿਆ ਕਿ ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮਿਲਣ ਲਈ ਸਮਾਂ ਮੰਗਣ ਵਾਸਤੇ ਚਿੱਠੀ ਲਿਖੀ ਸੀ ਜਿਸ ਨੂੰ ਇਹ ਪ੍ਰਚਾਰਿਆ ਗਿਆ ਕਿ ਜਥੇਦਾਰ ਨੂੰ ਸੰਮਨ ਭੇਜੇ ਗਏ ਸਨ। ਉਹ ਜਥੇਦਾਰ ਕੋਲੋਂ ਡੇਰਾ ਸਿਰਸਾ ਮੁਖੀ ਦੀ ਮੁਆਫ਼ੀ ਬਾਰੇ ਜਾਨਣਾ ਚਾਹੁੰਦੇ ਸਨ ਪਰ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਸਹਿਯੋਗ ਨਹੀਂ ਦਿੱਤਾ। ਉਸ ਮਾਫੀਨਾਮੇ ਦੀ ਨਕਲ ਗਿਆਨੀ ਗੁਰਮੁੱਖ ਸਿੰਘ ਦੇ ਭਰਾ ਨੇ ਕਮਿਸ਼ਨ ਨੂੰ ਦਿੱਤੀ। ਇਸ ਮਾਫ਼ੀ ਨੂੰ ਜਾਇਜ਼ ਠਹਿਰਾਉਣ ਲਈ ਲੱਖਾਂ ਰੁਪਿਆਂ ਦੇ ਇਸ਼ਤਿਹਾਰ ਗੁਰੂ ਦੀ ਗੋਲਕ ਵਿਚੋਂ ਅਖ਼ਬਾਰਾਂ ਨੂੰ ਦਿੱਤੇ ਗਏ ਸਨ, ਪਰ ਲੋਕਾਂ ਦੇ ਵਿਰੋਧ ਕਾਰਨ ਮਾਫ਼ੀ ਦਾ ਫੈਸਲਾ ਵਾਪਸ ਲੈਣਾ ਪਿਆ ਸੀ।

ਸਭ ਲੋਕ ਜਾਣਦੇ ਹਨ ਅਤੇ ਕਮਿਸ਼ਨ ਅਤੇ ਪੁਲਿਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ 14 ਅਕਤੂਬਰ 215 ਨੂੰ ਸਵੇਰੇ ਜਦ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਾਪਰੇ ਇਸ ਤੋਂ ਪਹਿਲਾਂ ਰਾਤ 2.00 ਵਜੇ ਮੁੱਖ ਮੰਤਰੀ ਨੇ ਡੀ.ਜੀ.ਪੀ. ਪੁਲਿਸ ਨੂੰ ਫੋਨ ਕੀਤਾ ਜਿਸ ਦੇ ਉਤਰ ਵਿਚ ਡੀ.ਜੀ.ਪੀ. ਸੁਮੇਧ ਸੈਣੀ ਨੇ ਕਿਹਾ ਕਿ ਮੈਂ ਦਸ ਮਿੰਟ ਵਿਚ ਸ਼ਹਿਰ ਖਾਲੀ ਕਰਵਾ ਦਿਆਂਗਾ, ਇਹ ਵੀ ਸੱਚ ਹੈ ਕਿ ਕੋਟਕਪੂਰੇ ਅਤੇ ਬਹਿਬਲ ਕਲਾਂ ਵਿਚ ਪੁਲਿਸ ਫਾਇਰਿੰਗ ਵਿਚ ਲੋਕ ਜ਼ਖ਼ਮੀ ਹੋਏ ਅਤੇ ਦੋ ਵਿਅਕਤੀ ਗੋਲੀ ਨਾਲ ਮਾਰੇ ਗਏ, ਇਹ ਵੀ ਸੱਚ ਹੈ ਕਿ ਡੇਰਾ ਸਿਰਸਾ ਨੂੰ ਮੁਆਫ਼ੀ ਦਾ ਹੁਕਮ ਦੇਣ ਲਈ ਜਥੇਦਾਰਾਂ ਨੂੰ ਮੁੱਖ ਮੰਤਰੀ ਦੇ ਘਰ ਸੱਦਿਆ ਗਿਆ ਜਿਸ ਦਾ ਖੁਲਾਸਾ ਗਿਆਨੀ ਗੁਰਮੁਖ ਸਿੰਘ ਜੋ ਉਸ ਸਮੇਂ ਤਲਵੰਡੀ ਸਾਬੋ ਦੇ ਜਥੇਦਾਰ ਸਨ, ਨੇ ਪ੍ਰੈਸ ਸਾਹਮਣੇ ਕੀਤਾ। ਇਹ ਵੀ ਸੱਚ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਬਿਨ ਮੰਗੇ ਮੁਆਫ਼ੀ ਦਿੱਤੀ ਗਈ ਤੇ ਫਿਰ ਵਾਪਸ ਵੀ ਲਈ ਗਈ। ਇਹ ਵੀ ਸੱਚ ਹੈ ਕਿ ਬਾਦਲ ਸਰਕਾਰ ਨੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਫੜਕੇ ਕਾਨੂੰਨ ਹਵਾਲੇ ਨਹੀਂ ਕੀਤਾ। ਇਹ ਸਭ ਕੁਝ ਕਿਸ ਦੇ ਹੁਕਮ ਜਾਂ ਕਿਸ ਦੀ ਸਰਪ੍ਰਸਤੀ ਹੇਠ ਹੋਇਆ, ਕੀ ਇਸ ਦੀ ਜਾਂਚ ਨਹੀਂ ਹੋਣੀ ਚਾਹੀਦੀ? ਇਸ ਸੱਚ ਨੂੰ ਸਾਹਮਣੇ ਲਿਆਉਣ ਲਈ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੂਰੀ ਮਿਹਨਤ ਕੀਤੀ ਅਤੇ ਇਸ ਸੱਚ ਦੇ ਸਾਹਮਣੇ ਅਕਾਲੀ ਲੀਡਰਾਂ ਦਾ ਇਹ ਕਹਿਣਾ ਕਿ ਉਨ੍ਹਾਂ ਨੂੰ ਬਦਲਾਲਊ ਭਾਵਨਾ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਕੋਈ ਮਹੱਤਵ ਨਹੀਂ ਰੱਖਦਾ।

ਜਾਂਚ ਪੁਲਿਸ ਅਫ਼ਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਕ ਇੰਟਰਵਿਊ ਵਿਚ ਦੱਸਿਆ ਕਿ ਜਾਂਚ ਦੌਰਾਨ ਉਸ ਨੂੰ ਕਈ ਅਕਾਲੀ ਲੀਡਰਾਂ ਵਲੋਂ ਧਮਕੀਆਂ ਮਿਲਦੀਆਂ ਰਹੀਆਂ ਜਿਸ ਬਾਰੇ ਉਸਨੇ ਡੀ.ਜੀ.ਪੀ. ਪੁਲਿਸ, ਐਡੀਸ਼ਨਲ ਮੁੱਖ ਸਕੱਤਰ ਗ੍ਰਹਿ ਅਤੇ ਡਾਇਰੈਕਟਰ ਆਫ਼ ਇਨਵੈਸਟੀਗੇਸ਼ਨ ਬਿਊਰੋ ਨੂੰ ਸੂਚਿਤ ਕੀਤਾ ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ। ਪਾਠਕ ਇਸ ਗੱਲ ਤੋਂ ਅੰਦਾਜ਼ਾ ਲਾ ਸਕਦੇ ਹਨ ਕਿ ਰਾਜਸੀ ਗੁੰਡਾਗਰਦੀ ਕਿਥੋਂ ਤੱਕ ਪਹੁੰਚ ਗਈ ਹੈ ਅਤੇ ਇਸ ਗੁੰਡਾਗਰਦੀ ਅੱਗੇ ਵੱਡੇ ਵੱਡੇ ਅਫ਼ਸਰ ਵੀ ਗੋਡੇ ਟੇਕ ਚੁੱਕੇ ਜਿਸ ਕਰਕੇ ਆਮ ਨਾਗਰਿਕ ਇਨ੍ਹਾਂ ਤੋਂ ਕੀ ਆਸ ਰੱਖ ਸਕਦਾ ਹੈ।

ਬੇਅਦਬੀ ਕਾਂਡ ਦੀ ਜਾਂਚ ਪਹਿਲਾਂ ਸੀ.ਬੀ.ਆਈ. ਨੂੰ ਦਿੱਤੀ ਗਈ ਸੀ ਲੇਕਿਨ ਚਾਰ ਸਾਲ ਬਾਅਦ 4 ਜੁਲਾਈ 2019 ਵਿਚ ਸੀ.ਬੀ.ਆਈ. ਨੇ ਮੁਹਾਲੀ ਅਦਾਲਤ ਵਿਚ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ। ਇਸ ਰਿਪੋਰਟ ਦਾ ਮਤਲਬ ਇਹ ਸੀ ਕਿ ਜੁਰਮ ਤਾਂ ਹੋਇਆ ਹੈ ਪਰ ਦੋਸ਼ੀ ਲੱਭੇ ਨਹੀਂ। ਇਹ ਸਮਝਿਆ ਜਾਂਦਾ ਸੀ ਕਿ ਉਸ ਸਮੇਂ ਅਕਾਲੀ ਭਾਜਪਾ ਦਾ ਗਠਜੋੜ ਸੀ ਜਿਸ ਕਰਕੇ ਅਕਾਲੀ ਦਲ ਨੇ ਸਿਆਸੀ ਅਸਰ ਰਸੂਖ ਨਾਲ ਕਲੋਜ਼ਰ ਰਿਪੋਰਟ ਪੇਸ਼ ਕਰਵਾਈ ਹੈ।

ਆਈ.ਜੀ. ਕੁੰਵਰ ਮੁਤਾਬਕ ਕੋਟਕਪੂਰਾ ਗੋਲੀ ਕਾਂਡ ਬਾਰੇ 27 ਮਈ 2019 ਨੂੰ ਪਹਿਲਾ ਚਲਾਨ ਪੇਸ਼ ਕੀਤਾ ਗਿਆ ਸੀ। 4 ਜੁਲਾਈ ਨੂੰ ਸੀ.ਬੀ.ਆਈ. ਨੇ ਮੋਹਾਲੀ ਅਦਾਲਤ ਵਿਚ ਕਲੋਜ਼ਰ ਰਿਪੋਰਟ ਪੇਸ਼ ਕੀਤੀ ਸੀ ਤੇ 4 ਜੁਲਾਈ 2019 ਨੂੰ ਹੀ ਸਿੱਟ ਦੀ ਜਾਂਚ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਰਿੱਟ ਫਾਈਲ ਕੀਤੀ ਜਿਸ ਤੋਂ ਕਿਸੇ ਯੋਜਨਾ ਦਾ ਸ਼ੱਕ ਪੈਦਾ ਹੁੰਦਾ ਸੀ। ਇਕ ਪ੍ਰਸ਼ਨ ਦੇ ਉਤਰ ਵਿਚ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਕੁਝ ਲੋਕ ਚਾਹੁੰਦੇ ਸਨ ਕਿ ਮੈਂ 2-4 ਸਿਪਾਹੀ ਜਾਂ ਹਵਾਲਦਾਰਾਂ ਨੂੰ ਦੋਸ਼ੀ ਠਹਿਰਾਕੇ ਜਾਂਚ ਖਤਮ ਕਰ ਦੇਵਾਂ। ਇਹ ਦਬਾਅ ਸਿੱਟ ਦੇ ਮੁਖੀ ਵਲੋਂ ਵੀ ਪਾਇਆ ਗਿਆ ਪਰ ਮੈਂ ਇੰਜ ਨਹੀਂ ਕੀਤਾ। ਉਸਨੇ ਸਪਸ਼ਟ ਕੀਤਾ ਕਿ ਉਹ ਸੱਚ ਸਾਹਮਣੇ ਲਿਆਉਣਾ ਚਾਹੁੰਦੇ ਸੀ ਜਿਸ ਕਰਕੇ ਉਹ ਲੋਕ ਹਿਤ ਵਿਚ ਆਪਣੇ 'ਤੇ ਹੁੰਦੇ ਤਸ਼ੱਦਦ ਨੂੰ ਝੱਲਦਾ ਰਿਹਾ ਅਤੇ ਚੁੱਪ ਰਿਹਾ।

ਅਕਾਲੀ ਦਲ ਨੇ ਭਾਵੇਂ ਰਣਜੀਤ ਸਿੰਘ ਕਮਿਸ਼ਨ ਦਾ ਬਾਈਕਾਟ ਕੀਤਾ ਸੀ ਲੇਕਿਨ ਕਾਨੂੰਨ ਮੁਤਾਬਕ ਉਨ੍ਹਾਂ ਨੂੰ ਪੁਲਿਸ ਜਾਂਚ ਵਿਚ ਸ਼ਾਮਲ ਹੋਣਾ ਹੀ ਪੈਣਾ ਸੀ, ਇਸ ਕਰਕੇ ਬਾਦਲ ਪਿਓ ਪੁੱਤ ਨੂੰ ਪੁੱਛਗਿੱਛ ਵਿਚ ਸ਼ਾਮਲ ਕੀਤਾ ਗਿਆ। ਕੁੰਵਰ ਨੇ ਦੱਸਿਆ ਕਿ ਜਾਂਚ ਵਿਚ ਕਿਸੇ ਨਾਲ ਰੰਜਸ਼ ਜਾਂ ਚੰਗੇ ਸਬੰਧ ਹੋਣ ਦੀਆਂ ਭਾਵਨਾਵਾਂ ਨੂੰ ਇਕ ਪਾਸੇ ਰੱਖਿਆ ਜਾਂਦਾਹੈ। 14 ਅਕਤੂਬਰ 2015 ਦੀਆਂ ਘਟਨਾਵਾਂ ਦੀ ਜਾਂਚ ਲਈ ਅਕਤੂਬਰ 2018 ਵਿਚ ਬਣੀ ਸਿੱਟ ਲਈ ਕਾਰਜ ਬਹੁਤ ਔਖਾ ਸੀ। ਇਸ ਲੰਮੇ ਸਮੇਂ ਵਿਚ ਕਈ ਸਬੂਤ ਮਿਟ ਜਾਂਦੇ ਜਾਂ ਮਿਟਾ ਦਿੱਤੇ ਜਾਂਦੇ ਹਨ ਪਰ ਸਖ਼ਤ ਮਿਹਨਤ ਨਾਲ ਸਬੂਤ ਲੱਭ ਲਏ ਗਏ।

ਕੋਟਕਪੂਰਾ ਅਤੇ ਬਹਿਬਲ ਕਲਾਂ ਘਟਨਾਵਾਂ ਦੇ ਕਈ ਜ਼ਖ਼ਮੀਆਂ ਦੀ ਡਾਕਟਰੀ ਰਿਪੋਰਟ (ਮੈਡੀਕਲ ਲੀਗਲ ਰਿਪੋਰਟ) ਜਾਂ ਤਾਂ ਬਣਾਈ ਹੀ ਨਹੀਂ ਗਈ ਤੇ ਜਾਂ ਲੁਕਾਅ ਕੇ ਰੱਖੀ ਗਈ। ਕੋਟਕਪੂਰੇ ਗੋਲੀ ਨਾਲ ਜ਼ਖ਼ਮੀ ਹੋਏ ਅਜੀਤ ਸਿੰਘ ਨੂੰ ਪੁਲਿਸ ਸਰਕਾਰ ਹਸਪਤਾਲ ਲਿਜਾਣ ਦੀ ਬਜਾਏ ਇਧਰ ਉਧਰ ਇਲਾਜ ਲਈ, ਲਈ ਫਿਰਦੀ ਰਹੀ। ਬਾਅਦ ਵਿਚ ਡਿਪਟੀ ਕਮਿਸ਼ਨਰ ਦੇ ਹੁਕਮ ਤੇ ਉਸ ਨੂੰ ਡੀ.ਐਮ.ਸੀ. ਹਸਪਤਾਲ ਲੁਧਿਆਣਾ ਦਾਖਲ ਕਰਵਾਇਆ ਗਿਆ ਜਿਥੇ ਉਸਦਾ 45 ਦਿਨ ਇਲਾਜ ਚੱਲਿਆ। ਜਾਂਚ ਸਮੇਂ ਧਿਆਨ ਵਿਚ ਆਇਆ ਕਿ ਉਸਦੀ ਮੈਡੀਕਲ ਰਿਪੋਰਟ ਫਾਈਲ ਵਿਚ ਲਗਾਈ ਹੀ ਨਹੀਂ ਗਈ। ਜਿਨ੍ਹਾਂ ਡਾਕਟਰਾਂ ਨੇ ਜ਼ਖ਼ਮੀਆਂ ਦੀ ਮੈਡੀਕਲ ਰਿਪੋਰਟ ਨਹੀਂ ਬਣਾਈ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਗਈ ਹੈ।

ਆਈ.ਜੀ. ਕੁੰਵਰ ਦੀ ਗੱਲਬਾਤ ਤੋਂ ਸਪਸ਼ਟ ਹੁੰਦਾ ਹੈ ਕਿ ਫਾਇਰਿੰਗ ਵਾਲੀ ਘਟਨਾ ਸਮੇਂ ਲੁਧਿਆਣਾ ਤੋਂ ਫੋਰਸ ਕਿਸੇ ਵਿਸ਼ੇਸ਼ ਮਕਸਦ ਨਾਲ ਹੀ ਬੁਲਾਈ ਗਈ ਸੀ। ਜਾਂਚ ਵਿਚ ਇਹ ਵੇਖਿਆ ਜਾਂਦਾ ਹੈ ਕਿ ਵਿਸ਼ੇਸ਼ ਮਕਸਦ ਕਿਸਦਾ ਹੈ। ਸਿਪਾਹੀ ਜਾਂ ਹਵਾਲਦਾਰ ਦਾ ਫਾਇਰਿੰਗ ਵਿਚ ਕੋਈ ਵਿਸ਼ੇਸ਼ ਮਕਸਦ ਨਹੀਂ ਸੀ ਇਹ ਕਿਸੇ ਅਫ਼ਸਰ ਜਾਂ ਸਿਆਸੀ ਨੇਤਾ ਦਾ ਹੀ ਹੋ ਸਕਦਾ ਸੀ। ਜਾਂਚ ਵਿਚ ਘਟਨਾ ਦੇ ਤੱਥ ਸਾਹਮਣੇ ਲਿਆਉਣੇ ਹੁੰਦੇ ਹਨ, ਦੋਸ਼ੀ ਛੋਟਾ ਹੋਵੇ ਭਾਵੇਂ ਵੱਡਾ। ਕੁੰਵਰ ਨੇ ਇਕ ਗੱਲਬਾਤ ਵਿਚ ਦੱਸਿਆ ਕਿ ਡੇਰਾ ਸਿਰਸਾ ਮੁਖੀ ਤੋਂ ਵੀ ਪੁੱਛਗਿੱਛ ਲਈ ਸਾਰੀ ਕਾਨੂੰਨੀ ਪ੍ਰਕਿਰਿਆ ਮੁਕੰਮਲ ਕਰ ਲਈ ਗਈ ਸੀ ਪ੍ਰੰਤੂ ਹਰਿਆਣਾ ਸਰਕਾਰ ਨੇ ਆਗਿਆ ਨਹੀਂ ਦਿੱਤੀ। ਉਸ ਨੇ ਦੱਸਿਆ ਕਿ ਅਦਾਲਤ ਵਿਚ ਨੌਂ ਚਲਾਨ ਪੇਸ਼ ਕੀਤੇ ਜਾ ਚੁੱਕੇ ਸਨ, ਇਕ ਹੀ ਰਹਿੰਦਾ ਸੀ ਜੇਕਰ ਉਹ ਵੀ ਪੇਸ਼ ਹੋ ਜਾਂਦਾ ਤਾਂ ਵੱਡੇ ਵੱਡੇ ਲੋਕ ਸਾਹਮਣੇ ਆ ਜਾਣੇ ਸਨ। ਉਸਨੇ ਸਪਸ਼ਟ ਕੀਤਾ ਛੋਟੇ ਮੁਲਾਜ਼ਮ ਦਾ ਫਾਇਰਿੰਗ ਵਿਚ ਕੋਈ ਵਿਸ਼ੇਸ਼ ਹਿੱਤ ਨਹੀਂ ਸੀ ਇਸ ਕਰਕੇ ਉਸ ਨੂੰ ਚਲਾਨ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਹ ਬਹੁਤ ਹੀ ਮਹੱਤਵਪੂਰਨ ਤੱਥ ਇਸ ਜਾਂਚ ਰਿਪੋਰਟ ਵਿਚ ਹੈ। ਅਕਸਰ ਵੱਡੇ ਅਫ਼ਸਰ ਛੋਟੇ ਮੁਲਾਜ਼ਮ ਨੂੰ ਫਸਾ ਕੇ ਆਪ ਲਾਂਭੇ ਹੋ ਜਾਂਦੇ ਹਨ ਪਰ ਕੁੰਵਰ ਨੇ ਠੀਕ ਢੰਗ ਨਾਲ ਛੋਟੇ ਮੁਲਾਜ਼ਮਾਂ ਨੂੰ ਬਚਾਅ ਲਿਆ ਸੀ।

ਇਸ ਪਿੱਠ ਭੂਮੀ ਵਿਚ ਸਹਿਜੇ ਹੀ ਸ਼ੱਕ ਪੈਦਾ ਹੁੰਦਾ ਕੈਪਟਨ ਅਤੇ ਬਾਦਲਾਂ ਵਿਚਕਾਰ ਮਿਲ ਮਿਲਾਕੇ ਖੇਡ ਖੇਡੀ ਜਾ ਰਹੀ ਹੈ ਜਿਸ ਨਾਲ ਬੇਅਦਬੀ ਦਾ ਮੁੱਦਾ ਘੱਟੇ ਕੌਡੀਆਂ ਰਲਾਇਆ ਜਾ ਰਿਹਾ ਹੈ। ਇਸੇ ਕਾਰਨ ਕਾਂਗਰਸ ਪਾਰਟੀ ਅੰਦਰ ਕੈਪਟਨ ਅਮਰਿੰਦਰ ਸਿੰਘ ਦਾ ਵਿਰੋਧ ਜਨਤਕ ਹੋ ਰਿਹਾ ਹੈ। ਨਵਜੋਤ ਸਿੰਘ ਸਿੱਧੂ ਕੈਪਟਨ ਤੇ ਨਿੱਤ ਨਵੇਂ ਹਮਲੇ ਕਰ ਰਿਹਾ ਹੈ, ਪਰਗਟ ਸਿੰਘ, ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਸੁਖਜਿੰਦਰ ਸਿੰਘ ਰੰਧਾਵਾ ਆਦਿ ਤੋਂ

ਇਲਾਵਾ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋਂ ਵੀ ਆਪਣੇ ਆਪਣੇ ਢੰਗ ਨਾਲ ਵਿਰੋਧ ਦਰਜ ਕਰਾ ਚੁੱਕੇ ਹਨ। ਬੇਅਦਬੀ ਕਾਂਡ ਤੋਂ ਇਲਾਵਾ ਕੈਪਟਨ ਵਲੋਂ 2017 ਵਿਚ ਕੀਤੇ ਵਾਅਦੇ ਘਰ ਘਰ ਨੌਕਰੀ, ਕਰਜ਼ਾ ਮਾਫ਼ੀ, ਕੇਬਲ ਮਾਫ਼ੀਆ, ਰੇਤ ਬਜਰੀ, ਟਰਾਂਸਪੋਰਟ ਮਾਫ਼ੀਆ ਨੂੰ ਨੱਥ ਪਾਉਣੀ, ਨਸ਼ਾ ਤਸਕਰੀ ਖਤਮ ਕਰਨੀ, ਸਿੱਖਿਆ ਤੇ ਸਿਹਤ ਸਹੂਲਤਾਂ ਵਿਚ ਸੁਧਾਰ ਅਤੇ ਕਾਨੂੰਨ ਦਾ ਰਾਜ ਸਥਾਪਤ ਕਰਨਾ ਆਦਿ ਉਤੇ ਕੋਈ ਵੀ ਕਾਰਵਾਈ ਨਹੀਂ ਹੋਈ। ਮੁੱਖ ਮੰਤਰੀ ਸਕੱਤਰੇਤ ਜਾਂਦੇ ਹੀ ਨਹੀਂ ਅਤੇ ਆਪਣੇ ਨਿੱਜੀ ਫਾਰਮ ਹਾਊਸ ਤੋਂ ਹੀ ਸਰਕਾਰ ਚਲਾਉਂਦੇ ਹਨ। ਉਂਜ ਆਪਣੇ ਆਪ ਨੂੰ ਫੌਜੀ ਕਹਿਣ ਦੀ ਬੜਕ ਮਾਰਨ ਵਾਲੇ ਮੁੱਖ ਮੰਤਰੀ ਕਰੋਨਾ ਤੋਂ ਡਰਦੇ ਘਰੋਂ ਨਿਕਲਦੇ ਹੀ ਨਹੀਂ ਅਤੇ ਲੋਕਾਂ ਦੀ ਖ਼ਬਰਸਾਰ ਲੈਣ ਦਾ ਉਨ੍ਹਾਂ ਕੋਲ ਸਮਾਂ ਹੀ ਨਹੀਂ। ਉਂਜ ਵੀ ਸਰਕਾਰ ਘਰੋਂ ਨਹੀਂ ਸਕੱਤਰੇਤ ਵਿਚੋਂ ਹੀ ਚੱਲਣੀ ਚਾਹੀਦੀ ਹੈ ਪਰ ਜਾਪਦਾ ਹੈ ਉਹ ਸਰਕਾਰ ਚਲਾਉਣ ਲਈ ਸੰਜੀਦਾ ਹੀ ਨਹੀਂ ਹਨ।

ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਨਿਕੰਮੀ ਹੋਣ ਕਰਕੇ ਐਡਵੋਕੇਟ ਜਨਰਲ ਪੰਜਾਬ ਅਤੁਲ ਨੰਦਾ ਅਤੇ ਉਸਦੀ ਟੀਮ ਨੇ ਸਿੱਟ ਦੀ ਜਾਂਚ ਰਿਪੋਰਟ ਰੱਦ ਕਰਾਉਣ ਵਿਚ ਰੋਲ ਅਦਾ ਕੀਤਾ ਹੈ। ਪੰਜਾਬ ਕੈਬਨਿਟ ਮੀਟਿੰਗ ਵਿਚ ਵੀ ਕਈ ਵਾਰ ਅਤੁਲ ਨੰਦਾ ਦਾ ਵਿਰੋਧ ਹੋ ਚੁੱਕਿਆ ਹੈ ਲੇਕਿਨ ਮੁੱਖ ਮੰਤਰੀ ਉਸ ਨੂੰ ਬਦਲਣ ਲਈ ਤਿਆਰ ਨਹੀਂ। ਕਾਨੂੰਨੀ ਮਾਹਿਰਾਂ ਅਨੁਸਾਰ ਅਦਾਲਤ ਨੇ ਵੀ ਆਪਣੇ ਅਧਿਕਾਰ ਤੋਂ ਬਾਹਰ ਜਾ ਕੇ ਰਿਪੋਰਟ ਰੱਦ ਕੀਤੀ ਹੈ ਜਿਸ ਕਰਕੇ ਹੋਰ ਕਈ ਸ਼ੱਕ ਪੈਦਾ ਹੁੰਦੇ ਹਨ। ਭਾਵੇਂ ਹੁਣ ਐਲ.ਕੇ. ਯਾਦਵ ਦੀ ਅਗਵਾਈ ਵਿਚ ਨਵੀਂ ਸਿੱਟ ਬਣਾਈ ਗਈ ਲੇਕਿਨ ਕੁੰਵਰ ਵਿਜੇ ਪ੍ਰਤਾਪ ਦੀ ਰਿਪੋਰਟ ਬੇਅਦਬੀ ਮੁੱਦੇ 'ਤੇ ਚਰਚਾ ਵਿਚ ਰਹੇਗੀ ਅਤੇ ਇਹ ਮੁੱਦਾ ਖਤਮ ਨਹੀਂ ਹੋਵੇਗਾ। ਸੁਖਬੀਰ ਬਾਦਲ ਵਲੋਂ ਆਈ.ਜੀ. ਕੁੰਵਰ ਨੂੰ ਧਮਕੀਆਂ ਦੇ ਜਵਾਬ ਵਿਚ ਉਸਨੇ ਕਿਹਾ ਕਿ "ਮੇਰੀ ਡਿਕਸ਼ਨਰੀ ਵਿਚ ਡਰ ਨਾਂ ਦੀ ਕੋਈ ਚੀਜ਼ ਨਹੀਂ ਹੈ ਅਤੇ ਸੁਖਬੀਰ ਬਾਰੇ ਕੱਚਾ ਚਿੱਠਾ ਮੇਰੇ ਕੋਲ ਹੈ।" ਕੁਝ ਕਾਨੂੰਨੀ ਨੁਕਤਿਆਂ ਨੂੰ ਲੈ ਕੇ ਹਾਈਕੋਰਟ ਦੇ ਫੈਸਲੇ ਵਿਰੁੱਧ ਸੁਪਰੀਮ ਕੋਰਟ ਜਾਣ ਦਾ ਇਰਾਦਾ ਵੀ ਤਿਆਗ ਦਿੱਤਾ ਜਾਪਦਾ ਹੈ।

ਨਵੀਂ ਜਾਂਚ ਟੀਮ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਇਹ ਜਾਂਚ ਠੀਕ ਸਿੱਟੇ ਕੱਢਦੀ ਹੈ ਕਿ ਨਹੀਂ; ਇਹ ਸਮਾਂ ਦੱਸੇਗਾ ਕੁੰਵਰ ਵਿਜੇ ਪ੍ਰਤਾਪ ਸਿੰਘ ਉਤੇ ਆਮ ਲੋਕਾਂ ਨੂੰ ਭਰੋਸਾ ਸੀ ਲੇਕਿਨ ਨਵੀਂ ਸਿੱਟ ਦਾ ਆਮ ਲੋਕਾਂ ਨੇ ਸਵਾਗਤ ਨਹੀਂ ਕੀਤਾ ਅਤੇ ਨਾ ਹੀ ਇਸ ਉਤੇ ਭਰੋਸਾ ਪ੍ਰਗਟ ਕੀਤਾ ਹੈ। ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਨਾ ਕਰਕੇ ਕੈਪਟਨ ਸਰਕਾਰ ਨੇ ਇਕ ਹੋਰ ਬੇਅਦਬੀ ਕਾਂਡ ਕੀਤਾ ਹੈ ਅਤੇ ਇਕ ਇਮਾਨਦਾਰ ਅਤੇ ਦਲੇਰ ਜਾਣੇ ਜਾਂਦੇ ਅਫ਼ਸਰ ਦੀ ਤੌਹੀਨ ਕੀਤੀ ਹੈ। ਇੰਜ ਜਾਪਦਾ ਹੈ ਕਿ ਮੌਜੂਦਾ ਪੰਜਾਬ ਸਰਕਾਰ ਦੀ ਰਹਿੰਦੀ ਮਿਆਦ ਵਿਚ ਇਹ ਮੁੱਦਾ ਹੱਲ ਨਹੀਂ ਹੋਵੇਗਾ। ਸਾਨੂੰ ਬੇਅਦਬੀ ਕਾਂਡ ਪ੍ਰਤੀ ਪੰਜਾਬ ਸਰਕਾਰ ਦੀ ਨਾਂਹ ਪੱਖੀ ਪਹੁੰਚ ਤੋਂ ਇਲਾਵਾ ਬੇਰੁਜ਼ਗਾਰੀ, ਰਿਸ਼ਵਤਖੋਰੀ, ਕਰਜ਼ਾ ਮਾਫ਼ੀ, ਰੇਤਾ ਬਜਰੀ, ਟਰਾਂਸਪੋਰਟ, ਕੇਬਲ ਅਤੇ ਨਸ਼ਾ ਮਾਫ਼ੀਆ, ਗੁੰਡਾਗਰਦੀ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਮੰਦੀ ਹਾਲਤ ਅਤੇ ਸਮਾਜਿਕ ਸੁਰੱਖਿਆ ਦੇ ਨਾਲ ਨਾਲ ਮਹਿੰਗਾਈ ਆਦਿ ਮੁੱਦਿਆਂ 'ਤੇ ਸਰਕਾਰ ਦੀ ਅਸਫ਼ਲਤਾ ਉਤੇ ਵੀ ਧਿਆਨ ਕੇਂਦਰਤ ਕਰਦਿਆਂ ਲੋਕਾਂ ਦੀ ਲਾਮਬੰਦੀ ਕਰਨੀ ਚਾਹੀਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਮੁੱਚੀ ਮਨੁੱਖਤਾ ਦੀ ਏਕਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਹੈ ਜਿਸ ਕਰਕੇ ਸਿੱਖਾਂ ਤੋਂ ਇਲਾਵਾ ਹੋਰ ਵਰਗਾਂ ਦੇ ਲੋਕ ਵੀ ਇਸ ਵਿਚ ਸ਼ਰਧਾ ਰੱਖਦੇ ਹਨ। ਇਸ ਕਰਕੇ ਬੇਅਦਬੀ ਕਾਂਡ ਕੇਵਲ ਸਿੱਖਾਂ ਦਾ ਹੀ ਨਹੀਂ ਸਮੁੱਚੇ ਲੋਕਾਂ ਦੀ ਸ਼ਰਧਾ ਦਾ ਮੁੱਦਾ ਸਮਝਕੇ ਇਨਸਾਫ਼ ਲਈ ਸੰਘਰਸ਼ ਕਰਨਾ ਚਾਹੀਦਾ ਹੈ।

# ਛੇ ਮਹੀਨੇ ਬਾਅਦ ਵੀ ਮਹਾਂਅੰਦੋਲਨ ਦਾ ਜਲੌਅ ਬਰਕਰਾਰ

(ਸਫ਼ਾ 1 ਦੀ ਬਾਕੀ)

ਸੰਘਰਸ਼ ਨੂੰ ਹੋਰ ਵਿਸ਼ਾਲ ਕਰਨ ਦੇ ਅਹਿਦ ਨੇ ਲੋਕਾਂ ਦੀ ਆਪਣੇ ਹੱਕਾਂ ਦੀ ਰਾਖੀ ਲਈ ਸਮੂਹਿਕ ਯਤਨਾਂ ਦੀ ਚੇਤਨਾ ਨੂੰ ਹੋਰ ਮਜ਼ਬੂਤ ਕੀਤਾ।

ਹਾੜੀ ਦੀ ਫ਼ਸਲ ਸਾਂਭੇ ਜਾਣ ਨਾਲ ਕਿਸਾਨਾਂ ਕੋਲ ਝੋਨੇ ਦੀ ਲਵਾਈ ਸ਼ੁਰੂ ਹੋਣ ਤੱਕ ਇਕ ਹੱਦ ਤੱਕ ਵਿਹਲ ਦਾ ਸਮਾਂ ਹੈ। ਲੰਮੇ ਸੰਘਰਸ਼ ਨਾਲ ਆਈ ਵਕਤੀ ਨਿਰਾਸ਼ਤਾ ਅਤੇ ਸਰਗਰਮੀ 'ਚ ਇਕ ਹੱਦ ਤੱਕ ਖੜੋਤ ਹੈ। ਪਰ ਠੋਸ ਸਰਗਰਮੀ ਦੇ ਸੱਦਿਆਂ ਨਾਲ ਉਤਸ਼ਾਹ ਮੁੜ-ਸੁਰਜੀਤ ਹੋ ਰਿਹਾ ਹੈ। ਦਿੱਲੀ ਵੱਲ ਜੱਥੇ ਭੇਜਣ ਦੀ ਮੁਹਿੰਮ ਜ਼ੋਰ ਫੜ੍ਹ ਰਹੀ ਹੈ। ਇਨ੍ਹਾਂ ਹਾਲਾਤ 'ਚ ਸੰਯੁਕਤ ਕਿਸਾਨ ਮੋਰਚੇ ਦਾ ਸੱਦਾ ਜ਼ਬਰਦਸਤ ਮੁਹਿੰਮ ਬਣ ਗਿਆ। ਇਸ ਦਿਨ ਪੂਰੇ ਮੁਲਕ 'ਚ ਕਾਲੇ ਝੰਡੇ ਲਹਿਰਾ ਕੇ ਅਤੇ ਮੋਦੀ ਸਰਕਾਰ ਦੇ ਪੁਤਲੇ ਫੂਕ ਕੇ ਰੋਹ ਭਰਪੂਰ ਵਿਰੋਧ ਪ੍ਰਦਰਸ਼ਨ ਕੀਤੇ ਗਏ। ਦਿੱਲੀ ਦੇ ਪੱਕੇ ਮੋਰਚਿਆਂ ਤੋਂ ਇਲਾਵਾ ਦਰਜਨਾਂ ਸੂਬਿਆਂ ਦੇ ਜ਼ਿਆਦਾਤਰ ਜ਼ਿਲ੍ਹਿਆਂ 'ਚ ਕਾਲੇ ਝੰਡੇ ਲਹਿਰਾ ਕੇ ਵਿਰੋਧ ਪ੍ਰਦਰਸ਼ਨ ਕਰਨ ਦੀਆਂ ਖ਼ਬਰਾਂ ਹਨ। ਪੰਜਾਬ ਅਤੇ ਹਰਿਆਣਾ ਵਿਚ ਘਰਾਂ, ਦੁਕਾਨਾਂ ਅਤੇ ਵਾਹਨਾਂ ਉੱਪਰ ਲਹਿਰਾਉਂਦੇ ਸੰਘਰਸ਼ ਦੇ ਪ੍ਰਤੀਕ ਕਿਸਾਨੀ ਝੰਡੇ ਅਤੇ ਕਾਲੇ ਝੰਡੇ ਸੱਤਾ ਦਾ ਮੂੰਹ ਚਿੜਾ ਰਹੇ ਸਨ। ਪੰਜਾਬ ਦੇ ਪੱਕੇ ਮੋਰਚਿਆਂ ਉੱਪਰ ਅਤੇ ਪਿੰਡ ਪਿੰਡ ਸ਼ਹਿਰ ਬੇਸ਼ੁਮਾਰ ਵਿਰੋਧ ਪ੍ਰਦਰਸ਼ਨ ਹੋਏ। ਪੰਜਾਬ ਵਿਚ ਪੁਤਲੇ ਸਾੜਨ ਅਤੇ ਕਾਲੇ ਝੰਡੇ ਲਹਿਰਾਉਣ ਦੇ ਨਾਲ-ਨਾਲ ਕਿਰਤੀ ਕਿਸਾਨ ਯੂਨੀਅਨ ਵੱਲੋਂ ਟਰੈਕਟਰ ਮਾਰਚਾਂ ਦੀ ਮੁਹਿੰਮ ਵੀ ਚਲਾਈ ਗਈ। ਟਰੈਕਟਰ ਮਾਰਚਾਂ 'ਚ ਕਿਸਾਨਾਂ, ਖ਼ਾਸ ਕਰਕੇ ਨੌਜਵਾਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ, ਬਹੁਤ ਸਾਰੇ ਮਾਰਚਾਂ 'ਚ 26 ਜਨਵਰੀ ਦੀ ਟਰੈਕਟਰ ਪਰੇਡ ਵਾਲੇ ਜੋਸ਼ੀਲੇ ਮਾਹੌਲ ਦੀ ਝਲਕ ਦੇਖਣ ਨੂੰ ਮਿਲੀ। ਲਿਹਾਜ਼ਾ, ਸੰਘਰਸ਼ ਨੂੰ ਤੋੜਨ ਅਤੇ ਖਿੰਡਾਉਣ ਦੀਆਂ ਸਰਕਾਰੀ ਸਾਜ਼ਿਸ਼ਾਂ ਅਤੇ ਸੰਘਰਸ਼ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਦੀਆਂ ਘਿਣਾਉਣੀਆਂ ਚਾਲਾਂ ਦੇ ਬਾਵਜੂਦ ਸੰਘਰਸ਼ ਦਾ ਵੇਗ ਬਰਕਰਾਰ ਹੈ।

ਨਿਰਸੰਦੇਹ, ਸੰਘਰਸ਼ ਦਾ 26 ਜਨਵਰੀ ਤੋਂ ਬਾਦ ਦਾ ਪੜਾਅ ਪਹਿਲਾਂ ਨਾਲੋਂ ਵੱਖਰੀ ਤਰ੍ਹਾਂ ਦਾ ਪੜਾਅ ਹੈ। ਆਪਮੁਹਾਰੇ ਉਤਸ਼ਾਹ ਅਤੇ ਮੇਲੇ ਵਰਗੇ ਮਾਹੌਲ ਨੇ ਆਖ਼ਿਰਕਾਰ ਦੁੱਧ ਦੇ ਉਬਾਲ ਵਾਂਗ ਮੱਠਾ ਪੈਣਾ ਹੀ ਸੀ। ਹੁਣ ਸੰਘਰਸ਼ 'ਚ ਜਥੇਬੰਦੀਆਂ ਦੀ ਅਗਵਾਈ 'ਚ ਬੱਝਵੇਂ ਜੱਥੇ ਅਤੇ ਟਿਕਵੇਂ ਹਿੱਸੇ ਹੀ ਜਾ ਰਹੇ ਹਨ। ਜਾਂ ਫਿਰ ਉਹ ਸੰਸਥਾਵਾਂ ਲਗਾਤਾਰ ਯੋਗਦਾਨ ਪਾ ਰਹੀਆਂ ਹਨ ਜੋ ਲੰਗਰਾਂ ਅਤੇ ਮੈਡੀਕਲ ਸੇਵਾਵਾਂ ਨੂੰ ਸੱਚੀਂਮੁੱਚੀਂ ਸਮਰਪਿਤ ਹਨ। ਉਨ੍ਹਾਂ ਤਾਕਤਾਂ ਦੀ ਕੋਈ ਪ੍ਰਸੰਗਿਕਤਾ ਨਹੀਂ ਹੈ ਜੋ ਦਾਅਵੇ ਕਰ ਰਹੀਆਂ ਸਨ ਕਿ ਕਿਸਾਨ ਸੰਘਰਸ਼ ਸਿਰਫ਼ ਨੌਜਵਾਨਾਂ ਦੇ ਜੋਸ਼ ਅਤੇ ਜਜ਼ਬੇ ਕਾਰਨ ਇਸ ਮੁਕਾਮ 'ਤੇ ਪਹੁੰਚਿਆ ਹੈ ਅਤੇ ਕਿਸਾਨ ਆਗੂ ਸੰਘਰਸ਼ ਨੂੰ ਅਗਵਾਈ ਦੇਣ ਦੇ ਨਾਕਾਬਿਲ ਹਨ। ਹਕੀਕਤ ਇਹ ਹੈ ਕਿ ਅੱਜ ਤੱਕ ਉਹ ਸੰਯੁਕਤ ਕਿਸਾਨ ਮੋਰਚੇ ਤੋਂ ਵੱਖਰਾ ਇਕ ਵੀ ਸੱਦਾ ਨਹੀਂ ਦੇ ਸਕੇ। ਮੁੱਢਲੇ ਰੂਪ 'ਚ



ਵੀ ਕੋਈ ਬਿਹਤਰ ਬਦਲ ਖੜ੍ਹਾ ਕਰਕੇ ਨਹੀਂ ਦਿਖਾ ਸਕੇ ਜਿਸ ਵਿੱਚੋਂ ਉਨ੍ਹਾਂ ਦੀ ਕਿਸਾਨ ਆਗੂਆਂ ਨਾਲੋਂ ਬਿਹਤਰ ਬੌਧਿਕ ਅਤੇ ਜਥੇਬੰਦਕ ਕਾਬਲੀਅਤ ਦੀ ਝਲਕ ਨਜ਼ਰ ਆਉਂਦੀ ਹੋਵੇ। ਉਨ੍ਹਾਂ ਦਾ ਸਾਰਾ ਜ਼ੋਰ ਕਿਸਾਨ ਜਥੇਬੰਦੀਆਂ ਨੂੰ ਭੰਡਣ ਅਤੇ ਘਚੋਲਾ ਪਾਊ ਮੁੱਦੇ ਉਛਾਲਣ ਉੱਪਰ ਕੇਂਦਰਤ ਹੈ। ਸੰਘਰਸ਼ 'ਚ ਆਪਣੇ ਸੌੜੇ ਸਿਆਸੀ ਏਜੰਡੇ ਵਾੜ ਕੇ ਇਸ ਨੂੰ ਹਾਈਜੈਕ ਕਰਨ ਲਈ ਤਰਲੋਮੱਛੀ ਹੋ ਰਹੀਆਂ ਇਹ ਤਾਕਤਾਂ ਇਕ ਸਮੇਂ ਤੱਕ ਘਚੋਲ਼ਾ ਅਤੇ ਬੇਵਿਸ਼ਵਾਸੀ ਪੈਦਾ ਕਰਨ 'ਚ ਤਾਂ ਕਾਮਯਾਬ ਹੋ ਗਈਆਂ ਲੇਕਿਨ ਆਮ ਲੋਕ ਉਨ੍ਹਾਂ ਦੇ ਪਿੱਛੇ ਨਹੀਂ ਤੁਰੇ। ਮੌਕਾਪ੍ਰਸਤ ਵੋਟ ਬਟੋਰੂ ਪਾਰਟੀਆਂ ਪੰਜਾਬ ਦੀਆਂ 2022 'ਚ ਹੋਣ ਵਾਲੀਆਂ ਵਿਧਾਨ-ਸਭਾ ਚੋਣਾਂ ਦੇ ਮੱਦੇਨਜ਼ਰ ਆਪੋ ਆਪਣੀਆਂ ਚੋਣ ਸਰਗਰਮੀਆਂ 'ਚ ਮਸਰੂਫ਼ ਹਨ। ਇਨ੍ਹਾਂ 'ਚੋਂ ਕਿਸੇ ਦਾ ਵੀ ਸੰਘਰਸ਼ ਨੂੰ ਮਜ਼ਬੂਤ ਕਰਕੇ ਕਾਨੂੰਨਾਂ ਵਿਰੁੱਧ ਲੜਾਈ ਜਿੱਤਣ ਨਾਲ ਕੋਈ ਸਰੋਕਾਰ ਨਹੀਂ ਹੈ। ਇਨ੍ਹਾਂ ਤਮਾਮ ਸੰਘਰਸ਼ ਵਿਰੋਧੀ ਤਾਕਤਾਂ ਵੱਲੋਂ ਪਾਏ ਜਾ ਰਹੇ ਖ਼ਲਲ ਦੇ ਬਾਵਜੂਦ ਜੇ ਪੰਜਾਬ ਦੇ ਕਿਸਾਨ ਅਤੇ ਹੋਰ ਲੋਕ ਇਸ ਸੰਘਰਸ਼ ਨਾਲ ਲਗਾਤਾਰ ਜੁੜੇ ਹੋਏ ਹਨ ਤਾਂ ਇਸ ਵਿਚ ਮੁੱਖ ਭੂਮਿਕਾ ਉਨ੍ਹਾਂ 'ਚ ਪੈਦਾ ਹੋ ਚੁੱਕੀ ਇਸ ਸੂਝ ਦੀ ਹੈ ਕਿ ਇਹ ਕਾਨੂੰਨ ਪੂਰੀ ਤਰ੍ਹਾਂ ਲੋਕ ਵਿਰੋਧੀ ਹਨ ਅਤੇ ਇਹ ਹਰ ਹਾਲਤ 'ਚ ਰੱਦ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਇਹ ਵੀ ਸਮਝ ਆ ਗਿਆ ਹੈ ਕਿ ਵੋਟ ਵਟੋਰੂ ਪਾਰਟੀਆਂ ਦੀ ਕਾਨੂੰਨਾਂ ਨੂੰ ਰੱਦ ਕਰਾਉਣ ਜਾਂ ਕਿਸਾਨਾਂ ਮਜ਼ਦੂਰਾਂ ਦੀ ਕੋਈ ਹੋਰ ਮੰਗ ਮੰਨਵਾਉਣ 'ਚ ਕੋਈ ਭੂਮਿਕਾ ਨਹੀਂ ਹੋਵੇਗੀ। ਲੜਾਈ ਤਾਂ ਕਿਸਾਨ ਮਜ਼ਦੂਰ ਜਥੇਬੰਦੀਆਂ ਦੀ ਅਗਵਾਈ ਹੇਠ ਹੀ ਲੜੀ ਜਾਵੇਗੀ।

ਭਾਵੇਂ ਆਰ.ਐੱਸ.ਐੱਸ.-ਬੀ.ਜੇ.ਪੀ. ਸਰਕਾਰ ਵੱਲੋਂ ਥੋਪੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣਾ ਇਸ ਸੰਘਰਸ਼ ਦਾ ਫੌਰੀ ਨਿਸ਼ਾਨਾ ਹੈ, ਆਪਣੇ ਤੱਤ 'ਚ ਇਹ ਸੰਘਰਸ਼ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਵਿਰੁੱਧ ਹੈ। ਆਰਥਿਕਤਾ 'ਚ ਖੁੱਲ੍ਹੀ ਮੰਡੀ ਦੀ ਸਰਦਾਰੀ ਅਜਾਰੇਦਾਰ ਸਰਮਾਏਦਾਰੀ ਦਾ ਨੰਗਾ-ਚਿੱਟਾ ਧਾੜਵੀ ਰੂਪ 'ਚ ਹੈ। ਜਿਸ ਵਿਚ ਰਾਜ ਉਨ੍ਹਾਂ ਲੋਕ-ਭਲਾਈ ਯੋਜਨਾਵਾਂ ਅਤੇ ਸਰਕਾਰੀ ਸੇਵਾਵਾਂ ਦੀ ਸੀਮਤ ਵਿਵਸਥਾ ਦਾ ਪੂਰੀ ਤਰ੍ਹਾਂ ਸਿਲਸਿਲੇਵਾਰ ਤਰੀਕੇ ਨਾਲ ਭੋਗ ਪਾ ਦਿੰਦਾ ਹੈ ਜਿਨ੍ਹਾਂ ਨੂੰ ਇਕ ਸਮੇਂ ਅਪਨਾਉਣ ਅਤੇ ਲਾਗੂ ਕਰਨ ਪਿੱਛੇ ਹਾਕਮ ਜਮਾਤਾਂ ਦਾ ਖ਼ਾਸ ਮਨੋਰਥ ਸੀ। ਉਹ ਸੀ ਸਮਾਜਵਾਦੀ ਕੈਂਪ ਦੀ ਹੋਂਦ ਦੇ ਦਬਾਓ ਹੇਠ ਲੋਟੂ ਰਾਜ ਦਾ ਲੋਕ-ਭਲਾਈ ਵਾਲਾ ਅਕਸ ਪੇਸ਼ ਕਰਨਾ ਅਤੇ ਜਮਾਤੀ ਪਾੜੇ 'ਤੇ ਆਧਾਰਿਤ ਸਮਾਜੀ ਪ੍ਰਬੰਧਾਂ ਤੋਂ ਬਦਜ਼ਨ ਹੋਏ ਅਵਾਮ ਨੂੰ ਕਮਿਊਨਿਸਟ ਇਨਕਲਾਬਾਂ ਦੀ ਜ਼ਬਰਦਸਤ ਲਹਿਰ ਦਾ ਹਿੱਸਾ ਬਣਨ ਤੋਂ ਰੋਕਣਾ। ਸਮਾਜਵਾਦੀ ਰਾਜਾਂ ਦੇ ਨਿਘਾਰ ਅਤੇ ਆਖ਼ਿਰਕਾਰ ਇਨ੍ਹਾਂ ਦੇ ਖ਼ਤਮ ਹੋ ਜਾਣ ਤੋਂ ਬਾਦ ਆਲਮੀ ਸਰਮਾਏਦਾਰੀ ਨੂੰ ਇਸ ਮਖੌਟੇ ਦੀ ਜ਼ਰੂਰਤ ਨਹੀਂ ਰਹੀ, ਸੋ ਉਨ੍ਹਾਂ ਨੇ ਸਮਾਜਵਾਦੀ ਮਾਡਲ ਕਥਿਤ ਤੌਰ 'ਤੇ ਗ਼ੈਰਵਿਹਾਰਕ ਹੋਣ ਅਤੇ ਖੁੱਲ੍ਹੀ ਮੰਡੀ ਦੀ ਅੰਤਿਮ ਜਿੱਤ ਦਾ ਵਿਚਾਰਧਾਰਕ ਯੁੱਧ ਵੀ ਛੇੜ ਦਿੱਤਾ ਅਤੇ ਵਿਹਾਰਕ ਨੀਤੀਆਂ 'ਚ ਵੱਡਾ ਫੇਰਬਦਲ ਵੀ ਸ਼ੁਰੂ ਕਰ ਦਿੱਤਾ। ਇਸੇ ਦੇ ਹਿੱਸੇ ਵਜੋਂ, 1990ਵਿਆਂ ਦੇ ਸ਼ੁਰੂ 'ਚ ਭਾਰਤ ਵਿਚ ਕਾਂਗਰਸ ਦੀ ਅਗਵਾਈ 'ਚ ਨਵੀਆਂ ਆਰਥਕ ਨੀਤੀਆਂ ਦੇ ਨਾਂ ਹੇਠ ਆਰਥਿਕਤਾ ਨੂੰ ਪੂਰੀ ਤਰ੍ਹਾਂ ਖੁੱਲ੍ਹੀ ਮੰਡੀ ਦੇ ਹਵਾਲੇ ਕਰਨ ਦਾ ਅਮਲ ਸ਼ੁਰੂ ਹੋਇਆ। ਪਿੱਛੋਂ ਸਮੇਂ ਸਮੇਂ 'ਤੇ ਬਣੀਆਂ ਸਾਰੀਆਂ ਹੀ ਚੋਣਵਾਦੀ ਪਾਰਟੀਆਂ ਦੀਆਂ ਸਰਕਾਰਾਂ, ਪਾਰਲੀਮੈਂਟਰੀ ਖੱਬੀ ਧਿਰ ਸਮੇਤ, ਇਸੇ ਮਾਡਲ ਨੂੰ ਆਪੋ-ਆਪਣੇ ਢੰਗ ਨਾਲ ਲਾਗੂ ਕਰਦੀਆਂ ਆ ਰਹੀਆਂ ਹਨ। ਆਰਥਕ 'ਉਦਾਰੀਕਰਨ' ਦੇ ਬਾਕੀ ਰਹਿੰਦੇ ਕੰਮ ਨੂੰ ਪੂਰਾ ਕਰਨ ਲਈ 2013 'ਚ ਬਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਵੱਲੋਂ ਕਾਂਗਰਸ ਦੀ ਥਾਂ ਆਰ.ਐੱਸ.ਐੱਸ.-ਬੀ.ਜੇ.ਪੀ. ਨੂੰ ਮੁੜ ਸੱਤਾ ਵਿਚ ਲਿਆਉਣ ਦੀ ਮੁਹਿੰਮ ਵਿੱਢ ਦਿੱਤੀ ਗਈ ਅਤੇ 2014 'ਚ ਇਹ ਫਾਸ਼ੀਵਾਦੀ ਤਾਕਤ ਸੱਤਾ ਵਿਚ ਆ ਗਈ। ਉਨ੍ਹਾਂ ਕਾਰਪੋਰੇਟ ਮੁਖੀਆਂ ਨੇ ਵੀ ਹਿੰਦੂਤਵ ਫਾਸ਼ੀਵਾਦ ਦੇ ਏਜੰਡੇ ਨਾਲ ਸਮਝੌਤਾ ਕਰ ਲਿਆ ਜੋ ਇਸ ਦੀ ਆਲੋਚਨਾ ਕਰਦੇ ਸਨ।

ਹਿੰਦੂ ਰਾਸ਼ਟਰ ਦੀ ਦਿਸ਼ਾ 'ਚ ਸਿਲਸਿਲੇਵਾਰ ਕੰਮ ਕਰਨ ਦੇ ਨਾਲ-ਨਾਲ ਆਰ.ਐੱਸ.ਐੱਸ.-ਬੀ.ਜੇ.ਪੀ. ਸਮੁੱਚੀ ਆਰਥਿਕਤਾ ਨੂੰ ਪੂਰੀ ਤਰ੍ਹਾਂ ਖੁੱਲ੍ਹੀ ਮੰਡੀ ਦੇ ਹਵਾਲੇ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ। ਤਿੰਨ ਖੇਤੀ ਕਾਨੂੰਨ ਥੋਪਣਾ ਅਤੇ ਲੇਬਰ ਕੋਡ ਬਣਾ ਕੇ ਕਿਰਤ ਕਾਨੂੰਨਾਂ ਦਾ ਖ਼ਾਤਮਾ ਇਸੇ ਅਮਲ ਦਾ ਅਟੁੱਟ ਹਿੱਸਾ ਹੈ। ਜੇ ਲੋਕਾਂ ਦੀ ਤਾਕਤ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ 'ਚ ਕਾਮਯਾਬ ਹੋ ਜਾਂਦੀ ਹੈ ਤਾਂ ਇਹ ਮੌਜੂਦਾ ਨਿਜ਼ਾਮ ਹੇਠ ਕਾਰਪੋਰੇਟ ਸਰਮਾਏਦਾਰੀ ਦੀ ਧਾੜਵੀ ਲੁੱਟਮਾਰ ਦੇ ਬੇਰੋਕ-ਟੋਕ ਪਸਾਰੇ ਉੱਪਰ ਇਕ ਬੱਜਰ ਸੱਟ ਸਾਬਤ ਹੋਵੇਗੀ। ਨਾਲ ਹੀ, ਇਸ ਦੀ ਆਰ.ਐੱਸ.ਐੱਸ.-ਬੀ.ਜੇ.ਪੀ. ਦੀ ਧੌਂਸਬਾਜ਼ੀ ਅਤੇ ਹੰਕਾਰ ਨੂੰ ਤੋੜਨ 'ਚ ਵੀ ਮਹੱਤਵਪੂਰਨ ਭੂਮਿਕਾ ਹੋਵੇਗੀ। ਲੋਕ ਰਾਇ ਪ੍ਰਤੀ ਘੋਰ ਨਫ਼ਰਤ ਤ੍ਰਿਸਕਾਰ ਫਾਸ਼ੀਵਾਦ ਦੀ ਮੂਲ ਖ਼ਾਸੀਅਤ ਹੈ ਅਤੇ ਇਸ ਦੇ ਮੋਦੀ ਵਰਗੇ ਮੁੱਖ ਚਿਹਰੇ ਆਪਣੇ ਬਜ਼ਿੱਦ, ਅਣਲਿਫ ਅਤੇ ਬੇਕਿਰਕ ਕਿਰਦਾਰ ਨੂੰ ਮਜ਼ਬੂਤ ਤਾਕਤਵਰ ਆਗੂ ਵਜੋਂ ਪੇਸ਼ ਕਰਦੇ ਹਨ। ਮਸ਼ਹੂਰ ਬਰਤਾਨਵੀ ਅਖ਼ਬਾਰ ਡੇਲੀ ਮੇਲ ਨੇ ਮੋਦੀ ਲਈ 'ਬੇਹਯਾ ਉਸਟੰਡਬਾਜ਼' ਸ਼ਬਦ ਵਰਤਿਆ ਹੈ। ਐਸੇ ਸ਼ਖਸ ਲਈ ਆਪਣੇ ਕਿਸੇ ਮਨਮਾਨੇ ਫ਼ੈਸਲੇ ਤੋਂ ਪਿੱਛੇ ਹਟਣਾ ਉਸ ਦੀ ਸੁਪਰੀਮ ਤਾਨਾਸ਼ਾਹ ਵਾਲੀ ਹਉਮੈਂ ਲਈ ਵੱਡੀ ਸੱਟ ਹੈ, ਚਾਹੇ ਫ਼ੈਸਲਾ ਪੂਰੀ ਤਰ੍ਹਾਂ ਗ਼ਲਤ ਕਿਉਂ ਨਾ ਹੋਵੇ। ਵੱਖ-ਵੱਖ ਉੱਚ ਅਦਾਲਤਾਂ ਵੱਲੋਂ ਸਰਕਾਰ ਦੀ ਝਾੜ ਝੰਬ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਬੀਜੇਪੀ-ਆਰ.ਐੱਸ.ਐੱਸ. ਸਰਕਾਰ ਦਾ ਸਾਰਾ ਜ਼ੋਰ ਹਕੀਕਤ ਨੂੰ ਲੁਕੋਣ ਅਤੇ ਆਪਣਾ ਅਕਸ ਸੁਧਾਰਨ ਦੀ ਕਵਾਇਦ ਉੱਪਰ ਲੱਗਿਆ ਹੋਇਆ ਹੈ। ਹਾਲਾਂਕਿ ਕੋਰੋਨਾ ਦੀ ਨਵੀਂ ਲਹਿਰ ਦੇ ਜਾਨਲੇਵਾ ਫੈਲਾਅ ਲਈ ਮੌਜੂਦਾ ਸਰਕਾਰ ਦੀ ਮੁਜਰਮਾਨਾ ਭੂਮਿਕਾ ਜੱਗ ਜ਼ਾਹਿਰ ਹੈ ਫਿਰ ਵੀ ਇਸ ਸਰਕਾਰ ਵੱਲੋਂ ਆਪਣੀ ਪ੍ਰਸ਼ਾਸਨਿਕ ਅਸਫ਼ਲਤਾ ਉੱਪਰ ਪਰਦਾ ਪਾਉਣ ਲਈ ਕੋਰੋਨਾ ਫੈਲਾਉਣ ਦਾ ਦੋਸ਼ ਉਲਟਾ ਸੰਘਰਸ਼ਸ਼ੀਲ ਕਿਸਾਨਾਂ ਉੱਪਰ ਲਗਾ ਕੇ ਸੰਘਰਸ਼ ਨੂੰ ਖ਼ਤਮ ਕਰਾਉਣ ਦੀ ਚਾਲ ਖੇਡੀ ਗਈ ਜੋ ਪੂਰੀ ਤਰ੍ਹਾਂ ਅਸਫ਼ਲ ਰਹੀ।

ਇਸ ਨਾਜ਼ੁਕ ਦੌਰ 'ਚ ਕੋਰੋਨਾ ਮਹਾਮਾਰੀ ਤੋਂ ਬਚਣ ਲਈ ਹਰ ਸੰਭਵ ਉਪਾਅ ਕਰਦੇ ਹੋਏ ਆਪਣੇ ਹੱਕਾਂ ਦੀ ਰਾਖੀ ਲਈ ਸਮੂਹਿਕ ਸੰਘਰਸ਼ਾਂ ਨੂੰ ਜਾਰੀ ਰੱਖਣਾ ਅਤੇ ਭਾਈਚਾਰਕ ਸਾਂਝ ਅਤੇ ਸਮੂਹਿਕ ਯਤਨਾਂ ਨੂੰ ਹੋਰ ਮਜ਼ਬੂਤ ਕਰਨਾ ਹੋਰ ਵੀ ਜ਼ਰੂਰੀ ਹੈ। ਸੰਘਰਸ਼ਸ਼ੀਲ ਜਥੇਬੰਦੀਆਂ ਵਧਾਈ ਦੀਆਂ ਹੱਕਦਾਰ ਹਨ ਜੋ ਦੇਸ਼ ਦੇ ਲੋਕਾਂ ਨੂੰ ਮਹਾਮਾਰੀ ਅਤੇ ਸਰਕਾਰ ਦੀਆਂ ਵਿਨਾਸ਼ਕਾਰੀ ਨੀਤੀਆਂ ਵਿਰੁੱਧ ਲਾਮਬੰਦ ਕਰਕੇ ਨਾ ਸਿਰਫ਼ ਇਹ ਭੂਮਿਕਾ ਬਾਖ਼ੂਬੀ ਨਿਭਾ ਰਹੀਆਂ ਹਨ ਸਗੋਂ ਰਾਜਨੀਤਕ ਢਾਂਚੇ ਦੀ ਮੁਕੰਮਲ ਅਸਫ਼ਲਤਾ ਦੇ ਹਾਲਾਤ 'ਚ ਮਹਾਮਾਰੀ ਨਾਲ ਲੜਨ ਲਈ ਲੋਕਾਂ ਦਾ ਮਨੋਬਲ ਵੀ ਬਰਕਰਾਰ ਰੱਖ ਰਹੀਆਂ ਹਨ। ਮਹਾਂਅੰਦੋਲਨ ਦਾ ਲੰਮਾ ਸਮਾਂ ਚੱਲਣਾ ਤੈਅ ਹੈ ਅਤੇ ਸੱਚੀ ਤਬਦੀਲੀ ਲਈ ਜੂਝ ਰਹੀਆਂ ਤਾਕਤਾਂ ਨੂੰ ਇਸ ਉੱਪਰ ਕੇਂਦਰਤ ਕਰਨਾ ਚਾਹੀਦਾ ਹੈ ਕਿ ਸੰਘਰਸ਼ ਨੂੰ ਮਜ਼ਬੂਤ ਕਰਦੇ ਹੋਏ ਇਸ ਦੌਰਾਨ ਅਵਾਮ 'ਚ ਰਾਜਸੀ ਬਦਲ ਸਥਾਪਤ ਕਿਵੇਂ ਕਰਨਾ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਵਿੱਚ ਭਾਰਤ ਦੀ ਵਰਤਮਾਨ ਸਥਿਤੀ ਉੱਤੇ ਗੰਭੀਰ ਵਿਚਾਰ ਚਰਚਾ ਹੋਈ

ਜ਼ੋਰਾਵਰ ਬਾਂਸਲ : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਦਾ ਆਗਾਜ਼ ਕਰਦਿਆਂ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਸਭ ਬੁੱਧੀਜੀਵੀਆਂ ਨੂੰ 'ਜੀ ਆਇਆਂ ਨੂੰ' ਆਖਿਆ। ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਮੀਟਿੰਗ ਦਾ ਵੇਰਵਾ ਸਾਂਝਾ ਕਰਨ ਉਪਰੰਤ ਸ਼ੋਕ ਮਤੇ ਸਾਂਝੇ ਕਰਦਿਆਂ ਕਿਹਾ, "ਪ੍ਰੇਮ ਗੋਰਖੀ ਅਣਹੋਇਆਂ ਦਾ ਲੇਖਕ, ਇੱਕ ਵਿਲੱਖਣ ਧਾਰਾ ਦਾ ਨਾਮ ਸੀ, ਇਨਕਲਾਬੀ ਲੇਖਕ ਕਵੀ ਅਜੀਤ ਸਿੰਘ ਰਾਹੀ, ਜਿਨ੍ਹਾਂ ਕਾਲੇ ਦੌਰ ਦਰਮਿਆਨ ਇਨਕਲਾਬੀ ਕਵਿਤਾਵਾਂ ਤੇ ਵਾਰਤਕ ਰਚੀਆਂ, ਦਰਜਨ ਦੇ ਕਰੀਬ ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ। ਸਾਬਕਾ ਪੱਤਰਕਾਰ ਤੇ ਸਾਬਕਾ ਐਮ ਐਲ ਏ ਜਰਨੈਲ ਸਿੰਘ, ਕਿਰਤੀਆਂ ਦਾ ਸ਼ਾਇਰ ਗ਼ਜ਼ਲਗੋ ਮਹਿੰਦਰ ਸਾਥੀ, ਬਾਂਸੁਰੀ ਵਾਦਕ ਸਰਦਾਰ ਰਵਿੰਦਰ ਸਿੰਘ, ਕਵਿੱਤਰੀ ਲੇਖਿਕਾ ਹਰਵਿੰਦਰ ਕੌਰ ਗਰੇਵਾਲ, ਨਾਮਵਰ ਇਨਕਲਾਬੀ ਜੋਗਿੰਦਰ ਦਿਆਲ, ਡਾ. ਚਮਨ ਲਾਲ, ਸਾਥੀ ਭਾਨ ਸਿੰਘ, ਗੀਤਕਾਰ ਗੁਰਪ੍ਰੀਤ ਸਿੰਘ ਜੱਜ ਸ਼ਾਮ ਪੁਰੀ, ਮਹਾਂਵੀਰ ਨਰਵਾਲ, ਕੈਲਗਰੀ ਸ਼ਹਿਰ ਤੋਂ ਮਾਸਟਰ ਭਜਨ ਸਿੰਘ ਗਿੱਲ ਜੀ ਦੇ ਦੋਹਤੇ ਨੌਜਵਾਨ ਵਿਸ਼ਵਜੀਤ ਸਿੰਘ ਪ੍ਰਿੰਸ ਤੇ ਸਾਹਿਤ ਸਭਾ ਦੇ ਜਰਨੈਲ ਤੱਗੜ ਜੀ ਦੇ ਜਵਾਈ ਸਰਦਾਰ ਸਤਨਾਮ ਸਿੰਘ ਪਰਮਾਰ। ਇਨ੍ਹਾਂ ਸਾਹਿਤਕ, ਸਮਾਜਿਕ ਤੇ ਨਜ਼ਦੀਕੀ ਸਬੰਧੀਆਂ ਦੇ ਸਦੀਵੀ ਵਿਛੋੜੇ ਉਤੇ ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸ਼ਰਧਾ ਦੀ ਅਕੀਦੇ ਭੇਂਟ ਕੀਤੇ ਗਏ। ਮਈ ਮਹੀਨੇ ਬਾਬਤ ਯੁੱਗ ਪੁਰਸ਼ ਕਾਰਲ ਮਾਰਕਸ ਜਿਹਨਾਂ ਦੀ ਸਾਰੀ ਜ਼ਿੰਦਗੀ ਹੀ ਦੁਨੀਆਂ ਭਰ ਦੇ ਮਜ਼ਦੂਰ ਕਿਰਤੀਆਂ ਦੀ ਮੁਕਤੀ ਤੇ ਸੰਗ੍ਰਾਮ ਨੂੰ ਸਮਰਪਿਤ ਰਹੀ, ਸੱਯਦ ਹਸਨ ਮੰਟੋ, ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਮੋਹਣ ਸਿੰਘ ਸਮੇਤ ਹੋਰ ਕਈ ਸਦੀਵੀ ਹਸਤੀਆਂ ਨੂੰ ਯਾਦ ਕੀਤਾ ਗਿਆ। ਸੁਖਵਿੰਦਰ ਤੂਰ ਨੇ ਸ਼ਿਵ ਕੁਮਾਰ ਬਟਾਲਵੀ ਦਾ 'ਸਿਖਰ ਦੁਪਹਿਰ ਸਿਰ ਤੇ' ਤਰੰਨਮ ਵਿੱਚ ਸੁਣਾਇਆ। ਬਲਜਿੰਦਰ ਸੰਘਾ ਨੇ ਮਜ਼ਦੂਰਾਂ ਦੀ ਗੱਲ ਕਰਦਿਆ 'ਸਨ ਬਾਥ' ਕਵਿਤਾ ਸੁਣਾਈ। ਪਰਮਿੰਦਰ ਰਮਨ, ਮਹਿੰਦਰਪਾਲ ਐਸ ਪਾਲ, ਰਾਜਵੰਤ ਮਾਨ, ਸੁਖਜੀਤ ਸੈਣੀ, ਹਰਮਿੰਦਰ ਚੁੱਘ, ਨਰਿੰਦਰ ਢਿੱਲੋਂ, ਜਗਦੇਵ ਸਿੱਧੂ, ਗੁਰਚਰਨ ਕੌਰ ਥਿੰਦ, ਡਾ. ਮਨਮੋਹਨ ਕੌਰ ਆਦਿ ਨੇ ਕਵਿਤਾਵਾਂ ਸੁਣਾਈਆਂ। ਫਿਰ ਮਦਰ ਡੇਅ ਦੀ ਗੱਲਬਾਤ ਵੀ ਕੀਤੀ ਜਿਸ ਨੂੰ ਅੱਗੇ ਤੋਰਦਿਆਂ ਗੁਰਦੀਸ਼ ਗਰੇਵਾਲ, ਜਸਵੀਰ ਸਹੋਤਾ, ਗੁਰਚਰਨ ਹੇਅਰ, ਸਰਬਜੀਤ ਉੱਪਲ, ਜ਼ੋਰਾਵਰ ਬਾਂਸਲ, ਮੀਤ ਪ੍ਰਧਾਨ ਬਲਵੀਰ ਗੋਰਾ ਨੇ ਕਵਿਤਾਵਾਂ ਗੀਤ ਗਾਏ। ਅਖੀਰ ਵਿਚ ਉਨ੍ਹਾਂ ਆਏ ਹੋਏ ਹਾਜਰੀਨ ਦਾ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਧੰਨਵਾਦ ਵੀ ਕੀਤਾ ਤੇ ਅਗਲੀ ਮੀਟਿੰਗ ਚੌਂ ਵੀਹ ਜੂਨ ਨੂੰ ਹੈ, ਉਸ ਵਿੱਚ ਸ਼ਾਮਲ ਹੋਣ ਲਈ ਸਭ ਨੂੰ ਸੱਦਾ ਦਿੱਤਾ। ਸਭਾ ਬਾਰੇ ਕਿਸੇ ਵੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।

# ਗਾਥਾ ਇੱਕ ਸੂਰਮੇ ਦੀ-ਇੱਕ ਵਿਸ਼ਲੇਸ਼ਣ

**ਅਜਾਇਬ ਸਿੰਘ ਟਿਵਾਣਾ**

ਹਰਭਗਵਾਨ ਵੱਲੋਂ ਸੰਪਾਦਿਤ ਪੁਸਤਕ ਗਾਥਾ ਇੱਕ ਸੂਰਮੇ ਦੀ ਪੰਜਾਬ ਦੀਆਂ ਇਤਿਹਾਸਕ ਘਟਨਾਵਾਂ ਨੂੰ ਸਾਂਭਣ ਦਾ ਬੇਹੱਦ ਸ਼ਲਾਘਾਯੋਗ ਕਦਮ ਹੈ। ਆਪਣੀਆਂ ਸੀਮਤਾਈਆਂ ਦੇ ਬਾਵਜੂਦ ਇਹ ਪੁਸਤਕ ਇਸ ਦੌਰ ਦੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਵਿਸ਼ਲੇਸ਼ਣ ਲਈ ਹਵਾਲਾ ਪੁਸਤਕ ਦਾ ਕੰਮ ਕਰੇਗੀ। ਇਹ ਪੁਸਤਕ ਕਾ. ਬਲਦੇਵ ਮਾਨ ਦੇ ਵਿਅਕਤੀਤਵ ਦੇ ਹਰ ਪੱਖ ਨੂੰ ਉਜਾਗਰ ਕਰਨ 'ਚ ਕਾਮਯਾਬ ਰਹੀ ਹੈ। ਉਹ ਕਮਿਊਨਿਸਟ ਲਹਿਰ ਦਾ ਇੱਕ ਪ੍ਰਤੀਬੱਧ ਇਨਕਲਾਬੀ ਨੌਜਵਾਨ ਸੀ। ਉਸ ਦੀ ਸ਼ਹਾਦਤ ਨੇ ਬਿਨਾਂ ਸ਼ੱਕ ਇਸ ਤੱਥ ਦੀ ਪੁਸ਼ਟੀ ਕੀਤੀ ਹੈ। ਬਲਦੇਵ ਮਾਨ ਤੋਂ ਬਾਅਦ ਕਿੰਨੇ ਹੀ ਹੋਰ ਨੌਜਵਾਨਾਂ ਨੇ ਆਪਣੀਆਂ ਜਿੰਦਗੀਆਂ ਇਸੇ ਰਸਤੇ ਤੇ ਚਲਦਿਆਂ ਵਾਰ ਦਿੱਤੀਆਂ। ਜਿਨ੍ਹਾਂ ਦਾ ਕਮਿਊਨਿਸਟ ਲਹਿਰ ਨੂੰ ਕਦੇ ਵੀ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ। ਬਲਦੇਵ ਮਾਨ ਦੇ ਸਮੇਂ ਦੇ ਸਾਰੇ ਘਟਨਾਕ੍ਰਮ ਨੂੰ ਵਾਚਦਿਆਂ ਕਈ ਸੁਆਲ ਇਨਕਲਾਬੀ ਲਹਿਰ ਨਾਲ ਵਾਸਤਾ ਰੱਖਣ ਵਾਲੇ ਹਰ ਇਨਸਾਨ ਦੇ ਮਨ ਵਿੱਚ ਉਠਦੇ ਹਨ। ਕੀ ਇਨ੍ਹਾਂ ਜਿੰਦਗੀਆਂ ਨੂੰ ਬਚਾਇਆ ਜਾ ਸਕਦਾ ਸੀ? ਕੀ ਭਾਰਤ ਖਾਸ ਕਰਕੇ ਪੰਜਾਬ ਦੇ ਕਮਿਊਨਿਸਟ ਇਨਕਲਾਬੀਆਂ ਵੱਲੋਂ ਪੰਜਾਬ ਮਸਲੇ ਬਾਰੇ ਅਪਣਾਈ ਗਈ ਪਹੁੰਚ ਸਹੀ ਸੀ? ਆਖਰਕਾਰ ਇਹ ਮਸਲਾ ਉਪਜਿਆ ਹੀ ਕਿਉਂ ਅਤੇ ਇਸ ਹੱਦ ਤੱਕ ਪਹੁੰਚਣ ਦੇ ਕੀ ਕਾਰਨ ਸਨ? ਆਦਿ। ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਲਈ ਸਾਨੂੰ ਭਾਰਤ ਦੇ ਰਾਜਨੀਤਿਕ ਪਿਛੋਕੜ ਅਤੇ ਇਸ ਦੇ ਪ੍ਰਸੰਗ ਵਿੱਚ ਭਾਰਤ ਵਿੱਚ ਕਮਿਊਨਿਸਟ ਲਹਿਰ ਦੇ ਇਤਿਹਾਸ ਤੇ ਸੰਖੇਪ ਝਾਤ ਮਾਰਨੀ ਹੋਵੇਗੀ।

ਰੂਸ ਦੇ 1917 ਦੇ ਅਕਤੂਬਰ ਇਨਕਲਾਬ ਤੋਂ ਪ੍ਰਭਾਵਿਤ ਹੋ ਕੇ ਭਾਰਤ ਦੇ ਅੰਦਰ ਅਤੇ ਭਾਰਤ ਤੋਂ ਬਾਹਰ ਵਸਦੇ ਭਾਰਤੀਆਂ ਨੇ ਵੱਖ ਵੱਖ ਕਮਿਊਨਿਸਟ ਗਰੁੱਪ ਬਣਾਉਣੇ ਸ਼ੁਰੂ ਕੀਤੇ ਅਤੇ 1920 ਵਿੱਚ ਤੀਜੀ ਕੌਮਾਂਤਰੀ ਦੀ ਤਾਸਕੰਦ ਵਿਖੇ ਹੋਈ ਦੂਜੀ ਕਾਂਗਰਸ ਤੋਂ ਫੌਰੀ ਬਾਅਦ ਐਮ.ਐਨ ਰਾਇ ਦੀ ਅਗਵਾਈ ਵਿੱਚ ਉਥੇ ਹੀ ਇੱਕ ਕਮਿਊਨਿਸਟ ਪਾਰਟੀ ਦਾ ਗਠਨ ਵੀ ਕਰ ਲਿਆ ਗਿਆ ਸੀ। ਭਾਰਤ ਅੰਦਰ ਸਤੰਬਰ 1924 'ਚ ਕਾਨਪੁਰ ਦੇ ਇੱਕ ਪੱਤਰਕਾਰ ਨੇ ਕਾਨੂੰਨੀ ਕਮਿਊਨਿਸਟ ਪਾਰਟੀ ਦੀ ਸਥਾਪਤੀ ਦਾ ਐਲਾਨ ਕੀਤਾ ਅਤੇ ਵੱਖ ਵੱਖ ਕਮਿਊਨਿਸਟ ਗਰੁੱਪਾਂ ਨੂੰ ਇਕੱਠਾ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ।ਇਸ ਮਕਸਦ ਲਈ ਹਸਰਤ ਮੋਹਾਨੀ ਦੀ ਅਗਵਾਈ ਹੇਠ ਇੱਕ ਜਥੇਬੰਦਕ ਕਮੇਟੀ ਕਾਇਮ ਕੀਤੀ ਗਈ।ਇਸ ਸਭ ਕਾਸੇ ਦੇ ਸਿੱਟੇ ਵਜੋਂ ਬਰਤਾਨਵੀ ਬਸਤੀਵਾਦੀਆਂ ਖਿਲਾਫ ਚੱਲ ਰਹੇ ਸੰਘਰਸ਼ ਦੇ ਮਹੌਲ ਵਿੱਚ 28 ਤੋਂ 30 ਦਸੰਬਰ ਤੱਕ 1925 ਵਿੱਚ ਕਾਨਪੁਰ ਵਿਖੇ ਭਾਰਤੀ ਕਮਿਊਨਿਸਟਾਂ ਦੀ ਪਹਿਲੀ ਕਾਨਫਰੰਸ ਹੋਈ ਜਿਸ ਦੀ ਪ੍ਰਧਾਨਗੀ ਮਦਰਾਸ ਦੇ ਕਮਿਊਨਿਸਟ ਮ. ਸ਼ਿੰਗਾਰਵੇਲੂ ਚੈਟੀਅਰ ਨੇ ਕੀਤੀ। ਇਸ ਕਾਨਫਰੰਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਤੀ ਸੰਬੰਧੀ ਪ੍ਰਸਤਾਵ ਪ੍ਰਵਾਨ ਕੀਤਾ ਗਿਆ। ਇੱਕ ਕੇਂਦਰੀ ਕਾਰਜਕਾਰੀ ਕਮੇਟੀ ਚੁਣੀ ਗਈ ਜਿਸ ਦੇ ਸਕੱਤਰ ਜ.ਪ.ਬਾਗੇਹਰਟਾ ਅਤੇ ਸ.ਵ.ਘਾਟੇ ਨੂੰ ਨਿਯੁੱਕਤ ਕੀਤਾ ਗਿਆ।ਇਸ ਵਿੱਚ ਸਾਰੇ ਮੁੱਖ ਕਮਿਊਨਿਸਟ ਗਰੁੱਪਾਂ ਦੇ ਪ੍ਰਤੀਨਿਧ ਸ਼ਾਮਿਲ ਸਨ।ਕੌਮਾਂਤਰੀ ਦੇ ਅੰਦਰ ਵੀ ਹੋਰਾਂ ਤੋਂ ਇਲਾਵਾ ਐਮ.ਐਨ. ਰਾਇ ਨੇ ਵੀ ਭਾਰਤ ਦੇ ਕਮਿਊਨਿਸਟਾਂ ਦੀ ਹਮਾਇਤ ਜੁਟਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ। 1925 ਤੋਂ 1928 ਦੇ ਸਮੇਂ ਦਰਮਿਆਨ ਬਰਤਾਨਵੀ ਕਮਿਊਨਿਸਟਾਂ ਦੇ ਪ੍ਰਤੀਨਿਧ ਮੰਡਲ ਵੀ ਭਾਰਤ ਅਉਂਦੇ ਰਹੇ। ਸਿੱਟੇ ਵਜੋਂ ਭਾਰਤ ਅੰਦਰ ਕਮਿਊਨਿਸਟ ਵਿਚਾਰਾਂ ਦਾ ਬੇਹੱਦ ਪ੍ਰਚਾਰ ਪ੍ਰਸਾਰ ਹੋਇਆ। ਵੱਡੀ ਪੱਧਰ ਤੇ ਕਿਸਾਨਾਂ, ਮਜਦੂਰਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੀਆਂ ਜਥੇਬੰਦੀਆਂ 'ਚ ਕਮਿਊਨਿਸਟਾਂ ਦਾ ਪ੍ਰਭਾਵ ਵਧਿਆ। ਵੱਖ ਵੱਖ ਤਰ੍ਹਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਬਰਤਾਨਵੀ ਸਰਕਾਰ ਵੱਲੋਂ ਵੱਖ ਤਰਾਂ ਦੇ ਸਾਜਿਸ਼ ਕੇਸਾਂ ਤਹਿਤ ਕਮਿਊਨਿਸਟਾਂ ਨੂੰ ਜੇਲ੍ਹਾਂ 'ਚ ਸੁੱਟਿਆ, ਸਜਾਵਾਂ ਦਿੱਤੀਆਂ ਕਮਿਊਨਿਸਟ ਪਾਰਟੀ ਨੂੰ ਗੈਰ ਕਾਨੂੰਨੀ ਘੋਸ਼ਿਤ ਕਰਨ ਤੱਕ ਦੇ ਕਦਮ ਚੁੱਕੇ। ਅਨੇਕਾਂ ਉਤਰਾਵਾਂ ਚੜ੍ਹਾਵਾਂ ਅਤੇ ਕੁਰਬਾਨੀਆਂ ਦੇ ਬਾਵਜੂਦ ਸਾਮਰਾਜੀ ਜਬਰ ਤਾਂ ਕਮਿਊਨਿਸਟ ਪਾਰਟੀ ਨੂੰ ਖਤਮ ਨਾ ਕਰ ਸਕਿਆ ਪਰੰਤੂ ਭਾਰਤ ਦੇ ਕਮਿਊਨਿਸਟ ਖੁਦ ਆਪਣੇ ਦੇਸ਼ ਦੀਆਂ ਠੋਸ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਨ 'ਚ ਮਾਰ ਖਾ ਗਏ। ਦੂਜੇ ਵਿਸ਼ਵ ਯੁੱਧ ਸਮੇਂ 1942 'ਚ ਲੁਟੇਰੀਆਂ ਜਮਾਤਾਂ ਦੀ ਨੁਮਾਇੰਦਾ ਕਾਂਗਰਸ ਨਾਹਰੇ ਲਗਾ ਰਹੀ ਸੀ "ਭਾਰਤ ਛੱਡੋ" ਅਤੇ "ਕਰੋ ਜਾਂ ਮਰੋ" ਠੀਕ ਉਸੇ ਸਮੇਂ ਭਾਰਤ ਦੀ ਕਮਿਊਨਿਸਟ ਪਾਰਟੀ ਬਰਤਾਨਵੀ ਸਾਮਰਾਜੀਆਂ ਦੀ ਪੂਰੀ ਹਮਾਇਤ ਕਰ ਰਹੀ ਸੀ। ਇਸ ਪਿੱਛੇ ਤਰਕ ਇਹ ਸੀ ਕਿ ਫਾਸ਼ੀਵਾਦੀ ਤਾਕਤਾਂ ਖਿਲਾਫ਼ ਵਿਸ਼ਵ ਪੱਧਰ ਤੇ ਸੋਵੀਅਤ ਸੰਘ ਦਾ ਇੰਗਲੈਂਡ ਨਾਲ ਸਾਂਝਾ ਮੁਹਾਜ ਬਣਿਆ ਹੋਇਆ ਸੀ। ਆਪਣੇ ਦੇਸ਼ ਦੀ ਹਾਲਤ ਅਨੁਸਾਰ, ਵਿਸ਼ਵ ਯੁੱਧ ਦੀ ਕਸੂਤੀ ਸਥਿਤੀ 'ਚ ਫਸੇ ਮੁੱਖ ਦੁਸ਼ਮਣ ਅੰਗਰੇਜ਼ ਸਾਮਰਾਜੀਆਂ ਖਿਲਾਫ਼, ਸੰਘਰਸ਼ ਤੇਜ ਕਰਨ ਦੇ ਸ਼ਾਨਦਾਰ ਮੌਕੇ ਨੂੰ ਪਿੱਠ ਦੇ ਕੇ ਸੀ ਪੀ ਆਈ ਸੋਵੀਅਤ ਸੰਘ ਦੀ ਬਾਲਸ਼ਵਿਕ ਪਾਰਟੀ ਦੀ ਪਿਛਲੱਗ ਸੇਵਾਦਾਰ ਬਣ ਕੇ ਰਹਿ ਗਈ। ਹਾਲਾਤ ਦਾ ਤਕਾਜਾ ਦੇਖੋ ਬਰਤਾਨਵੀ ਸਾਮਰਾਜੀਆਂ ਵੱਲੋਂ ਕਾਂਗਰਸ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਅਤੇ ਕਮਿਉਨਿਸਟ ਪਾਰਟੀ ਜੋ ਪਹਿਲਾਂ ਗੈਰ ਕਾਨੂੰਨੀ ਐਲਾਨੀ ਹੋਈ ਸੀ ਉਸ ਤੋਂ ਪਾਬੰਦੀ ਹਟਾ ਲਈ ਗਈ।ਨਤੀਜਾ ਕੀ ਹੋਇਆ? ਕਾਂਗਰਸੀ ਨੇਤਾ ਲੋਕਾਂ ਦੇ ਹੀਰੋ ਬਣ ਗਏ ਅਤੇ ਕਮਿਊਨਿਸਟਾਂ ਨੂੰ ਗਦਾਰ ਤੱਕ ਕਿਹਾ ਗਿਆ। 1947 ਦੀ ਸਤ੍ਹਾ ਤਬਦੀਲੀ ਦਾ ਸਮਝੌਤਾ ਇਸ ਦੀਆਂ ਸਾਰੀਆਂ ਸ਼ਰਤਾਂ ਸਮੇਤ ਕਾਂਗਰਸ, ਮੁਸਲਿਮ ਲੀਗ ਅਤੇ ਅੰਗਰੇਜਾਂ ਵਿਚਕਾਰ ਤਹਿ ਹੋਇਆ। ਕਮਿਊਨਿਸਟ ਕਿਸੇ ਗਿਣਤੀ 'ਚ ਨਾ ਰਹੇ। ਅਜਿਹੇ ਮੌਕਾ-ਮੇਲ ਇਤਹਾਸ 'ਚ ਵਾਰ ਵਾਰ ਨਹੀਂ ਆਉਂਦੇ ਜਿੰਨ੍ਹਾਂ ਦੌਰਾਨ ਸਦੀਆਂ ਦਾ ਕੰਮ ਕੁੱਝ ਦਿਨਾਂ ਵਿੱਚ ਹੋ ਜਾਂਦਾ ਹੈ।ਅਜਿਹੀਆਂ ਗਲਤੀਆਂ ਨਾਲ ਹੋਣ ਵਾਲੇ ਨੁਕਸਾਨ ਦੀ ਕੋਈ ਭਰਪਾਈ ਨਹੀਂ ਹੁੰਦੀ। ਆਉਣ ਵਾਲੇ ਸਮੇਂ 'ਚ ਤਿਲੰਗਾਨਾ ਵਰਗੇ ਸੰਘਰਸ਼ਾਂ ਦੀ ਸਫਲਤਾਪੂਰਵਕ ਅਗਵਾਈ ਕਰਨ ਦੀ ਥਾਂ ਕਮਿਊਨਿਸਟ ਪਾਰਟੀ ਕਾਂਗਰਸ ਦੀ ਪਿੱਛਲੱਗ ਬਣ ਕੇ ਰਹਿ ਗਈ। ਕਮਿਊਨਿਸਟਾਂ ਦੇ ਇੱਕ ਹਿੱਸੇ ਨੇ 1964 ਵਿੱਚ ਬਗਾਵਤ ਕਰਕੇ ਇਸ ਦੀਆਂ ਨੀਤੀਆਂ ਖਿਲਾਫ ਬਗਾਵਤ ਕਰਕੇ ਨਵੀਂ ਪਾਰਟੀ ਸੀ.ਪੀ. ਆਈ (ਐਮ) ਬਣਾ ਲਈ।ਪਰੰਤੂ ਜਲਦੀ ਹੀ ਇਹ ਵੀ ਇਨਕਲਾਬ ਦਾ ਰਸਤਾ ਤਿਆਗ ਕੇ ਨਿਰੋਲ ਪਾਰਲੀਮਾਨੀ ਸਿਆਸਤ ਦੇ ਲੜ ਲੱਗ ਗਈ। 1967 'ਚ ਨਕਸਲਬਾੜੀ ਦੇ ਖਾੜਕੂ ਕਿਸਾਨ ਸੰਘਰਸ਼ ਨੇ ਇੱਕ ਨਿਖੇੜੇ ਦੀ ਲਾਈਨ ਖਿੱਚ ਦਿੱਤੀ। ਜੋ ਇਸ ਦੇ ਹੱਕ ਵਿੱਚ ਸਨ ਉਹਨਾਂ ਨੇ ਸੀ.ਪੀ. ਆਈ (ਐਮ) ਦੀ ਲੀਡਰਸ਼ਿੱਪ ਤੋਂ ਬਾਗੀ ਹੋ ਕੇ ਕਿਸਾਨਾਂ ਦੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ ਜਿੰਨ੍ਹਾਂ ਦਾ ਮੁੱਖ ਆਗੂ ਚਾਰੂ ਮਜੂਮਦਾਰ ਸੀ। ਜਲਦੀ ਹੀ ਇਹ ਅੰਦੋਲਨ ਮੁਲਕ ਦੇ ਇੱਕ ਦਰਜਨ ਤੋਂ ਵੱਧ ਪਰਾਂਤਾਂ ਵਿੱਚ ਫੈਲ ਗਿਆ। ਨਵੰਬਰ 1967 'ਚ ਇਨ੍ਹਾਂ ਪ੍ਰਾਂਤਾਂ ਦੇ ਬਾਗੀ ਕਮਿਊਨਿਸਟਾਂ ਨੇ ਇੱਕ ਮੁਲਕ ਪੱਧਰੀ ਤਾਲਮੇਲ ਕਮੇਟੀ ਏ. ਆਈ. ਸੀ. ਸੀ. ਸੀ. ਆਰ. ਕਾਇਮ ਕਰ ਲਈ ਅਤੇ ਟੀ. ਨਾਗੀਰੈਡੀ ਸਮੇਤ ਕੁੱਝ ਮੱਤਭੇਦ ਰੱਖਣ ਵਾਲੇ ਆਗੂਆਂ ਨੂੰ ਛੱਡ ਕੇ ਬਾਕੀਆਂ ਨੇ ਚਾਰੂ ਮਜੂਮਦਾਰ ਦੀ ਅਗਵਾਈ 'ਚ 22 ਅਪ੍ਰੈਲ 1969 ਨੂੰ ਨਵੀਂ ਕਮਿਊਨਿਸਟ ਪਾਰਟੀ ਸੀ.ਪੀ.ਆਈ. (ਮ.ਲ.) ਬਣਾਉਣ ਦਾ ਐਲਾਨ ਕਰ ਦਿੱਤਾ। ਪਰੰਤੂ 1967 ਤੋਂ ਨਕਸਲਬਾੜੀ ਅੰਦੋਲਨ ਦੀ ਅਗਵਾਈ ਕਰ ਰਹੇ ਇਨ੍ਹਾਂ ਕਮਿਊਨਿਸਟ ਇਨਕਲਾਬੀਆਂ ਨੇ ਜਗੀਰਦਾਰਾਂ ਖਿਲਾਫ ਜਿਹੜਾ ਹਥਿਆਰਬੰਦ ਘੋਲ ਦਾ ਰਸਤਾ ਅਪਣਾਇਆ ਉਹ ਸੀ ਗੁਰੀਲਾ ਐਕਸ਼ਨਾਂ ਰਾਹੀਂ ਰਵਾਇਤੀ ਹਥਿਆਰਾਂ ਨਾਲ ਜਮਾਤੀ ਦੁਸ਼ਮਣਾ ਦਾ ਸਫਾਇਆ ਕਰਨਾ ਜਿਨ੍ਹਾਂ 'ਚ ਮੁੱਖ ਤੌਰ ਤੇ ਜਗੀਰਦਾਰ, ਪੁਲਿਸ ਵਾਲੇ ਅਤੇ ਸੂਦਖੋਰ ਆਦਿ ਸ਼ਾਮਿਲ ਸਨ। ਗੁਰੀਲਾ ਐਕਸ਼ਨਾਂ ਨੂੰ ਹਥਿਆਰਬੰਦ ਘੋਲ ਦਾ ਇੱਕੋ ਇੱਕ ਸਹੀ ਰੂਪ ਮੰਨਿਆ ਗਿਆ। ਜਨਤਕ ਜਥੇਬੰਦੀਆਂ ਨੂੰ ਇਨਕਲਾਬ ਦੇ ਰਾਹ ਵਿੱਚ ਰੋੜਾ ਸਮਝਦਿਆਂ ਤੋੜ ਦਿੱਤਾ ਗਿਆ। ਅਜਿਹਾ ਕਰਦਿਆਂ ਜੋ ਨਾਹਰੇ ਬੁਲੰਦ ਕੀਤੇ ਗਏ ਉਨ੍ਹਾਂ 'ਚ "ਚੀਨ ਦਾ ਰਾਹ, ਸਾਡਾ ਰਾਹ" "ਚੀਨ ਦਾ ਚੇਅਰਮੈਨ ਸਾਡਾ ਚੇਅਰਮੈਨ" "ਚੇਅਰਮੈਨ ਮਾਓ, ਅਮਰ ਰਹੇ" ਆਦਿ ਪ੍ਰਮੁੱਖ ਤੌਰ ਤੇ ਸ਼ਾਮਲ ਸਨ।ਵਕਤੀ ਤੌਰ 'ਤੇ ਵੱਡੀ ਪੱਧਰ ਤੇ ਜਗੀਰਦਾਰ ਕਤਲ ਕਰ ਦਿੱਤੇ ਗਏ ਜਾਂ ਇਲਾਕਾ ਛੱਡ ਕੇ ਫਰਾਰ ਹੋ ਗਏ ਉਨ੍ਹਾਂ ਦੀਆਂ ਜਮੀਨਾਂ ਤੇ ਕਿਸਾਨਾ ਨੇ ਕਬਜੇ ਕਰ ਲਏ ਅਤੇ ਉਨ੍ਹਾਂ ਦੇ ਅਨਾਜ ਦੇ ਭੰਡਾਰ ਲੁੱਟ ਲਏ। ਪਰੰਤੂ ਮੋੜਵੇਂ ਰੂਪ 'ਚ ਜਦੋਂ ਸਰਕਾਰੀ ਜਬਰ ਹੋਇਆ ਤਾਂ ਬੇਮੇਲ ਰਾਜ ਮਸ਼ੀਨਰੀ ਅੱਗੇ ਕਮਿਊਨਿਸਟ ਗੁਰੀਲੇ ਆਪਣੇ ਪੈਰ ਜਮਾ ਕੇ ਨਾ ਰੱਖ ਸਕੇ। ਵੱਡੀ ਪੱਧਰ ਤੇ ਗ੍ਰਿਫਤਾਰੀਆਂ ਹੋਈਆਂ, ਜੇਲਾਂ 'ਚ ਸੁੱਟ ਦਿੱਤੇ ਗਏ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤੇ ਗਏ।ਸਮੇਂ ਸਮੇਂ ਤੇ ਬਣਨ ਵਾਲੀਆਂ ਸੀ ਪੀ ਆਈ (ਐਮ) ਦੀ ਸ਼ਾਮੂਲੀਅਤ ਵਾਲੀਆਂ ਸਰਕਾਰਾਂ ਵੀ ਹਕੂਮਤੀ ਜਬਰ ਵਿੱਚ ਪਿੱਛੇ ਨਹੀਂ ਰਹੀਆਂ। ਵਿਅਕਤੀਗਤ ਕਤਲਾਂ ਦੀ ਮੁਹਿੰਮ ਨੇ ਕਮਿਊਨਿਸਟ ਇਨਕਲਾਬੀਆਂ ਨੂੰ ਜਨਤਾ ਚੋਂ ਨਿਖੇੜ ਕੇ ਰੱਖ ਦਿੱਤਾ। ਇਸ ਘੋਲ ਦੁਰਾਨ ਵੱਖ ਵੱਖ ਸਮਿਆਂ ਤੇ ਤਿੰਨ ਡੈਲੀਗੇਸ਼ਨ ਚੀਨ ਗਏ ਜਿੰਨ੍ਹਾਂ ਵਿੱਚੋਂ ਇੱਕ ਚਾਰ ਮੈਂਬਰੀ ਡੈਲੀਗੇਸ਼ਨ ਕਾ.ਕਾਨੂ ਸਨਿਆਲ ਦੀ ਅਗਵਾਈ ਵਿੱਚ ਵੀ ਗਿਆ ਸੀ। ਇਹ ਡੈਲੀਗੇਸ਼ਨ ਤਿੰਨ ਮਹੀਨੇ ਚੀਨ ਰਿਹਾ ਅਤੇ ਇਸ ਨੇ ਚੀਨ ਦੀ ਕਮਿਊਨਿਸਟ ਪਾਰਟੀ ਦੇ ਨੁਮਾਇੰਦਿਆਂ ਅਤੇ ਫੌਜੀ ਮਾਹਰਾਂ ਤੋਂ ਭਾਰਤੀ ਇਨਕਲਾਬ ਸੰਬੰਧੀ ਹਰ ਕਿਸਮ ਦੀ ਸਿਖਲਾਈ ਪ੍ਰਾਪਤ ਕੀਤੀ। ਚੇਅਰਮੈਨ ਮਾਓ ਅਤੇ ਚਾਓ ਐਨ ਲਾਈ ਸਮੇਤ ਚੀਨ ਦੀ ਕਮਿਊਨਿਸਟ ਪਾਰਟੀ ਦੇ ਆਗੂਆਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਉਨ੍ਹਾਂ ਦੇ ਸੁਝਾਅ ਲਏ। ਪਰੰਤੂ ਬਦਕਿਸਮਤੀ ਨਾਲ ਕਿਸੇ ਵੀ ਸੁਝਾਅ ਉੱਤੇ ਕੋਈ ਅਮਲ ਨਾ ਕੀਤਾ ਗਿਆ। ਪਾਰਟੀ ਦੀ ਆਗੂ ਟੀਮ ਵਿੱਚ ਵੱਡੀ ਪੱਧਰ ਤੇ ਮੱਤਭੇਦ ਉੱਭਰ ਆਏ ਅਤੇ ਗੁੱਟਬੰਦੀਆਂ ਸ਼ੁਰੂ ਹੋ ਗਈਆਂ।28 ਜੁਲਾਈ 1972 ਨੂੰ ਚਾਰੂ ਮਜੂਮਦਾਰ ਦੀ ਪੁਲਿਸ ਹਿਰਾਸਤ ਵਿੱਚ ਹੋਈ ਸ਼ਹਾਦਤ ਤੋਂ ਬਾਅਦ ਪਾਰਟੀ ਬੁਰੀ ਤਰਾਂ ਟੁੱਟਾਂ ਫੁੱਟਾਂ ਅਤੇ ਖਿੰਡਾਅ ਦਾ ਸ਼ਿਕਾਰ ਹੋ ਗਈ। ਬਾਕੀ ਬਚੇ ਕੇਂਦਰੀ ਕਮੇਟੀ ਮੈਂਬਰਾਂ ਨੇ ਵੱਖ ਵੱਖ ਗਰੁੱਪ ਬਣਾ ਲਏ। ਜਿਨ੍ਹਾਂ 'ਚ ਅੱਗੇ ਫਿਰ ਜੋੜਾਂ ਤੋੜਾਂ ਦਾ ਸਿਲਸਿਲਾ ਚਲਦਾ ਰਿਹਾ ਜੋ ਅੱਜ ਤੱਕ ਵੀ ਜਾਰੀ ਹੈ।ਦੂਸਰੇ ਪਾਸੇ ਸੀ.ਪੀ.ਆਈ. (ਮ.ਲ.) ਬਣਨ ਸਮੇਂ ਆਪਣਾ ਵਖਰੇਵਾਂ ਰੱਖ ਕੇ ਸ਼ਾਮਿਲ ਨਾ ਹੋਣ ਵਾਲੇ ਟੀ ਨਾਗੀ ਰੈਡੀ ਅਤੇ ਕੁੱਝ ਹੋਰ ਆਗੂਆਂ ਨੇ ਜਨਤਕ ਜਥੇਬੰਦੀਆਂ ਬਣਾ ਕੇ ਸ਼ੰਘਰਸ਼ਾਂ ਚੋਂ ਕਮਿਊਨਿਸਟ ਪਾਰਟੀ ਉਸਾਰਨ ਦੀ ਲੀਹ ਅਖਤਿਆਰ ਕੀਤੀ। ਉਨ੍ਹਾਂ ਨੇ ਜਨਤਕ ਜਥੇਬੰਦੀਆਂ ਉਸਾਰਨ ਅਤੇ ਉਨ੍ਹਾਂ ਨੂੰ ਸਮੇਂ ਸਮੇਂ ਤੇ ਸੰਘਰਸ਼ਾਂ ਵਿਚ ਪਾਉਣ 'ਚ ਤਾਂ ਕਾਫੀ ਹੱਦ ਤੱਕ ਕਾਮਜਾਬੀ ਹਾਸਲ ਕੀਤੀ ਪਰੰਤੂ ਉਹ ਵੀ ਅੱਜ ਤੱਕ ਇੱਕ ਕਮਿਊਨਸਟ ਪਾਰਟੀ ਦੀ ਉਸਾਰੀ ਕਰਨ 'ਚ ਬੁਰੀ ਤਰਾਂ ਨਾਕਾਮ ਰਹੇ ਹਨ ਸਗੋਂ ਲਗਾਤਾਰ ਫੁੱਟ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਵੱਲੋਂ ਉਸਾਰੀਆਂ ਜਨਤਕ ਜਥੇਬੰਦੀਆਂ ਵੀ ਆਪਣਾ ਪਹਿਲਾਂ ਵਾਲਾ ਅਧਾਰ ਅਤੇ ਜਲੌਅ ਬਚਾ ਕੇ ਨਹੀਂ ਰੱਖ ਸਕੀਆਂ। ਪਾਰਲੀਮਾਨੀ ਚੋਣਾਂ ਨੂੰ ਦਾਅਪੇਚਕ ਤੌਰ 'ਤੇ ਪ੍ਰਯੋਗ ਕਰਨ ਵਾਲੇ ਗਰੁੱਪ ਵੀ ਕੋਈ ਨੋਟ ਕਰਨ ਯੋਗ ਪ੍ਰਾਪਤੀ ਨਹੀਂ ਕਰ ਸਕੇ।

ਕਮਿਊਨਿਸਟਾਂ ਦੀਆਂ ਇਨ੍ਹਾਂ ਅਸਫਲਤਾਵਾਂ ਨੇ ਨਿੱਤ ਦਿਨ ਸੰਕਟਾਂ 'ਚ ਘਿਰੇ ਲੁਟੇਰੇ ਰਾਜ ਪ੍ਰਬੰਧ ਦੀ ਉਮਰ ਹੋਰ ਲੰਬੀ ਕਰ ਦਿੱਤੀ। ਖੂਨ ਪੀਣੀਆਂ ਹਾਕਮ ਜਮਾਤਾਂ ਦੀਆਂ ਨੁਮਾਇੰਦਾ ਸਰਕਾਰਾਂ ਨੇ ਮਿਹਨਤਕਸ਼ ਜਨਤਾ ਨੂੰ ਲੁੱਟਣ ਤੇ ਕੁੱਟਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਵੱਲੋਂ ਆਪਣੇ ਹੱਥਾਂ 'ਚ ਹੋਰ ਵਧੇਰੇ ਸ਼ਕਤੀਆਂ ਦਾ ਕੇਂਦਰੀਕਰਨ ਕੀਤਾ ਗਿਆ ਅਤੇ ਲੋਕਾਂ ਦੀਆਂ ਸ਼ਹਿਰੀ ਅਜ਼ਾਦੀਆਂ ਤੇ ਡਾਕਾ ਮਾਰਨ ਵਾਲੇ ਨਵੇਂ ਨਵੇਂ ਕਾਲੇ ਕਾਨੂੰਨ ਲਿਆਂਦੇ ਗਏ ਜਿਨ੍ਹਾ ਤਹਿਤ ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਸੁੱਟਿਆ ਗਿਆ ਅਤੇ ਹੁਣ ਇਹੀ ਕੰਮ ਉਨ੍ਹਾਂ ਨੂੰ ਸ਼ਹਿਰੀ ਮਾਓਵਾਦੀ ਕਹਿ ਕੇ ਕੀਤਾ ਜਾ ਰਿਹਾ ਹੈ। ਵੱਖ ਵੱਖ ਕੌਮੀਅਤਾਂ ਜਿਵੇਂ ਕਸ਼ਮੀਰੀ, ਨਾਗੇ, ਕੁੱਕੀ, ਆਦਿਵਾਸੀਆਂ, ਧਾਰਮਿਕ ਘੱਟ ਗਿਣਤੀਆਂ ਸਿੱਖ, ਮੁਸਲਿਮ, ਇਸਾਈ ਆਦਿਕ ਨਾਲ 1947 ਤੋਂ ਹੀ ਹਰ ਤਰਾਂ ਦਾ ਵਿਤਕਰਾ ਅਤੇ ਧੱਕਾ ਕੀਤਾ ਜਾ ਰਿਹਾ ਹੈ। ਖਾਸ ਕਰਕੇ ਉਨ੍ਹਾਂ ਦੇ ਸੱਭਿਆਚਾਰ ਅਤੇ ਬੋਲੀ ਨੂੰ ਖਤਮ ਕੀਤਾ ਜਾ ਰਿਹਾ ਹੈ। ਪਹਿਲਾਂ ਕਾਂਗਰਸ ਪਾਰਟੀ ਅਤੇ ਹੁਣ ਬੀਜੇਪੀ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਹਿਤ ਜਦੋਂ ਜੀ ਚਾਹੁਣ ਇਨ੍ਹਾਂ ਘੱਟ ਗਿਣਤੀਆਂ ਅਤੇ ਦੱਬੇ ਕੁਚਲੇ ਲੋਕਾਂ ਨੂੰ ਬਲੀ ਦੇ ਬੱਕਰੇ ਬਣਾ ਛੱਡਦੀਆਂ ਹਨ।ਹਰੀ ਕਰਾਂਤੀ ਦੌਰਾਨ ਅਨਾਜ ਦੇ ਬੇਥਾਹ ਭੰਡਾਰ ਪੈਦਾ ਕਰਨ ਵਾਲਾ ਭਾਰਤ ਦਾ, ਖਾਸ ਕਰਕੇ ਪੰਜਾਬ ਦਾ, ਕਿਸਾਨ ਅਤੇ ਖੇਤ ਮਜ਼ਦੂਰ ਖੁਦਕਸ਼ੀਆਂ ਦੇ ਰਾਹ ਪੈ ਚੁੱਕਾ ਹੈ। ਪਰ ਕਾਰਪੋਰੇਟ ਘਰਾਣਿਆਂ ਨੂੰ ਕੁਦਰਤੀ ਵਾਤਾਵਰਣ ਦਾ ਘਾਣ ਕਰਦਿਆਂ ਕੁਦਰਤੀ ਸ੍ਰੋਤਾਂ ਦੀ ਅੰਨ੍ਹੀ ਲੁੱਟ ਕਰਕੇ ਆਪਣੇ ਮੁਨਾਫੇ ਕਮਾਉਣ ਦੀ ਪੂਰੀ ਖੁੱਲ ਹੈ ਅਤੇ ਉਨ੍ਹਾਂ ਦੇ ਹਿੱਤ ਪੂਰੀ ਤਰਾਂ ਸੁਰੱਖਿਅਤ ਹਨ। ਹਰ ਕਿਸਮ ਦੇ ਕੁਦਰਤੀ ਖਜਾਨਿਆਂ ਨਾਲ ਮਾਲਾ ਮਾਲ ਇਸ ਧਰਤੀ ਨੂੰ ਇਨ੍ਹਾਂ ਲੁਟੇਰਿਆਂ ਨੇ ਨਰਕ ਬਣਾ ਛੱਡਿਆ ਹੈ।ਹਰ ਕੋਈ ਇੱਥੋਂ ਖਹਿੜਾ ਛੁਡਾ ਕੇ ਭੱਜ ਜਾਣਾ ਚਹੁੰਦਾ ਹੈ। ਪੜ੍ਹਿਆ ਲਿਖਿਆ ਨੌਜਵਾਨ ਵਰਗ ਮੌਜੂਦਾ ਪ੍ਰਬੰਧ ਤੋਂ ਪੂਰੀ ਤਰਾਂ ਉਪਰਾਮ ਹੋ ਚੁੱਕਾ ਹੈ। ਬੇਰੁਜਗਾਰੀ ਅਤੇ ਬੇਭਰੋਸਗੀ ਦੀ ਹਾਲਤ 'ਚ ਉਸ ਨੇ ਬਦੇਸ਼ਾਂ ਵੱਲ ਨੂੰ ਵਹੀਰਾਂ ਘੱਤ ਲਈਆਂ ਹਨ।ਹਾਲਾਤ ਦੇ ਇੱਥੋਂ ਤੱਕ ਪਹੁੰਚਣ ਲਈ ਕਮਿਊਨਿਸਟ ਇਨਕਲਾਬੀ ਸਿੱਧੇ ਤੌਰ ਤੇ ਜੁਆਬ ਦੇਹ ਬਣਦੇ ਹਨ। ਜਿੱਥੇ ਇੱਕ ਪਾਸੇ ਉਹ ਜਮਾਤੀ ਜਦੋਜਹਿਦ ਦੇ ਮੁਹਾਜ ਤੇ ਬੁਰੀ ਤਰ੍ਹਾਂ ਫੇਲ ਹੋਏ ਉਥੇ ਦੂਸਰੇ ਪਾਸੇ ਦੱਬੀਆਂ ਕੁਚਲੀਆਂ ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤ ਸ਼੍ਰੇਣੀਆਂ ਦੇ ਮਸਲਿਆਂ ਨੂੰ ਵਿਗਿਆਨਕ ਨਜ਼ਰੀਏ ਤੋਂ ਸਮਝਣ 'ਚ ਵੀ ਅਸਫਲ ਰਹੇ ਪਹਿਲ ਕਦਮੀਂ ਨਾਲ ਇਨ੍ਹਾਂ ਮਸਲਿਆਂ ਨੂੰ ਆਪਣੇ ਹੱਥ ਲੈ ਕੇ ਆਗੂ ਰੋਲ ਅਦਾ ਕਰਨਾ ਤਾਂ ਦੂਰ ਦੀ ਗੱਲ। ਸਿੱਟੇ ਵਜੋਂ ਦਲਿਤ ਭਾਈਚਾਰੇ ਦਾ ਵਿਸ਼ਵਾਸ ਇਨ੍ਹਾਂ ਤੋਂ ਜਾਂਦਾ ਰਿਹਾ ਅਤੇ ਉਨ੍ਹਾਂ ਨੂੰ ਇੱਕ ਮੋੜ ਤੇ ਆਕੇ ਆਪਣਾ ਸਿਆਸੀ ਭਵਿੱਖ ਕਮਿਊਨਿਸਟਾਂ ਨਾਲੋਂ ਬੀ ਐਸ ਪੀ ਵਰਗੀਆਂ ਪਾਰਟੀਆਂ 'ਚ ਨਜ਼ਰ ਆਉਣ ਲੱਗਿਆਂ। ਵੱਖ ਵੱਖ ਕੌਮੀਅਤਾਂ ਇਲਾਕਾਈ ਪਾਰਟੀਆਂ ਦੇ ਪ੍ਰਭਾਵ ਥੱਲੇ ਵੱਖ ਵੱਖ ਸਰਗਰਮੀਆਂ ਕਰਦੀਆਂ ਰਹੀਆਂ। ਖੱਬੇ ਪੱਖੀ ਤਾਕਤਾਂ ਦੀ ਅਸਫਲਤਾ ਨੇ ਪੈਦਾ ਕੀਤੇ ਰਾਜਨੀਤਕ ਖਲਾਅ ਦੀ ਹਾਲਤ 'ਚ ਸਿੱਖਾਂ ਵਰਗੀਆਂ ਧਾਰਮਿਕ ਘੱਟ ਗਿਣਤੀਆਂ ਨੇ ਵੀ ਕੱਟੜਤਾ ਦਾ ਫਿਰਕੂ ਰੁੱਖ ਅਖਤਿਆਰ ਕਰ ਲਿਆ।

ਧਰਮ ਦੇ ਅਧਾਰ ਤੇ ਸਿੱਖਾਂ ਲਈ ਖਾਲਿਸਤਾਨ ਦੀ ਸਿਰਜਨਾ ਕਰਨ ਦੇ ਮਨਸ਼ੇ ਤਹਿਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਬੱਬਰ ਖਾਲਸਾ ਆਦਿ ਗਰੁੱਪਾਂ ਵੱਲੋਂ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਮੋਰਚੇਬੰਦੀ ਕੀਤੀ ਗਈ ਅਤੇ ਇਸ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਲਿਆ। ਇਸ ਪਿੱਛੇ ਉਨ੍ਹਾਂ ਦੀ ਇਹ ਗੈਰਹਕੀਕੀ ਸਮਝ ਕੰਮ ਕਰਦੀ ਸੀ ਕਿ ਭਾਰਤੀ ਸਰਕਾਰ ਸਿੱਖਾਂ ਦੇ ਧਾਰਮਿਕ ਸਥਾਨਾਂ ਤੇ ਕਿਸੇ ਕਿਸਮ ਦੀ ਫੌਜੀ ਕਾਰਵਾਈ ਨਹੀਂ ਕਰੇਗੀ। ਹਾਲਾਤ ਦੇ ਇਸ ਪੜਾਅ ਤੇ ਪਹੁੰਚਣ ਤੋਂ ਪਹਿਲਾਂ ਪੰਜਾਬ ਦੀ ਧਰਤੀ ਤੇ ਕੁੱਝ ਮਹੱਤਵ ਪੂਰਨ ਘਟਨਾਵਾਂ ਵਾਪਰ ਚੁੱਕੀਆਂ ਸਨ। ਸਾਰੇ ਭਾਰਤ 'ਚ ਭਾਸ਼ਾ ਦੇ ਅਧਾਰ ਤੇ ਸੂਬੇ ਬਣਾਉਣ ਦੇ ਬਾਵਜੂਦ ਪੰਜਾਬ ਦਾ ਭਾਸ਼ਾ ਦਾ ਅਧਾਰ ਤੇ ਪੁਨਰਗਠਨ ਕਰਨ ਨੂੰ ਲਮਕਾਇਆ ਗਿਆ ਅਤੇ ਜਦੋਂ ਕਾਫੀ ਲੰਬੀ ਐਜੀਟੇਸ਼ਨ ਹੋਣ ਤੇ ਬਣਾਇਆ ਵੀ ਗਿਆ ਤਾਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਛੱਡ ਦਿੱਤੇ ਗਏ, ਇਸ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰੀ ਸ਼ਾਸਤ ਇਲਾਕਾ ਘੋਸ਼ਿਤ ਕਰ ਦਿੱਤਾ ਗਿਆ। ਪੰਜਾਬ ਨੂੰ ਆਪਣੀ ਹੀ ਰਾਜਧਾਨੀ ਚੰਡੀਗੜ੍ਹ ਤੋਂ ਵਾਂਝਿਆਂ ਕਰ ਦਿੱਤਾ, ਪੰਜਾਬ ਨੂੰ ਦਰਿਆਵਾਂ ਦੇ ਪਾਣੀਆਂ ਚੋਂ ਇਸਦਾ ਬਣਦਾ ਹੱਕ ਨਹੀਂ ਦਿੱਤਾ ਗਿਆ। ਇਸ ਵਿਤਕਰੇ ਵਿਰੁੱਧ ਇੱਕ ਪ੍ਰਤੀਕਰਮ ਦੇ ਰੂਪ 'ਚ 1973 'ਚ ਆਨੰਦਪੁਰ ਦਾ ਮਤਾ ਪਾਸ ਹੋਇਆ ਜਿਸ ਨੂੰ 1978 'ਚ ਕੁੱਝ ਸੋਧਾਂ ਕਰਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੁਧਿਆਣਾ ਵਿਖੇ ਆਪਣੀ ਕਾਨਫਰੰਸ ਵਿੱਚ ਪਾਸ ਕਰ ਦਿੱਤਾ ਅਤੇ ਇਸ ਅਧਾਰ ਤੇ ਕੇਂਦਰ ਸਰਕਾਰ ਖਿਲਾਫ ਮੋਰਚਾ ਲਾਉਣ ਦਾ ਐਲਾਨ ਕੀਤਾ। ਇਹ ਮਤਾ ਅਸਲ 'ਚ ਬੁਨਿਆਦੀ ਤੌਰ 'ਤੇ ਦੇਸ਼ ਵਿੱਚ ਫੈਡਰਲ ਢਾਂਚੇ ਦੀ ਮੰਗ ਦੇ ਅਨੁਸਾਰ ਸੀ ਜੋ ਹੋਰ ਵੀ ਕਈ ਸੂਬਿਆਂ ਵੱਲੋਂ ਉਠਾਈ ਗਈ ਸੀ। 1978 'ਚ ਅੰਮ੍ਰਿਤਸਰ ਵਿਖੇ ਨਿਰੰਕਾਰੀਆਂ ਵੱਲੋਂ 13 ਨਿਹੰਗ ਸਿੰਘਾਂ ਨੂੰ ਕਤਲ ਕਰ ਦਿੱਤਾ ਇਸ ਦੇ ਪ੍ਰਤੀਕਰਮ ਵਜੋਂ 24 ਅਪ੍ਰੈਲ ਨੂੰ ਨਿਰੰਕਾਰੀ ਮੁਖੀ ਬਾਬਾ ਗੁਰਬਚਨ ਸਿੰਘ ਦੀ ਰਣਜੀਤ ਸਿੰਘ ਵੱਲੋਂ ਹੱਤਿਆ ਕਰ ਦਿੱਤੀ ਗਈ (ਜੋ ਇਸ ਕੇਸ ਤਹਿਤ 13 ਸਾਲ ਤਿਹਾੜ ਜੇਲ੍ਹ ਵਿੱਚ ਰਿਹਾ। ਇਸੇ ਸਮੇਂ ਹੀ ਉਸ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਐਲਾਨਿਆ ਗਿਆ ਸੀ)। ਢਾਈ ਸਾਲ ਦੇ ਵਕਫੇ ਬਾਅਦ ਜਦ ਕੇਂਦਰ 'ਚ ਕਾਂਗਰਸ ਮੁੜ ਸਤ੍ਹਾ ਵਿੱਚ ਆਈ ਤਾਂ ਉਸ ਨੇ ਪੰਜਾਬ ਲਈ ਵੱਧ ਅਧਿਕਾਰਾਂ ਦੀ ਮੰਗ ਕਰਨ ਵਾਲੇ ਪੰਜਾਬ ਵਿੱਚ ਆਪਣੇ ਮੁੱਖ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਨੂੰ ਕਮਜੋਰ ਕਰਨ ਦੇ ਮਕਸਦ ਨਾਲ ਅੱਸੀਵਿਆਂ ਦੇ ਸ਼ੁਰੂ ਤੱਕ ਉਸ ਦੇ ਮੁਕਾਬਲੇ ਤੇ ਖਾਲਿਸਤਾਨ ਪੱਖੀ ਸਰਗਮੀਆਂ ਨੂੰ ਜਾਣਬੁੱਝ ਕੇ ਨਜ਼ਰ ਅੰਦਾਜ਼ ਕੀਤਾ ਅਤੇ ਪਨਪਣ ਦਿੱਤਾ। ਅਸਲ ਵਿੱਚ ਇਹੀ ਉਸ ਦਾ ਰਾਜਨੀਤਿਕ ਮਕਸਦ ਸੀ। ਦੂਸਰੇ ਪਾਸੇ ਪਾਕਿਸਤਾਨ ਨੇ ਵੀ ਇਸ ਸਥਿਤੀ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕੀਤੀ। ਪਰੰਤੂ ਇੱਥੇ ਇਹ ਗੱਲ ਵੀ ਸਾਫ ਕਰਨੀ ਬਣਦੀ ਹੈ ਕਿ ਪੰਜਾਬ ਦੀ ਇਹ ਸਥਿਤੀ ਕਿਸੇ ਕਾਂਗਰਸ ਦੇ ਪਾਲੇ ਹੋਏ ਸਿੱਖ ਏਜੰਟ ਜਾਂ ਪਾਕਿਸਤਾਨ ਦੀ ਸਾਜਿਸ਼ ਦੀ ਉਪਜ ਨਹੀਂ ਸੀ। ਬਲਕਿ ਇਸ ਦੇ ਬੀਜ ਲੰਬੇ ਸਮੇਂ ਤੋਂ ਸਾਡੇ ਦੇਸ਼ ਦੀ ਰਾਜਨੀਤਕ ਵਿਵਸਥਾ ਵਿੱਚ ਮੌਜੂਦ ਸਨ। ਇਹ ਮੁੱਖ ਤੌਰ 'ਤੇ ਦੋ ਵੱਡੇ ਕਾਰਕਾਂ ਦੀ ਪੈਦਾਇਸ਼ ਸੀ। ਪਹਿਲਾ ਸੀ ਮਿਹਨਤਕਸ਼ਾਂ ਦੀ ਲੁੱਟ ਤੇ ਅਧਾਰਤ ਭਾਰਤ ਦੀ ਸਮਾਜਿਕ ਰਾਜਨੀਤਿਕ ਵਿਵਸਥਾ ਜਿਸ ਦਾ ਲਗਾਤਾਰ ਕੇਂਦਰੀਕਰਨ ਕੀਤਾ ਜਾਣਾ ਅਤੇ ਸੰਵਿਧਾਨਕ ਪੱਖੋਂ ਵੱਧ ਤੋਂ ਵੱਧ ਇਕਾਤਮਕ ਬਣਾਇਆ ਜਾਣਾ ਅਤੇ ਦੂਸਰਾ ਸੀ, ਜਿਵੇਂ ਕਿ ਪਹਿਲਾਂ ਨੋਟ ਕੀਤਾ ਜ ਚੁੱਕਿਆ ਹੈ, ਕਮਿਊਸਿਟ ਲਹਿਰ ਦੀ ਅਸਫਲਤਾ। ਦੂਸਰੇ ਵਿਸ਼ਵ ਯੁੱਧ 'ਚ ਬੁਰੀ ਤਰ੍ਹਾਂ ਕਮਜੋਰ ਹੋਏ ਅੰਗਰੇਜ਼ 1947 'ਚ ਭਾਰਤ ਨੂੰ ਦੋ ਹਿੱਸਿਆਂ 'ਚ ਵੰਡ ਕੇ, ਫਿਰਕਾ ਪ੍ਰਸਤੀ ਦੇ ਭਾਂਬੜ ਬਾਲ ਕੇ, ਸਾਡੇ ਦੇਸ਼ ਦੀ ਵਾਗਡੋਰ ਲੁਟੇਰੀਆਂ ਜਮਾਤਾਂ ਦੀ ਨੁਮਾਇੰਦਾ ਕਾਂਗਰਸ ਪਾਰਟੀ ਦੇ ਹੱਥ ਸੌਂਪ ਕੇ ਚਲੇ ਗਏ। ਇੱਕ ਅਜਿਹੇ ਦੇਸ਼ ਦੀ ਵਾਗਡੋਰ ਜਿਸ ਵਿੱਚ ਕਈ ਦਰਜਨ ਕੌਮੀਅਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਸਿਰ ਨਰੜ ਕਰਕੇ ਆਪਣੀ ਸਹੂਲਤ ਲਈ ਅੰਗਰੇਜ਼ਾਂ ਨੇ ਇੱਕ ਰਾਜਨੀਤਿਕ ਇਕਾਈ ਵਿੱਚ ਬੰਨ੍ਹ ਦਿੱਤਾ ਸੀ ਜਿਨ੍ਹਾਂ ਦੀ ਆਪਸੀ ਸਾਂਝ ਦਾ ਮਜਬੂਤ ਅਧਾਰ ਇਹ ਸੀ ਕਿ ਉਨ੍ਹਾਂ ਦਾ ਦੁਸ਼ਮਣ ਸਾਂਝਾ ਸੀ ਅਤੇ ਇਸੇ ਸਾਂਝ ਦੇ ਅਧਾਰ ਤੇ ਉਨ੍ਹਾਂ ਇੱਕ ਦੇਸ਼ ਦੇ ਵਾਸੀਆਂ ਦੇ ਅਹਿਸਾਸ ਨਾਲ ਅੰਗਰੇਜ਼ਾ ਖਿਲਾਫ ਅਜ਼ਾਦੀ ਦੀ ਜੰਗ ਲੜੀ ਸੀ। ਸੋ ਅਜਾਦੀ ਤੋਂ 37 ਸਾਲ ਬਾਅਦ ਇਤਿਹਾਸ ਦੇ ਇਸ ਮੋੜ ਤੇ ਇੰਦਰਾ ਗਾਂਧੀ ਦੀ ਸਰਕਾਰ

ਨੇ ਹਰਿਮੰਦਰ ਸਾਹਿਬ ਕੰਪਲੈਕਸ ਤੇ ਫੌਜੀ ਹਮਲਾ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਵਾਲਾ ਅਤੇ ਉਸ ਦੇ ਸਹਿਯੋਗੀਆਂ ਸਮੇਤ ਅਨੇਕਾਂ ਸਿੱਖ ਸ਼ਰਧਾਲੂਆਂ ਨੂੰ ਵੀ ਲਾਸ਼ਾਂ ਦੇ ਢੇਰ ਵਿੱਚ ਤਬਦੀਲ਼ ਕਰ ਦਿੱਤਾ ਜਿਨ੍ਹਾਂ ਵਿੱਚ ਅਨੇਕਾਂ ਬੱਚੇ ਅਤੇ ਔਰਤਾਂ ਵੀ ਸ਼ਾਮਿਲ ਸਨ। ਇਹ ਇੱਕ ਅਜਿਹੀ ਘਟਨਾਂ ਸੀ ਜਿਸ ਨੇ ਸਿੱਖ ਮਾਨਸਿਕਤਾ ਨੂੰ ਹਲੂਣ ਕੇ ਰੱਖ ਦਿੱਤਾ ਅਤੇ ਇੰਦਰਾ ਦੀ ਫੌਜੀ ਜਿੱਤ ਬਹੁਤ ਹੀ ਆਰਜੀ ਅਤੇ ਥੁੜ ਚਿਰੀ ਸਾਬਿਤ ਹੋਈ।ਵੱਡੀ ਗਿਣਤੀ 'ਚ ਸਿੱਖ ਫੌਜੀਆਂ ਨੇ ਬਗਾਵਤ ਕਰਕੇ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਆਪਣੀ ਸਿੱਖ ਮਾਨਸਿਕਤਾ ਨੂੰ ਲੱਗੇ ਗਹਿਰੇ ਜਖਮਾਂ ਦੀ ਬਦੌਲਤ ਇੰਦਰਾ ਗਾਂਧੀ ਦੇ ਸਿੱਖ ਬਾਡੀਗਾਰਡਾਂ ਨੇ ਹੀ 31 ਅਕਤੂਬਰ ਨੂੰ ਉਸ ਦੀ ਹੱਤਿਆ ਕਰ ਦਿੱਤੀ।ਇਸ ਤੋਂ ਬਾਅਦ ਰਾਜੀਵ ਗਾਂਧੀ ਦੀ ਸਰਕਾਰ ਤਹਿਤ ਯੋਜਨਾਬੱਧ ਢੰਗ ਨਾਲ ਦਿੱਲੀ ਅਤੇ ਹੋਰ ਸ਼ਹਿਰਾਂ 'ਚ ਆਮ ਸਿੱਖਾਂ ਦਾ ਕਤਲੇਆਮ ਕੀਤਾ ਗਿਆਂ ਔਰਤਾਂ ਅਤੇ ਬੱਚਿਆਂ ਤੱਕ ਨੂੰ ਨਾ ਬਖਸ਼ਿਆ ਗਿਆ। ਸਿੱਖਾਂ ਦੀਆਂ ਜਾਇਦਾਦਾਂ ਲੁੱਟੀਆਂ ਗਈਆਂ, ਘਰ ਸਾੜ ਦਿੱਤੇ ਗਏ ਅਨੇਕਾਂ ਔਰਤਾਂ ਨਾਲ ਬਲਾਤਕਾਰ ਕੀਤੇ ਗਏ। ਦਿੱਲੀ ਦੇ ਸਿੱਖਾਂ ਦੇ ਕਤਲੇਆਮ ਚੋਂ ਬਚ ਕੇ ਨਿਕਲੇ ਕਈ ਨੌਜਵਾਨ ਖਾਲਿਸਤਾਨੀ ਸੰਗਠਨਾਂ 'ਚ ਭਰਤੀ ਹੋ ਗਏ। ਮਈ1985 ਤੋਂ ਮਈ 1986 ਤੱਕ ਮੈਂ ਪੀ.ਏ.ਯੂ. ਲੁਧਿਆਣਾ ਦੇ ਡਾਇਰੈਕਟਰ ਕਤਲ ਕੇਸ ਤਹਿਤ ਕੇਂਦਰੀ ਜੇਲ੍ਹ ਲੁਧਿਆਣਾ ਵਿੱਚ ਰਿਹਾ ਸੀ। ਇਸ ਸਮੇਂ ਦੌਰਾਨ ਮੈਨੂੰ ਵੱਖ ਵੱਖ ਖਾਲਿਸਤਾਨ ਪੱਖੀ ਨੌਜਵਾਨਾਂ ਅਤੇ ਫੌਜ 'ਚੋਂ ਬਗਾਵਤ ਕਰਨ ਵਾਲੇ ਸਿੱਖ ਫੌਜੀਆਂ ਨੂੰ ਮਿਲਣ ਦਾ, ਉਨ੍ਹਾਂ ਨਾਲ ਸੰਵਾਦ ਕਰਨ ਦਾ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਸਮਝਣ ਦਾ ਮੌਕਾ ਮਿਲਿਆ। ਇੱਕ ਦਿਨ ਅਜੇਹੇ ਹੀ ਇੱਕ ਸਿੱਖ ਨੌਜਵਾਨ ਜਿਸਦਾ ਨਾਮ ਸ਼ਾਇਦ ਅਨੋਖ ਸਿੰਘ ਸੀ ਦੀ ਹੱਡਬੀਤੀ ਸੁਣਨ ਦਾ ਮੌਕਾ ਮਿਲਿਆ। ਮੇਰੇ ਵੱਲੋਂ ਇਹ ਪੁੱਛੇ ਜਾਣ ਤੇ ਕਿ ਉਸਨੇ ਇਹ ਰਾਹ ਕਿਉਂ ਚੁਣਿਆ, ਉਸ ਨੇ ਦੱਸਿਆਂ ਕਿ ਦਿੱਲੀ ਕਤਲੇਆਮ ਸਮੇਂ ਉਸ ਨੂੰ ਕੁਝ ਵਿਅਕਤੀਆਂ ਨੇ ਤੇਜਧਾਰ ਹਥਿਆਰਾਂ ਨਾਲ ਵੱਢ ਟੁੱਕ ਕੇ ਮਰਨ ਲਈ ਸੁੱਟ ਦਿੱਤਾ ਸੀ। ਉਸ ਨੂੰ ਝੌਂਪੜੀਆਂ ਵਿੱਚ ਰਹਿਣ ਵਾਲੇ ਕੁੱਝ ਸਿਕਲੀਗਰਾਂ ਨੇ ਚੁੱਕ ਲਿਆ ਅਤੇ ਹਲਦੀ ਵਗੈਰਾ ਨਾਲ ਉਸਦੇ ਜਖਮਾਂ ਤੇ ਪੱਟੀਆਂ ਬੰਨੀਆਂ ਅਤੇ ਉਸ ਦੀ ਜਾਨ ਬਚਾ ਲਈ। ਉਸਨੇ ਆਪਣੇ ਸ਼ਰੀਰ ਤੇ ਤੇਜ ਧਾਰ ਹਥਿਆਰਾਂ ਦੇ ਜਖ਼ਮਾਂ ਦੇ ਦਾਗ ਵੀ ਦਿਖਾਏ। ਉਸ ਨੇ ਅੱਗੇ ਦੱਸਿਆ ਕਿ ਉਸ ਦਾ ਸਾਰਾ ਪਰਿਵਾਰ ਮਾਰਿਆ ਜਾ ਚੁੱਕਾ ਸੀ ਅਤੇ ਜਦੋਂ ਉਹ ਠੀਕ ਹੋ ਗਿਆ ਤਾਂ ਦਿੱਲੀ ਤੋਂ ਟਰੇਨ ਤੇ ਸਵਾਰ ਹੋ ਕੇ ਸਿੱਧਾ ਅੰਮ੍ਰਿਤਸਰ ਪਹੁੰਚਿਆ, ਖਾਲਿਸਤਾਨ ਪੱਖੀ ਨੌਜਵਾਨਾ ਨਾਲ ਤਾਲਮੇਲ ਕੀਤਾ ਅਤੇ ਹਥਿਆਰ ਚੁੱਕ ਲਏ।ਫਿਰ ਇਸੇ ਸਮੇਂ ਦੁਰਾਨ ਇੱਕ ਐਕਸ਼ਨ ਦੁਰਾਨ ਉਹ ਪੁਲਿਸ ਦੀ ਗਰਿਫਤ ਵਿੱਚ ਆ ਗਿਆ। ਇਸ ਤਰਾਂ ਦੇ ਹੋਰ ਕਿੰਨੇ ਹੀ ਨੌਜਵਾਨ ਅਜਿਹੀ ਹਾਲਤ 'ਚ ਇਸ ਰਸਤੇ ਤੇ ਚੱਲੇ ਹੋਣਗੇ। ਸਿੱਖ ਫੌਜੀਆਂ ਦੇ ਦੱਸਣ ਅਨੁਸਾਰ ਅਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਦੂਸਰੇ ਰਾਜਾਂ ਦੇ ਆਮ ਫੌਜੀ ਇਹ ਖਬਰ ਸੁਣਾਉਂਦੇ ਸਨ ਕਿ ਉਨ੍ਹਾਂ ਦਾ ਸੰਤ ਭਿੰਡਰਾਂ ਵਾਲਾ ਮਾਰਿਆ ਗਿਆ ਅਤੇ ਅਕਾਲ ਤਖਤ ਢਾਹ ਦਿੱਤਾ ਗਿਆ ਹੈ ਤਾਂ ਉਨ੍ਹਾਂ ਨੂੰ ਇਹ ਸਿੱਧਾ ਆਪਣਾ ਅਪਮਾਨ ਲੱਗਿਆ ਅਤੇ ਉਨ੍ਹਾਂ ਨੇ ਬਗਾਵਤ ਦਾ ਝੰਡਾ ਚੁਕਿਆ ਹਥਿਆਰਾਂ ਦੇ ਸਟੋਰ ਲੁੱਟੇ ਕੋਈ ਵੀ ਅਫਸਰ ਰੁਕਾਵਟ ਬਣਿਆ ਉਸ ਨੂੰ ਕਤਲ ਕਰ ਦਿੱਤਾ ਅਤੇ ਹਥਿਆਰਾਂ ਸਮੇਤ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ।ਉਨ੍ਹਾਂ ਤੋਂ ਉਨ੍ਹਾਂ ਦਾ ਪਿਛੋਕੜ ਜਾਨਣ ਦੇ ਪਤਾ ਲੱਗਿਆ ਕਿ ਉਨ੍ਹਾਂ ਚੋਂ ਬਹੁਤੇ ਗਰੀਬ ਕਿਸਾਨ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ 'ਚੋਂ ਸਨ।

ਇਸ ਤੋਂ ਬਾਅਦ ਪੰਜਾਬ ਵਿੱਚ ਕੱਟੜਪੰਥੀ ਸਿੱਖਾਂ ਦੇ ਗੁੱਟਾਂ ਵੱਲੋਂ ਆਮ ਨਾਗਰਿਕਾਂ ਦੇ ਕਤਲਾਂ ਦੇ ਸਿਲਸਿਲੇ ਵਿੱਚ ਹੋਰ ਤੇਜੀ ਆ ਗਈ। ਗੱਲ ਕੀ ਸ਼ਾਮ ਦੇ 5 ਵਜੇ ਤੋਂ ਬਾਅਦ ਕੋਈ ਆਪਣੇ ਘਰਾਂ ਤੋਂ ਬਾਹਰ ਨਹੀਂ ਨਿਕਲਦਾ ਸੀ। ਬਹੁਤ ਸਾਰੇ ਹਿੰਦੂ ਪਰਿਵਾਰ ਸ਼ਹਿਰਾਂ ਜਾਂ ਗੁਆਂਢੀ ਸੂਬਿਆਂ ਨੂੰ ਪਲਾਇਨ ਕਰ ਗਏ। ਅਜਿਹੀ ਹਾਲਤ 'ਚ ਕਮਿਊਨਿਸਟ ਇਨਕਲਾਬੀ ਪਹਿਲਾਂ ਦੀ ਤਰਾਂ ਕੋਈ ਸਹੀ ਨੀਤੀ ਜਾਂ ਕਾਰਜ ਯੋਜਨਾ ਅੱਗੇ ਨਹੀਂ ਲਿਆ ਸਕੇ। ਉਨ੍ਹਾਂ ਨੇ ਸਰਕਾਰੀ ਅਤੇ ਫਿਰਕੂ ਜਬਰ ਦੋਵਾਂ ਦਾ ਇੱਕੋ ਸਮੇਂ ਵਿਰੋਧ ਕਰਨ ਦਾ ਸਿਧਾਂਤਕ ਪੈਂਤੜਾ ਤਾਂ ਲਿਆ ਪਰ ਅਮਲੀ ਰੂਪ 'ਚ ਉਨ੍ਹਾਂ ਦਾ ਵੱਡਾ ਹਿੱਸਾ ਗੈਰਸਰਮੀ ਦੀ ਹਾਲਤ 'ਚ ਚਲਾ ਗਿਆ। ਜੋ ਹਿੱਸਾ ਸਰਗਰਮ ਰਿਹਾ ਉਹ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰਭਾਵਸ਼ਾਲੀ ਅਗਵਾਈ ਦੇਣ ਦੀ ਹਾਲਤ ਵਿੱਚ ਨਹੀਂ ਸੀ ਬਲਕਿ ਅਸਿੱਧੇ ਰੂਪ 'ਚ ਸਰਕਾਰ ਦੇ ਹੱਕ 'ਚ ਭੁਗਤ ਗਿਆ।ਕਈ ਲੰਬਾ ਸਮਾਂ ਕਮਿਊਨਿਸਟ ਲਹਿਰ ਦਾ ਹਿੱਸਾ ਰਹੇ ਕਾਰਕੁਨ ਖਾਲਿਸਤਾਨ ਲਹਿਰ ਵੱਲ ਮੋੜਾ ਕੱਟ ਗਏ। ਤਲਵੰਡੀ ਸਾਬੋ ਨੇੜੇ ਜਗਾ ਰਾਮਤੀਰਥ ਵਿਖੇ ਪੁਲਿਸ ਮੁਕਾਬਲੇ 'ਚ ਮਾਰੇ ਗਏ ਬੱਬਰ ਖਾਲਸਾ ਦੇ ਬਲਦੀਪ ਪੰਡਿਤ ਨੇ ਐਮਰਜੈਂਸੀ ਤੋਂ ਬਾਅਦ ਸਾਡੇ ਨਾਲ ਪੀ ਐਸ ਯੂ 'ਚ ਸਰਗਰਮ ਹੋ ਕੇ ਸੂਬਾ ਕਮੇਟੀ ਮੈਂਬਰ ਬਣਨ ਤੱਕ ਦਾ ਸਫਰ ਤਹਿ ਕੀਤਾ ਸੀ।ਮਾਨਸਾ ਜਿਲ੍ਹੇ 'ਚ ਰਾਇਪੁਰ ਪਿੰਡ ਨੇੜੇ ਪੁਲਿਸ ਮੁਕਾਬਲੇ 'ਚ ਮਾਰਿਆ ਗਿਆ ਬੱਬਰ ਖਾਲਸਾ ਦਾ ਖੇਮ ਸਿੰਘ ਬਾਲਦ ਕਲਾਂ ਉਰਫ 'ਫੌਜੀ' ਲੰਬਾ ਸਮਾਂ ਸਾਡੇ ਹੀ ਕਾਫਲੇ ਦਾ ਅੰਗ ਰਿਹਾ ਸੀ ਅਤੇ ਨੌਜਵਾਨ ਭਾਰਤ ਸਭਾ ਦਾ ਸੂਬਾ ਪੱਧਰ ਦਾ ਆਗੂ ਰਹਿ ਚੱਕਾ ਸੀ। ਪੁਲਿਸ ਵੱਲੋਂ ਕਤਲ ਕੀਤਾ ਗਿਆ ਕੁਲਵਿੰਦਰ ਧੂਰੀ ਵੀ ਕਿਸੇ ਸਮੇਂ ਪੀ ਐਸ ਯੂ ਦਾ ਸਰਗਰਮ ਕਾਰਕੁਨ ਰਿਹਾ ਸੀ। ਧਰਮ ਦੇ ਮਸਲਿਆਂ ਤੇ ਅਜਿਹੀ ਸਮਝ ਦਾ ਪ੍ਰਚਾਰ ਕੀਤਾ ਗਿਆ ਜੋ ਆਮ ਲੋਕਾਂ ਨੂੰ ਧਾਰਮਿਕ ਤੌਰ ਤੇ ਹੋਰ ਕੱਟੜ ਬਣਾਉਣ ਦਾ ਕੰਮ ਕਰਦੀ ਹੈ। ਮੈਨੂੰ ਯਾਦ ਹੈ ਕਿ ਅਸੀਂ ਉਨ੍ਹਾਂ ਦਿਨਾਂ 'ਚ 1985 'ਚ ਇੱਕ ਪੋਸਟਰ ਕੱਢਿਆ ਸੀ ਜਿਸ ਦਾ ਸਿਰਲੇਖ ਸੀ "ਮੈਂ ਨਾਸਤਿਕ ਕਿਉਂ ਹਾਂ"। ਮੇਰੇ ਨਾਂ ਤੇ ਕਮਿਊਨਿਸਟ ਯੂਥ ਲੀਗ ਵੱਲੋਂ ਪ੍ਰਕਾਸ਼ਿਤ ਇਹ ਪੋਸਟਰ ਸਾਰੇ ਪੰਜਾਬ ਵਿੱਚ ਲਗਾਇਆ ਗਿਆ ਸੀ ਅਤੇ ਗੁਰਸ਼ਰਨ ਭਾਅ ਜੀ ਦੇ ਪੇਪਰ 'ਸਮਤਾ' 'ਚ ਇੱਕ ਲੇਖ "ਧਰਮ ਰੱਬ ਅਤੇ ਨਾਸਤਿਕਤਾ ਬਾਰੇ ਸਾਡਾ ਦ੍ਰਿਸ਼ਟੀਕੋਣ" ਮੇਰੇ ਨਾਂ ਤੇ ਕਮਿਊਨਿਸਟ ਯੂਥ ਲੀਗ ਵੱਲੋਂ ਛਾਪਿਆ ਗਿਆ ਸੀ ਅਤੇ ਇਸ ਲਿਖਤ ਦੀਆਂ ਵੱਖਰੀਆਂ ਕਾਪੀਆਂ ਛਪਵਾਕੇ ਵੀ ਪੰਜਾਬ ਵਿੱਚ ਵੱਡੀ ਪੱਧਰ ਤੇ ਵੰਡੀਆਂ ਗਈਆਂ ਸਨ। ਜਾਣੀ ਕਿ ਉਪਰੋਕਤ ਹਾਲਾਤਾਂ 'ਚ ਸਾਡਾ ਮੁੱਖ ਜੋਰ ਆਮ ਲੋਕਾਂ ਨੂੰ ਨਾਸਤਿਕ ਬਣਾਉਣ ਤੇ ਲੱਗਾ ਹੋਇਆ ਸੀ। ਆਸਤਿਕਤਾ ਨਾਸਤਿਕਤਾ ਦੇ ਸੁਆਲਾਂ ਤੇ ਵਿਚਾਰ ਵਟਾਂਦਰਾ ਅੱਗੇ ਵਧੂ ਕਾਰਕੁੰਨਾਂ ਅਤੇ ਬੁਧੀਜੀਵੀਆਂ 'ਚ ਕਰਨਾ ਚਾਹੀਂਦਾ ਹੈ ਪਰੰਤੂ ਆਮ ਲੋਕਾਂ ਨਾਲ ਅਜਿਹੇ ਸੰਵਾਦ ਰਚਾਉਣ ਦੇ ਜਤਨ ਉਨ੍ਹਾਂ ਨੂੰ ਧਾਰਮਿਕ ਤੌਰ 'ਤੇ ਹੋਰ ਵੱਧ ਕੱਟੜ ਬਣਾਉਣ ਦਾ ਹੀ ਕੰਮ ਕਰਦੇ ਹਨ। ਮੌਜੂਦਾ ਪ੍ਰਬੰਧ ਦੀਆਂ ਕਾਨੂੰਨੀ ਸੰਵਿਧਾਨਕ ਵਿਵਸਥਾਵਾਂ ਦਾ ਪ੍ਰਯੋਗ ਕਰਨਾ ਕੋਈ ਕਮਿਊਨਿਸਟ ਵਿਰੋਧੀ ਕਾਰਵਾਈ ਨਹੀਂ ਪਰ ਇਸ ਤੇ ਮੁੱਖ ਟੇਕ ਨਹੀਂ ਰੱਖੀ ਜਾ ਸਕਦੀ। ਉਦਾਹਰਣ ਦੇ ਤੌਰ 'ਤੇ ਕਮਿਊਨਿਸਟਾਂ ਵੱਲੋਂ ਲਾਇਸੰਸੀ ਹਥਿਆਰ ਲਏ ਗਏ ਕੋਈ ਗਲਤ ਨਹੀਂ ਸੀ ਪਰੰਤੂ ਗਲਤ ਸੀ ਆਪਣੇ ਵੱਲੋਂ ਕੋਈ ਬਦਲਵਾਂ ਪ੍ਰਬੰਧ ਨਾ ਕਰਨਾ, ਬੱਸ ਇੰਨ੍ਹਾ ਤੇ ਹੀ ਨਿਰਭਰ ਹੋਣਾ। ਦੂਸਰਾ ਉਨ੍ਹਾਂ ਦੇ ਮੁਕਾਬਲੇ ਵਿਰੋਧੀਆਂ ਕੋਲ ਕਿਸ ਪੱਧਰ ਦੀ ਤਕਨੀਕ ਦੇ ਹਥਿਆਰ ਹਨ ਇਸ ਦਾ ਕੋਈ ਮੁਲੰਕਣ ਨਾ ਕਰਨਾ। ਲੜਾਈਆਂ ਲਈ ਹੌਸਲਾ ਅਤੇ ਆਤਮ ਵਿਸ਼ਵਾਸ਼ ਜਰੂਰੀ ਹੁੰਦਾ ਪਰ ਇਹ ਨਿਰਾ ਪੁਰਾ ਭਾਵੁਕਤਾ ਨਾਲ ਨਹੀਂ ਜਿੱਤੀਆਂ ਜਾਂਦੀਆਂ। ਤਾਕਤਾਂ ਦਾ ਤੋਲ ਪਤਾ ਹੁੰਦਿਆਂ ਵੀ ਆਪਣੇ ਜਾਂਬਾਜਾਂ ਨੂੰ ਵਰ੍ਹਦੀ ਅੱਗ ਵਿੱਚ ਝੋਕ ਦੇਣਾ ਕੋਈ ਸਿਆਣਪ ਨਹੀਂ ਹੁੰਦੀ। ਕਿਸੇ ਜੰਗ ਦੀ ਅੰਤਿਮ ਜਿਤ ਤੱਕ ਪਹੁੰਚਣ ਲਈ ਕਈ ਵਾਰ ਪਿਛੇ ਹਟਣਾ ਵੀ ਪੈ ਸਕਦਾ ਹੈ। ਇਹ ਕੋਈ ਬੁਜਦਿਲੀ ਨੀ ਹੁੰਦੀ। ਬਲਦੇਵ ਮਾਨ ਵਰਗੇ ਆਗੂ ਤਿਆਰ ਹੋਣ 'ਚ ਲੰਬਾ ਸਮਾਂ ਲਗਦਾ ਹੈ। ਮੇਰੇ ਖਿਆਲ 'ਚ ਉਸ ਨੂੰ ਕਿਸੇ ਹੋਰ ਇਲਾਕੇ 'ਚ ਸ਼ਿਫਟ ਕਰਨ ਦਾ ਫੈਸਲਾ ਕੋਈ ਗਲਤ ਫੈਸਲਾ ਨਹੀਂ ਸੀ ਅਗਰ ਇਸ ਤੇ ਸਮੇਂ ਸਿਰ ਅਮਲ ਕੀਤਾ ਜਾਂਦਾ। ਅਜਿਹੇ ਹੀ ਕਦਮ ਆਗੂ ਟੀਮ ਦੇ ਦੂਸਰੇ ਮੈਂਬਰਾਂ ਬਾਰੇ ਵੀ ਚੁੱਕੇ ਜਾ ਸਕਦੇ ਸਨ। 1970 ਵਿਆਂ 'ਚ ਸ਼ਹੀਦ ਹੋਏ ਪੰਜਾਬ ਦੇ 83 ਕਾਮਰੇਡਾਂ ਦੀ ਲੰਬੀ ਲਿਸਟ ਸਾਡੇ ਪਾਸ ਉਪਲਬਧ ਹੈ ਜਿਸ ਦਾ ਕਮਿਊਨਿਸਟ ਲਹਿਰ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਸੀ। ਇਸ ਖੱਪੇ ਨੂੰ ਐਮਰਜੈਂਸੀ ਤੋਂ ਫੌਰੀ ਬਾਅਦ ਦੇ ਕੁੱਝ ਸਾਲਾਂ 'ਚ ਪੂਰਨ ਦੇ ਜੋ ਯਤਨ ਹੋਏ ਸਨ ਉਨ੍ਹਾਂ ਦੀ ਪ੍ਰਾਪਤੀ ਅਸੀਂ ਬਲਦੇਵ ਮਾਨ ਦੇ ਸਮਿਆਂ 'ਚ ਗੁਆ ਬੈਠੇ। ਕਮਿਊਨਿਸਟ ਪਾਰਟੀ ਹੋਂਦ 'ਚ ਆਉਣ ਦੀ ਘਟਨਾਂ ਤੋਂ ਬਾਅਦ ਇੱਕ ਸਦੀ ਬੀਤ ਚੁੱਕੀ ਹੈ। 100 ਸਾਲਾਂ ਦਾ ਸਮਾਂ ਕੋਈ ਥੋੜ੍ਹਾ ਨਹੀਂ ਹੁੰਦਾ। ਇੰਨੇ ਲੰਬੇ ਅਰਸੇ ਤੋਂ ਬਾਅਦ ਅਸੀਂ ਕਿੱਥੇ ਖੜ੍ਹੇ ਹਾਂ ਕੋਈ ਦੱਸਣ ਦੀ ਲੋੜ ਨਹੀਂ। ਗਲਤੀਆਂ ਉਸੇ ਤੋਂ ਹੁੰਦੀਆਂ ਹਨ ਜੋ ਕੁਝ ਕਰਦਾ ਹੈ ਪ੍ਰੰਤੂ ਆਪਣੀਆਂ ਗਲਤੀਆਂ ਤੋਂ ਮੁਨਕਰ ਹੋਣਾ ਅਤੇ ਉਨ੍ਹਾਂ ਤੋਂ ਸਬਕ ਸਿੱਖਦਿਆਂ ਉਨ੍ਹਾਂ ਨੂੰ ਦੂਰ ਕਰਨ ਦੇ ਰਾਹ ਨਾ ਪੈਣਾ ਕੋਈ ਸਿਆਣਪ ਨਹੀਂ ਹੁੰਦੀ। ਬਾਹਰਮੁਖੀ ਸਚਾਈ ਹਮੇਸ਼ਾਂ ਇੱਕ ਹੁੰਦੀ ਹੈ। ਇੰਟਰਨੈੱਟ ਤੇ 3ਦਰਜਨ ਦੇ ਕਰੀਬ ਕਮਿਊਨਿਸਟ ਗਰੁੱਪਾਂ ਦੀ ਲੰਬੀ ਲਿਸਟ ਉਪਲਬਧ ਹੈ। ਸਾਰੇ ਹੀ ਆਪਣੇ ਪਾਸ ਸਚਾਈ ਅਤੇ ਸਹੀ ਰਸਤੇ ਦਾ ਗਿਆਨ ਹੋਣ ਦਾ ਲਿਖਤੀ ਦਾਅਵਾ ਕਰਦੇ ਹਨ ਅਤੇ ਆਪਣਾ ਸਟੈਂਡ ਛੱਡਣ ਤੋਂ ਇਨਕਾਰੀ ਹਨ। ਸਚਾਈ ਦੀਆਂ ਇੰਨੀਆਂ ਕਿਸਮਾਂ ਤਾਂ ਨਹੀਂ ਹੋ ਸਕਦੀਆਂ। ਇਸ ਤੇ ਮੁੜ ਵਿਚਾਰਨ ਦੀ ਜਰੂਰਤ ਹੈ। ਇੱਕ ਕਮਿਊਨਿਸਟ ਪਾਰਟੀ ਬਣਾਉਣ ਲਈ ਏਕਤਾ ਦਾ ਸਾਜਗਾਰ ਅਧਾਰ ਤਿਆਰ ਕਰਨ ਲਈ ਘੱਟੋ ਘੱਟ ਇੱਕ ਸਾਂਝਾ ਪੇਪਰ ਤਾਂ ਕੱਢਿਆ ਹੀ ਜਾ ਸਕਦਾ ਹੈ। ਇਸ ਪੇਪਰ ਵਿੱਚ ਇਨਕਲਾਬ ਦੀ ਲੀਹ ਦੇ ਮਹੱਤਵਪੂਰਨ ਮੁੱਦਿਆਂ ਤੇ ਬਹਿਸ ਵਿਚਾਰ ਦਾ ਮੁਲਕ ਪੱਧਰ ਤੇ ਸਿਲਸਿਲਾ ਚਲਾਇਆ ਜਾ ਸਕਦਾ ਹੈ। ਭਰਾਤਰੀ ਕਮਿਊਨਿਸਟ ਪਾਰਟੀਆਂ ਦੁਆਰਾ ਆਪਣੇ ਆਪਣੇ ਦੇਸ਼ਾਂ ਦੀ ਸਥਿਤੀ ਅਨੁਸਾਰ ਤਹਿ ਕੀਤੇ ਇਨਲਕਾਬ ਦੇ ਰਸਤਿਆਂ ਤੋਂ ਬਹੁਤ ਕੁੱਝ ਸਿੱਖਿਆ ਜਾ ਸਕਦਾ ਹੈ ਪਰੰਤੂ ਕਿਸੇ ਵੀ ਦੇਸ਼ ਦੇ ਰਸਤੇ ਨੂੰ ਨਕਲ ਕਰਕੇ ਭਾਰਤੀ ਸਥਿਤੀ 'ਚ ਇੰਨ ਬਿੰਨ ਲਾਗੂ ਕਰਨ ਦੀ ਕੋਸ਼ਿਸ਼ ਕੋਈ ਸਾਰਥਿਕ ਸਿੱਟੇ ਨਹੀਂ ਕੱਢਦੀ ਇਹ ਸਾਡੇ ਬੀਤੇ ਸਮੇਂ ਦੇ ਤਜਰਬੇ ਦੁਰਾਨ ਭਾਰੀ ਕੀਮਤ ਚੁਕਾ ਕੇ ਹਾਸਲ ਕੀਤਾ ਮਹੱਤਵਪੂਰਨ ਸਬਕ ਹੈ ਜੋ ਫੌਰੀ ਮੁੜ ਵਿਚਾਰ ਦੀ ਮੰਗ ਕਰਦਾ ਹੈ। ਜੇਕਰ ਕਮਿਊਨਿਸਟ ਜਿੰਦਗੀ ਵਰਗੀ ਸਭ ਤੋਂ ਕੀਮਤੀ ਚੀਜ ਲੋਕਾਂ ਲਈ ਨਿਸ਼ਾਵਰ ਕਰਨ ਤੋਂ ਨਹੀਂ ਝਿਜਕਦੇ ਤਾਂ ਉਪਰੋਕਤ ਦੀ ਰੌਸ਼ਨੀ 'ਚ ਗਰੁੱਪ ਮਾਨਸਿਕਤਾ ਦਾ ਤਿਆਗ ਤਾਂ ਮਾਮੂਲੀ ਗੱਲ ਹੈ।

ਅੰਤ 'ਚ ਦੋ ਸ਼ਬਦ ਬੱਸ ਕਿਰਾਇਆ ਘੋਲ ਬਾਰੇ। ਪੁਸਤਕ 'ਚ ਬਹੁਤ ਸਾਰੇ ਸਾਥੀਆਂ ਵੱਲੋਂ ਬੱਸ ਕਿਰਾਇਆ ਘੋਲਦੇ ਵੇਰਵੇ ਦਿੱਤੇ ਗਏ ਹਨ ਪਰ ਉਨ੍ਹਾਂ 'ਚੋਂ ਕਿਸੇ 'ਚ ਵੀ ਦਸੂਹਾ ਦੀ ਘਟਨਾ ਦਾ ਜਿਕਰ ਨਹੀਂ ਹੈ ਜਿਸ ਦਾ ਮੈਂ ਖੁਦ ਚਸ਼ਮਦੀਦ ਗਵਾਹ ਹਾਂ। 20 ਨਵੰਬਰ 1980 ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ 'ਚ ਡੀ.ਏ.ਵੀ. ਕਾਲਜ ਦੇ ਵਿਦਿਆਰਥੀ ਪੀ.ਐਸ.ਯੂ. ਦੇ ਸੂਬਾ ਕਮੇਟੀ ਮੈਂਬਰ ਬਚਿੱਤਰ ਸਿੰਘ ਦੀ ਗ੍ਰਿਫਤਾਰੀ ਅਤੇ ਬੱਸਾਂ ਦੇ ਕਿਰਾਏ 'ਚ ਕੀਤੇ 43% ਵਾਧੇ ਖਿਲਾਫ ਪੁਰਅਮਨ ਰੋਸ ਮੁਜਾਹਰਾ ਕਰ ਰਹੇ ਸਨ ਕਿ ਅਚਾਨਕ ਪੁਲਿਸ ਨੇ ਪਹਿਲਾਂ ਅੰਨੇਵਾਜ ਲਾਠੀਚਾਰਜ ਕੀਤਾ ਅਤੇ ਬਾਅਦ 'ਚ ਇੱਕ ਡਾਕਟਰ ਦੀ ਕੋਠੀ ਤੇ ਚੜ੍ਹਕੇ ਗੋਲੀਆਂ ਦੀ ਵਾਛੜ ਕਰ ਦਿੱਤੀ ਜਿਸ 'ਚ 60 ਦੇ ਲੱਗਭੱਗ ਵਿਦਿਆਰਥੀ ਜਖਮੀ ਹੋਏ ਸਨ ਜਿੰਨ੍ਹਾਂ 'ਚ 12 ਵਿਦਿਆਰਥੀ ਗੰਭੀਰ ਰੂਪ ਵਿੱਚ ਜਖ਼ਮੀ ਸਨ। ਪੀ.ਐਸ.ਯੂ. ਡੀ.ਏ ਵੀ.ਕਾਲਜ ਦੀ ਖਜਾਨਚੀ ਰਮਿੰਦਰ ਕੌਰ ਝਿੰਗੜ ਕਲਾਂ ਦੇ ਪੇਟ ਵਿੱਚੋਂ ਦੀ ਗੋਲੀ ਆਰ ਪਾਰ ਹੋ ਗਈ ਸੀ। ਪੀ.ਜੀ.ਆਈ.ਚੰਡੀਗੜ੍ਹ ਵਿਖੇ ਉਸ ਦਾ ਇਲਾਜ ਹੋਇਆ ਸੀ ਅਤੇ ਇੱਕ ਹੋਰ ਮੈਂਬਰ ਹਰਜੀਤ ਸਿੰਘ ਦਸ਼ਮੇਸ਼ ਨਗਰ ਦਸੂਹਾ ਦੇ ਸਿਰ ਵਿੱਚ ਗੋਲੀ ਲੱਗੀ ਸੀ ਜੋ ਉਮਰ ਭਰ ਲਈ ਅਪੰਗ ਹੋ ਗਿਆ ਸੀ ਅਤੇ ਇਸ ਸਮੇਂ ਬੇਹੱਦ ਆਰਥਿਕ ਤੰਗੀਆਂ ਦਾ ਸ਼ਿਕਾਰ ਹੈ।

**ਸਾਬਕਾ ਜਨਰਲ ਸਕੱਤਰ ਪੰਜਾਬ**
**ਸਟੂਡੈਂਟਸ ਯੂਨੀਅਨ**

# ਤਗਮੇ ਜਿੱਤਣ ਸਮੇਂ ਖਿਡਾਰੀਆਂ ਦੀ ਬੱਲੇ-ਬੱਲੇ, ਫਿਰ ਦਰ ਦਰ ਦੀਆਂ ਠੋਕਰਾਂ



ਜਗਦੀਪ ਸਿੰਘ
ਕਾਹਲੋਂ
288847042

ਅੱਜ ਸਮਾਜ ਵਿਚ ਹਰ ਵਰਗ ਪੂਰੀ ਮਿਹਨਤ ਨਾਲ ਕੰਮ ਕਰਦਾ ਹੈ ਭਾਵੇਂ ਉਹ ਮਜ਼ਦੂਰ ਹੋਣ ਭਾਵੇਂ ਕਿਸਾਨ ਹੋਣ ਭਾਵੇਂ ਖਿਡਾਰੀ ਪਰ ਇਸ ਤੱਥ 'ਚ ਕਿੰਨੀ ਕੁ ਸਚਾਈ ਹੈ ਕਿ ਹਰੇਕ ਵਰਗ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਸਹੀ ਮਿਲਦਾ ਹੈ। ਅੱਜ ਅਸੀਂ ਖਿਡਾਰੀਆਂ ਦੇ ਕੁਝ ਅਜਿਹੇ ਤੱਥਾਂ ਉੱਪਰ ਚਾਨਣਾ ਪਾਵਾਂਗੇ ਕਿ ਪਿਛਲੇ ਕੁਝ ਸਮੇਂ ਤੋਂ ਜਿਨ੍ਹਾਂ ਜਿਨ੍ਹਾਂ ਖਿਡਾਰੀਆਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਮਿਲਿਆ ਹੈ।ਭਾਵੇਂ ਕੇਂਦਰ ਅਤੇ ਰਾਜ ਸਰਕਾਰਾਂ ਖਿਡਾਰੀਆਂ ਨੂੰ ਵੱਖ-ਵੱਖ ਭਲਾਈ ਸਕੀਮਾਂ ਤਹਿਤ ਲਾਭ ਦੇਣ ਦਾ ਦਾਅਵਾ ਕਰਦੀਆਂ ਰਹਿਣ ਪਰ ਸਚਾਈ ਇਸ ਤੋਂ ਪਰ੍ਹੇ ਹੈ। ਜੇਕਰ ਗੱਲ ਪੁਰਾਣੇ ਖਿਡਾਰੀਆਂ ਦੀ ਕਰੀਏ ਤਾਂ ਬਹੁਤੇ ਅਜਿਹੇ ਖਿਡਾਰੀ ਹਨ ਜਿਨ੍ਹਾਂ ਨੇ ਪਿਛਲੇ ਸਮਿਆਂ ਵਿੱਚ ਆਪਣੀ ਸਿਹਤ ਸੇਵਾਵਾਂ ਲਈ ਮੀਡੀਆ ਦਾ ਸਹਾਰਾ ਲੈ ਕੇ ਆਪਣਾ ਇਲਾਜ ਕਰਵਾਇਆ ਹੈ ਜਿਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਅੰਤਰਰਾਸ਼ਟਰੀ ਬਾਕਸਰ ਚਮਕੌਰ ਸਿੰਘ, ਓਲੰਪੀਅਨ ਮਨੋਜ ਕੁਮਾਰ ਵਰਗੇ ਖਿਡਾਰੀਆਂ ਦਾ ਨਾਮ ਸ਼ਾਮਿਲ ਹਨ। ਜਿਨ੍ਹਾਂ ਨੇ ਆਪਣੇ ਇਲਾਜ ਲਈ ਭਾਰਤ ਸਰਕਾਰ ਅਤੇ ਰਾਜ ਸਰਕਾਰ ਨੂੰ ਬੇਨਤੀ ਕੀਤੀ ਕਿ ਸਾਡੀਆਂ ਸਿਹਤ ਸੇਵਾਵਾਂ ਲਈ ਸਾਨੂੰ ਫੰਡ ਦਿੱਤਾ ਜਾਵੇ।ਪਿਛਲੇ ਸਮਿਆਂ ਵਿੱਚ ਵੀ ਬਹੁਤ ਸਾਰੇ ਅਜਿਹੇ ਖਿਡਾਰੀ ਹਨ ਜਿਨ੍ਹਾਂ ਨੇ ਗ਼ਰੀਬੀ ਨਾਲ ਸੰਘਰਸ਼ ਕਰਦੇ ਹੋਏ ਅਖੀਰਲੇ ਸਮੇਂ ਵਿੱਚ ਬਹੁਤ ਔਖਾ ਸਮਾਂ ਹੰਢਾਇਆ ਹੈ। ਅੱਜ ਸ਼ੋਸ਼ਲ ਮੀਡੀਆ ਦਾ ਜ਼ਮਾਨਾ ਹੈ ਪਰ ਪਿਛਲੇ ਸਮਿਆਂ ਵਿੱਚ ਪੁਰਾਣੇ ਖਿਡਾਰੀਆਂ ਨੇ ਸਰਕਾਰਾਂ ਨੂੰ ਚਿੱਠੀਆਂ ਲਿਖ-ਲਿਖ ਕੇ ਬੇਨਤੀਆਂ ਕੀਤੀਆਂ ਕਿ ਸਾਨੂੰ ਇਲਾਜ ਲਈ ਲੋੜੀਂਦੀ ਮਦਦ ਕੀਤੀ ਜਾਵੇ ਪਰ ਸਰਕਾਰਾਂ ਨੇ ਇਸ ਵਿੱਚ ਕਦੇ ਵੀ ਸੰਜੀਦਗੀ ਨਹੀਂ ਦਿਖਾਈ ਅਤੇ ਖਿਡਾਰੀਆਂ ਨੂੰ ਆਪਣੀਆਂ ਸਿਹਤ ਸੇਵਾਵਾਂ ਲਈ ਸੰਘਰਸ਼ ਕਰਨਾ ਪਿਆ। ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰਾਂ ਖਿਡਾਰੀਆਂ ਲਈ ਰਾਖਵੇਂ ਕੋਟੇ ਦਾ ਪ੍ਰਚਾਰ ਕਰਦੀਆਂ ਹਨ ਪਰ ਇਸ ਵਿੱਚ ਕਿੰਨੀ ਕੁ ਸਚਾਈ ਹੈ ਕਿ ਜਾਇਜ਼ ਖਿਡਾਰੀਆਂ ਨੂੰ ਹੀ ਕੋਟਾ ਮਿਲ ਰਿਹਾ ਹੈ। ਜੇਕਰ ਗੱਲ ਪੰਜਾਬ ਦੀ ਕਰੀਏ ਤਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪਿਛਲੇ ਪੰਜ ਸਾਲਾਂ ਵਿਚ ਸਿਰਫ਼ ਨਾ ਮਾਤਰ ਖਿਡਾਰੀਆਂ ਨੂੰ ਨੌਕਰੀ ਮਿਲੀ ਹੈ। ਓਲੰਪੀਅਨ, ਅਰਜੁਨਾ ਐਵਾਰਡੀ ਅਤੇ ਏਸ਼ੀਆਈ ਖੇਡਾਂ ਵਿਚ ਤਮਗ਼ਾ ਜੇਤੂ ਖਿਡਾਰੀਆਂ ਨੂੰ ਪੀ.ਪੀ.ਐਸ.ਸੀ ਦਾ ਤਿੰਨ ਪ੍ਰਤੀਸ਼ਤ ਰਾਖਵਾਂ ਕੋਟਾ ਰੱਖਿਆ ਗਿਆ। ਜੇਕਰ ਕੋਈ ਖਿਡਾਰੀ ਰਾਸ਼ਟਰੀ ਪੱਧਰ ਤੇ ਤਗਮੇ ਜਿੱਤਦਾ ਹੈ ਤਾਂ ਉਸ ਨੂੰ ਕੋਈ ਖਾਸ ਤਵੱਜੋ ਨਹੀਂ ਦਿੱਤੀ ਜਾਂਦੀ। ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਪੀ.ਪੀ.ਐਸ.ਸੀ ਵੱਲੋਂ ਇਹ ਨੋਟੀਫੀਕੇਸ਼ਨ ਜਾਰੀ ਕੀਤਾ ਗਿਆ ਕਿ ਸਿਰਫ਼ ਸੋਨ ਤਗਮਾ ਜੇਤੂ ਖਿਡਾਰੀਆਂ ਨੂੰ ਹੀ ਖੇਡ ਕੋਟੇ ਦਾ ਲਾਭ ਮਿਲੇਗਾ ਜਦਕਿ ਭਾਰਤੀ ਉਲੰਪਿਕ ਸੰਘ ਵੱਲੋਂ ਪਹਿਲਾ ਸਥਾਨ, ਦੂਜਾ ਸਥਾਨ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਤਗਮੇ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ। ਜੇਕਰ ਖਿਡਾਰੀਆਂ ਨੂੰ ਖੇਡ ਕੋਟੇ ਲਈ ਸਿਰਫ਼ ਸੋਨ ਤਗਮਾ ਜੇਤੂਆਂ ਨੂੰ ਹੀ ਤਵੱਜੋ ਦਿੱਤੀ ਜਾਏਗੀ ਤਾਂ ਚਾਂਦੀ ਦਾ ਤਗਮਾ ਅਤੇ ਕਾਂਸੇ ਦਾ ਤਗਮਾ ਜਿੱਤਣ ਵਾਲੇ ਖਿਡਾਰੀ ਕਿੱਥੇ ਜਾਣਗੇ। ਇਸ ਸਬੰਧੀ ਜੇਕਰ ਕੋਈ ਖਿਡਾਰੀ ਆਵਾਜ਼ ਉਠਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਸਰਕਾਰਾਂ ਵੱਲੋਂ ਉਸ ਦੀ ਆਵਾਜ਼ ਨੂੰ ਦਬਾ ਦਿੱਤਾ ਜਾਂਦਾ ਹੈ। ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਵੱਲੋਂ ਪੀ.ਪੀ.ਐਸ.ਸੀ ਵਰਗੇ ਵੱਡੇ ਅਦਾਰੇ ਜੋ ਡਾਇਰੈਕਟ ਡੀ.ਐਸ.ਪੀ ਅਤੇ ਹੋਰ ਉੱਚ ਅਹੁਦਿਆਂ ਲਈ ਭਰਤੀ ਕਰਦੇ ਹਨ ਖਿਡਾਰੀਆਂ ਦੇ ਕੋਟੇ ਨੂੰ ਖ਼ਤਮ ਕਰਕੇ ਜਨਰਲ ਕੋਟੇ ਵਿੱਚ ਭੇਜ ਦਿੱਤਾ। ਪਿਛਲੇ ਦਿਨੀਂ ਪੀ.ਐੱਸ.ਪੀ.ਸੀ.ਐੱਲ ਵੱਲੋਂ ਖੇਡ ਬੋਰਡ ਨੂੰ ਭੰਗ ਕਰਨ ਦਾ ਇਕ ਫ਼ਰਮਾਨ ਜਾਰੀ ਕਰ ਦਿੱਤਾ ਗਿਆ ਸੀ। ਪਰ ਇਲੈਕਟ੍ਰੋਨਿਕ ਮੀਡੀਆ ਅਤੇ ਪ੍ਰਿੰਟ ਮੀਡੀਆ ਦੇ ਸਹਿਯੋਗ ਨਾਲ ਇਸ ਨੂੰ ਕੁਝ ਸਮੇਂ ਲਈ ਠੱਲ੍ਹ ਪਾ ਦਿੱਤੀ ਗਈ। ਪਰ ਪੂਰਨ ਤੌਰ ਤੇ ਇਸ ਮਸਲੇ ਦਾ ਹੱਲ ਨਹੀਂ ਕੱਢਿਆ ਗਿਆ। ਇੱਥੇ ਇਹ ਵੀ ਸਚਾਈ ਹੈ ਕਿ ਖਿਡਾਰੀ ਭਾਵੇਂ ਰਾਜਨੇਤਾ ਹੋਣ ਜਾਂ ਕਿਸੇ ਵਿਭਾਗ ਵਿੱਚ ਨੌਕਰੀ ਕਰਦੇ ਹਨ ਕੋਈ ਵੀ ਖਿਡਾਰੀ ਸੰਘਰਸ਼ ਲਈ ਅੱਗੇ ਨਹੀਂ ਆਉਂਦਾ ਕਿਉਂਕਿ ਜੇਕਰ ਖਿਡਾਰੀ ਆਪਣੇ ਰਾਜ ਦੀਆਂ ਸਰਕਾਰਾਂ ਤੋਂ ਹੀ ਆਪਣੀਆਂ ਮੰਗਾਂ ਨਾ ਮਨਵਾ ਸਕੇ ਤਾਂ ਆਉਣ ਵਾਲੇ ਸਮੇਂ ਵਿੱਚ ਆਮ ਲੋਕਾਂ ਦਾ ਖੇਡਾਂ ਵੱਲ ਰੁਝਾਨ ਘੱਟ ਜਾਵੇਗਾ ਅਤੇ ਸਰਕਾਰਾਂ ਦੀਆਂ ਅਣਗਹਿਲੀਆਂ ਕਰਕੇ ਪੰਜਾਬ ਪ੍ਰਾਂਤ ਦਾ ਨਾ ਖੇਡ ਨਕਸ਼ੇ ਤੋਂ ਖ਼ਤਮ ਹੋ ਜਾਵੇਗਾ। ਅੱਜ ਇਸ ਬੇਰੁਜ਼ਗਾਰੀ ਦੇ ਆਲਮ ਵਿਚ ਨੌਕਰੀ ਲੈਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਚੈਲੰਜ ਹੈ। ਜੇਕਰ ਅਸੀਂ ਚੰਗੇ ਖਿਡਾਰੀ ਪੈਦਾ ਕਰਨੇ ਹਨ ਤਾਂ ਸਾਨੂੰ ਆਪਣੀ ਖੇਡ ਵਿਵਸਥਾ ਅਤੇ ਖਿਡਾਰੀਆਂ ਦਾ ਬਣਦਾ ਮਾਣ ਸਨਮਾਨ ਕਰਨਾ ਚਾਹੀਦਾ ਹੈ।ਕਈ ਖਿਡਾਰੀਆਂ ਨੇ ਇਹ ਵੀ ਮੰਗ ਰੱਖੀ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਖਿਡਾਰੀਆਂ ਦੀਆਂ ਖੇਡ ਸੇਵਾਵਾਂ ਲਈ ਆਪਣੇ-ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਖਿਡਾਰੀਆਂ ਦੇ ਵਿਸ਼ੇ ਨੂੰ ਵੀ ਤਜ਼ਵੀਜ ਦਿੱਤੀ ਜਾਵੇ। ਜੇਕਰ ਅਸੀਂ ਗੱਲ ਪੰਜਾਬ ਅਤੇ ਹਰਿਆਣਾ ਦੇ ਖੇਡ ਸਿਸਟਮ ਦੀ ਕਰੀਏ ਤਾਂ ਪੰਜਾਬ ਵਿੱਚ ਆਮ ਤੌਰ 'ਤੇ ਇਹ ਗੱਲ ਕਹੀ ਜਾਂਦੀ ਹੈ ਕਿ ਖਿਡਾਰੀ ਆਪਣੇ ਦੇਸ਼ ਅਤੇ ਆਪਣੇ ਰਾਜ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਹਨ ਇਨ੍ਹੇ ਨਾਲ ਹੀ ਸਰਕਾਰਾਂ ਦੀਆਂ ਜ਼ਿੰਮੇਵਾਰੀਆਂ ਖ਼ਤਮ ਨਹੀਂ ਹੋ ਜਾਂਦੀਆਂ। ਅਖ਼ਬਾਰੀ ਬਿਆਨ ਦੇਣ ਨਾਲ ਕੋਈ ਸਮੱਸਿਆ ਦਾ ਕੋਈ ਹੱਲ ਨਹੀਂ ਹੁੰਦਾ।ਅੱਜ ਸਾਡੇ ਗੁਆਂਢੀ ਸੂਬੇ ਹਰਿਆਣੇ ਵਿੱਚ ਖਿਡਾਰੀਆਂ ਨੂੰ ਉਲੰਪਿਕ, ਏਸ਼ੀਆਈ ਅਤੇ ਰਾਸ਼ਟਰਮੰਡਲ ਖੇਡਾਂ 'ਚ ਤਗਮਾ ਜੇਤੂ ਖਿਡਾਰੀਆਂ ਨੂੰ ਡਿਪਟੀ ਡਾਇਰੈਕਟਰ ਅਤੇ ਹੋਰ ਏ-ਗਰੁੱਪ ਦੇ ਅਹੁਦਿਆਂ ਨਾਲ ਨਿਵਾਜਿਆ ਗਿਆ ਹੈ। ਪਰ ਪੰਜਾਬ ਦੇ ਖੇਡ ਵਿਭਾਗ ਵਿੱਚ ਕੋਈ ਅਜਿਹੇ ਓਲੰਪੀਅਨ, ਰਾਸ਼ਟਰਮੰਡਲ ਖੇਡਾਂ ਤੇ ਏਸ਼ੀਆਈ ਖੇਡਾਂ ਵਰਗੇ ਖਿਡਾਰੀਆਂ ਨੂੰ ਡਿਪਟੀ ਡਾਇਰੈਕਟਰ ਜਾਂ ਡਾਇਰੈਕਟਰ ਦੇ ਅਹੁਦੇ ਨਾਲ ਅੱਜ ਤੱਕ ਸਨਮਾਨ ਨਹੀਂ ਕੀਤਾ ਗਿਆ। ਪਿਛਲੇ ਦਿਨੀਂ ਜੋ ਚੰਗੇ ਖਿਡਾਰੀ ਖੇਡ ਵਿਭਾਗ ਵਿੱਚ ਆਰਜ਼ੀ ਤੌਰ 'ਤੇ ਜ਼ਿਲ੍ਹਾ ਖੇਡ ਅਫ਼ਸਰ ਲੱਗੇ ਸਨ ਉਨ੍ਹਾਂ ਨੂੰ ਵੀ ਸਰਕਾਰ ਨੇ ਹਟਾ ਦਿੱਤਾ ਅਤੇ ਇਕ ਜ਼ਿਲ੍ਹਾ ਖੇਡ ਅਧਿਕਾਰੀ ਕੋਲ ਤਿੰਨ-ਤਿੰਨ ਜ਼ਿਲ੍ਹਿਆਂ ਦਾ ਚਾਰਜ ਦਿੱਤਾ ਗਿਆ ਹੈ। ਖਿਡਾਰੀਆਂ ਨੂੰ ਆਪਣੀਆਂ ਗ੍ਰੇਡੇਸ਼ਨਾਂ ਅਤੇ ਹੋਰ ਸਹੂਲਤਾਂ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਆਸ ਕਰਦੇ ਹਾਂ ਕਿ ਸਰਕਾਰਾਂ ਇਸ ਤਰ੍ਹਾਂ ਦੇ ਖੇਡ ਸਿਸਟਮ 'ਚ ਸੁਧਾਰ ਕਰਨਗੀਆਂ ਅਤੇ ਖਿਡਾਰੀਆਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਦਿੰਦੇ ਹੋਏ ਲੋੜੀਂਦੇ ਸੁਧਾਰ ਕਰਨਗੀਆਂ। ਅੱਜ ਲੋੜ ਹੈ ਖਿਡਾਰੀਆਂ ਦੇ ਗ੍ਰੇਡੇਸ਼ਨ ਸਿਸਟਮ, ਖਿਡਾਰੀਆਂ ਨੂੰ ਚੰਗੀ ਟਰੇਨਿੰਗ, ਕੋਚਿੰਗ ਕੈਂਪਾਂ ਵਿਚ ਮਿਲਦੇ ਭੱਤੇ ਨੂੰ ਵਧਾਉਣ ਵਰਗੇ ਮੱਦਿਆ ਵੱਲ ਧਿਆਨ ਦੇਣਾ ਚਾਹੀਦਾ ਹੈ।




# ਸਾਕਾ ਨੀਲਾ ਤਾਰਾ: ਕੀ ਸਿੱਖ ਕੌਮ ਕਦੇ ਅੰਤਰ ਝਾਤ ਮਾਰੇਗੀ ?

(ਸਫ਼ਾ 2 ਦੀ ਬਾਕੀ)

ਅਧਾਰ ਤੇ ਕਹਿੰਦੇ ਹਨ ਕਿ ਬਿਨਾਂ ਭੜਕਾਹਟ ਦੇ ਲੋਕਾਂ ਦਾ ਕਤਲੇਆਮ ਹੋਇਆ?

ਇਸ ਸਬੰਧੀ ਇੱਕ ਹੋਰ ਸਿੱਖ ਵਿਦਵਾਨ ਡਾ. ਸੰਗਤ ਸਿੰਘ ਆਪਣੀ ਕਿਤਾਬ 'ਇਤਿਹਾਸ ਵਿੱਚ ਸਿੱਖ' (ਪੰਨਾ: 432) ਵਿੱਚ ਲਿਖਦੇ ਹਨ: ਹੁਣ ਤੱਕ ਸਥਿਤੀ ਤੀਜੀ ਏਜੰਸੀ ਦੇ ਪੂਰੇ ਕੰਟਰੋਲ ਵਿੱਚ ਆ ਚੁੱਕੀ ਸੀ ਉਹ ਇੱਕ ਅਜਿਹੀ ਸਥਿਤੀ ਪੈਦਾ ਕਰ ਰਹੀ ਸੀ, ਜਿਸ ਵਿੱਚ ਬਾਹਰੀ ਕੇਂਦਰੀ ਕਾਰਵਾਈਆਂ ਨਿਆਂ-ਪੂਰਵਕ ਲੱਗਣ ਉਹ ਟਕਰਾਅ ਪੈਦਾ ਕਰਨ ਲਈ ਕਾਰ-ਸੇਵਾ ਦੇ ਟਰੱਕਾਂ ਰਾਹੀਂ ਲਿਆਂਦੇ ਹਥਿਆਰ ਹਰਿਮੰਦਰ ਸਾਹਿਬ ਵਿੱਚ ਜਮ੍ਹਾਂ ਕਰ ਰਹੀ ਸੀ। (ਉਥੇ ਸਿੱਖ ਵਿਦਵਾਨ ਗੁਰਤੇਜ ਸਿੰਘ ਵੀ ਮੰਨਦੇ ਹਨ ਕਿ ਜਨਰਲ ਜਸਵੰਤ ਸਿੰਘ ਭੁੱਲਰ ਤੇ ਇੱਕ ਹੋਰ ਅਫਸਰ ਉਨ੍ਹਾਂ ਕੋਲ ਆਏ ਸਨ ਕਿ ਸਾਡੇ ਕੋਲ ਹਥਿਆਰਾਂ ਦਾ ਭਰਿਆ ਟਰੱਕ ਹੈ ਤੇ ਸੰਤ ਭਿੰਡਰਾਂਵਾਲ਼ੇ ਕੌਮ ਦੀ ਲੜਾਈ ਲੜ ਰਹੇ ਹਨ, ਤੁਸੀਂ ਉਨ੍ਹਾਂ ਦੇ ਖਾਸ ਸਲਾਹਕਾਰ ਹੋ, ਉਹ ਹਥਿਆਰ, ਉਨ੍ਹਾਂ ਤੱਕ ਦਰਬਾਰ ਸਾਹਿਬ ਪਹੁੰਚਾਉ ਤਾਂ ਕਿ ਉਹ ਆਪਣੀ ਲੜਾਈ ਕਾਰਗਰ ਢੰਗ ਨਾਲ਼ ਲੜ ਸਕਣ, ਪਰ ਗੁਰਤੇਜ ਸਿੰਘ ਅਨੁਸਾਰ, ਮੈਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਪਰ ਬਾਅਦ ਵਿੱਚ ਲੰਗਰ ਵਾਲ਼ੇ ਟਰੱਕਾਂ ਰਾਹੀਂ ਉਹ ਹਥਿਆਰ ਦਰਬਾਰ ਸਾਹਿਬ ਪਹੁੰਚੇ ਸਨ: ਵੇਖੋ ਉਸਦੀ ਕਿਤਾਬ: ਵੈਬ ਆਫ ਇੰਡੀਅਨ ਸੈਕੂਲਰਿਜ਼ਮ-ਚੱਕਰਵਿਊ, ਪੰਨਾ: 49-50)। 15 ਅਪਰੈਲ, 1984 ਨੂੰ ਵਿਉਂਤੇ ਢੰਗ ਨਾਲ਼ 38 ਰੇਲਵੇ ਸਟੇਸ਼ਨਾਂ ਦਾ ਸਾੜਿਆ ਜਾਣਾ। ਇਸੇ ਏਜੰਸੀ ਦਾ ਕੰਮ ਸੀ। ਇਸੇ ਤਰ੍ਹਾਂ ਬਹੁਤ ਪ੍ਰਚਾਰੇ ਗਏ ਕਤਲਾਂ ਵਿੱਚੋਂ ਵੀ ਬਹੁਤ ਸਾਰੇ ਇਸੇ ਸੰਸਥਾ ਦੇ ਕੰਮ ਸਨ। ਵੱਖੋ-ਵੱਖਰੀਆਂ ਜਥੇਬੰਦੀਆਂ ਵਿੱਚਕਾਰ ਪਰਸਪਰ ਵਿਨਾਸ਼ਕਾਰੀ ਲੜਾਈ, ਭਿੰਡਰਾਂਵਾਲ਼ੇ ਦੇ ਨਜ਼ਦੀਕੀ ਅਤੇ ਵਿਸ਼ਵਾਸੀ ਸੁਰਿੰਦਰ ਸਿੰਘ ਸੋਢੀ ਦੀ ਜਾਨ ਵੀ ਇਸੇ ਏਜੰਸੀ ਦੀ ਸਾਜ਼ਿਸ਼ ਦਾ ਸਿੱਟਾ ਸੀ। ਡਾ. ਸੰਗਤ ਸਿੰਘ ਬੜੇ ਉਚ ਕੋਟੀ ਦੇ ਸਿੱਖ ਵਿਦਵਾਨ ਅਤੇ ਭਾਰਤ ਸਰਕਾਰ ਦੀ ਫੋਰਨ ਸਰਵਿਸ ਵਿੱਚ ਸਾਰੀ ਉਮਰ ਨਹਿਰੂ ਤੋਂ ਇੰਦਰਾ ਤੱਕ ਉਚ ਅਹੁਦਿਆਂ ਤੇ ਰਹੇ। ਉਨ੍ਹਾਂ ਦੀ ਇਸ ਕਿਤਾਬ ਦਾ ਨਿਚੋੜ ਇਹ ਬਣਦਾ ਹੈ ਕਿ ਭਿੰਡਰਾਂਵਾਲ਼ਾ, ਦਲ ਖਾਲਸਾ, ਬੱਬਰ ਖਾਲਸਾ ਆਦਿ ਸਭ ਖਾੜਕੂ ਜਥੇਬੰਦੀਆਂ ਅਤੇ ਅਕਾਲੀ ਲੀਡਰ 'ਥਰਡ ਏਜੰਸੀ' ਦੇ ਮੋਹਰੇ ਸਨ? ਜੇ ਡਾ. ਸੰਗਤ ਸਿੰਘ ਦੀ ਗੱਲ ਠੀਕ ਮੰਨ ਲਈ ਜਾਵੇ ਤਾਂ ਫਿਰ ਅਜਮੇਰ ਸਿੰਘ, ਗੁਰਤੇਜ ਸਿੰਘ, ਪੱਤਰਕਾਰ ਕਰਮਜੀਤ ਸਿੰਘ ਆਦਿ ਵਰਗੇ ਸਿੱਖ ਵਿਦਵਾਨ ਕਿਸ ਅਧਾਰ ਤੇ ਖਾੜਕੂਆਂ ਨੂੰ ਸਿੱਖਾਂ ਦੀ ਅਜ਼ਾਦੀ ਦੀ ਲੜਾਈ ਲੜਨ ਵਾਲ਼ੇ ਮਹਾਨ ਯੋਧੇ ਮੰਨਦੇ ਹਨ? ਡਾ. ਸਾਹਿਬ ਸਿੰਘ ਵਲੋਂ ਆਪਣੀ ਇਸ ਕਿਤਾਬ ਵਿੱਚ ਉਠਾਏ ਸਵਾਲ ਕਿ ਦਰਬਾਰ ਸਾਹਿਬ ਵਿੱਚ ਹਥਿਆਰ ਸਰਕਾਰ ਦੀ ਥਰਡ ਏਜੰਸੀ ਵਲੋਂ ਸਾਜ਼ਿਸ਼ ਤਹਿਤ ਲੰਗਰ ਦੇ ਟਰੱਕਾਂ ਰਾਹੀਂ ਪਹੁੰਚਾਏ ਗਏ ਤਾਂ ਕਿ ਸਿੱਖਾਂ ਨੂੰ ਜੂਨ 84 ਦੇ ਹਮਲੇ ਰਾਹੀਂ ਸਬਕ ਸਿਖਾਇਆ ਜਾ ਸਕੇ? ਜੇ ਡਾ. ਸਾਹਿਬ ਵਰਗੇ ਖੋਜੀ ਇਤਿਹਾਸਕਾਰ ਦੀ ਗੱਲ ਠੀਕ ਮੰਨੀਏ ਤਾਂ ਕੀ ਜਨਰਲ ਸ਼ੁਬੇਗ ਸਿੰਘ ਜਾਂ ਸੰਤ ਭਿੰਡਰਾਂਵਾਲ਼ੇ ਸਰਕਾਰ ਦੀ ਇਸ 'ਥਰਡ ਏਜੰਸੀ' ਦੀ ਸਾਜ਼ਿਸ਼ ਵਿਚ ਸ਼ਾਮਿਲ ਸਨ? ਜਦੋਂ ਅਜਮੇਰ ਸਿੰਘ, ਡਾ. ਅਮਰਜੀਤ ਸਿੰਘ ਹੋਰਾਂ ਵਰਗੇ ਉਚ ਕੋਟੀ ਦੇ ਸਿੱਖ ਵਿਦਵਾਨ ਸੰਤ ਜਰਨੈਲ ਸਿੰਘ ਨੂੰ ਸਿੱਖ ਕੌਮ ਦਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਭ ਤੋਂ ਵੱਡਾ ਮਹਾਂ-ਮਾਨਵ ਮੰਨਦੇ ਹਨ? ਜਿਸਨੂੰ ਸਿੱਖ ਕੌਮ ਅਜੇ ਤੱਕ ਪਛਾਣ ਨਹੀਂ ਸਕੀ। ਅਜਮੇਰ ਸਿੰਘ ਆਪਣੀ ਇੱਕ ਤਕਰੀਰ ਵਿੱਚ ਇਥੇ ਤੱਕ ਕਹਿੰਦੇ ਹਨ ਕਿ ਸੰਤ ਜਰਨੈਲ ਸਿੰਘ ਵਰਗੀਆਂ ਇਲਾਹੀ ਰੂਹਾਂ ਨੂੰ ਸਮਝਣ ਲਈ ਕਈ ਸਦੀਆਂ ਲੱਗ ਜਾਂਦੀਆਂ ਹਨ। ਅਜਿਹੀਆਂ ਲਿਖਤਾਂ ਬਾਰੇ ਸਪੱਸ਼ਟੀਕਰਨ ਤੋਂ ਬਿਨਾਂ ਅਜਮੇਰ ਸਿੰਘ ਵਰਗੇ ਸਿੱਖ ਵਿਦਵਾਨਾਂ ਦਾ ਇੱਕ ਪਾਸੜ ਦਾਅਵਾ ਕਿ ਸੰਤ ਭਿੰਡਰਾਂਵਾਲ਼ਾ, ਬਾਬਾ ਬਹਾਦਰ ਸਿੰਘ ਤੋਂ ਵੀ ਵੱਡਾ ਮਹਾਂਨਾਇਕ ਸੀ, ਕਿਤਨਾ ਕੁ ਜਾਇਜ਼ ਹੈ? ਫਿਰ ਜੇ ਡਾ. ਸੰਗਤ ਸਿੰਘ ਨੇ ਗਲਤ ਬਿਆਨੀ ਕੀਤੀ ਸੀ ਤਾਂ ਸਿੱਖ ਵਿਦਵਾਨਾਂ ਨੇ ਉਸਨੂੰ ਕਿਤਾਬ ਛਪਣ ਤੋਂ ਬਾਅਦ ਸਵਾਲ ਕਿਉਂ ਨਹੀਂ ਕੀਤੇ? ਉਹ ਕਿਤਾਬ ਛਪਣ ਤੋਂ ਬਾਅਦ ਕਈ ਸਾਲ ਜਿਉਂਦਾ ਰਿਹਾ ਅਤੇ ਕਿਤਾਬ ਅਜੇ ਵੀ ਛਪ ਰਹੀ ਹੈ? ਜੇ ਸਰਕਾਰ ਹਮਲੇ ਨੂੰ ਅੰਜਾਮ ਦੇਣ ਲਈ ਹਥਿਆਰ ਭੇਜਦੀ ਸੀ ਤਾਂ ਕੀ ਇਹ ਵਿਦਵਾਨ ਸੰਤਾਂ ਦਾ ਕੋਈ ਅਜਿਹਾ ਬਿਆਨ ਦਿਖਾ ਸਕਦੇ ਹਨ, ਜਿਥੇ ਉਨ੍ਹਾਂ ਕਿਹਾ ਹੋਵੇ ਕਿ ਸਾਡੀ ਮਰਜੀ ਤੋਂ ਬਿਨਾਂ ਸਰਕਾਰ ਅਕਾਲ ਤਖਤ ਤੇ ਹਥਿਆਰ ਪਹੁੰਚਾ ਕੇ ਮੋਰਚਾਬੰਦੀ ਕਰ ਰਹੀ ਹੈ? ਸਰਕਾਰ ਹਮਲਾ ਕਰਨ ਲਈ ਸਾਡੇ ਖਿਲਾਫ ਸਾਜ਼ਿਸ਼ ਕਰ ਰਹੀ ਹੈ, ਅਸੀਂ ਨਹੀਂ ਚਾਹੁੰਦੇ ਕਿ ਸਾਡੇ ਕਰਕੇ ਹਰਿਮੰਦਰ ਸਾਹਿਬ ਵਿੱਚ ਖੂਨ-ਖਰਾਬਾ ਹੋਵੇ, ਅਸੀਂ ਦਰਬਾਰ ਵਿੱਚੋਂ ਬਾਹਰ ਜਾ ਰਹੇ ਹਾਂ? ਹੁਣ ਸਿੱਖ ਸੰਗਤ, ਡਾ. ਸੰਗਤ ਸਿੰਘ ਤੇ ਗੁਰਤੇਜ ਸਿੰਘ ਦੀਆਂ ਲਿਖਤਾਂ ਨੂੰ ਸਹੀ ਮੰਨੇ ਜਾਂ ਸੰਤ ਭਿੰਡਰਾਂਵਾਲ਼ੇ ਦੀ ਸੋਚ ਦੇ ਵਾਰਿਸਾਂ ਦੀਆਂ ਨੂੰ? ਕੀ ਅਸੀਂ ਸੰਗਤ ਸਿੰਘ ਜਾਂ ਗੁਰਤੇਜ ਦੀ ਮੰਨੀਏ ਜਾਂ ਭਾਰਤੀ ਖੁਫੀਆ ਏਜੰਸੀ ਆਈ ਬੀ ਅਤੇ ਰਾਅ ਦੇ ਦੇਸ਼-ਵਿਦੇਸ਼ ਵਿੱਚ ਰਹੇ ਚੋਟੀ ਦੇ ਅਫਸਰ ਤੇ ਸਿੱਖ ਹਿਤੈਸ਼ੀ ਜ਼ੀਬੀ ਐਸ ਸਿੱਧੂ ਦੀ ਮੰਨੀਏ, ਜੋ ਕੁਝ ਮਹੀਨੇ ਪਹਿਲਾਂ ਪ੍ਰਕਾਸ਼ਤ ਆਪਣੀ ਨਵੀਂ ਕਿਤਾਬ 'ਦੀ ਖਾਲਿਸਤਾਨ ਕੌਨਸੀਪਰੇਸੀ', ਵਿੱਚ ਆਪਣੀ ਜੌਬ ਦੌਰਾਨ ਅੰਦਰੂਨੀ ਜਾਣਕਾਰੀ ਦੇ ਦਾਅਵਿਆਂ ਦੇ ਆਧਾਰ ਤੇ ਸੰਤ ਭਿੰਡਰਾਂਵਾਲ਼ੇ ਨੂੰ 1 ਸਫਦਰਜੰਗ ਰੋਡ ਦਿੱਲੀ (ਪ੍ਰਧਾਨ ਮੰਤਰੀ ਨਿਵਾਸ) ਵਿੱਚ ਬੈਠੀ ਅਰੁਨ ਨਹਿਰੂ ਜੁੰਡਲੀ ਦੀ ਪੈਦਾਇਸ਼ ਮੰਨਦਾ ਹੈ? ਹੁਣ ਲੋਕ ਅਜਮੇਰ ਸਿੰਘ, ਹਰਿੰਦਰ ਸਿੰਘ ਮਹਿਬੂਬ ਆਦਿ ਦੀ ਮੰਨਣ, ਜੋ ਕਹਿ ਰਹੇ ਹਨ ਕਿ ਸਾਕਾ ਨੀਲਾ ਤਾਰਾ ਬ੍ਰਾਹਮਣਾਂ ਦੀ ਸਿੱਖਾਂ ਨਾਲ਼ 5 ਸਦੀਆਂ ਦੇ ਵੈਰ ਦਾ ਨਤੀਜਾ ਸੀ, ਜਿਸਨੂੰ ਉਨ੍ਹਾਂ ਸੰਤ ਭਿੰਡਰਾਂਵਾਲ਼ਿਆਂ ਰਾਹੀਂ ਅੰਜ਼ਾਮ ਦਿੱਤਾ ਜਾਂ ਉਨ੍ਹਾਂ ਧਿਰਾਂ ਦਾ ਵੀ ਕੋਈ ਕਸੂਰ ਹੈ, ਜਿਨ੍ਹਾਂ ਨੇ ਇਹ ਸਾਜ਼ਿਸ਼ ਸਿਰੇ ਚੜਨ ਦਿੱਤੀ?



ਇਸ ਸਬੰਧੀ ਪੰਜਾਬ ਦੇ ਨਾਮਵਰ ਲੇਖਕ ਜਸਵੰਤ ਸਿੰਘ ਕੰਵਲ ਹੋਰਾਂ ਦੀ ਸਵਾਲਾਂ-ਜਵਾਬਾਂ ਅਧਾਰਿਤ ਕਿਤਾਬ 'ਪੰਜਾਬ ਦਾ ਹੱਕ ਸੱਚ' (ਪੰਨਾ: 199-201) ਦਾ ਇਥੇ ਜ਼ਿਕਰ ਕਰਨਾ ਵਾਜ਼ਿਬ ਬਣਦਾ ਹੈ ਉਹ ਲੋਕਾਂ ਦੇ ਸਵਾਲ ਕਿ ਗੁਰਚਰਨ ਸਿੰਘ ਟੌਹੜਾ, ਸੰਤ ਜਰਚੰਦ ਸਿੰਘ ਲੌਂਗੋਵਾਲ ਆਦਿ ਜੂਨ 84 ਤੋਂ ਪਹਿਲਾਂ ਅਕਾਲ ਤਖਤ ਨੂੰ ਬਚਾਉਣ ਲਈ ਅੱਗੇ ਕਿਉਂ ਨਾ ਆਏ ਤਾਂ ਕੰਵਲ ਸਾਹਿਬ ਜਵਾਬ ਦਿੰਦੇ ਹਨ: 'ਸੰਤ ਭਿੰਡਰਾਂਵਾਲ਼ਿਆਂ ਦੀ ਚੜ੍ਹਤ ਨੇ ਇਨ੍ਹਾਂ ਜਥੇਦਾਰਾਂ ਦੀ ਅਣਖ ਤੇ ਹੋਸ਼ ਨੂੰ ਸਹਿਮ ਦੀ ਬੀਮਾਰੀ ਲਗਾ ਦਿੱਤੀ ਸੀ।' ਇੱਕ ਹੋਰ ਸਵਾਲ ਕਿ ਜੇ ਭਿੰਡਰਾਂਵਾਲ਼ਾ ਗਲਤ ਸੀ ਤਾਂ ਅਕਾਲ ਤਖਤ ਦੇ ਜਥੇਦਾਰ ਨੇ ਉਸ ਖਿਲਾਫ ਹੁਕਮਨਾਮਾ ਕਿਉਂ ਨਾ ਜਾਰੀ ਕੀਤਾ, ਦੇ ਜਵਾਬ ਵਿੱਚ ਪੰਜਾਬੀ ਦੇ ਸਿਰਮੌਰ ਲੇਖਕ ਸਾਹਿਬ ਲਿਖਦੇ ਹਨ: 'ਅਕਾਲ ਤਖਤ ਦੇ ਜਥੇਦਾਰ ਵਿੱਚ ਭਿੰਡਰਾਂਵਾਲ਼ੇ ਅੱਗੇ ਖੜਨ ਦੀ ਜ਼ੁਰਅਤ ਨਹੀਂ ਸੀ। ਉਸ ਅੱਗੇ ਸਾਰੀਆਂ ਧਿਰਾਂ ਨਿਸਲੀਆਂ ਹੋ ਚੁੱਕੀਆਂ ਸਨ।' ਸਾਡੇ ਵਿੱਚ ਇਤਨੀ ਜੁਰਅਤ ਨਹੀਂ ਕਿ ਅਸੀਂ ਕੰਵਲ ਸਾਹਿਬ ਵਰਗੇ ਮਹਾਨ ਲੇਖਕ ਨੂੰ ਕੁਝ ਕਹਿ ਸਕੀਏ, ਗੁਸਤਾਖੀ ਮਾਫ, ਕੁਝ ਸਵਾਲ ਤਾਂ ਉਨ੍ਹਾਂ ਨੂੰ ਪੁੱਛਣੇ ਬਣਦੇ ਹਨ: ਕੀ ਕੰਵਲ ਸਾਹਿਬ ਨੂੰ ਪਤਾ ਨਹੀਂ ਸੀ ਕਿ ਜਦੋਂ ਅਕਾਲ ਤਖਤ ਦੇ ਇੱਕ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਨੇ ਭਿੰਡਰਾਂਵਾਲ਼ਿਆਂ ਦੇ ਅਕਾਲ ਤਖਤ ਤੇ ਕਾਬਿਜ ਹੋਣ ਅਤੇ ਹਥਿਆਰ ਜਮ੍ਹਾਂ ਕਰਨ ਦਾ ਜਥੇਦਾਰ ਟੌਹੜਾ ਸਾਹਿਬ ਕੋਲ਼ੋਂ ਇਤਰਾਜ਼ ਜਿਤਾਇਆ ਸੀ ਤਾਂ ਕੁਝ ਦਿਨਾਂ ਬਾਅਦ ਹੀ ਉਸਦੀ 10 ਮਈ, 1984 ਨੂੰ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ? ਤਾਂ ਫਿਰ ਕੋਈ ਰੂਹਾਨੀ ਸ਼ਕਤੀ ਦਾ ਮਾਲਕ ਹੀ ਸੰਤ ਜੀ ਨੂੰ ਸਵਾਲ ਕਰਦਾ? ਜਿਥੇ ਅਜਮੇਰ ਸਿੰਘ, ਪੱਤਰਕਾਰ ਕਰਮਜੀਤ ਸਿੰਘ, ਹਰਿੰਦਰ ਸਿੰਘ ਮਹਿਬੂਬ ਵਰਗੇ ਮਹਾਨ ਸਿੱਖ ਚਿੰਤਕ ਸੰਤ ਭਿੰਡਰਾਂਵਾਲ਼ਿਆਂ ਨੂੰ ਸਰਬ ਕਲਾ ਸੰਪੂਰਨ ਮਹਾਂ ਨਾਇਕ ਮੰਨਦੇ ਹਨ, ਉਥੇ ਜਸਵੰਤ ਸਿੰਘ ਕੰਵਲ ਆਪਣੀ ਇਸ ਕਿਤਾਬ ਵਿੱਚ ਲਿਖਦੇ ਹਨ: 'ਸੰਤ ਸਿੱਖਾਂ ਦੇ ਹਰ ਪੱਖੋਂ ਧਰਮੱਘ (ਵੱਡੇ ਧਰਮੀ) ਸਨ, ਪਰ ਰਾਜਸੀ ਸੂਝ ਪੱਖੋਂ ਉਹ ਕੋਰੇ ਸਨ ਜਿਸ ਕਾਰਨ ਸਿੱਖਾਂ ਨੂੰ ਦੋਹਰਾ ਸੰਤਾਪ ਝੱਲਣਾ ਪਿਆ।' ਪਾਠਕ ਆਪ ਹੀ ਸਿਆਣੇ ਹਨ, ਹੁਣ ਇਨ੍ਹਾਂ ਖੋਜੀ ਵਿਦਵਾਨਾਂ ਨੂੰ ਕੀ-ਕੀ ਸਵਾਲ ਕਰੀਏ?

ਪਿਛਲੇ 37 ਸਾਲਾਂ ਵਿੱਚ ਦੇਸ਼-ਵਿਦੇਸ਼ ਅੰਦਰ ਅਜਿਹਾ ਪ੍ਰਚਾਰ ਤਾਂ ਖੂਬ ਕੀਤਾ ਗਿਆ ਹੈ ਕਿ ਜੂਨ 84 ਦੀਆਂ ਘਟਨਾਵਾਂ ਕਿਵੇਂ ਵਾਪਰੀਆਂ? ਉਨ੍ਹਾਂ ਵਿੱਚ ਇਨ੍ਹਾਂ ਅਨੁਸਾਰ ਸਿੱਖਾਂ ਦਾ ਕਿਤਨਾ ਨੁਕਸਾਨ ਹੋਇਆ? ਦਰਬਾਰ ਸਾਹਿਬ ਵਿੱਚ ਬੈਠੇ ਖਾੜਕੂਆਂ ਨੇ ਕਿਵੇਂ ਬਹਾਦਰੀ ਨਾਲ਼ ਲੜਦਿਆਂ ਭਾਰਤੀ ਫੌਜ ਦੇ ਆਹੂ ਲਾਹ ਦਿੱਤੇ? ਕਿਵੇਂ ਫੌਜ ਦੇ ਟੈਂਕ ਪ੍ਰਕਰਮਾ ਵਿੱਚ ਹੀ ਨਕਾਰਾ ਕਰ ਦਿੱਤੇ ਗਏ? ਪਰ ਉਹ ਇਹ ਕਦੇ ਨਹੀਂ ਦੱਸਦੇ ਕਿ ਉਸ ਸਮੇਂ ਦੀ ਸਰਕਾਰ ਨੇ ਇਤਨਾ ਵੱਡਾ ਕਦਮ ਕਿਉਂ ਚੁੱਕਿਆ? ਜਦਕਿ ਸਰਕਾਰ ਨੂੰ ਪਤਾ ਸੀ ਕਿ ਫੌਜ ਤੇ ਹੋਰ ਫੋਰਸਾਂ ਵਿੱਚ ਸਿੱਖਾਂ ਦੀ ਭਾਰੀ ਗਿਣਤੀ ਹੈ? ਸਾਰਾ ਭਾਰਤ ਸਿੱਖਾਂ ਦੀਆਂ ਦੇਸ਼ ਨੂੰ ਆਜਾਦ ਕਰਾਉਣ ਦੀਆਂ ਕੁਰਬਾਨੀਆਂ ਦਾ ਹੀ ਕਾਇਲ ਨਹੀਂ ਸੀ, ਸਗੋਂ ਉਨ੍ਹਾਂ ਦੇ ਮਨਾਂ ਵਿੱਚ 1965 ਤੇ 1971 ਦੀਆਂ ਲੜਾਈਆਂ ਵਿੱਚ ਸਿੱਖਾਂ ਦੀ ਬਹਾਦਰੀ ਦੀ ਵੀ ਵੱਡੀ ਛਾਪ ਸੀ ਉਸ ਸਮੇਂ ਦੀ ਸਰਕਾਰ ਵਿੱਚ ਰਾਸ਼ਟਰਪਤੀ, ਗ੍ਰਹਿ ਮੰਤਰੀ, ਪੰਜਾਬ ਦਾ ਮੁੱਖ ਮੰਤਰੀ, ਫੌਜਾਂ ਦੇ ਜਨਰਲ, ਸੂਬਿਆਂ ਦੇ ਗਵਰਨਰ, ਪੰਜਾਬ ਪੁਲਿਸ ਦੇ ਵੱਡੇ ਅਧਿਕਾਰੀ ਸਿੱਖ ਸਨ ਤਾਂ ਸਰਕਾਰ ਦੀ ਅਜਿਹੀ ਕੀ ਮਜਬੂਰੀ ਬਣ ਗਈ ਸੀ ਕਿ ਉਸਨੂੰ ਇੱਕ ਛੋਟੀ ਜਿਹੀ ਘੱਟ-ਗਿਣਤੀ ਖਿਲਾਫ ਇਤਨਾ ਮਨਹੂਸ ਫੈਸਲਾ ਲੈਣ ਲਈ ਮਜਬੂਰ ਹੋਣਾ ਪਿਆ? ਇਥੇ ਮੁਸਲਮਾਨਾਂ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ 'ਮੱਕਾ' ਤੇ 20 ਨਵੰਬਰ, 1979 ਤੋਂ 4 ਦਸੰਬਰ, 1979 ਤੱਕ ਮੁਸਲਮਾਨਾਂ ਦੇ ਇੱਕ ਕੱਟੜ ਧਾਰਮਿਕ ਗਰੁੱਪ 'ਅਲਕਤਾਬੀ ਮੂਵਮੈਂਟ' ਦੇ ਲੀਡਰ ਮੁਹੰਮਦ ਅਬਦੁੱਲਾ ਅਲਖਤਾਨੀ ਵਲੋਂ ਆਪਣੇ 500 ਦੇ ਕਰੀਬ ਹਥਿਆਰਬੰਦ ਸਾਥੀਆਂ ਨਾਲ਼ ਕਬਜ਼ਾ ਕਰਨ ਅਤੇ 50 ਹਜ਼ਾਰ ਦੇ ਕਰੀਬ ਸ਼ਰਧਾਲੂਆਂ ਨੂੰ ਬੰਦੀ ਬਣਾ ਲੈਣ ਦੀ ਘਟਨਾ ਦਾ ਜ਼ਿਕਰ ਕਰਨਾ ਵਾਜ਼ਿਬ ਰਹੇਗਾ। ਯਾਦ ਰਹੇ ਮੁਸਲਮਾਨਾਂ ਦੀ ਧਾਰਮਿਕ ਰਵਾਇਤ ਮੁਤਬਿਕ 'ਮੱਕੇ' ਦੀ ਇਮਾਰਤ ਅੰਦਰ 'ਖੂਨ ਦਾ ਤੁਬਕਾ ਵੀ ਡਿਗਣਾ' ਅਤੇ ਕਿਸੇ ਗੈਰ ਮੁਸਲਮਾਨ ਦਾ ਮਸਜਿਦ ਅੰਦਰ ਆਉਣਾ ਕੁਫਰ ਮੰਨਿਆ ਜਾਂਦਾ ਹੈ? ਪਰ 'ਮੱਕੇ' ਦਾ ਕਬਜ਼ਾ ਅਤੇ ਬੰਦੀ ਲੋਕਾਂ ਨੂੰ ਛੁਡਾਉਣ ਲਈ ਸਾਉਦੀ ਅਰਬ ਦੀ ਮੁਸਲਿਮ ਸਰਕਾਰ ਵਲੋਂ ਦੋਨਾਂ ਪ੍ਰੰਪਰਾਵਾਂ ਦੀ ਉਲੰਘਣਾ ਕਰਕੇ ਨਾ ਸਿਰਫ ਫਰਾਂਸ ਦੇ ਗੋਰੇ ਕਮਾਂਡੋਆਂ ਰਾਹੀਂ ਮੱਕੇ ਦਾ ਕਬਜ਼ਾ ਛੁਡਾਇਆ, ਸਗੋਂ ਮੱਕੇ ਅੰਦਰ ਸੈਂਕੜੇ ਸ਼ਰਧਾਲੂਆਂ ਦਾ ਖੂਨ ਵੀ ਡੁੱਲ੍ਹਾ। ਹੁਣ ਉਥੇ ਤਾਂ ਸਾਰੇ ਮਰਨ-ਮਾਰਨ ਵਾਲ਼ੇ ਅਤੇ ਸਊਦੀ ਸਰਕਾਰ ਵੀ ਮੁਸਲਮਾਨਾਂ ਦੀ ਸੀ, ਫਿਰ ਵੀ ਸਰਕਾਰ ਨੂੰ ਅਜਿਹਾ ਕਦਮ ਚੁੱਕਣਾ ਪਿਆ। ਕੀ ਸਾਡੇ ਵਿਦਵਾਨ ਕਦੇ 84 ਦੀਆਂ ਘਟਨਾਵਾਂ ਨੂੰ ਅਜਿਹੇ ਪੱਖ ਤੋਂ ਵੀ ਕਦੇ ਵਿਚਾਰਨਗੇ?

ਜਦੋਂ ਲੋਕ ਸਿੱਖ ਲੀਡਰਾਂ ਤੇ ਵਿਦਵਾਨਾਂ ਨੂੰ ਸਵਾਲ ਕਰਦੇ ਹਨ ਕਿ ਸਰਕਾਰ ਨੇ ਦਰਬਾਰ ਤੇ ਹਮਲਾ ਕਿਉਂ ਕੀਤਾ? ਉਸਦੇ ਕੁਝ ਤਾਂ ਕਾਰਨ ਹੋਣਗੇ? ਤਾਂ ਕਿਸੇ ਅਜਿਹੇ ਸਵਾਲ ਦੇ ਜਵਾਬ ਵਿੱਚ ਅਜਮੇਰ ਸਿੰਘ ਨੇ ਇੱਕ ਲਾਈਨ ਵਿੱਚ ਗੱਲ ਮੁਕਾ ਦਿੱਤੀ ਕਿ 'ਹਿੰਦੂ ਸਰਕਾਰ ਨੇ ਸਿੱਖਾਂ ਨਾਲ਼ 5 ਸਦੀਆਂ ਦਾ ਵੈਰ ਕਮਾਇਆ ਹੈ?' ਇਸੇ ਤਰ੍ਹਾਂ ਸਿੱਖ ਵਿਦਵਾਨ ਹਰਿੰਦਰ ਸਿੰਘ ਮਹਿਬੂਬ ਦੇ ਮਹਾਂ-ਕਾਵਿ 'ਝਨਾਂ ਦੀ ਰਾਤ' ਵਿੱਚ ਵੀ ਇਸੇ ਸੋਚ ਦੀ ਤਰਜਮਾਨੀ ਕਰਦੀ ਕਵਿਤਾ ਦੀਆਂ ਚਾਰ ਲਾਈਨਾਂ ਦਰਜ ਹਨ: ਅੱਜ ਤਪਦੀ ਭੱਠੀ ਬਣ ਗਿਆ, ਮੇਰਾ ਸਗਲੇ ਵਾਲ਼ਾ ਪੈਰ। ਅੱਜ ਵੈਰੀਆਂ ਕੱਢ ਵਖਾਲਿਆ, ਹਾਇ! ਪੰਜ ਸਦੀਆਂ ਦਾ ਵੈਰ। ਜੇ ਇੰਦਰਾ ਗਾਂਧੀ ਸਰਕਾਰ ਨੇ ਇਹ ਸਭ ਸਿੱਖਾਂ ਨੂੰ ਸਬਕ ਸਿਖਾਉਣ ਲਈ ਕੀਤਾ ਸੀ ਤਾਂ ਕਿ ਸਿੱਖ ਸਦੀਆਂ ਤੱਕ ਇਸ ਮਾਰ ਨੂੰ ਯਾਦ ਰੱਖਣ ਤਾਂ ਫਿਰ ਇੰਦਰਾ ਨੂੰ ਕੀ ਮਜਬੂਰੀ ਸੀ ਕਿ ਉਸਨੇ ਇਸ ਹਮਲੇ ਵਿੱਚ ਅਕਾਲ ਤਖਤ ਤੇ ਹੋਰ ਨੁਕਸਾਨੀਆਂ ਇਮਾਰਤਾਂ ਨੂੰ ਕੁਝ ਦਿਨਾਂ ਵਿੱਚ ਨਵਾਂ ਬਣਾ ਦਿੱਤਾ ਸੀ ਤਾਂ ਕਿ ਸਿੱਖ, ਉਸ ਫੌਜੀ ਹਮਲੇ ਵਿੱਚ ਹੋਏ ਨੁਕਸਾਨ ਨੂੰ ਦੇਖ ਨਾ ਸਕਣ? ਫਿਰ ਤਾਂ ਉਸਨੂੰ ਢੱਠੇ ਹੋਏ ਅਕਾਲ ਤਖਤ ਜਾਂ ਹੋਰ ਗੁਰਦੁਆਰਿਆਂ ਨੂੰ ਸ਼ੀਸ਼ਿਆਂ ਵਿੱਚ ਮੜ੍ਹਾ ਕੇ ਰੱਖਣਾ ਚਾਹੀਦਾ ਸੀ ਤਾਂ ਕਿ ਸਿੱਖ ਯਾਦ ਰੱਖਣ ਕਿ ਜੇ ਉਨ੍ਹਾਂ ਮੁੜ ਅਜਿਹਾ ਕਾਰਾ ਕੀਤਾ ਤਾਂ ਉਨ੍ਹਾਂ ਦਾ ਕੀ ਹਾਲ ਹੋਵੇਗਾ? ਕੀ ਸਾਡੇ ਇਹ ਮਹਾਂ ਵਿਦਵਾਨ ਕੁਝ ਕਹਿਣ ਤੋਂ ਪਹਿਲਾਂ ਸੋਚਦੇ ਨਹੀਂ ਕਿ ਤੁਹਾਡੀਆਂ ਕਿਤਾਬਾਂ ਪੜ੍ਹ ਕੇ ਲੋਕ ਤੁਹਾਨੂੰ ਸਵਾਲ ਕਰਨਗੇ? ਤੁਹਾਡੇ ਕੋਲ ਉਸਦਾ ਕੀ ਜਵਾਬ ਹੋਵੇਗਾ? ਜੇ ਹਿੰਦੂਆਂ ਦਾ ਸਿੱਖਾਂ ਨਾਲ਼ ਇਤਨਾ ਹੀ ਵੈਰ ਹੁੰਦਾ ਤਾਂ ਹਿੰਦੂਆਂ ਦੇ ਦੇਸ਼ (ਇਨ੍ਹਾਂ ਅਨੁਸਾਰ) ਵਿੱਚ ਸਿੱਖ ਹੋਰ ਸਾਰੇ ਫਿਰਕਿਆਂ ਨਾਲ਼ੋਂ ਵੱਧ ਤਰੱਕੀ ਕਿਵੇਂ ਕਰਦੇ?

ਕੀ ਸਾਡੇ ਵਿਦਵਾਨਾਂ ਨੂੰ ਨਿਰਪੱਖ ਹੋ ਕੇ ਇਸ ਵੱਡੇ ਦੁਖਦਾਈ ਘੱਲੂਘਾਰੇ ਬਾਰੇ ਲੋਕਾਂ ਨੂੰ ਸਾਰੇ ਪੱਖਾਂ ਤੋਂ ਨਹੀਂ ਦੱਸਣਾ ਚਾਹੀਦਾ ਤਾਂ ਕਿ ਭਵਿੱਖ ਵਿੱਚ ਸਾਨੂੰ ਅਜਿਹੇ ਘੱਲੂਘਾਰਿਆਂ ਦਾ ਦੁਬਾਰਾ ਸਾਹਮਣਾ ਨਾ ਕਰਨਾ ਪਵੇ? ਕੀ ਅਸੀਂ ਕਦੇ ਇਹ ਵਿਚਾਰ ਕਰਾਂਗੇ ਕਿ ਉਸ ਵਕਤ ਅਸੀਂ ਵੀ ਕਿਤੇ ਗਲਤ ਸੀ ਜਾਂ ਸਾਰਾ ਦੋਸ਼ ਵਿਰੋਧੀਆਂ ਤੇ ਸੁੱਟ ਕੇ ਸੁਰਖ਼ਰੂ ਹੋ ਜਾਵਾਂਗੇ? ਜੂਨ ਚੁਰਾਸੀ ਤੋਂ ਕੁਝ ਮਹੀਨੇ ਪਹਿਲਾਂ ਬੱਸਾਂ, ਟਰੇਨਾਂ ਵਿੱਚੋਂ ਲਾਹ ਕੇ ਬੇਗੁਨਾਹ ਲੋਕ ਮਾਰੇ ਜਾ ਰਹੇ ਸਨ, ਪੱਤਰਕਾਰ ਸੁਮੀਤ ਸਿੰਘ ਪ੍ਰੀਤਲੜੀ ਨੂੰ 22 ਫਰਵਰੀ, 1984, ਐਮ ਪੀ ਵਿਸ਼ਵਨਾਥ ਤਿਵਾੜੀ ਨੂੰ 3 ਮਾਰਚ, 1984, ਦਿੱਲੀ ਗੁਰਦੁਆਰਾ ਕਮੇਟੀ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੂੰ 28 ਮਾਰਚ, 1984, ਐਮ ਐਲ਼ ਏ ਹਰਬੰਸ ਲਾਲ ਖੰਨਾ ਨੂੰ 2 ਅਪਰੈਲ, 1984, ਪੱਤਰਕਾਰ ਰਮੇਸ਼ ਚੰਦਰ ਨੂੰ 12 ਮਈ, 1984, ਆਦਿ ਅਨੇਕਾਂ ਪ੍ਰਮੁੱਖ ਵਿਅਕਤੀ ਕਤਲ ਹੋ ਰਹੇ ਸਨ ਇਹ ਸਾਰੇ ਕਤਲ ਉਦੋਂ ਸ਼ੁਰੂ ਹੋਏ ਸਨ, ਜਦੋਂ ਸਰਕਾਰ ਨੇ ਸਿੱਖ ਸਟੂਡੈਂਟਸ ਫੈਸਰੇਸ਼ਨ ਨੂੰ ਬੈਨ ਕਰ ਦਿੱਤਾ ਸੀ ਤਾਂ ਕਨੇਡਾ ਦੀ ਅਖਬਾਰ 'ਗਲੋਬ ਐਂਡ ਮੇਲ' ਦੀ 5 ਅਪਰੈਲ, 1984 ਦੀ ਰਿਪੋਰਟ 'ਸਿੱਖ ਅੱਤਵਾਦ ਦੇ ਚੱਲਦਿਆਂ ਰਾਜਨੀਤਕ ਲੀਡਰਾਂ ਨੂੰ ਚਿਤਾਵਨੀ' ਅਨੁਸਾਰ ਫੈਡਰੇਸ਼ਨ ਦੇ ਲੀਡਰਾਂ ਹਰਮਿੰਦਰ ਸੰਧੂ, ਵਿਰਸਾ ਵਲਟੋਹਾ ਆਦਿ ਨੇ ਧਮਕੀ ਦਿੱਤੀ ਹੈ ਕਿ ਜਦੋਂ ਤੱਕ ਸਰਕਾਰ ਫੈਡਰੇਸ਼ਨ ਤੇ ਪਾਬੰਧੀ ਨਹੀਂ ਹਟਾਉਂਦੀ, ਉਹ ਰੋਜ਼ਾਨਾ ਇੱਕ ਨਾਮਵਰ ਲੀਡਰ ਮਾਰਨਗੇ। ਉਸ ਸਮੇਂ ਸਭ ਨੂੰ ਸਭ ਕੁਝ ਸਪੱਸ਼ਟ ਸੀ ਇਹ ਵਿਦਵਾਨ ਪਤਾ ਨਹੀਂ ਕਿਸ ਅਧਾਰ ਤੇ ਕਹਿ ਰਹੇ ਹਨ ਕਿ ਸਰਕਾਰੀ ਏਜੰਸੀਆਂ ਸਭ ਕੁਝ ਕਰਾ ਰਹੀਆਂ ਸਨ?

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਵਰਗੇ ਅਣ-ਵਿਕਸਤ ਦੇਸ਼ ਵਿੱਚ ਸਿੱਖਾਂ ਸਮੇਤ ਸਭ ਦੀਆਂ ਅਨੇਕਾਂ ਸਮੱਸਿਆਵਾਂ ਹਨ ਉਨ੍ਹਾਂ ਦੇ ਹੱਲ ਲਈ ਸੰਘਰਸ਼ ਕਰਨਾ ਵੀ ਸਭ ਦਾ ਲੋਕਤੰਤਰੀ ਹੱਕ ਹੈ। ਪਰ ਕਿਸੇ ਸਪੱਸ਼ਟ ਯੁੱਧਨੀਤੀ ਨੂੰ ਧਿਆਨ ਵਿੱਚ ਰੱਖ ਕੇ ਅਤੇ ਉਸਦੇ ਨਿਕਲਣ ਵਾਲੇ ਦੂਰਰਸ ਸਿੱਟਿਆਂ ਦੇ ਲੜਾਈ ਲੜਨੀ ਜਾਂ ਅਕਾਲ ਤਖਤ ਦੀ ਮੋਰਚਾਬੰਦੀ ਕਰਨੀ ਜਾਂ ਆਮ ਲੋਕਾਂ ਦੇ ਅੰਨ੍ਹੇਵਾਹ ਕਤਲ ਕਰਕੇ ਭੜਕਾਹਟ ਪੈਦਾ ਕਰਨੀ, ਕਿਤਨੀ ਕੁ ਜਾਇਜ਼ ਸੀ? ਫਿਰ ਜਦੋਂ ਸਰਕਾਰਾਂ ਸੰਘਰਸ਼ਕਾਰੀਆਂ ਦੀ ਹਿੰਸਾ ਨੂੰ ਅੱਤਵਾਦ ਦਾ ਨਾਮ ਦੇ ਕੇ ਜਬਰ ਕਰਦੀਆਂ ਹਨ ਤਾਂ ਸਾਡਾ ਰੌਲ਼ਾ ਪਾਉਣਾ ਕਿਤਨਾ ਕੁ ਉਚਿਤ ਰਹਿ ਜਾਂਦਾ ਹੈ? ਜਦੋਂ ਸਿੱਖ ਲੀਡਰਾਂ ਨੇ 47 ਵਿੱਚ ਭਾਰਤ ਨਾਲ਼ ਕਿਸਮਤ ਜੋੜਨ ਦਾ ਫੈਸਲਾ ਕਰ ਹੀ ਲਿਆ ਸੀ ਤਾਂ ਕੀ ਉਨ੍ਹਾਂ ਨੂੰ ਜੋ ਕੁਝ ਉਹ ਬਾਅਦ ਵਿੱਚ ਕਰ ਰਹੇ ਸਨ, ਉਸ ਬਾਰੇ ਪਹਿਲਾਂ ਨਹੀਂ ਸੋਚਣਾ ਚਾਹੀਦਾ ਸੀ? ਸਿੱਖ ਲੀਡਰਾਂ ਦੀ ਮਾਨਸਿਕਤਾ ਬਾਰੇ ਇਥੇ ਇੱਕ ਉਦਾਹਰਣ ਦੇਣੀ ਵਾਜਿਬ ਰਹੇਗੀ। ਇਸ ਬਾਰੇ ਡਾ. ਗੋਪਾਲ ਸਿੰਘ ਦੀ ਕਿਤਾਬ 'ਏ ਹਿਸਟਰੀ ਆਫ ਸਿੱਖ ਪੀਪਲਜ਼' ਵਿਚੋਂ ਹਵਾਲਾ ਦੇਣਾ ਚਾਹੁੰਦਾ ਹਾਂ ਕਿ ਲੇਖਕ ਨੂੰ ਸਿੱਖ ਲੀਡਰ ਮਾਸਟਰ ਤਾਰਾ ਸਿੰਘ ਨੇ 1947 ਤੋਂ ਕੁਝ ਸਾਲ ਬਾਅਦ ਆਪਣੀ ਰਾਜਨੀਤਕ ਸੋਚ ਦਾ ਇੰਕਸ਼ਾਫ ਇਵੇਂ ਕੀਤਾ ਸੀ: ਜਿੰਨੀ ਦੇਰ ਤੱਕ ਮੈਂ ਆਪਣੇ ਖਾੜਕੂ (ਗਰਮ ਖਿਆਲੀ) ਪੈਰੋਕਾਰਾਂ ਨੂੰ ਕਿਸੇ ਨਾ ਕਿਸੇ ਅੰਦੋਲਨ ਵਿੱਚ ਨਾ ਉਲਝਾਈ ਰੱਖਾਂ, ਓਨੀ ਦੇਰ ਤੱਕ ਉਹ ਜਾਂ ਤਾਂ ਖਿੰਡ-ਪੁੰਡ ਕੇ ਆਪਸ ਵਿੱਚ ਲੜਨ ਲੱਗ ਜਾਣਗੇ ਅਤੇ ਜਾਂ ਫਿਰ ਲੀਡਰਸ਼ਿਪ ਦੀ ਕੁਰਸੀ ਖਿੱਚਣ ਲੱਗਣਗੇ? ਉਨ੍ਹਾਂ ਅੱਗੇ ਕਿਹਾ ਕਿ ਸਿੱਖਾਂ ਨੂੰ ਆਪਣੇ ਕੰਟਰੋਲ ਵਿੱਚ ਰੱਖਣ ਲਈ 'ਅਫਗਾਨਿਸਤਾਨ ਦੇ ਤਖਤ ਉਤੇ ਬੈਠਣ ਜਿਤਨਾ ਖਤਰਾ ਮੁੱਲ ਲੈਣਾ ਪੈਂਦਾ ਹੈ।'' ਜੇ ਮਾਸਟਰ ਤਾਰਾ ਸਿੰਘ ਦੀ ਇਮਾਨਦਾਰੀ ਤੇ ਸ਼ੱਕ ਨਾ ਵੀ ਕਰੀਏ ਤਾਂ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਉਹ ਬਾਹਰੋਂ ਭਾਸ਼ਾ ਦੇ ਅਧਾਰ ਤੇ 'ਪੰਜਾਬੀ ਸੂਬੇ' ਦੇ ਨਾਮ ਤੇ ਮੋਰਚਾ ਲਗਾ ਕੇ ਅੰਦਰੋਂ (ਦਿਲੋਂ) 'ਸਿੱਖ ਸੂਬਾ' ਬਣਾਉਣਾ ਚਾਹੁੰਦੇ ਸਨ ਤਾਂ ਕਿ ਗਰਮ ਖਿਆਲੀ ਸਿੱਖਾਂ ਨੂੰ ਸ਼ਾਂਤ ਕੀਤਾ ਜਾ ਸਕੇ। ਪਰ ਉਹ ਕਦੇ ਵੀ ਸਿੱਖ ਸੂਬੇ ਦੇ ਹੱਕ ਵਿੱਚ ਸਪੱਸ਼ਟ ਸਟੈਂਡ ਨਹੀਂ ਲੈ ਸਕੇ? ਜਿਸ ਕਾਰਨ ਨਾ ਢੰਗ ਦਾ ਪੰਜਾਬੀ ਭਾਸ਼ਾ ਸੂਬਾ ਬਣ ਸਕਿਆ, ਸਿੱਖ ਸੂਬਾ ਤਾਂ ਕੀ ਬਣਨਾ ਸੀ? ਹੁਣ ਦੇ ਲੀਡਰਾਂ ਤੇ ਵਿਦਵਾਨਾਂ ਦੀ ਵੀ ਇਹੀ ਸਮੱਸਿਆ ਹੈ ਕਿ ਉਹ ਕਿਸੇ ਵੀ ਪੱਖ ਤੋਂ ਸਪੱਸ਼ਟ ਨਹੀਂ ਹਨ? ਜਦੋਂ ਦਰਿਆਈ ਪਾਣੀਆਂ ਦੇ ਮਸਲਿਆਂ ਦੇ ਮਾਹਰ ਸ. ਪ੍ਰੀਤਮ ਸਿੰਘ ਕੁਮੇਦਾਨ ਵਰਗੇ ਉਘੇ ਚਿੰਤਕ ਆਪਣੀਆਂ ਲਿਖਤਾਂ ਵਿੱਚ ਸਵਾਲ ਕਰਦੇ ਹਨ ਕਿ ਸਾਨੂੰ ਦੱਸ ਤਾਂ ਦਿਉ ਤੁਹਾਡਾ ਖਾਲਿਸਤਾਨ ਕਿਥੇ, ਕਿਹੋ ਜਿਹਾ ਹੋਵੇਗਾ ਤਾਂ ਕੋਈ ਜਵਾਬ ਨਹੀਂ ਦਿੰਦਾ? ਸ. ਕੁਮੇਦਾਨ ਅਨੁਸਾਰ ਜੋ ਵੱਖਰੇ ਸਿੱਖ ਰਾਜ ਦੀ ਮੰਗ ਕਰਨ ਵਾਲ਼ਿਆਂ ਨੇ ਸੋਚਿਆ ਹੈ ਕਿ ਜੇ ਵਸੋਂ ਦਾ ਤਬਾਦਲਾ ਹੋਇਆ ਤਾਂ ਮੌਜੂਦਾ ਪੰਜਾਬ ਦੇ ਪੱਲੇ ਕੀ ਰਹੇਗਾ? ਸਾਡੇ ਤਾਂ ਤਿੰਨੇ ਦਰਿਆ ਵੀ ਉਨ੍ਹਾਂ ਇਲਾਕਿਆਂ ਵਿੱਚੋਂ ਹੀ ਲੰਘਦੇ ਹਨ, ਜੋ ਭਾਰੀ ਹਿੰਦੂ ਵਸੋਂ ਵਾਲ਼ੇ ਹਨ? ਪਰ ਸਾਡੇ ਲੀਡਰ ਤੇ ਵਿਦਵਾਨ ਸਿਰਫ ਨਾਹਰੇਬਾਜੀ ਤੇ ਮਾਰਕੇਬਾਜੀ ਦੀ ਜਜ਼ਬਾਤੀ ਸਿਆਸਤ ਹੀ ਕਰਦੇ ਹਨ? ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਜੂਨ, 1984 ਦੀ ਫੌਜੀ ਕਾਰਵਾਈ ਸਰਕਾਰ ਦੀ ਬੱਜਰ ਗਲਤੀ ਸੀ, ਉਸ ਕੋਲ ਹੋਰ ਵੀ ਰਾਹ ਸਨ, ਫੌਜ ਭੇਜਣ ਵਰਗੀ ਗਲਤੀ ਨਹੀਂ ਕਰਨੀ ਚਾਹੀਦੀ ਸੀ, ਪਰ ਕੀ ਉਸ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚਾਣ ਵਾਲ਼ੀ ਇਸ ਗਲਤੀ ਲਈ ਸਿਰਫ ਸਰਕਾਰ ਹੀ ਜ਼ਿੰਮੇਵਾਰ ਸੀ? ਹੁਣ ਜਦੋਂ ਅਸੀਂ ਜੂਨ 84 ਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਇਹ ਦੇਖਣ ਦੀ ਥਾਂ ਕਿ ਇਹ ਕਿਵੇਂ ਵਾਪਰੀਆਂ? ਇਹ ਦੇਖਣ ਦੀ ਵੱਧ ਲੋੜ ਹੈ ਕਿ ਕਿਉਂ ਵਾਪਰੀਆਂ? ਤਾਂ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕੀਆਂ ਜਾ ਸਕਣ? ਕੀ ਸਿੱਖ ਕੌਮ ਦੇ ਇਹ ਸਿਰਮੌਰ ਵਿਦਵਾਨ ਕਦੇ ਕੌਮ ਨੂੰ ਜਵਾਬਦੇਹ ਹੋਣਗੇ?

ਤੂ ਇਧਰ ਉਧਰ ਕੀ ਬਾਤ ਨਾ ਕਰ,
ਯੇ ਬਤਾ ਕੇ ਕਾਫਲਾ ਕਿਉਂ ਲੁੱਟ ਗਯਾ।
ਮੁਝੇ ਰਾਹਜਨੋਂ ਸੇ ਗਿਲਾ ਨਹੀਂ,
ਤੇਰੀ ਰਹਿਬਰੀ ਕਾ ਸਵਾਲ ਹੈ।

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

‘ਕੇਅਰ ਇੰਕ’
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca


# ਪਿੰਡ ਚੱਕ ਭਾਈ ਕਾ 'ਚ ਰਾਤ ਨੂੰ ਫਿਰਦੀ ਮੰਦ-ਬੁੱਧੀ ਲੜਕੀ ਨੂੰ ਪੁਚਾਇਆ ਸਰਾਭਾ ਆਸ਼ਰਮ



ਪਿੰਡ ਦੀ ਸੜਕ ਤੇ ਬੈਠੀ ਸੁਸ਼ੀਲਾ



ਸਰਾਭਾ ਆਸ਼ਰਮ ਵਿੱਚ ਬੈਠੀ ਸੁਸ਼ੀਲਾ

ਓਪਰੀ ਨਜ਼ਰੇ ਵੇਖਿਆਂ ਭਾਵੇਂ ਇਹ ਆਮ ਜਿਹੀ ਗੱਲ ਲੱਗਦੀ ਹੈ ਪਰ ਸਮਾਜਕ ਕਾਰਕੁਨਾਂ ਲਈ ਅਜਿਹੀ ਘਟਨਾ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ ਜਦੋਂ ਕੋਈ ਅਗਿਆਤ ਲੜਕੀ ਰਾਤ ਨੂੰ ਸ਼ੱਕੀ ਨਜ਼ਰ ਵਿੱਚ ਇਕੱਲੀ ਫਿਰਦੀ ਨਜ਼ਰ ਪੈ ਜਾਵੇ। ਅਜਿਹੀ ਹੀ ਇੱਕ ਘਟਨਾ 15 ਮਈ ਦੀ ਰਾਤ ਨੂੰ ਰਾਇਕੋਟ ਤਹਿਸੀਲ ਦੇ ਪਿੰਡ ਚੱਕ ਭਾਈ ਕਾ ਵਿਖੇ ਵਾਪਰੀ ਜਦੋਂ ਪਿੰਡ ਦੇ ਕੁੱਝ ਵਿਅਕਤੀਆਂ ਨੇ ਇੱਕ ਮੰਦ-ਬੁੱਧੀ ਲੜਕੀ ਨੂੰ ਤਰਸਯੋਗ ਹਾਲਤ ਵਿੱਚ ਪਿੰਡ ਦੀ ਸੜਕ ਤੇ ਇਕੱਲੀ ਨੂੰ ਬੈਠਿਆਂ ਵੇਖਿਆ। ਉਹਨਾਂ ਨੇ ਪਿੰਡ ਦੀ ਸਰਪੰਚ ਬੀਬੀ ਚਰਨਜੀਤ ਕੌਰ, ਪੰਚ ਅਮਰਜੀਤ ਸਿੰਘ ਆਦਿ ਨਾਲ ਮਿਲਕੇ ਇਸ ਸਬੰਧੀ ਰਾਇਕੋਟ ਪੁਲਿਸ ਨੂੰ ਸੂਚਤ ਕੀਤਾ ।

ਉਸ ਰਾਤ ਇਸ ਲੜਕੀ ਨੂੰ ਪਿੰਡ ਦੇ ਗੁਰਦੁਵਾਰਾ ਸਾਹਿਬ ਵਿੱਚ ਰੱਖਿਆ ਗਿਆ। ਦੂਜੇ ਦਿਨ 16 ਮਈ ਨੂੰ ਰਾਇਕੋਟ ਪੁਲਿਸ ਦੀ ਸਲਾਹ ਤੇ ਚੱਕ ਭਾਈ ਕਾ ਪਿੰਡ ਦੇ ਰਿਸ਼ੀ ਸਿੰਘ, ਸੁਖਰਾਜ ਸਿੰਘ ਅਤੇ ਕੁੱਝ ਹੋਰ ਪਤਵੰਤੇ ਸੱਜਣ ਇਸ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਛੱਡ ਕੇ ਗਏ। ਇਸ ਲੜਕੀ ਨੇ ਆਪਣਾ ਨਾਉਂ ਸੁਸ਼ੀਲਾ ਦੱਸਿਆ ਹੈ, ਇਹ ਵੀ ਦੱਸਿਆ ਕਿ ਅਸੀਂ ਛੇ ਭੈਣਾਂ ਅਤੇ ਦੋ ਭਰਾ ਹਾਂ। ਪਰ ਇਹ ਨਹੀਂ ਦੱਸ ਸਕਦੀ ਕਿ ਮਾਤਾ-ਪਿਤਾ ਅਤੇ ਪਰਿਵਾਰ ਦੇ ਜੀਅ ਕਿੱਥੇ ਰਹਿੰਦੇ ਹਨ। ਆਸ਼ਰਮ ਵਿੱਚ ਇਸ ਦਾ ਇਲਾਜ ਦਿਆ ਨੰਦ ਹਸਪਤਾਲ ਲੁਧਿਆਣਾ ਦੇ ਮਸ਼ਹੂਰ ਰਿਟਾਇਡ ਸਾਇਕੈਟਰਿਸਟ ਡਾ. ਆਰ. ਐਲ ਨਾਰੰਗ ਵੱਲੋਂ ਕੀਤਾ ਜਾਵੇਗਾ।

ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਜੋਧਾਂ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਡੇਢ ਸੌ ਦੇ ਕਰੀਬ ਅਪਾਹਜ, ਨੇਤਰਹੀਣ, ਦਿਮਾਗੀ ਸੰਤੁਲਨ ਗੁਆ ਚੁੱਕੇ, ਅਧਰੰਗ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ. ਆਦਿ ਨਾਲ ਪੀੜਤ ਮਰੀਜ਼ ਰਹਿੰਦੇ ਹਨ। ਇਹ ਸਾਰੇ ਹੀ ਲਾਵਾਰਸ, ਬੇਘਰ ਅਤੇ ਬੇਸਹਾਰਾ ਹਨ। ਇਹਨਾਂ ਮਰੀਜ਼ਾਂ ਦੀ ਸੇਵਾ-ਸੰਭਾਲ ਮੁਫ਼ਤ ਕੀਤੀ ਜਾਂਦੀ ਹੈ। ਆਸ਼ਰਮ ਦਾ ਲੱਖਾਂ ਰੁਪਏ ਮਹੀਨੇ ਦਾ ਖ਼ਰਚਾ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਇੰਡੀਆ ਵਿੱਚ (ਮੋਬਾ); 95018-42506 ਅਤੇ ਕੈਨੇਡਾ ਵਿੱਚ 403-401-8787 ਤੇ ਸੰਪਰਕ ਕੀਤਾ ਜਾ ਸਕਦਾ ਹੈ।


We are Hiring Insurance Advisors

Join our fast growing team of Desjardins Financial Security to work with all major insurance & investment companies.

* You will get full commission. * We are Hiring Full Time or Part Time.
* New & Experienced Advisors.

We can help to get license. Call Harcharan Parhar @ 403-681-8689

Skyview BLINDS & SHADES
Quality Never Lies



For all your window and wall covering needs contact

(587) 496-9783 | (403) 714-0416
info@skyviewshades.ca | www.skyviewshades.ca
Unit# 129, 10985 38 St NE Calgary, AB, T3N1E7

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000

Bay 11 2316 27 Ave. NE, Calgary Ph. : 403-701-4947

# ਮੱਧ ਪੂਰਬ: ਕੀ ਲੋਕ ਆਪਣਾ ਧਰਮ ਛੱਡ ਰਹੇ ਹਨ ?

**ਗੁਰਮੇਲ ਸਿੰਘ**
98886 02191



ਅਧਿਕਾਰਤ ਤੌਰ ’ਤੇ ਅਰਬ ਦੇਸ਼ਾਂ ਦੀ ਵੱਡੀ ਗਿਣਤੀ ਵਸੋਂ ਮੁਸਲਿਮ ਹੈ। ਇਸ ਦਾ ਅਨੁਪਾਤ ਲਿਬਨਾਨ ਵਿੱਚ 60% ਤੋਂ ਲੈ ਕੇ ਜਾਰਡਨ ਜਾਂ ਸਾਊਦੀ ਅਰਬ ਵਿੱਚ ਲਗਭੱਗ 100% ਤੱਕ ਹੈ। ਕਿਉਂਕਿ ਇਨ੍ਹਾਂ ਦੇਸ਼ਾਂ ਦੀਆਂ ਧਾਰਮਿਕ ਸੰਸਥਾਵਾਂ ਸਰਕਾਰੀ ਸੰਸਥਾਵਾਂ ਦਾ ਰੋਲ ਵੀ ਨਿਭਾਉਂਦੀਆਂ ਹਨ, ਇਸ ਲਈ ਸਰਕਾਰਾਂ ਧਾਰਮਿਕ ਜ਼ਿੰਦਗੀ ਵਿੱਚ ਪ੍ਰਾਰਥਨਾਵਾਂ ਤੋਂ ਲੈ ਕੇ, ਮੀਡੀਆ ਜਾਂ ਸਕੂਲ ਸਿਲੇਬਸਾਂ ਨੂੰ ਕੰਟਰੋਲ ਕਰਨ ਤੱਕ ਮਹੱਤਵ ਪੂਰਨ ਰੋਲ ਨਿਭਾਉਂਦਿਆਂ ਹਨ। ਪ੍ਰੰਤੂ ਹੁਣੇ ਜਿਹੇ ਕੀਤੇ ਗਏ ਵਿਆਪਕ ਸਰਵਿਆਂ ਦੇ ਮੱਧ ਪੂਰਬ ਅਤੇ ਇਰਾਨ ਵਿੱਚ ਇਕੋ ਜਿਹੇ ਨਤੀਜੇ ਸਾਹਮਣੇ ਆਏ ਹਨ। ਉਹ ਸਾਰੇ ਧਰਮ ਨਿਰਪੱਖ ਸੋਚ ਵਿੱਚ ਵਾਧੇ ਅਤੇ ਧਾਰਮਿਕ ਸਿਆਸੀ ਸੰਸਥਾਵਾਂ ਵਿੱਚ ਸੁਧਾਰਾਂ ਦੀ ਵੱਧ ਰਹੀ ਮੰਗ ਵੱਲ ਇਸ਼ਾਰਾ ਕਰਦੇ ਹਨ।

**ਲਿਬਨਾਨ ਵਿੱਚ ਘੱਟ ਰਿਹਾ ਧਾਰਮਿਕ ਪ੍ਰਭਾਵ:** ਇਸ ਇਲਾਕੇ ਦੀਆਂ ਵੱਡੀਆਂ ਪੋਲ ਕਰਨ ਵਾਲੀਆਂ ਸੰਸਥਾਵਾਂ ਵਿਚੋਂ ਇਕ, ਪ੍ਰਿੰਸਟਨ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਮਿਸ਼ੀਗਨ ਦੇ ਨੈਟਵਰਕ ‘ਦਾ ਅਰਬ ਬੈਰੋਮੀਟਰ’ ਵਲੋਂ 25000 ਲੋਕਾਂ ਦੀ ਕੀਤੀ ਗਈ ਇੰਟਰਵਿਊ ਅਨੁਸਾਰ, “ਪਿਛਲੇ ਇਕ ਦਹਾਕੇ ਵਿੱਚ ਨਿੱਜੀ ਧਾਰਮਿਕ ਵਿਸ਼ਵਾਸ਼ ਲਗਭੱਗ 43% ਘੱਟ ਗਿਆ ਹੈ ਅਤੇ ਹੁਣ ਇਕ ਚੁਥਾਈ ਤੋਂ ਵੀ ਘੱਟ ਲੋਕ ਆਂਪਣੇ ਆਪ ਨੂੰ ਧਾਰਮਿਕ ਦਸਦੇ ਹਨ।” ਇਕ 27 ਸਾਲਾ ਲਿਬਨਾਨੀ ਔਰਤ ਵਲੋਂ ਮਾਪਿਆਂ ਅਤੇ ਸਮਾਜ ਦੇ ਡਰ ਕਾਰਨ ਆਪਣਾ ਨਾਮ ਗੁਪਤ ਰੱਖਦਿਆਂ, ਜਰਮਨ ਟੀ ਵੀ ਡੀ.ਡਬਲਿਊ. ਨਾਲ ਆਪਣਾ ਤਜੁਰਬਾ ਇਸ ਤਰ੍ਹਾਂ ਸਾਂਝ ਕੀਤਾ ਗਿਆ। “ਮੈਂ ਇਕ ਧਾਰਮਿਕ ਪਰਿਵਾਰ ਵਿੱਚ ਪੈਦਾ ਹੋਈ ਸੀ ਅਤੇ ਜਦੋਂ ਮੈਂ ਸਿਰਫ 12 ਸਾਲ ਦੀ ਹੋਈ ਸੀ ਤਾਂ ਮੇਰੇ ਮਾਪਿਆਂ ਨੇ ਮੈਨੂੰ ਬੁਰਕਾ ਪਾਉਣ ਲਈ ਮਜਬੂਰ ਕੀਤਾ ਅਤੇ ਮੈਨੂੰ ਲਗਾਤਾਰ ਧਮਕੀਆਂ ਦਿੰਦੇ ਰਹੇ ਕਿ ਅਗਰ ਮੈਂ ਬੁਰਕਾ ਉਤਾਰਿਆ ਤਾਂ ਮੈਂ ਨਰਕਾਂ ਵਿੱਚ ਸੜਾਂਗੀ। ਉਸ ਤੋਂ ਬਾਅਦ ਮੈਂ ਯੂਨੀਵਰਸਿਟੀ ਵਿੱਚ ਕੁੱਝ ਨਾਸਤਿਕ ਦੋਸਤਾਂ ਦੇ ਗਰੁੱਪ ਨੂੰ ਮਿਲੀ ਅਤੇ ਮੈਂ ਉਨ੍ਹਾਂ ਦੀ ਸੋਚ ਤੋਂ ਬਹੁਤ ਪ੍ਰਭਾਵਿਤ ਹੋਈ। ਇਸ ਲਈ ਮੈਂ ਇਕ ਦਿਨ ਯੂਨੀਵਰਸਿਟੀ ਜਾਣ ਵੇਲੇ ਬੁਰਕਾ ਉਤਾਰ ਦਿੱਤਾ ਅਤੇ ਘਰ ਛੱਡ ਦਿੱਤਾ। ਇਸ ਤੋਂ ਬਾਅਦ ਮੈਨੂੰ ਆਪਣੇ ਪਰਿਵਾਰ ਦਾ ਸਾਹਮਣਾ ਕਰਨਾ ਬਹੁਤ ਔਖਾ ਸੀ। ਮੈਨੂੰ ਦੁੱਖ ਵੀ ਸੀ ਕਿ ਮੈਂ ਆਪਣੇ ਮਾਪਿਆਂ ਦੇ ਨਾਂ ਨੂੰ ਵੱਟਾ ਲੁਆਇਆ ਸੀ।”

ਪਰ ਲਿਬਨਾਨ ਵਿੱਚ ਆਪਣੇ ਆਪ ਨੂੰ ਕਿਸੇ ਧਰਮ ਨਾਲ ਸਬੰਧਤ ਨਾ ਕਰਨਾ ਬਿਲਕੁਲ ਅਸੰਭਵ ਹੈ ਕਿਉਂਕਿ ਸਿਵਲ ਰਜਿਸਟਰੀ ਹਰ ਨਾਗਰਿਕ ਦੀ ਪਹਿਚਾਣ ਨੂੰ ਕਿਸੇ ਨਾ ਕਿਸੇ ਧਰਮ ਨਾਲ ਸਬੰਧਤ ਕਰਦੀ ਹੈ। ਜਿਹੜੀਆਂ 18 ਚੋਣਾਂ ਨਾਗਰਿਕਾਂ ਨੂੰ ਦਿੱਤੀਆਂ ਗਈਆਂ ਹਨ ਉਨ੍ਹਾਂ ਵਿਚ “ਗੈਰ ਧਾਰਮਿਕ” ਸ਼ਾਮਲ ਨਹੀਂ ਹੈ।

**ਇਰਾਨ ਵਿੱਚ ਬਦਲਾਅ ਬਾਰੇ ਖੋਜ :** ਹੁਣੇ ਜਿਹੇ ਹੀ “ਇਰਾਨ ਵਿੱਚ ਰਵੱਈਆ ਦੀ ਮਿਣਤੀ ਅਤੇ ਵਿਸ਼ਲੇਸ਼ਲਨ ਗਰੁੱਪ (Group for Analysing and Measuring Attitudes in Iran) (GAMAAN)” ਵਲੋਂ 40000 ਇਰਾਨੀਆਂ ਨਾਲ ਉਨ੍ਹਾਂ ਦੇ ਧਰਮ ਪ੍ਰਤੀ ਰਵੱਈਏ ਸਬੰਧੀ ਕੀਤੀਆਂ ਇੰਟਰਵਿਊਆਂ ਦੀ ਰਿਪੋਰਟ ਦਸਦੀ ਹੈ ਕਿ ਉਨ੍ਹਾਂ ਵਿਚੋਂ ਘੱਟੋ ਘੱਟ 47% ਨੇ ਆਪਣਾ ਰਵੱਈਆ ਧਾਰਮਿਕ ਤੋਂ ਗੈਰ ਧਾਰਮਿਕ ਵਿੱਚ ਬਦਲ ਲਿਆ ਹੈ। ਹਾਲੈਂਡ ਦੀ ਉਟਰੈਕਟ ਯੂਨੀਵਰਸਿਟੀ ਵਿੱਚ ਅਸਿਸਟੈਂਟ ਪ੍ਰੋਫੈਸਰ ਅਤੇ ਇਸ ਸਰਵੇ ਦੇ ਸਹਿ ਲੇਖਕ ਪੂਇਆਨ ਤਮੀਮੀ ਅਰਬ ਨੇ ਜਰਮਨ ਟੀ ਵੀ DWਨਾਲ ਇਸ ਬਦਲਾਅ ਅਤੇ ਲੋਕਾਂ ਦੀ ਧਾਰਮਿਕ ਸੋਚ ਦੇ ਬਦਲਾਅ ਬਾਰੇ ਗੱਲ ਕਰਦਿਆਂ ਕਿਹਾ “ਇਰਾਨੀ ਸਮਾਜ ਵਿੱਚ ਵੱਡੀਆਂ ਤਬਦੀਲੀਆਂ ਹੋਈਆਂ ਹਨ, ਜਿਵੇਂ ਸ਼ਾਖਰਤਾ ਦਾ ਰੇਟ ਬਹੁਤ ਉੱਚਾ ਹੋ ਗਿਆ ਅਤੇ ਬਹੁਤ ਜ਼ਿਆਦਾ ਸ਼ਹਿਰੀਕਰਨ ਹੋਣ ਕਰਕੇ ਬਹੁਤ ਆਰਥਿਕ ਬਦਲਾਅ ਹੋ ਗਏ ਹਨ, ਜਿਸ ਕਰਕੇ ਰਵਾਇਤੀ ਪਰਿਵਾਰਿਕ ਬਣਤਰਾਂ ਤੇ ਬਹੁਤ ਅਸਰ ਪੈ ਰਿਹਾ ਹੈ। ਇੰਟਰਨੈਟ ਦਾ ਪ੍ਰਵੇਸ਼ ਰੇਟ ਯੂਰਪੀਅਨ ਯੂਨੀਅਨ ਦਾ ਮੁਕਾਬਲਾ ਕਰ ਰਿਹਾ ਹੈ ਅਤੇ ਬੱਚੇ ਪੈਦਾ ਕਰਨ ਦਾ ਰੇਟ ਘੱਟ ਰਿਹਾ ਹੈ”

ਇਰਾਨ ਦੀ ਮਰਦਮ ਸ਼ੁਮਾਰੀ ਦੇ ਅਨੁਸਾਰ ਇਸ ਦੀ 99.5% ਵਸੋਂ ਸ਼ੀਆ ਮੁਸਲਮਾਨ ਹੈ ਪਰ GAMAAN ਦੇ ਸਰਵੇ ਅਨੁਸਾਰ ਇਸ ਵਿੱਚ ਸ਼ਾਮਲ 78% ਲੋਕ ਰੱਬ ਨੂੰ ਮੰਨਣ ਵਾਲੇ ਹਨ ਪਰ ਕੇਵਲ 32% ਨੇ ਆਪਣੇ ਆਪ ਨੂੰ ਸ਼ੀਆ ਫਿਰਕੇ ਨਾਲ ਸਬੰਧਤ ਦੱਸਿਆ। ਅੰਕੜੇ ਦਸਦੇ ਹਨ ਕਿ 9% ਨਾਸਤਿਕ, 8% ਜ਼ੋਰੋਐਸਟਰੀਅਨ ਧਰਮ ਮੰਨਣ ਵਾਲੇ, 7% ਅਧਿਆਤਮਵਾਦੀ, 6% ਸ਼ੰਕਾਵਾਦੀ ਅਤੇ 5% ਸੁੰਨੀ ਮੁਸਲਮਾਨ ਹਨ। ਕਰੀਬ 22% ਨੇ ਦੱਸਿਆ ਕਿ ਉਹ ਕਿਸੇ ਵੀ ਧਰਮ ਨਾਲ ਸਬੰਧਤ ਨਹੀਂ ਹਨ। ਪ੍ਰੋ: ਤਮੀਮੀ ਨੇ DW ਨੂੰ ਦੱਸਿਆ “ਅਸੀਂ ਧਰਮ ਨਿਰਪੱਖਤਾ ਅਤੇ ਧਾਰਮਿਕ ਵਿਸ਼ਵਾਸ਼ ਵਿੱਚ ਵੱਖਰੇਵੇਂ ਦੇ ਵਾਧੇ ਨੂੰ ਦੇਖਦੇ ਹਾਂ। ਇਸ ਨਜ਼ਰੀਏ ਦਾ ਫੈਸਲਾਕੁੰਨ ਕਾਰਕ ਇਹ ਹੈ ਕਿ ਧਰਮ ਦੇ ਸਟੇਟ ਵਿੱਚ ਬਹੁਤ ਜ਼ਿਆਦਾ ਦਖਲ ਕਰਕੇ ਲੋਕਾਂ ਦਾ ਸੰਸਥਾਗਤ ਧਰਮ ਪ੍ਰਤੀ ਰੋਸ ਅਤੇ ਇਸ ਤੋਂ ਬੇਮੁੱਖਤਾ ਵੱਧ ਰਹੀ ਹੈ ਭਾਵੇਂ ਵਸੋਂ ਦਾ ਬਹੁਤ ਵੱਡਾ ਹਿੱਸਾ ਹਾਲੇ ਵੀ ਰੱਬ ਨੂੰ ਮੰਨਣ ਵਾਲਾ ਹੈ।”

ਕੁਵੈਤ ਦੀ ਇਕ ਔਰਤ ਨੇ ਸੁਰੱਖਿਆ ਕਾਰਨਾਂ ਕਰਕੇ ਆਪਣਾ ਨਾਂ ਗੁਪਤ ਰੱਖਦੇ ਹੋਏ ਅਤੇ ਇਸਲਾਮ ਧਰਮ ਅਤੇ ਇਸਲਾਮਿਕ ਸਿਸਟਮ ਦੇ ਫਰਕ ਨੂੰ ਦਰਸਾਉਂਦੇ ਹੋਏ ਦੱਸਿਆ “ਜਦੋਂ ਮੈਂ ਜਵਾਨ ਹੋ ਰਹੀ ਸੀ ਤਾਂ ਮੈਨੂੰ ਸਰਕਾਰ ਵਲੋਂ ਉਸ ਦੇ ਕਾਨੂੰਨਾਂ ਦੇ ਕੁਰਾਨ ਵਿੱਚ ਹੋਣ ਵਾਰੇ ਦਾਅਵਿਆਂ ਦਾ ਕੋਈ ਸਬੂਤ ਨਜ਼ਰ ਨਹੀਂ ਆਇਆ।” ਉਹ 20 ਸਾਲ ਪਹਿਲਾਂ ਦੇ ਸਮੇਂ ਨੂੰ ਯਾਦ ਕਰਦੀ ਦਸਦੀ ਹੈ ਕਿ ਉਦੋਂ ਕਿਵੇਂ ਇਹੋ ਜਿਹੇ ਵਿਚਾਰਾਂ ਵਿਰੁੱਧ ਬਹੁਤ ਰੋਸ ਪ੍ਰਗਟ ਹੁੰਦਾ ਸੀ ਪਰ ਹੁਣ ਲੋਕਾਂ ਦੇ ਇਸਲਾਮ ਪ੍ਰਤੀ ਰਵੱਈਏ ਵਿੱਚ ਫਰਕ ਹਰ ਜਗ੍ਹਾ ਨਜ਼ਰ ਆ ਰਿਹਾ ਹੈ। ਉਹ ਕਹਿੰਦੀ ਹੈ “ਇਸਲਾਮ ਨੂੰ ਇਕ ਸਿਸਟਮ ਦੇ ਤੌਰ ’ਤੇ ਨਕਾਰਨ ਦਾ ਮਤਲਬ ਇਸਲਾਮ ਨੂੰ ਧਰਮ ਦੇ ਤੌਰ ’ਤੇ ਨਕਾਰਨਾ ਨਹੀਂ ਹੈ।”

**‘ਕਿਸੇ ਵੀ ਨੂੰ ਨਾ ਚੁਣਨ ਵਾਲਿਆਂ’ ਵਿੱਚ ਵਾਧਾ:-** ਯੂਨੀਵਰਸਿਟੀ ਆਫ ਮਿਸ਼ੀਗਨ ਦੇ ਰਾਜਨੀਤਕ ਵਿਗਿਆਨ ਦੇ ਪ੍ਰੋਫੈਸਰ ਅਤੇ “ਧਾਰਮਿਕਤਾ ਵਿੱਚ ਅਚਾਨਕ ਗਿਰਾਵਟ” ਕਿਤਾਬ ਦੇ ਲੇਖਕ ਰੋਨਾਲਡ ਇੰਗਲਹਾਰਟ ਵਲੋਂ 1981-2020 ਦੇ ਸਾਲਾਂ ਵਿੱਚ ਹੋਏ 100 ਤੋਂ ਵੀ ਜ਼ਿਆਦਾ ਦੇਸ਼ਾਂ ਦੇ ਸਰਵਿਆਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਨੋਟ ਕੀਤਾ ਕਿ ਧਰਮ ਨਿਰਪੱਖਤਾ ਵਿੱਚ ਹੋ ਰਿਹਾ ਤੇਜੀ ਨਾਲ ਵਾਧਾ ਮੱਧ ਪੂਰਬ ਦੇ ਕਿਸ ਇਕ ਦੇਸ਼ ਤੱਕ ਸੀਮਤ ਨਹੀਂ। “ਕਿਸੇ ਦੀ ਵੀ ਚੋਣ ਨਾ ਕਰਨ ਵਾਲਿਆਂ ਮਤਲਬ ਕਿ ਜੋ ਆਪਣੀ ਕਿਸੇ ਵੀ ਵਿਸ਼ੇਸ਼ ਧਾਰਮਿਕ ਵਿਸ਼ਵਾਸ਼ ਨਾਲ ਪਹਿਚਾਣ ਨਹੀਂ ਰੱਖਦੇ ਵਿੱਚ ਵਾਧਾ ਸਾਰੇ ਮੁਸਲਿਮ ਬਹੁ ਗਿਣਤੀ ਦੇਸ਼ਾਂ ਵਿੱਚ ਦੇਖਿਆ ਗਿਆ ਹੈ।” ਜਿਵੇਂ 2 ਇਸਲਾਮ ਨੂੰ ਧਰਮ ਦੇ ਤੌਰ ’ਤੇ ਅਤੇ ਸਿਸਟਮ ਦੇ ਤੌਰ ’ਤੇ ਵਖਰੇਵਾਂ ਕਰਨ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਉਵੇਂ 2 ਸਰਕਾਰੀ ਸੰਸਥਾਵਾਂ ਵਿੱਚ ਸੁਧਾਰਾਂ ਪ੍ਰਤੀ ਅਵਾਜ਼ਾਂ ਉੱਚੀਆਂ ਉੱਠ ਰਹੀਆਂ ਹਨ। ਜਿਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਕੁੱਝ ਦੇਸ਼ ਇਸਲਾਮਿਕ ਕੱਟੜਤਾ ਦਾ ਰਾਹ ਛੱਡ ਕੇ ਲਿਬਰਲ ਹੁੰਦੇ ਜਾ ਰਹੇ।












# ਸੰਗਰਾਮ ਅਤੇ ਸ਼ਾਇਰੀ ਦੀ ਜੁਗਲਬੰਦੀ ਦਾ ਸਾਥੀ: ਮਹਿੰਦਰ ਸਾਥੀ



**-ਅਮੋਲਕ ਸਿੰਘ**

ਗਰੀਬੀ ਦੀ ਭੱਠੀ ’ਚ ਭੁੱਜਦੀ ਮਾਂ ਹਰਨਾਮ ਕੌਰ ਦੇ ਹੌਕਿਆਂ ਦੀ ਲਾਟ ਵਿਚੋਂ ਜਨਮਿਆਂ ਮਹਿੰਦਰ ਸਾਥੀ, ਭਾਵੇਂ ਜਿਸਮਾਨੀ ਤੌਰ ’ਤੇ ਦਰਦ ਵਿਛੋੜਾ ਦੇ ਗਿਆ ਪਰ ਉਸਦੀ ਜਿਉਂਦੀ, ਜਾਗਦੀ ਅਤੇ ਜੂਝਦੀ ਸ਼ਾਇਰੀ, ਮਸ਼ਾਲਾਂ ਬਾਲ਼ਕੇ ਚੱਲਣ ਦਾ ਪੈਗ਼ਾਮ ਉਦੋਂ ਤੱਕ ਦਿੰਦੀ ਰਹੇਗੀ, ਜਦੋਂ ਤੱਕ ਰਾਤ ਬਾਕੀ ਹੈ।

ਮੋਗਾ ਜਿਲ੍ਹੇ ਦੇ ਪਿੰਡ ਕਾਲੇਕੇ ’ਚ 6 ਜੂਨ 1936 ਨੂੰ ਪੈਦਾ ਹੋਇਆ ਮਹਿੰਦਰ ਸਾਥੀ 16 ਮਈ 2021 ਨੂੰ ਨੂਰਪੁਰ ਬੇਦੀ (ਜਿਲ੍ਹਾ ਰੋਪੜ) ਦੇ ਗੁਰਦੇਵ ਹਸਪਤਾਲ ’ਚ ਜ਼ਿੰਦਗੀ ਮੌਤ ਦੀ ਜੱਦੋ ਜਹਿਦ ਕਰਦਾ ਸ਼ਾਇਰਾਂ ਅਤੇ ਸੰਗਰਾਮੀ ਕਾਫ਼ਲਿਆਂ ਨੂੰ ਅਲਵਿਦਾ ਕਹਿ ਗਿਆ। ਅਗਲੇ ਦਿਨ ਕੀਰਤਪੁਰ ਵਿਖੇ ਹੀ ਉਹਨਾਂ ਦਾ ਅੰਤਿਮ ਸੰਸਕਾਰ ਹੋਇਆ ਅਤੇ ਅਸਤ ਜਲ ਪ੍ਰਵਾਹ ਕੀਤੇ ਗਏ।

ਕਿੱਥੇ ਜੰਮੇ ਦੀ ਕਿੱਥੋਂ ਅੰਤਿਮ ਵਿਦਾਇਗੀ ਹੋਈ। ਇਹ ਘਟਨਾਕ੍ਰਮ ਬੇਹੱਦ ਮਾਣ-ਮੱਤੀ ਦਾਸਤਾਂ ਆਪਣੀ ਬੁੱਕਲ ’ਚ ਸੰਭਾਲੀ ਬੈਠਾ ਹੈ। ਤੁਰ ਜਾਣ ਤੋਂ ਕੁੱਝ ਦਿਨ ਪਹਿਲਾਂ ਮਹਿੰਦਰ ਸਾਥੀ ਇਕੱਲਤਾ ਦੀ ਪੀੜ ਦੇ ਪਰਾਗੇ ਭੁੰਨਦਾ ਆਪਣੇ ਪਿਆਰੇ ਸੰਦੀਪ ਦਾਖ਼ਾ ਨਾਲ ਇਹ ਗ਼ਮਗੀਨ ਪਲ ਸਾਂਝੇ ਕਰਦਾ ਹੈ। ਇਹ ਬੋਲ ਕੰਨੀ ਪੈਂਦਿਆਂ ਹੀ ਡਾ. ਸੰਦੀਪ ਦਾਖਾ ਉਸਨੂੰ ਆਪਣੇ ਘਰ ਕੀਰਤਪੁਰ ਲੈ ਆਉਂਦਾ ਹੈ।

ਮੋਗੇ ਤੋਂ ਕੀਰਤਪੁਰ ਤੱਕ ਦੇ ਰਸਤੇ ਵਿੱਚ ਵੀ ਬੇਚੈਨੀ ਨਾਲ ਜੂਝਦੇ ਮਹਿੰਦਰ ਸਾਥੀ ਨੂੰ ਰਸਤੇ ’ਚ ਮੁੱਢਲੀ ਦਵਾ-ਬੂਟੀ ਕਰਦਿਆਂ ਉਹ ਆਪਣੇ ਕੀਰਤਪੁਰ ਕਲੀਨਿਕ ਵਿੱਚ ਆਕਸੀਜਨ ਲਗਾਉਂਦਾ ਹੈ। ਸਿਹਤ ਦੀ ਨਾਜ਼ੁਕ ਹਾਲਤ ਨੂੰ ਤੁਰੰਤ ਮਹਿਸੂਸ ਕਰਦਿਆਂ ਉਹ ਸਾਥੀ ਨੂੰ ਨੂਰਪੁਰ ਬੇਦੀ ਵਿਖੇ ਗੁਰਦੇਵ ਹਸਪਤਾਲ ਵਿੱਚ ਦਾਖਲ ਕਰਵਾ ਦਿੰਦਾ ਹੈ।

ਜੰਗਲ ਦੀ ਅੱਗ ਵਾਂਗ ਫੈਲੀ ਇਹ ਖ਼ਬਰ ਸੁਣਦਿਆਂ ਹੀ ਸਾਥੀ ਦੇ ਸਾਥੀ ਹਰ ਸੰਭਵ ਮੱਦਦ ਲਈ ਜੁਟ ਗਏ। ਵਿਚਾਰਾਂ ਦੇ ਰਿਸ਼ਤੇ ਨੇ ਆਪਣਾ ਗੌਰਵਮਈ ਰੰਗ ਵਿਖਾਇਆ। ਕਰੋਨਾ ਦੇ ਦੌਰ ਅੰਦਰ ਜਦੋਂ ਹਾਕਮਾਂ ਦੇ ਪ੍ਰਬੰਧ ਦਾ ਨੰਗ ਜਾਹਰ ਹੋਇਆ ਪਿਆ ਹੈ। ਜਦੋਂ ਦਹਿਸ਼ਤ ਅਤੇ ਦੂਰੀ ਬਣਾ ਕੇ ਰੱਖਣ, ਘਰਾਂ ਅੰਦਰ ਕੈਦ ਹੋਣ ਲਈ ਦਹਿਸ਼ਤਜ਼ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਇਸਨੂੰ ਲੰਗਾਰ ਕਰਦਿਆਂ ਡਾ. ਸੰਦੀਪ ਨੇ ਸਾਥੀ ਦੇ ਇਲਾਜ਼ ਲਈ, ਖੜ੍ਹੀ ਲੱਤ ਦਿਨ ਰਾਤ ਇੱਕ ਕਰ ਦਿੱਤਾ। ਹਸਪਤਾਲ ਦਾਖ਼ਲੇ ਦਾ ਅੱਧੀ ਰਾਤੀਂ ਪਤਾ ਲੱਗਣ ’ਤੇ ਸਵੇਰ ਹੁੰਦਿਆਂ ਜਦੋਂ ਅਸੀਂ ਹਸਪਤਾਲ ਗਏ ਤਾਂ ਮਹਿੰਦਰ ਸਾਥੀ ਆਈ.ਸੀ.ਯੂ. ’ਚ ਵੈਂਟੀਲੇਟਰ ’ਤੇ ਸੀ। ਜਦੋਂ ਮੈਂ ਆਪਣੀ ਪਹਿਚਾਣ ਦਿੰਦਿਆਂ ਆਵਾਜ਼ ਮਾਰੀ ਤਾਂ ਸਾਥੀ ਨੇ, ਹਵਾ ’ਚ ਲਹਿਰਾਉਂਦੇ ਤਣੇ ਮੁੱਕੇ ਨਾਲ ਸਿਦਕਦਿਲੀ ਭਰਿਆ ਚਿੰਨਾਤਮਕ ਹੁੰਗਾਰਾ ਭਰਿਆ। ਲਾਕ ਡਾਊਨ ਕਾਰਨ ਨੂਰਪੁਰ ਬੇਦੀ ਤੋਂ ਨਾ ਮਿਲਣ ਕਰਕੇ ਡਾ. ਸੰਦੀਪ ਦਾਖਾ ਕੀਰਤਪੁਰ ਤੋਂ ਫਰੂਟੀਆਂ ਦਾ ਬੈਗ ਭਰਕੇ ਲਿਆਇਆ। ਸੰਦੀਪ ਨੇ ਸਾਥੀ ਦੀ ਕਲਮ ਤੋਂ ਲਿਖੇ ਅੰਤਿਮ ਸ਼ਬਦ “ਮੈਂ ਫਰੂਟੀ ਪੀ ਲਈ ਹੈ” ਸੰਭਾਲ ਰੱਖੇ ਹਨ।

ਮੋਗਾ ਜਿਲ੍ਹੇ ਦੇ ਪਿੰਡ ਕਾਲੇਕੇ ਦੀ ਮਿੱਟੀ ’ਚੋਂ ਉੱਠੇ ਮਹਿੰਦਰ ਸਾਥੀ ਦਾ ਪਿਤਾ ਦੂਜੀ ਵਿਸ਼ਵ ਜੰਗ ਸਮੇਂ ਮਲਾਇਆ ’ਚ ਜਾਪਾਨੀ ਫੌਜ ਦੇ ਹੱਥ ਆ ਗਿਆ ਸੀ। ਜਦੋਂ ਉਹ ਵਾਪਸ ਪਰਤਿਆ ਤਾਂ ਅਣਸੁਖਾਵੇਂ ਹਾਲਾਤ ਕਾਰਨ ਪਰਿਵਾਰ ਮੋਗੇ ਰਹਿਣ ਲੱਗ ਪਿਆ। ਮਹਿੰਦਰ ਸਾਥੀ, ਖਾਲਸਾ ਸਕੂਲ ’ਚ ਪੜ੍ਹਦਿਆਂ ਸਰਦਾਰ ਮੁਹੰਮਦ ਹਮਜਮਾਤੀ ਦਾ ਜਿਗਰੀ ਦੋਸਤ ਬਣ ਗਿਆ। ਇੱਕ ਮਾਂ ਦੇ ਦਿਲ ਦੇ ਜਦੋਂ ਹਾਕਮਾਂ ਨੇ ਦੋ ਟੋਟੇ ਕਰ ਦਿੱਤੇ ਤਾਂ ਸਰਦਾਰ ਮੁਹੰਮਦ ਨੂੰ ਕਾਲ਼ੀ ਹਨੇਰੀ ਪਾਕਿਸਤਾਨ ਉਡਾ ਕੇ ਲੈ ਗਈ। ਸਾਥੀ ਦੇ ਕਾਲ਼ਜੇ ਰੁੱਗ ਭਰਿਆ ਗਿਆ। ਸਰਦਾਰ ਮੁਹੰਮਦ ਦੀ ਸਲੇਟ, ਮਹਿੰਦਰ ਸਾਥੀ ਕੋਲ ਰਹਿ ਗਈ। ਸਾਥੀ ਨੇ ਉਹ ਸਲੇਟ ਆਪਣੀ ਹਿੱਕ ਨਾਲ ਲਗਾ ਕੇ ਰੱਖੀ। ਉਹਨੂੰ ਪੱਕਾ ਭਰੋਸਾ ਸੀ ਕਿ ਦੇਰ ਸਵੇਰ ਮੇਰਾ ਮੁਹੰਮਦ ਪਰਤ ਆਏਗਾ। ਮਹਿੰਦਰ ਉਦਾਸੀ ਦੇ ਆਲਮ ’ਚ ਖੋਇਆ ਰਹਿਣ ਲੱਗਾ। ਉਹ ਸੋਚਦਾ ਰਹਿੰਦਾ ਪੰਛੀ ਵੀ ਘਰ ਨੇ ਪਰਤਦੇ ਪਰ ਮੇਰਾ ਯਾਰ ਕਿਉਂ ਨਹੀਂ ਆਇਆ?

ਘਰ ਨੂੰ ਆਰਥਕ ਤੰਗੀਆਂ ਨੇ ਹੋਰ ਵੀ ਡੂੰਘੀ ਦਲਦਲ ਵਿੱਚ ਗੱਡ ਦਿੱਤਾ। ਮਹਿੰਦਰ ਟਰੱਕਾਂ ਦੀ ਵਰਕਸ਼ਾਪ ’ਤੇ ਰੋਟੀ ਰੋਜ਼ੀ ਦਾ ਜੁਗਾੜ ਕਰਨ ਲੱਗਾ। ਫਿਰ ਉਹ ਜੈ ਭਾਰਤ ਸਟੀਲ ਮਿੱਲ ਵਿੱਚ ਕੰਮ ਕਰਨ ਲੱਗਾ। ਮਜ਼ਦੂਰਾਂ ਵਾਸਤੇ ਬੋਨਸ ਦੀ ਮੰਗ ਲਈ ਇਥੇ ਜੇਤੂ ਸੰਘਰਸ਼ ਲੜਿਆ। ਉਸਨੇ ਨਿਊ ਭਾਰਤ ਇੰਡਸਟਰੀ ਵਿੱਚ ਵੀ ਕੰਮ ਕੀਤਾ।

ਜਦੋਂ ਪੱਛਮੀ ਬੰਗਾਲ ਦੇ ਨਕਸਲਬਾੜੀ ਖੇਤਰ ਵਿੱਚ ਕਿਸਾਨ ਬਗ਼ਾਵਤ ਉੱਠੀ ਤਾਂ ਪੰਜਾਬ ਦੀ ਜੁਆਨੀ ਸੰਗ, ਮਹਿੰਦਰ ਸਾਥੀ ਵੀ ਇਸ ਲਹਿਰ ਤੋਂ ਪ੍ਰਭਾਵਿਤ ਹੋਇਆ। ਮਾਰਕਸੀ ਦਰਸ਼ਨ ਦਾ ਅਧਿਐਨ ਕਰਨ ਲੱਗਾ। ਸਾਹਿਤਕ ਮੱਸ ਲੱਗੀ। ਝੂਠੇ ਪੁਲਸ ਮੁਕਾਬਲੇ ’ਚ ਮਾਰੇ ਗਏ ਉਸਦੇ ਦੋਸਤ ਬੰਤ ਰਾਜੇਆਣਾ ਦੀ ਮੌਤ ਉਸਦੇ ਮਨ ’ਤੇ ਗਹਿਰੇ ਸੱਲ ਕਰ ਗਈ। ਮਹਿੰਦਰ ਸਾਥੀ ਉਪਰ ਵੀ ਬੇਤਹਾਸ਼ਾ ਤਸ਼ੱਦਦ ਹੋਇਆ। ਡਰ ਅਤੇ ਲਾਲਚ ਦੇ ਸਾਰੇ ਹੱਥ ਕੰਡੇ ਅਪਣਾਏ ਗਏ ਪਰ ਮਹਿੰਦਰ ਸਾਥੀ ਅਗਨ-ਪ੍ਰੀਖਿਆ ਵਿਚੋਂ ਪਾਸ ਹੋ ਕੇ ਨਿਕਲਿਆ।

ਮਹਿੰਦਰ ਸਾਥੀ ਪੰਜਾਬੀ ਸਾਹਿਤ ਦੀ ਝੋਲੀ ਆਪਣੀਆਂ ਚਾਰ ਮੌਲਿਕ ਪੁਸਤਕਾਂ ‘ਜਲਾਵਤਨ ਰੁੱਤ ਪਰਤੇਗੀ’, ‘ਜਦੋਂ ਤੱਕ ਰਾਤ ਬਾਕੀ ਹੈ’, ‘ਪਤਝੜ ਸਦਾ ਨਾ ਰਹਿਣੀ’ ਅਤੇ ‘ਦੀਪ ਦਰਪਣ’ ਪਾ ਕੇ ਵਿਦਾ ਹੋਇਆ ਹੈ। ਉਹਨਾਂ ਦੀ ਪੰਜਵੀਂ ਪੁਸਤਕ ਦੀ ਪ੍ਰਕਾਸ਼ਨਾ ਵਿਚਾਰ ਅਧੀਨ ਸੀ ਪਰ ਇਸ ਕਾਰਜ ਨੂੰ ਅਧਵਟੇ ਛੱਡਕੇ ਹੀ ਸਾਥੀ ਤੁਰ ਗਿਆ।



ਮੋਗੇ ਦੀ ਪੱਟੀ ਵਾਲੀ ਗਲੀ ਉਦਾਸ ਹੈ। ਉਹ ਕਿਹੜਾ ਸ਼ਾਇਰ ਹੈ, ਜਿਸਨੇ ਮਹਿੰਦਰ ਸਾਥੀ ਦਾ ਸੰਗ ਸਾਥ ਨਾ ਮਾਣਿਆਂ ਹੋਵੇ। ਗ਼ਜ਼ਲ ਦੇ ਸਮਰੱਥ ਅਤੇ ਪ੍ਰਤੀਬੱਧਤ ਇਸ ਬਾਬਾ ਬੋਹੜ ਦੀ ਛਾਵੇਂ ਕਿੰਨੀਆਂ ਹੀ ਪੁੰਗਰਦੀਆਂ ਕਲਮਾਂ ਨੇ ਆਪਣੇ ਲੁੱਟੇ ਪੁੱਟੇ ਜਾਂਦੇ ਲੋਕਾਂ ਦੀ ਪੀੜ ਦੀ ਬਾਂਹ ਫੜਦੀਆਂ ਰਚਨਾਵਾਂ ਦੀ ਸਿਰਜਣਾ ਕੀਤੀ ਹੈ।

ਦਲਿਤਾਂ ਤੇ ਜਬਰ ਵਿਰੋਧੀ ਲਹਿਰ ਹੋਵੇ, ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੀਆਂ ਸਰਗਰਮੀਆਂ ਦਾ ਦੌਰ ਹੋਵੇ। ਐਮਰਜੈਂਸੀ ਦਾ ਸੇਕ ਜੇਲ੍ਹ ਦੀਆਂ ਦੀਵਾਰਾਂ ਅੰਦਰ ਝੱਲਣ ਵਾਲਾ ਮਹਿੰਦਰ ਸਾਥੀ, ਕਲਮਾਂ ਦੇ ਕਾਫ਼ਲੇ ਦੀ ਪ੍ਰਤੀਬੱਧਤ ਲਹਿਰ ਦੇ ਨਾਲ-ਨਾਲ ਲੋਕਾਂ ਦੇ ਹੱਕੀ ਮਸਲਿਆਂ, ਜਮਹੂਰੀ ਅਧਿਕਾਰਾਂ, ਤਰਕਸ਼ੀਲ ਲਹਿਰ, ਸਾਹਿਤਕ ਸਭਿਆਚਾਰਕ ਮੇਲਿਆਂ ਵਿੱਚ ਆਪਣੀ ਠੁੱਕਦਾਰ ਸ਼ਾਇਰੀ ਸਮੇਤ ਉਸ ਤਣੇ ਮੁੱਕੇ ਨਾਲ ਹੀ ਹਾਜ਼ਰ ਹੁੰਦਾ ਜੋ ਮੁੱਕਾ ਉਸਨੇ ਜਿਸਮਾਨੀ ਵਿਦਾਇਗੀ ਸਮੇਂ ਤਣਕੇ ਸੁਨੇਹਾ ਦਿੱਤਾ ਕਿ ਮੈਂ ਆਪਣੀਆਂ ਨਜ਼ਮਾਂ ਦੇ ਰੂਪ ਵਿੱਚ ਸਦਾ ਤੁਹਾਡੇ ਅੰਗ ਸੰਗ ਰਹਾਂਗਾ।

ਮਹਿੰਦਰ ਸਾਥੀ ਦੀਆਂ ਕਵਿਤਾਵਾਂ ’ਚ ਸੁਹਜਤਾ, ਕੋਮਲਤਾ, ਕਲਾਤਮਕਤਾ ਅਤੇ ਵਿਦਰੋਹ ਦੇ ਰੰਗ ਡੁੱਲ੍ਹ ਡੁੱਲ੍ਹ ਪੈਂਦੇ ਹਨ। ਉਸਦੇ ਜੀਵਨ ਸਫ਼ਰ ਨੇ ਜੋ ਸਾਹਿਤ ਅਤੇ ਲੋਕ-ਸੰਘਰਸ਼ ਦੀ ਜੁਗਲਬੰਦੀ ਦਾ ਸ਼ਾਨਾਮੱਤਾ ਇਤਿਹਾਸ ਸਿਰਜਿਆ ਉਸ ’ਤੇ ਭਵਿੱਖ ਸਦਾ ਨਾਜ਼ ਕਰਦਾ ਰਹੇਗਾ। ਮਹਿੰਦਰ ਸਾਥੀ ਦੀ ਕਲਮ ਅਥਾਹ ਵਿਸ਼ਵਾਸ਼ ਸਿਰਜਦੀ ਹੈ ਕਿ:

ਪਤਝੜ ਸਦਾ ਨਾ ਰਹਿਣੀ,
ਆਉਣੀ ਬਹਾਰ ਆਖ਼ਿਰ
ਜੀਵਨ ਤੋਂ ਮੌਤ ਖਾਂਦੀ,
ਆਏ ਹੈ ਹਾਰ ਆਖ਼ਿਰ

ਮਹਿੰਦਰ ਸਾਥੀ ਨੇ ‘ਬਚ ਗਏ ਤਾਂ’ ਅਤੇ ‘ਗਾਇਬ ਵੈਰੀ’ ਦੋ ਨਜ਼ਮਾਂ ‘ਕਿੱਥੇ ਹੈ ਰਾਤ ਦਾ ਚੰਨ’ ਪੁਸਤਕ ਵਿੱਚ ਸ਼ਾਮਲ ਕਰਕੇ ਕਰੋਨਾ ਦੇ ਓਹਲੇ ਨੀਤੀਆਂ ਘੜਦੇ ਹਾਕਮਾਂ ਦਾ ਘੁੰਡ ਚੁੱਕਿਆ। ਆਖਰੀ ਪਲਾਂ ਉਪਰੰਤ ਸਾਥੀ ਨੂੰ ਭਾਵੇਂ ਕਰੋਨਾ ਦਾ ਮਰੀਜ਼ ਦੱਸਿਆ ਗਿਆ ਪਰ ਉਸਦੀ ਕਲਮ ਜਾਣਦੀ ਸੀ ਕਿ ਜਿਸ ਪ੍ਰਬੰਧ ਵਿੱਚ ਅਸੀਂ ਜੀਅ ਰਹੇ ਹਾਂ ਇਹ ਆਪਣੇ ਆਪ ’ਚ ਹੀ ਕਰੋਨਾ ਹੈ।

ਸੰਪਰਕ: 98778 68710




*ਸ਼ਹੀਦ ਕਰਤਾਰ ਸਿੰਘ ਸਰਾਭਾ ਜਨਮ ਦਿਹਾੜੇ 'ਤੇ ਵਿਸ਼ੇਸ਼*

# ਸਮੇਂ ਨੂੰ ਸਰਾਭਿਆਂ ਦੀ ਲੋੜ

**-ਅਮੋਲਕ ਸਿੰਘ**

24 ਮਈ 1896 ਨੂੰ ਪਿੰਡ ਸਰਾਭਾ (ਲੁਧਿਆਣਾ) ਵਿਖੇ ਜਨਮੇ ਅਤੇ 16 ਨਵੰਬਰ 1915 ਨੂੰ ਆਪਣੇ ਸੰਗੀ ਸਾਥੀਆਂ ਨਾਲ ਲਾਹੌਰ ਕੇਂਦਰੀ ਜੇਲ੍ਹ ਵਿੱਚ ਸਹੀਦੀ ਜਾਮ ਪੀਣ ਵਾਲੇ ਕਰਤਾਰ ਸਿੰਘ ਸਰਾਭਾ ਦੇ ਜੀਵਨ ਸੰਗਰਾਮ ਨਾਲ ਜੁੜਿਆ ਦਿਹਾੜਾ, ਆਮ ਦਿਹਾੜਾ ਨਹੀਂ। ਕਰਤਾਰ ਸਿੰਘ ਸਰਾਭਾ ਦਾ 24 ਨੂੰ ਜਨਮ ਦਿਹਾੜਾ ਸਾਡੇ ਕੋਲੋਂ ਕੁਝ ਆਸ ਕਰਦਾ ਹੈ।

ਇਸ ਤਰ੍ਹਾਂ ਹੀ ਸਰਾਭਾ ਸਮੇਤ ਸੱਤ ਦੇਸ਼ ਭਗਤਾਂ ਨੂੰ ਇੱਕੋ ਵੇਲੇ ਇਕੋ ਰੱਸੇ ਨਾਲ ਫਾਂਸੀ ਲਾਏ ਜਾਣ ਦਾ ਦਿਹਾੜਾ ਵੀ ਹੈ। ਇਹ ਦਿਹਾੜੇ, ਕਾਲੇ ਸਮਿਆਂ ਅੰਦਰ ਰੌਸ਼ਨ ਮਿਨਾਰ ਨੇ। ਖ਼ਾਸਕਾਰ ਖ਼ੁਦਕੁਸ਼ੀਆਂ ਦੇ ਕੁਲਹਿਣੇ ਹੱਲੇ ਦੀ ਮਾਰ ਹੇਠ ਆਏ ਅਤੇ ਨਸ਼ਿਆਂ ਦੇ ਸਾਗਰ ਵਿੱਚ ਗੋਤੇ ਖਾ ਰਹੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦੀਆਂ ਪਲਕਾਂ ਅੱਗੇ ਨਵੇਂ ਇਤਿਹਾਸ, ਨਵੇਂ ਜੀਵਨ ਦੇ ਸਿਲੇਬਸ ਦਾ ਨਵਾਂ-ਨਕੋਰ ਵਰਕਾ ਖੋਲ੍ਹਣ, ਪੜ੍ਹਨ ਅਤੇ ਅਧਿਐਨ ਕਰਨ ਦਾ ਦਿਹਾੜਾ ਹੈ। ਉਦਾਸੀ, ਦਿਸ਼ਾਹੀਣਤਾ, ਬੇਗਾਨਗੀ, ਬੇਕਾਰੀ, ਨਿਰਾਸਤਾ ਦੇ ਘੁੱਪ ਹਨੇਰੇ 'ਚੋਂ ਪਾਰ ਜਾ ਕੇ ਸੂਰਜਾਂ ਦੇ ਹਮਸਫ਼ਰ ਬਣਨ ਦੀ ਲਟ-ਲਟ ਬਲਦੀ ਪ੍ਰੇਰਨਾ ਦਾ ਦਿਹਾੜਾ ਹੈ। ਵਿੱਦਿਆ ਦੇ ਨਿੱਜੀਕਰਨ, ਵਪਾਰੀਕਰਨ ਅਤੇ ਨੌਜਵਾਨਾਂ ਨੂੰ ਮਸ਼ੀਨਾਂ ਬਣਾ ਕੇ ਮੁਨਾਫ਼ੇ ਦੀ ਮੰਡੀ ਵਿੱਚ ਵਿਕਣ ਵਾਲੀ ਸ਼ੈਅ ਬਣਾਏ ਜਾਣ ਦੇ ਦੌਰ ਨੂੰ ਪਿਛਾੜਨ ਲਈ ਵੰਗਾਰਮਈ ਦਿਹਾੜਾ ਹੈ।

ਵਿਸ਼ੇਸ਼ ਕਰਕੇ ਜਦੋਂ ਦਿੱਲੀ ਦੀਆਂ ਹੱਦਾਂ, ਮੁਲਕ ਅਤੇ ਸਾਡੇ ਸੂਬੇ ਅੰਦਰ ਸੱਤ ਮਹੀਨਿਆਂ ਤੋਂ ਕਾਲ੍ਹੇ ਖੇਤੀ ਅਤੇ ਕਿਰਤ ਕਾਨੂੰਨਾਂ ਖਿਲਾਫ ਇਤਿਹਾਸਕ ਸੰਘਰਸ ਚੱਲ ਰਿਹਾ ਹੈ। ਇਸ ਸੰਘਰਸ ਵਿੱਚ ਜੁਆਨੀ ਦਾ ਧੜੱਲੇ ਨਾਲ ਕੁੱਦਣਾ ਸਮੇਂ ਦੀ ਲੋੜ ਹੈ। ਇਸਤੋਂ ਵੀ ਵਧਕੇ ਸੂਝ ਬੂਝ, ਦੂਰ ਦ੍ਰਿਸਟੀ, ਲੰਮੇ ਦਮ ਅਤੇ ਹਰ ਕੁਰਬਾਨੀ ਦੀ ਭਾਵਨਾ ਨਾਲ ਜੁੜਨ ਦੀ ਲੋੜ ਹੈ।

ਸਾਥੀ ਸਰਾਭਾ ਜਿਸ ਗਦਰ ਪਾਰਟੀ ਦਾ ਚਮਕਦਾ ਸੂਹਾ ਸਿਤਾਰਾ ਬਣਿਆਂ ਉਸ ਪਾਰਟੀ ਨੇ ਮਿਸਾਲੀ ਕਦਰਾਂ-ਕੀਮਤਾਂ ਦਾ ਪਰਚਮ ਬੁਲੰਦ ਕੀਤਾ ਹੈ।

ਸਾਮਰਾਜੀ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਤੋਂ ਮੁਕਤ, ਧਰਮ-ਨਿਰਪੱਖ, ਜਾਤ ਪਾਤ ਦੇ ਕੋਹੜ ਤੋਂ ਮੁਕਤ, ਬਰਾਬਰੀ, ਜਮਹੂਰੀਅਤ ਅਤੇ ਨਿਆਂ ਤੇ ਉਸਰੇ ਭਾਰਤੀ ਸਮਾਜ ਦੀ ਸਿਰਜਣਾ ਕਰਤਾਰ ਸਿੰਘ ਸਰਾਭਾ ਅਤੇ ਗਦਰ ਪਾਰਟੀ ਦੇ ਸੰਗਰਾਮੀਆਂ ਦਾ ਨਿਸਾਨਾ ਸੀ।

ਅੱਜ ਜਦੋਂ ਕਰੋਨਾ ਦੀ ਮਹਾਂਮਾਰੀ ਵਿਚ ਮੁਲਕ ਨੂੰ ਕਾਰਪੋਰੇਟਾਂ, ਬਲੈਕੀਆਂ, ਲੁਟੇਰਿਆਂ ਅਤੇ ਮੌਤ ਦੇ ਪੰਜਿਆਂ ਵਿਚ ਧੱਕ ਦਿੱਤਾ ਹੈ ਅਜਿਹੇ ਮੌਕੇ ਸਮੇਂ ਨੂੰ ਅਨੇਕਾਂ ਸਰਾਭਿਆਂ ਦੀ ਲੋੜ ਹੈ।

ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ (ਮਹਾਂਰਾਸ਼ਟਰ), ਜਗਤ ਸਿੰਘ ਸੁਰਸਿੰਘ (ਅੰਮ੍ਰਿਤਸਰ), ਹਰਨਾਮ ਸਿੰਘ (ਸਿਆਲਕੋਟੀ), ਬਖਸ਼ੀਸ਼ ਸਿੰਘ ਗਿੱਲਵਾਲੀ (ਅੰਮ੍ਰਿਤਸਰ), ਸੁਰੈਣ ਸਿੰਘ ਪੁੱਤਰ ਬੂੜ ਸਿੰਘ ਤੇ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਦੋਵੇਂ ਪਿੰਡ ਗਿੱਲਵਾਲੀ (ਅੰਮ੍ਰਿਤਸਰ) ਨੂੰ ਲਾਹੌਰ ਕੇਂਦਰੀ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ।



ਕੀ ਸਿਰਫ ਰਵਾਇਤੀ ਜਨਮ ਦਿਹਾੜਾ ਮਨਾਉਂਦੇ ਆਪਣਾ ਨੈਤਿਕ ਫਰਜ ਅਦਾ ਕੀਤਾ ਜਾ ਸਕਦਾ ਹੈ? ਨਹੀਂ ਲੋੜਾਂ ਦੀ ਲੋੜ ਇਹ ਹੈ ਕਿ ਉਹਨਾਂ ਦੇ ਰਾਹ ਦਾ ਅਧਿਐਨ ਕਰੀਏ। ਨਵੇਂ ਰਾਹਾਂ ਦੀ ਤਲਾਸ ਕਰੀਏ।

ਇਤਿਹਾਸ ਬੋਲਦਾ ਹੈ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ ਨੂੰ ਬਾਲ ਜਰਨੈਲ ਕਿਹਾ ਕਰਦੇ ਸਨ। ਬਾਬਾ ਗੁਰਮੁਖ ਸਿੰਘ ਲਲਤੋਂ, ਹਰਨਾਮ ਸਿੰਘ ਟੁੰਡੀਲਾਟ, ਕੇਸਰ ਸਿੰਘ ਠੱਠਗੜ੍ਹ, ਲਾਲਾ ਹਰਦਿਆਲ ਵਰਗੇ ਸਰਾਭਾ ਦੀ ਨਿੱਕੀ ਉਮਰੇ ਉਚੇਰੀ ਅਤੇ ਲੰਮੇਰੀ ਇਨਕਲਾਬੀ ਪਰਵਾਜ਼ ਤੋਂ ਬੇਹੱਦ ਪ੍ਰਭਾਵਿਤ ਸਨ।

ਸ਼ਹੀਦ ਭਗਤ ਸਿੰਘ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਗੁਰੂ, ਭਰਾ ਅਤੇ ਸਾਥੀ ਦਸਿਆ ਕਰਦਾ ਸੀ। ਸ਼ਹੀਦ ਭਗਤ ਸਿੰਘ ਨੇ ਅਲਾਹਾਬਾਦ ਤੋਂ ਛਪੇ 'ਚਾਂਦ' ਦੇ ਵਿਸ਼ੇਸ਼ ਫਾਂਸੀ ਅੰਕ ਵਿੱਚ 1928 ਵਿੱਚ ਬਹੁਤ ਹੀ ਜਜ਼ਬਾਤੀ, ਸਾਹਿਤਕ ਅਤੇ ਕਲਾਤਮਕ ਅੰਦਾਜ਼ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਜੋ ਲਿਖਿਆ, ਉਹ ਅੱਜ ਵੀ ਹੋਰ ਵੀ ਪ੍ਰਸੰਗਕ ਹੈ। ਆਪਣੇ ਗਿਰਿਵਾਨ ਵਿੱਚ ਝਾਤੀ ਮਾਰਨ ਲਈ ਉਹ ਅੱਜ ਦਾ ਵੀ ਸੁਆਲ ਹੈ। ਭਗਤ ਸਿੰਘ ਨੇ ਲਿਖਿਆ ਹੈ: "ਅੱਜ ਦੁਨੀਆਂ ਵਿੱਚ ਫੇਰ ਸਵਾਲ ਖੜ੍ਹਾ ਹੁੰਦਾ ਹੈ, ਉਨ੍ਹਾਂ ਦੇ ਮਰਨ ਦਾ ਕੀ ਫਾਇਦਾ ਹੋਇਆ? ਉਹ ਕਿਨ੍ਹਾਂ ਵਾਸਤੇ ਮਰੇ? ਉਨ੍ਹਾਂ ਦਾ ਆਦਰਸ਼ ਕੀ ਸੀ?"

ਸੰਨ 1929 ਵਿੱਚ ਭਗਤ ਸਿੰਘ ਦੀ ਕਲਮ ਵੱਲੋਂ ਖੜ੍ਹੇ ਕੀਤੇ ਸੁਆਲ ਸਰਾਭੇ ਦੀ ਸ਼ਹਾਦਤ ਤੋਂ ਸੌ ਵਰ੍ਹੇ ਮਗਰੋਂ ਹੋਰ ਵੀ ਵਿਰਾਟ ਅਤੇ ਤਿੱਖਾ ਰੂਪ ਧਾਰਨ ਕਰ ਗਏ ਹਨ। ਜੁਆਨੀ ਚੌਤਰਫ਼ੇ ਸੰਕਟਾਂ ਦੀ ਲਪੇਟ ਵਿੱਚ ਆਈ ਹੋਈ ਹੈ। ਭਗਤ ਸਿੰਘ ਨੇ ਲਿਖਿਆ ਸੀ:

ਚਮਨ ਜ਼ਾਰੇ ਮੁਹੱਬਤ ਮੇਂ ਉਸੀ ਕੇ ਬਾਗਵਾਨੀ ਕੀ,
ਕਿ ਜਿਸਨੇ ਆਪਣੀ ਮਿਹਨਤ ਕੋ ਹੀ
ਮਿਹਨਤ ਕਾ ਸਮਰ ਜਾਨਾ।
ਨਹੀਂ ਹੋਤਾ ਹੈ ਮੋਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ,
ਅੰਧੇਰੀ ਰਾਮ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।

ਭਾਵ ਉਸ ਮਾਲੀ ਦਾ ਵੀ ਕੋਈ ਜਵਾਬ ਨਹੀਂ ਜਿਹੜਾ ਮਿਹਨਤ ਨੂੰ ਹੀ ਮਿਹਨਤ ਦਾ ਫ਼ਲ ਸਮਝਦਾ ਹੈ। ਉਹ ਕਿੰਨੇ ਮਹਾਨ ਹੁੰਦੇ ਹਨ, ਜਿਹੜੇ ਇਤਿਹਾਸ ਵਿੱਚ ਅਜਿਹੀ ਭੂਮਿਕਾ ਅਦਾ ਕਰਦੇ ਹਨ ਜਿਵੇਂ ਹਨੇਰੀ ਰਾਤ ਵਿੱਚ ਚੁਪਕੇ ਜਿਹੇ ਆ ਕੇ ਤ੍ਰੇਲ ਆਪਣੇ ਮੋਤੀ ਬਿਖੇਰ ਕੇ ਚਲੀ ਜਾਂਦੀ ਹੈ ਤੇ ਉਸ ਦਾ ਕੋਈ ਸਾਨੀ ਨਹੀਂ ਹੈ।

ਅੱਜ ਇਨ੍ਹਾਂ ਸੰਗਰਾਮੀਆਂ ਦੀ ਅਮਿੱਟ ਦੇਣ ਨੌਜਵਾਨਾਂ ਤੋਂ ਉਸ ਸ਼ਬਨਮ ਵਰਗੀ ਇਤਿਹਾਸਕ ਭੂਮਿਕਾ ਦੀ ਆਸ ਕਰਦੀ ਹੈ। ਪਿਛਲੇ ਦਹਾਕਿਆਂ ਤੱਕ ਜਿਉਂਦੇ ਰਹੇ ਗ਼ਦਰੀ ਬਾਬੇ ਉੱਨੀ-ਇੱਕੀ ਦੇ ਸ਼ਬਦੀ ਫ਼ਰਕਾਂ ਨਾਲ ਰਿਕਾਰਡ ਕਰਵਾਈਆਂ ਟੇਪਾਂ, ਤਕਰੀਰਾਂ, ਹੱਥ ਲਿਖਤ ਡਾਇਰੀਆਂ, ਲੇਖਾਂ ਵਿੱਚ ਜੁਆਨੀ ਨੂੰ ਵੰਗਾਰਦੇ ਰਹੇ ਹਨ। ਇਨ੍ਹਾਂ ਦਾ ਇਤਿਹਾਸਕ ਪ੍ਰਮਾਣ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਦੇ ਰਿਕਾਰਡ ਵਿੱਚ ਮੂੰਹੋਂ ਬੋਲਦਾ ਹੈ:

'ਗ਼ਦਰ ਪਾਰਟੀ ਨੇ ਗ਼ੁਲਾਮੀ ਖਿਲਾਫ਼ ਆਜ਼ਾਦੀ ਦਾ ਪਰਚਮ ਚੁੱਕਿਆ ਸੀ। ਅਨੇਕਾ ਸੂਰਬੀਰਾਂ ਨੇ ਸ਼ਹੀਦੀ ਜਾਮ ਪੀਤੇ। ਇਸ ਪਾਰਟੀ ਨੇ ਗ਼ੁਲਾਮੀ ਨਾਲ ਨਿਢਾਲ ਹੋਈ ਹਿੰਦੀ ਜਨਤਾ ਦੇ ਖ਼ੂਨ ਵਿੱਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ। ਇਸ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ। ਲਾਸਾਨੀ ਕੁਰਬਾਨੀਆਂ ਦੀ ਲੜੀ ਨੇ ਆਜ਼ਾਦੀ ਪ੍ਰਾਪਤੀ ਲਈ ਇੱਕ ਹੋਰ ਨਵਾਂ ਸਫ਼ਾ ਇਤਿਹਾਸ ਵਿੱਚ ਜੋੜ ਦਿੱਤਾ। ਸਾਡੇ ਇਹ ਨਾਅਰੇ ਪਾਰਟੀ ਦੇ ਨਿਯਮਾਂ ਅਤੇ ਅਮਲਾਂ ਵਿੱਚੋਂ ਹਨ:

1. ਏਕਤਾ ਦਾ ਫ਼ਲ: ਸ਼ਕਤੀ ਅਤੇ ਗ਼ੁਲਾਮੀ
2. ਅਨੇਕਤਾ ਦਾ ਸਿੱਟਾ: ਦੁਰਬਲਤਾ ਤੇ ਗ਼ੁਲਾਮੀ
3. ਏਕਤਾ ਦਾ ਮੂਲ: ਸਮਾਜਵਾਦ
4. ਅਨੇਕਤਾ ਦਾ ਮੂਲ: ਸਾਮਰਾਜਵਾਦ

ਯੁੱਗ ਪਲਟ ਰਿਹਾ ਹੈ! ਆਪਣੇ ਕਰਤੱਵ ਪੂਰੇ ਕਰੋ!

ਨੌਜਵਾਨੋ! ਜਾਗੋ! ਉਠੋ!
ਸੁੱਤਿਆਂ ਨੂੰ ਯੁੱਗ ਬੀਤ ਗਏ।
ਹਰ ਪ੍ਰਕਾਰ ਦੀ ਗੁਲਾਮੀ ਕੀ ਆਰਥਿਕ,














ਕੀ ਰਾਜਨੀਤਕ ਅਤੇ ਕੀ ਸਮਾਜਕ ਜੜ੍ਹ ਤੋਂ ਉਖੇੜ ਸੁੱਟੇ! ਮਨੁੱਖਤਾ ਹੀ ਸੱਚਾ ਧਰਮ ਹੈ।

ਜੈ ਜਨਤਾ

ਸੋਹਣ ਸਿੰਘ ਭਕਨਾ

ਅਜਿਹੇ ਉੱਚੇ-ਸੁੱਚੇ ਟੀਚੇ ਸਨ ਕਰਤਾਰ ਸਿੰਘ ਸਰਾਭਾ, ਗ਼ਦਰੀ ਬਾਬਿਆਂ ਦੀ ਤੋਰ ਦੀ ਰਵਾਨੀ ਵਿੱਚ। ਅੱਜ ਲੋਕਾਂ ਦੀ ਏਕਤਾ, ਸਾਂਝ, ਭਾਈਚਾਰੇ ਨੂੰ ਤੀਲ੍ਹਾ-ਤੀਲ੍ਹਾ ਕਰਨ ਲਈ ਵਿਆਪਕ ਖ਼ਤਰੇ ਅੰਬਰਾਂ 'ਤੇ ਮੰਡਰਾ ਰਹੇ ਹਨ।

ਅੱਜ ਅਨੇਕਾਂ ਕਾਰਨਾਂ ਕਰਕੇ ਪੰਜਾਬ ਦੀ ਜੁਆਨੀ ਪਰਦੇਸਾਂ ਵੱਲ ਉਡਾਰੀ ਮਾਰ ਰਹੀ ਹੈ। ਕਦੇ ਨਿੱਕੜੀ ਉਮਰੇ ਹੀ ਕਰਤਾਰ ਸਿੰਘ ਸਰਾਭਾ ਨੇ ਵੀ ਅਮਰੀਕਾ ਜਾ ਕੇ ਰਸਾਇਣ ਵਿਗਿਆਨ ਦੀ ਉੱਚ ਵਿੱਦਿਆ ਹਾਸਲ ਕਰਨ ਦਾ ਸੁਪਨਾ ਲਿਆ ਸੀ। ਉਸ ਨੇ ਬਰਕਲੇ ਯੂਨੀਵਰਸਿਟੀ ਦਾਖਲਾ ਲਿਆ। ਇੱਕ ਦਿਨ ਉਸ ਨੇ ਅਮਰੀਕਨ ਔਰਤ ਨੂੰ ਦੇਸ਼ ਭਗਤਾਂ ਨੂੰ ਪ੍ਰਣਾਮ ਕਰਦੇ ਦੇਖ ਕੇ ਇਸ ਬਾਰੇ ਜਾਨਣਾ ਚਾਹਿਆ। ਉਸ ਔਰਤ ਨੇ ਦੱਸਿਆ, "ਇਸ ਦਿਨ ਸਾਡਾ ਅਮਰੀਕਾ ਗੁਲਾਮੀ ਤੋਂ ਆਜ਼ਾਦ ਹੋਇਆ ਸੀ। ਅਸੀਂ ਆਜ਼ਾਦੀ ਪਰਵਾਨਿਆਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।"

ਉਸ ਪਲ ਸਰਾਭਾ ਸਿਰ ਤੋਂ ਪੈਰਾਂ ਤੱਕ ਝੰਜੋੜਿਆ ਗਿਆ। ਉਸ ਨੂੰ ਖ਼ਿਆਲਾਂ ਦੀਆਂ ਤਰੰਗਾਂ ਨੇ ਹਲੂਣ ਕੇ ਰੱਖ ਦਿੱਤਾ ਕਿ ਅਸੀਂ ਤਾਂ ਇਥੇ ਆ ਗਏ ਪੜ੍ਹਨ ਲਈ। ਡਾਲਰ ਕਮਾਉਣ ਲਈ। ਸਾਡੀ ਮਾਂ ਧਰਤੀ ਗੁਲਾਮ ਹੈ। ਸਾਨੂੰ ਇੱਥੇ ਕੁਲੀ, ਡੈਮ, ਕਾਲੇ, ਡਰਟੀ ਕਿਹਾ ਜਾਂਦਾ ਹੈ।

ਪਿੱਛੇ ਮੁਲਕ ਵਿੱਚ ਸਾਡੇ ਲੋਕ ਭੁੱਖ-ਨੰਗ, ਕਰਜ਼ੇ, ਬੀਮਾਰੀ, ਬੇਕਾਰੀ, ਸੂਦਖੋਰੀ ਅਤੇ ਜ਼ਬਰ ਦੇ ਭੰਨੇ ਹੋਏ ਹਨ। ਅਸੀਂ ਫਿਰ ਕੀ ਜਾਗਦੇ ਇਨਸਾਨ ਹਾਂ ਜਾਂ ਖ਼ੁਦਪ੍ਰਸਤ? ਉਹਦੇ ਅੰਦਰ ਵਿਚਾਰਾਂ ਦਾ ਤੂਫ਼ਾਨ ਉੱਠ ਖੜ੍ਹਿਆ। ਉਹ ਸਰਾਭੇ ਪਿੰਡ ਦੇ ਹੀ ਦੇਸ਼ ਭਗਤ ਰੁਲੀਆ ਸਿੰਘ ਪਾਸ ਜਾਇਆ ਕਰਦਾ ਸੀ। ਉਸਦੀ ਸੰਗਤ ਪਰਮਾਨੰਦ, ਲਾਲਾ ਹਰਦਿਆਲ ਵਰਗਿਆਂ ਨਾਲ ਹੋਣ ਲੱਗੀ। ਨਿੱਕੜਾ ਵਿਦਿਆਰਥੀ ਬੇਹੱਦ ਜ਼ਹੀਨ ਅਤੇ ਤਿੱਖੜਾ ਸੀ। ਉਹ 21 ਅਪ੍ਰੈਲ 1913 ਨੂੰ ਆਸਟਰੀਆ ਵਿੱਚ ਬਣਾਈ ਗਈ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਜਥੇਬੰਦੀ ਦੇ ਸੰਪਰਕ ਵਿੱਚ ਆ ਗਿਆ। ਉਹਦੇ ਵਿਸ਼ੇਸ਼ ਅਤੇ ਮੁੱਢਲੇ ਉੱਦਮ ਨਾਲ 'ਗ਼ਦਰ' ਅਖ਼ਬਾਰ ਸ਼ੁਰੂ ਹੋਇਆ। ਉਹ ਹੱਥੀਂ ਮਸ਼ੀਨ ਚਲਾ ਕੇ ਦਿਨ-ਰਾਤ 'ਗ਼ਦਰ' ਪਰਚੇ ਦੀ ਛਪਾਈ, ਲਿਖਾਈ, ਤਰਜ਼ਮੇ, ਵੰਡ-ਵੰਡਾਈ ਅਤੇ ਵਿੱਤੀ ਲੋੜਾਂ ਦੀ ਪੂਰਤੀ ਲਈ ਸਮਰਪਿਤ ਹੋ ਗਿਆ। ਗ਼ਦਰ ਪਾਰਟੀ ਦਾ ਤਿੰਨ ਰੰਗਾਂ ਝੰਡਾ ਹਿੰਦੂ, ਮੁਸਲਿਮ ਅਤੇ ਸਿੱਖਾਂ ਦੀ ਏਕਤਾ ਦਾ ਪ੍ਰਤੀਕ ਅਤੇ ਵਿਚਕਾਰ ਕਰਾਸ ਤਲਵਾਰਾਂ ਸੰਘਰਸ਼ ਦਾ ਚਿੰਨ੍ਹ ਦਾ ਡਿਜ਼ਾਇਨ ਕਰਨ ਵਿੱਚ ਵੀ ਉਸ ਦੀ ਪ੍ਰਮੁੱਖ ਭੂਮਿਕਾ ਸੀ। ਗ਼ਦਰ ਅਤੇ ਆਜ਼ਾਦੀ ਦੀ ਜੱਦੋ-ਜਹਿਦ ਵਿੱਚ ਉਹ ਨੌਜਵਾਨਾਂ ਦੇ ਨਾਲ-ਨਾਲ ਔਰਤਾਂ ਦੇ ਵਿਸ਼ੇਸ਼ ਯੋਗਦਾਨ ਦੇ ਮਹੱਤਵ ਨੂੰ ਬਾਖ਼ੂਬੀ ਸਮਝਦਾ ਹੈ। ਸਰਾਭੇ ਨੇ ਲਿਖਿਆ ਹੈ:

ਹਿੰਦੋਸਤਾਨੀ ਲੋਕ ਆਮ ਰਵਾਜ਼ਨ ਆਪਣੀਆਂ ਔਰਤਾਂ ਨੂੰ ਮਰਦਾਂ ਤੋਂ ਹੀਣ ਸਮਝਦੇ ਹਨ। ਅਫ਼ਰੀਕਾ ਵਿੱਚ ਹਿੰਦੋਸਤਾਨ ਦੀਆਂ ਦੇਵੀਆਂ ਜਿਹੜੇ ਕੰਮ ਕਰ ਰਹੀਆਂ ਹਨ ਇਸ ਤੋਂ ਹਿੰਦੋਸਤਾਨੀਆਂ ਦੇ ਗ਼ਲਤ ਖ਼ਿਆਲਾਂ ਦਾ ਖੰਡਨ ਹੁੰਦਾ ਹੈ। ਅਫ਼ਰੀਕਾ ਦੇ ਲੋਕ-ਵਿਰੋਧੀ ਕਾਨੂੰਨਾਂ ਨੂੰ ਚਕਨਾਚੂਰ ਕਰਨ ਲਈ ਉੱਥੇ ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਅੱਗੇ ਜਾ ਕੇ ਟਾਕਰਾ ਕੀਤਾ ਹੈ। ਉਨ੍ਹਾਂ ਅੱਗੇ ਹੋ ਕੇ ਗੰਨੇ ਦੇ ਖੇਤ ਫੂਕ ਸੁੱਟੇ। ਜਾਬਰਾਂ ਨਾਲ ਭਿੜੀਆਂ। ਜੇਲ੍ਹ ਜਾਣ ਤੋਂ ਨਹੀਂ ਡਰੀਆਂ।

ਅੱਜ ਪੰਜਾਬ ਵਿੱਚ ਆਪਣੇ ਹੱਕਾਂ ਲਈ ਹਰ ਮੋਰਚੇ ਵਿੱਚ ਅੱਗੇ ਹੋ ਕੇ ਜੂਝਦੀਆਂ ਨੌਜਵਾਨ ਲੜਕੀਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਦੂਰ-ਅੰਦੇਸ਼ੀ ਅਤੇ ਔਰਤਾਂ ਦੀ ਇਤਿਹਾਸਕ ਭੂਮਿਕਾ ਬਾਰੇ ਸੋਚਣੀ ਦੀ ਹੀ ਪੁਸ਼ਟੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੇਬਾਕੀ ਨਾਲ ਉਸ ਸਮੇਂ, ਉਹ ਵੀ ਚੜ੍ਹਦੀ ਉਮਰੇ ਕੌੜਾ ਸੱਚ ਲਿਖਣਾ ਇਉਂ ਜਾਪਦਾ ਹੈ ਜਿਵੇਂ 100 ਵਰ੍ਹੇ ਬਾਅਦ ਉਹ ਹੋਰ ਵੀ ਲਿਸ਼ਕਿਆ ਅਤੇ ਨਿਖ਼ਰਿਆ ਹੈ। ਸਰਾਭੇ ਨੇ ਲਿਖਿਆ ਹੈ:

"ਮੈਂ ਸਿੰਘਾਂ ਤੋਂ ਪੁੱਛਦਾ ਹਾਂ ਕਿ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸ਼ੇਰ ਬਣਨਾ ਸਿਖਾਇਆ ਸੀ। ਇੱਕ-ਇੱਕ ਨੂੰ ਸਵਾ-ਸਵਾ ਲੱਖ ਨਾਲ ਲੜਨਾ ਸਿਖਾਇਆ ਸੀ ਪਰ ਕੀ ਹੁਣ ਪੰਜਾਬ ਵਿੱਚ ਇਸ ਤਰ੍ਹਾਂ ਅੰਮ੍ਰਿਤ ਛਕਾਇਆ ਜਾਂਦਾ ਹੈ? ਪਹਿਲਾਂ ਵਰਗੀ ਬਹਾਦਰੀ ਸਿੰਘਾਂ ਵਿੱਚ ਕਿਉਂ ਨਹੀਂ ਰਹੀ? ਇਸ ਦੇ ਦੋ ਸਬੱਬ ਹਨ ਪਹਿਲਾ, ਉਹ ਆਦਮੀ ਜਿਹੜੇ ਅੰਮ੍ਰਿਤ ਬਣਾਉਂਦੇ ਹਨ, ਉਹ ਖ਼ੁਦ ਗ਼ੁਲਾਮ ਹਨ। ਗੁਰਦੁਆਰਿਆਂ ਦੇ ਗ੍ਰੰਥੀ ਅੰਗਰੇਜ਼ ਬਾਂਦਰਾਂ ਨੂੰ ਝੁਕ-ਝੁਕ ਕੇ ਸਲਾਮ ਕਰਦੇ ਦੇਖੇ ਜਾ ਸਕਦੇ ਹਨ। ਭਲਾ ਜੇ ਅਜਿਹੇ ਨੀਚ ਪੁਰਸ਼ ਜਿਹੜੇ ਲੀਡਰ ਬਣੇ ਹੋਏ ਹਨ ਤਾਂ ਉਨ੍ਹਾਂ ਵਿੱਚ ਕੀ ਤਾਕਤ ਅਤੇ ਦਲੇਰੀ ਹੋ ਸਕਦੀ ਹੈ। ਜਦ ਤੱਕ ਗੁਰੂ ਗੋਬਿੰਦ ਸਿੰਘ ਜੀ ਵਰਗੇ ਸ਼ੇਰਦਿਲ ਅਤੇ ਬਹਾਦਰ ਆਦਮੀ ਲੀਡਰ ਨਹੀਂ ਹੁੰਦੇ ਤਦ ਤੱਕ ਕੋਈ ਅਸਰ ਨਹੀਂ ਹੋਵੇਗਾ। ਅੱਜ-ਕੱਲ੍ਹ ਦੇ ਹਾਲਾਤ 'ਤੇ ਅੱਛੀ ਤਰ੍ਹਾਂ ਨਿਗਾਹ ਮਾਰ ਕੇ ਸਿੰਘਾਂ ਨੂੰ ਚਾਹੀਦੈ ਕਿ ਉਹ ਗ਼ੁਲਾਮ ਅਤੇ ਡਰਾਕਲ ਗ੍ਰੰਥੀਆਂ ਨੂੰ ਕੱਢ ਕੇ ਬਾਹਰ ਮਾਰਨ।"

ਗ਼ਦਰ ਅਖ਼ਬਾਰ ਦੀ ਮਕਬੂਲੀਅਤ ਨੇ ਸਾਹਿਤ ਅੰਦਰ ਛੁਪੀ ਅਥਾਹ ਸ਼ਕਤੀ ਦਾ ਪ੍ਰਮਾਣ ਦਿੱਤਾ। ਕਰਤਾਰ ਸਿੰਘ ਸਰਾਭਾ ਦੇਸ਼ ਭਗਤ ਆਜ਼ਾਦੀ ਘੁਲਾਟੀਆ ਹੀ ਨਹੀਂ ਸਗੋਂ ਸਿਰੜੀ, ਨਿਹਚਾਵਾਨ ਅਤੇ ਪ੍ਰਤੀਬੱਧ ਕ੍ਰਾਂਤੀਕਾਰੀ ਪੱਤਰਕਾਰ ਅਤੇ ਆਜ਼ਾਦੀ ਸੰਗਰਾਮ ਦਾ ਸ਼ਹੀਦ ਪੱਤਰਕਾਰ ਵੀ ਹੈ।

ਚੋਟੀ ਦਾ ਕਲਮਕਾਰ, ਉਲੱਥਾਕਾਰ, ਕਾਮਾ ਅਤੇ ਹਰ ਖ਼ਤਰੇ ਨਾਲ ਧਾਅ ਗਲਵਕੜੀ ਪਾਉਣ ਵਾਲਾ ਸਰਾਭਾ ਹੀ ਸੀ ਜਿਸਨੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਲ ਵਿਚਾਰ-ਵਟਾਂਦਰਾ ਕਰ ਕੇ ਕਾਮਾਗਾਟਾ ਮਾਰੂ ਜਹਾਜ਼ ਨੂੰ ਜ਼ਬਰੀ ਮੋੜੇ ਜਾਣ ਮੌਕੇ ਯੋਕੋਹਾਮਾ ਵਿਖੇ 200 ਪਿਸਤੌਲ ਤੇ 2000 ਗੋਲੀਆਂ ਦੋ ਪੇਟੀਆਂ ਵਿੱਚ ਬੰਦ ਕਰਕੇ ਜਹਾਜ਼ ਵਿੱਚ ਪਹੁੰਚਦੀਆਂ ਕੀਤੀਆਂ।

ਗ਼ਦਰੀ ਗੀਤ ਗਾਉਂਦਾ ਉਹ ਲੋਕਾਂ ਵਿੱਚ ਕੰਮ ਕਰਨ ਲੱਗਾ। ਉਹਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵਿਸ਼ੇਸ਼ ਅਦਾਲਤ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ। ਇਹ ਫਾਂਸੀ ਟੱਲ ਸਕਦੀ ਸੀ ਪਰ ਸਰਾਭਾ ਆਪਣੇ ਮਿਸ਼ਨ ਦੀ ਮਸ਼ਾਲ ਜਗਦੀ ਅਤੇ ਮਘਦੀ ਰੱਖਣ ਲਈ ਫਾਂਸੀ ਦੀ ਪੀਂਘ ਝੂਟ ਜਾਣਾ ਹੀ ਬਿਹਤਰ ਸਮਝਦਾ ਸੀ। ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਇੱਕ ਵਾਰ ਤਾਂ 'ਗ਼ਦਰ' ਨੂੰ ਗੰਭੀਰ ਪਛਾੜ ਵੱਜ ਗਈ, ਹੁਣ ਮਤਾਬੀ ਬਣ ਕੇ ਖ਼ੁਦ ਮੱਚਣਾ ਹੀ ਵਿਚਾਰਾਂ ਦੀ ਰੌਸ਼ਨੀ ਫੈਲਾਉਣਾ ਹੋਵੇਗਾ।

ਆਖ਼ਰ ਸਰਾਭੇ ਨੂੰ ਸਾਥੀਆਂ ਸਮੇਤ 16 ਨਵੰਬਰ 1915 ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਕੋਈ ਸਾਢੇ ਅਠਾਰਾਂ ਵਰ੍ਹਿਆਂ ਦਾ ਕਰਤਾਰ ਸਿੰਘ ਸਰਾਭਾ ਜਿੰਨਾ ਗੱਭਰੂ 1915 ਵਿੱਚ ਸੀ। ਭਵਿੱਖ ਵਿੱਚ ਵੀ ਓਨਾ ਹੀ ਭਰ ਜੁਆਨ ਪ੍ਰਤੀਤ ਹੁੰਦਾ ਰਹੇਗਾ। ਨਵੀਂ ਜੁਆਨੀ ਦੇ ਗਲ ਲੱਗ ਕੇ ਮਿਲਦਾ ਰਹੇਗਾ। ਨਵੀਂ ਪਨੀਰੀ ਨਾਲ ਜੋਟੀ ਪਾ ਕੇ ਗੀਤ ਗਾਉਂਦਾ ਰਹੇਗਾ ਜੋ ਉਸ ਦੀ ਕਲਮ ਨੇ ਲਿਖਿਆ ਅਤੇ ਉਸ ਨੇ ਖ਼ੁਦ ਗਾਇਆ ਸੀ:

ਜੋ ਕੋਈ ਪੂਛੇ ਕਿ ਕੌਨ ਹੋ ਤੁਮ
ਤੋ ਕਹਿ ਦੋ ਬਾਗ਼ੀ ਹੈ ਨਾਮ ਮੇਰਾ
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ
ਨਮਾਜ਼ ਸੰਧਿਆ ਯਹੀ ਹਮਾਰੀ
ਔਰ ਪਾਠ ਪੂਜਾ ਸਭ ਯਹੀ ਹੈ
ਧਰਮ ਕਰਮ ਸਭ ਯਹੀ ਹੈ ਹਮਾਰਾ,
ਯਹੀ ਖ਼ੁਦਾ ਔਰ ਰਾਮ ਆਪਨਾ।

ਅੱਜ ਜਦੋਂ ਨਾਗਰਿਕ ਹੱਕਾਂ 'ਤੇ ਛਾਪੇ, ਬੁੱਧੀਜੀਵੀਆਂ ਨੂੰ ਜੇਲ੍ਹੀਂ ਡੱਕਣ ਅਤੇ ਖੇਤੀ ਕਾਨੂੰਨਾਂ ਦਾ ਹੱਲਾ ਬੋਲਿਆ ਜਾ ਰਿਹਾ ਹੈ, ਇਸ ਵੇਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕਹਿਣੀ ਅਤੇ ਕਰਨੀ ਵਿੱਚ ਇਕਸੁਰਤਾ ਤੋਂ ਮੁਲਕ ਦੀ ਜੁਆਨੀ ਨੂੰ ਅਮੁਲੇ ਸਬਕ ਹਾਸਲ ਕਰਦਿਆਂ ਰੌਸ਼ਨ ਸਵੇਰਾ ਲਿਆਉਣ ਲਈ ਅੱਗੇ ਤੁਰਨ ਦੀ ਲੋੜ ਹੈ।

ਆਓ! ਦਿੱਲੀ, ਪੰਜਾਬ, ਦੇਸ ਬਦੇਸ ਚੱਲ ਰਹੇ ਮੋਰਚਿਆਂ ਅਤੇ ਆਪਣੀਆਂ ਸਰਗਰਮੀਆਂ ਵਿਚ 24 ਮਈ 2021 ਦੇ ਦਿਹਾੜੇ ਨੂੰ ਆਮ ਦਿਨਾਂ ਨਾਲੋਂ ਨਿਆਰਾ ਸਮਝਦੇ ਹੋਏ ਆਪਣੇ ਨਿੱਕੀ ਉਮਰ ਦੇ ਸਹੀਦ ਨਾਇਕਾਂ ਦੇ ਨਾਇਕ ਕਰਤਾਰ ਸਿੰਘ ਸਰਾਭਾ ਦੀਆਂ ਪੈੜਾਂ ਤੋਂ ਸਿੱਖਦੇ ਹੋਏ ਅੱਗੇ ਵਧੀਏ।

ਸਮਿਆਂ ਦੀ ਹੈ ਲੋੜ ਜੁਆਨੀ ਨਾ ਮਦਹੋਸ ਰਹੇ
ਲਿਖੀਏ ਵਰਕੇ ਨਵੇਂ ਨਕੋਰ ਮਘਦਾ ਜੋਸ ਰਹੇ।

**ਸੰਪਰਕ:** 98778-68710

---

ਜਸਦੇਵ ਸਿੰਘ ਲਲਤੋਂ
0161-2805677

# ਮਹਾਨ ਗ਼ਦਰੀ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ

ਭਾਰਤ ਦੇਸ਼ ਦੇ ਨੂੰ ਆਜ਼ਾਦ ਕਰਵਾਉਣ ਅਤੇ ਇਸ ਦੇ ਅੰਦਰ ਅਸਲੀ ਤੇ ਖਰਾ ਕੌਮੀ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦੀ ਹੱਕੀ ਕੌਮੀ ਜੰਗ ਅੰਦਰ ਸ਼ਹੀਦ ਕਰਤਾਰ ਸਿੰਘ ਸਰਾਭਾ ਏਡਾ ਵੱਡਾ ਯੁਗਨਾਇਕ ਹੋ ਨਿਬੜਿਆ, ਜੋ ਬਹੁਤ ਹੀ ਦੂਰਅੰਦੇਸ਼ੀ, ਜ਼ਿੰਦਾਦਿਲੀ, ਸਿਰੇ ਦੇ ਅਪਾਵਾਰੂ, ਨਿਤ ਨਵੀਂ ਪਹਿਲ-ਕਦਮੀ ਕਰਨ ਵਾਲੇ ਕਰਮਯੋਗੀ ਸਮੇਤ ਸਾਰੇ ਕਾਬਲ ਆਗੂ ਗੁਣਾਂ ਦਾ ਧਾਰਨੀ ਸੀ। ਜਿਸਨੂੰ ਗਦਰਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਨੇ ਉਬਾਲਾ-ਜਰਨੈਲ" ਕਰਾਰ ਦਿੱਤਾ।

ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਦੀ ਕੁੱਖੋਂ, ਪਿਤਾ ਸ. ਮੰਗਲ ਸਿੰਘ ਦੇ ਘਰ ਹੋਇਆ। ਮੁੱਢਲੀ ਵਿੱਦਿਆ ਲਈ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਦਾਖਲ ਕਰਵਾਇਆ ਗਿਆ। ਆਪ ਦੇ ਪਿਤਾ ਜੀ ਇਕਲੌਤੇ ਪੁੱਤਰ ਨੂੰ 5 ਸਾਲ ਦਾ, ਮਾਤਾ ਜੀ 12 ਸਾਲ ਦਾ ਛੱਡ ਕੇ ਸਦਾ ਲਈ ਵਿਛੋੜਾ ਦੇ ਗਏ। ਆਪ ਦੀ ਪਾਲਣਾ ਅਤੇ ਪੜ੍ਹਾਈ ਦਾ ਸਾਰਾ ਜਿੰਮਾ ਦਾਦਾ ਜੀ ਸ. ਬਦਨ ਸਿੰਘ ਸਿਰ ਆ ਪਿਆ। ਉਚ ਵਿਦਿਆ ਲਈ ਆਪ ਨੂੰ ਲੁਧਿਆਣਾ ਦੇ ਮਿਸ਼ਨ ਸਕੂਲ ਤੇ ਬਾਅਦ 'ਚ ਚਾਚਾ ਜੀ ਬਖਸ਼ੀਸ਼ ਸਿੰਘ ਪਾਸ 1910 'ਚ ਰੈਵਨਸ਼ਾਅ ਕਾਲਜੀਏਟ ਸਕੂਲ ਕਟਕ (ਉੜੀਸਾ) ਚ' ਨੌਵੀਂ ਜਮਾਤ 'ਚ ਦਾਖਲ ਕਰਵਾਇਆ ਗਿਆ। ਜਿੱਥੋਂ ਆਪ ਨੇ 1912 'ਚ ਮੈਟ੍ਰਿਕ ਪਾਸ ਕੀਤੀ। ਸਕੂਲ ਦੇ ਮੁੱਖੀ ਬੇਨੀ ਮਾਧਵ ਦਾਸ ਦੇ ਦੇਸ਼ ਭਗਤੀ ਵਾਲੇ ਵਿਚਾਰਾਂ ਦਾ ਆਪ ਜੀ 'ਤੇ ਪਹਿਲੀ ਵੇਰੀ ਕਾਫੀ ਡੂੰਘਾ ਅਸਰ ਪਿਆ। ਇਸ ਤੋਂ ਪਿਛੋਂ ਆਪ ਕਾਲਜ ਵਿੰਗ 'ਚ ਪੜ੍ਹਣ ਲੱਗੇ। ਸਕੂਲ ਸਮੇਂ ਤੋਂ ਹੀ ਕਰਤਾਰ ਸਿੰਘ ਨੂੰ ਬੇਹੱਦ ਹੁਸ਼ਿਆਰ, ਹੋਣਹਾਰ ਤੇ ਯੋਗ ਹੋਣ ਕਰਕੇ 'ਅਫਲਾਤੂ', ਬਹੁਤ ਹੀ ਤੇਜ਼ ਤੇ ਫੁਰਤੀਲਾ ਹੋਣ ਕਰਕੇ 'ਉਡਣਾ ਸੱਪ' ਆਦਿ ਮਖੌਲੀਆ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਉਚੱ ਵਿੱਦਿਆ ਲਈ ਬਰਕਲੇ ਯੂਨੀਵਰਸਿਟੀ ਤੋਂ ਪ੍ਰਾਪਤ ਕਰਨ ਲਈ ਆਪ ਅਮਰੀਕਾ ਪਹੁੰਚ ਗਏ ਜੁਲਾਈ 1912 'ਚ। ਲੈ ਲਿਆ ਦਾਖਲਾ ਰਸਾਇਣ ਵਿੱਦਿਆ ਦੀ ਡਿਗਰੀ 'ਚ। ਅਮਰੀਕਨਾਂ ਦੇ ਆਜ਼ਾਦੀ ਦੇ ਰੰਗ-ਢੰਗ ਦੇਖ ਕੇ ਅਤੇ ਭਾਰਤੀਆਂ ਨੂੰ 'ਕੁੱਤੇ', 'ਗੁਲਾਮ ਭੇਡਾਂ', 'ਕਾਲੇ ਕੁੱਲੀ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਦੇ ਸੁਣਕੇ ਅਣਖੀਲੇ ਕਰਤਾਰ ਸਿੰਘ ਅੰਦਰ ਦੇਸ਼ ਭਗਤੀ ਅਤੇ ਆਜ਼ਾਦੀ ਦਾ ਬੀਜ ਬੀਜਿਆ ਗਿਆ। ਲਾਲਾ ਹਰਦਿਆਲ, ਭਾਈ ਪਰਮਾਨੰਦ ਲਾਹੌਰ, ਜਤਿੰਦਰ ਲਹਿਰੀ ਬੰਗਾਲੀ ਵਰਗੇ ਇਨਕਲਾਬੀ ਰਾਜਨੀਤਿਕ ਚੇਤਨਾ ਦੀ ਚੰਗਿਆੜੀ ਮਘਾਉਣ ਲਈ ਪਹਿਲਾਂ ਹੀ ਉਥੇ ਜੁਟੇ ਹੋਏ ਸਨ। ਆ ਗਿਆ ਕਰਤਾਰ ਸਿੰਘ ਹੋਰਨਾਂ ਵਿਦਿਆਰਥੀਆਂ ਨਾਲ ਇਨ੍ਹਾਂ ਦੇ ਸੰਪਰਕ ਵਿੱਚ। ਲੱਗਾ ਭਾਰਤੀ ਕੌਮੀ-ਕ੍ਰਾਂਤੀਕਾਰੀਆਂ ਦੀਆਂ ਮੀਟਿੰਗਾਂ 'ਚ ਜਾਣ। ਬਣ ਗਿਆ ਪੱਕਾ ਵਿਸ਼ਵਾਸ਼ ਕਿ ਦੇਸ਼ ਨੂੰ ਵਿਦੇਸ਼ੀ ਧਾੜਵੀਆਂ ਤੋਂ ਕੇਵਲ ਹਥਿਆਰਬੰਦ ਸੰਘਰਸ਼ ਰਾਹੀਂ ਹੀ ਮੁਕਤ ਕਰਵਾਇਆ ਜਾ ਸਕਦਾ ਹੈ। ਤੇਜ਼ ਬੁੱਧੀ ਦੇ ਮਾਲਕ ਸਰਾਭਾ ਨੇ ਪੜ੍ਹੇ ਮਹਾਨ ਇਨਕਲਾਬੀ-ਮੈਜ਼ਿਨੀ, ਰੂਸੋ, ਸਨਯਾਤਸੇਨ, ਪ੍ਰਿੰਸ ਕਰੌਪਟਕਿਨ, ਲਾਲਾ ਹਰਦਿਆਲ ਤੇ ਗੁਰੂ ਗੋਬਿੰਦ ਸਿੰਘ ਜੀ।

ਦਸੰਬਰ 1912 (ਜਾਂ ਜਨਵਰੀ 13) 'ਚ ਭਾਰਤੀਆਂ ਦੀ ਅਸਟੋਰੀਆ (ਔਰੇਗਨ) 'ਚ ਸਥਾਨਕ ਮੀਟਿੰਗ 'ਚ ਪਿੰਡ ਦੇ ਵੱਡੇ ਸਾਥੀ ਰੁਲੀਆ ਸਿੰਘ ਸਰਾਭਾ ਨਾਲ ਸ਼ਾਮਲ ਹੋਏ। ਇਸ ਮੀਟਿੰਗ 'ਚ ਕੇਸਰ ਸਿੰਘ ਠੱਠਗੜ੍ਹ ਨੂੰ ਪ੍ਰਧਾਨ, ਬਲਵੰਤ ਸਿੰਘ ਸੰਘਵਾਲ ਨੂੰ ਸਕੱਤਰ ਚੁਣਿਆ ਗਿਆ ਅਤੇ ਹਿੰਦੁਸਤਾਨ ਐਸੋਸੀਏਸ਼ਨ ਬਣਾਈ ਗਈ। ਇਸ ਮੀਟਿੰਗ ਨੂੰ ਕਰਤਾਰ ਸਿੰਘ ਸਰਾਭਾ ਨੇ ਵੀ ਸੰਬੋਧਨ ਕੀਤਾ। ਮਾਰਚ 13 'ਚ ਅਸਟੋਰੀਆ ਵਿਖੇ ਅਮਰੀਕਾ ਪੱਧਰੀ ਮੀਟਿੰਗ ਹੋਈ ਜਿਸ ਵਿਚ ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ (ਗਦਰ ਪਾਰਟੀ) ਦੀ ਬਾਕਾਇਦਾ ਸਥਾਪਨਾ ਕੀਤੀ ਗਈ ਜਿਸ ਵਿਚ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਤੇ ਲਾਲਾ ਹਰਦਿਆਲ ਨੂੰ ਸਕੱਤਰ ਤੇ ਬਾਕੀ ਅਹੁਦੇਦਾਰ ਚੁਣੇ ਗਏ। ਇਸ ਮੀਟਿੰਗ ਵਿਚ ਕਰਤਾਰ ਸਿੰਘ ਵੀ ਸ਼ਾਮਲ ਸੀ। ਰਸਮੀ ਤੌਰ 'ਤੇ ਜੱਥੇਬੰਦੀ ਦੀ ਸਥਾਪਨਾ ਦਾ ਐਲਾਨ 21 ਅਪ੍ਰੈਲ 1913 ਨੂੰ ਸਾਨਫਰਾਂਸਿਸਕੋ ਵਿੱਖੇ ਕੀਤਾ ਗਿਆ। ਜੱਥੇਬੰਦੀ ਨੇ ਹਿੰਦੁਸਤਾਨ ਵਿਚ ਗਦਰ (ਹਥਿਆਰਬੰਦ ਘੋਲ) ਰਾਹੀਂ ਅੰਗਰੇਜੀ ਹਕੂਮਤ ਦਾ ਫਸਤਾ ਵੱਢਣ ਤੇ ਨਵਾਂ ਕੌਮੀ ਜਮਹੂਰੀ ਰਾਜ ਪ੍ਰਬੰਧ ਕਰਨ ਦਾ ਮੁੱਖ ਟੀਚਾ ਮਿਥਿਆ ਗਿਆ। ਜਿਸਦੀ ਤਿਆਰੀ ਲਈ 'ਗਦਰ' ਅਖਬਾਰ ਕੱਢਣ 'ਤੇ ਧੁਰ ਹੇਠਾਂ ਤੱਕ ਜੱਥੇਬੰਦਕ ਢਾਂਚੇ ਦੀ ਉਸਾਰੀ ਦੇ ਫੈਸਲੇ ਕੀਤੇ ਗਏ। ਇਸੇ ਮੀਟਿੰਗ ਵਿੱਚ ਹੀ ਕੀਤਾ ਗਿਆ ਸੀ "ਗ਼ਦਰ" ਅਖ਼ਬਾਰ ਕੱਢਣ ਦਾ ਫੈਸਲਾ, ਜਿਸ ਵਿੱਚ ਕੁੱਝ ਮਹੀਨੇ ਦੀ ਦੇਰੀ ਹੋਈ। ਪਰੰਤੂ ਕਰਤਾਰ ਸਿੰਘ ਵੱਲੋਂ ਲਾਲਾ ਹਰਦਿਆਲ ਨੂੰ ਵਾਰ-ਵਾਰ ਲਟ-ਲਟ ਬਲਦੇ ਉਤਸ਼ਾਹ ਤੇ ਜੋਸ਼ ਨਾਲ ਕੀਤੀ ਜਾਂਦੀ ਜ਼ੋਰਦਾਰ ਮੰਗ ਹੀ ਸੀ ਕਿ ਆਖ਼ਿਰ 1 ਨਵੰਬਰ 1913 ਤੋਂ ਯੁਗਾਂਤਰ ਆਸ਼ਰਮ ਤੋਂ ਗ਼ਦਰ ਅਖ਼ਬਾਰ ਪ੍ਰਕਾਸ਼ਿਤ ਹੋਣ ਲੱਗਾ। ਲਾਲਾ ਹਰਦਿਆਲ ਨੂੰ ਐਡੀਟਰ, ਕਰਤਾਰ ਸਿੰਘ ਸਰਾਭਾ ਤੇ ਰਘਬਰ ਦਿਆਲ ਗੁਪਤਾ ਨੂੰ ਸਬ ਐਡੀਟਰ ਲਗਾਇਆ ਗਿਆ। ਹਫਤਾਵਾਰੀ ਗਦਰ ਤੋਂ ਇਲਾਵਾ ਦੇਸ਼ ਵਾਸੀਆ ਦੇ ਸੁੱਚੇ ਖੂਨ ਨੂੰ ਖੌਲਣ ਲਾਉਣ ਵਾਲੀ ਗਦਰ ਕਾਵਿ ਦਾ ਪਰਚਾ 'ਗਦਰ ਦੀ ਗੂੰਜ' ਵੀ ਸਮੇਂ ਸਮੇਂ ਸਿਰ ਛਾਪਿਆ ਜਾਂਦਾ। ਹੱਥ ਨਾਲ ਛਾਪੇ ਵਾਲੀ ਮਸ਼ੀਨ ਗੇੜ-ਗੇੜ ਹਜ਼ਾਰਾਂ ਅਖ਼ਬਾਰ ਛਾਪਣ ਤੇ ਵੱਖ-ਵੱਖ ਦੇਸ਼ਾਂ 'ਚ ਘੱਲਣ ਵਾਸਤੇ ਆਪ ਦੀ ਬੇਹੱਦ ਵੱਡੀ ਘਾਲਣਾ ਤੇ ਦੇਣ ਸੀ। ਜਦੋਂ ਮਸ਼ੀਨ ਗੇੜ-ਗੇੜ ਥੱਕ ਕੇ ਚੂਰ ਹੋ ਜਾਂਦੇ ਤਾਂ ਗਾਉਂਦੇ- "ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਤੇ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ। ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ"। ਗ਼ਦਰ ਅਖ਼ਬਾਰ ਸਿੰਘ ਸਰਾਭਾ ਲਗਾਤਾਰ ਬਹੁਤ ਹੀ ਲੇਖ, ਕਵਿਤਾਵਾਂ ਆਪ ਲਿਖਦਾ, ਬੇਨਾਮੀ ਤੌਰ 'ਤੇ ਪ੍ਰਕਾਸ਼ਿਤ ਕਰ ਦਿੰਦਾ, ਉਰਦੂ ਤੋਂ ਪੰਜਾਬੀ 'ਚ ਲਿਖਤਾਂ ਦਾ ਤਰਜ਼ਮਾ ਕਰਦਾ।

ਇਸ ਤੋਂ ਇਲਾਵਾ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ ਕਰਤਾਰ ਸਿੰਘ ਸਰਾਭਾ ਨੇ ਹਵਾਈ ਜਹਾਜ਼ ਉਡਾਉਣ ਤੇ ਮੁਰਮੰਤ ਕਰਨ ਦੀ ਸਫਲ ਟ੍ਰੇਨਿੰਗ ਵੀ ਲਈ ਤਾਂ ਜੋ ਹਿੰਦ ਜਾ ਕੇ ਗ਼ਦਰ ਲਈ ਹਵਾਈ ਸੈਨਾ ਦੀ ਉਸਾਰੀ ਕੀਤੀ ਜਾ ਸਕੇ ਤੇ ਇਸਦੀ ਨਿੱਗਰ ਵਰਤੋਂ ਕੀਤੀ ਜਾ ਸਕੇ।

ਪਾਰਟੀ ਦੇ ਗੁਪਤ ਕਮਿਸ਼ਨ ਦੀ ਹਦਾਇਤ 'ਤੇ ਕਰਤਾਰ ਸਿੰਘ ਨੇ 21-07-1914 ਨੂੰ ਸਾਨਫਰਾਂਸਿਸਕੋ ਤੋਂ ਯੋਕੋਹਾਮਾ ਲਈ 100 ਪਿਸਤੌਲਾ ਤੇ ਕਾਫੀ ਗੋਲੀ ਸਿੱਕਾ ਅਜੇਹੇ ਗੁਪਤ ਢੰਗ ਨਾਲ ਜਹਾਜ਼ 'ਚ ਜਾ ਟਿਕਾਇਆ ਕਿ ਖੁਫੀਆ ਤੰਤਰ ਕੋਈ ਸ਼ੱਕ ਨਾ ਹੋਇਆ ਅਤੇ ਕਾਮਯਾਬੀ ਨਾਲ ਭਕਨਾ ਜੀ ਨੂੰ ਜਹਾਜ਼ ਚੜ੍ਹਾ ਦਿੱਤਾ। 'ਗਦਰ' ਨੇ 28 ਜੁਲਾਈ ਦੇ ਅੰਕ ਰਾਹੀਂ ਦੇਸ਼ ਵਾਸੀਆ ਨੂੰ ਸੁਚੇਤ ਕੀਤਾ ਕਿ ਪਹਿਲੀ ਸੰਸਾਰ ਜੰਗ ਲਗ ਗਈ ਹੈ, ਤੁਸੀ ਆਪਣੀ ਆਜ਼ਾਦੀ ਦੀ ਜੰਗ ਲਈ ਤਿਆਰ ਹੋ ਜਾਓ। 4 ਅਗਸਤ ਦੇ ਅੰਕ ਨੇ 'ਐਲਾਨੇ ਜੰਗ' ਦਾ ਫੁਰਮਾਨ ਜਾਰੀ ਕੀਤਾ। 11 ਅਗਸਤ ਦੇ ਅੰਕ ਨੇ ਕਰਾਂਤੀਕਾਰੀ ਸੱਦਾ ਛਾਪਿਆ-

ਗਦਰ ਦੀ ਲੋੜ ਹੈ- ਨਿਡਰ ਤੇ ਦਲੇਰ ਸਿਪਾਹੀਆਂ ਦਾ ਤਨਖਾਹ - ਮੌਤ

ਇਨਾਮ - ਸ਼ਹੀਦੀ ਤੇ ਆਜ਼ਾਦੀ

ਸਥਾਨ - ਹਿੰਦ ਦੇ ਮੈਦਾਨ ਵਿਚ ਚਲੋ ਚਲੀਏ ਦੇਸ਼ ਨੂੰ ਯੁੱਧ ਕਰਨੇ, ਇਹੀ ਆਖਰੀ ਬਚਨ ਫਰਮਾਨ ਹੋ ਗਏ।

ਇਸ ਸੱਦੇ ਅਨੁਸਾਰ 6 ਹਜ਼ਾਰ ਤੋਂ ਉਪਰ ਗਦਰੀ ਯੋਧੇ ਵੱਖ ਵੱਖ ਜਹਾਜ਼ਾ ਰਾਹੀਂ ਭਾਰਤ ਪੁੱਜੇ। ਸਤੰਬਰ 1914 'ਚ ਕਰਤਾਰ ਸਿੰਘ ਸਰਾਭਾ ਕੋਲੰਬੋ ਰਾਹੀਂ ਹੁੰਦਾ ਹੋਇਆ ਅਮਰੀਕਾ ਤੋਂ ਭਾਰਤ ਪੁੱਜਾ ਤੇ ਗੁਪਤਵਾਸ ਹੋ ਕੇ ਪੰਜਾਬ 'ਚ ਸ਼ਕਤੀ ਸ਼ਾਲੀ ਗਦਰ ਪਾਰਟੀ ਦੀ ਜੱਥੇਬੰਦੀ ਦੀ ਉਸਾਰੀ ਤੇ ਹਥਿਆਰਬੰਦ ਗ਼ਦਰ ਦੀ ਤਿਆਰੀ ਲਈ ਦਿਨ-ਰਾਤ ਇਕ ਕਰਨ ਲੱਗਾ। ਉਸਦੇ ਅੰਦਰ ਮੌਜੂਦ ਮਾਨਵਤਾ ਲਈ ਬੇਥਾਹ ਪਿਆਰ ਤੇ ਸਤਿਕਾਰ ਦਾ ਉਦੋਂ ਪਤਾ ਲੱਗਦਾ ਹੈ ਜਦੋਂ ਉਹ 'ਰੱਬੋਂ' ਪਿੰਡ ਦੇ ਡਾਕੇ ਦੌਰਾਨ ਇਕ ਲੜਕੀ ਦੀ ਬਾਂਹ ਨੂੰ ਹੱਥ ਲਾਉਣ ਵਾਲੇ ਆਪ ਦੇ ਇਕ ਸਾਥੀ ਤੇ ਪਿਸਤੌਲ ਤਾਣਦਾ ਹੈ, ਉਸਨੂੰ ਮਾਵਾਂ-ਧੀਆਂ ਦੇ ਪੈਰੀਂ ਪੈਣ ਦਾ ਹੁਕਮ ਦਿੰਦਾ ਹੈ ਓਤੇ ਉਨ੍ਹਾਂ ਨੂੰ ਧੀ ਦੇ ਵਿਆਹ ਲਈ ਜਿੰਨੇ ਮਰਜ਼ੀ ਪੈਸੇ ਰੱਖਣ ਲਈ ਪੇਸ਼ਕਸ਼ ਕਰਦਾ ਹੈ ਤੇ ਆਪ ਦੇ ਉਚੇ ਤੇ ਸੁੱਚੇ ਬੁਲੰਦ ਕਿਰਦਾਰ ਨੂੰ ਰੂਪਮਾਨ ਕਰਦਾ ਹੈ!


ਕਰਤਾਰ ਸਿੰਘ ਸਰਾਭਾ ਨੇ ਰੋਜ਼ 50-50 ਮੀਲ ਸਾਈਕਲ ਚਲਾ ਕੇ 'ਕਦੇ ਪੈਦਲ ਪਿੰਡਾਂ, ਸਕੂਲਾਂ 'ਚ ਦਬੱਲ ਕੇ ਗ਼ਦਰ ਦਾ ਪ੍ਰਚਾਰ ਤੇ ਲਾਮਬੰਦੀ ਕੀਤੀ, ਉਥੋਂ ਫਿਰੋਜ਼ਪੁਰ ਤੇ ਮੀਆਂਮੀਰ (ਲਾਹੌਰ) ਸਮੇਤ ਕਈ ਫੌਜੀ ਛਾਉਣੀਆਂ ਅੰਦਰ ਬੇਖੌਫ ਤੇ ਦਿਲੇਰਾਨਾ ਵਿਧੀ ਨਾਲ ਫੌਜ਼ੀਆਂ ਨੂੰ ਗ਼ਦਰ ਲਈ ਤਿਆਰ ਕੀਤਾ। ਪਾਰਟੀ ਵਿਚਲੇ ਗ਼ਦਾਰ-ਕਿਰਪਾਲ ਸਿੰਘ ਵੱਲੋਂ ਗ਼ਦਰ ਦੀ ਤਾਰੀਖ ਤੇ ਯੋਜਨਾ ਪਹਿਲਾਂ 21 ਫਰਵਰੀ 1915 ਫਿਰ 19 ਫਰਵਰੀ 1915 ਬਾਰੇ ਅੰਗਰੇਜ਼ ਹਕੂਮਤ ਪਾਸ ਲੀਕ ਕਰਨ ਦੇ ਸਿੱਟੇ ਵਜੋਂ ਗ਼ਦਰ ਨੂੰ ਵੱਡੀ ਸੱਟ ਵੱਜੀ ਤੇ ਪੂਰੇ ਪੰਜਾਬ 'ਚ ਗ਼ਦਰੀਆਂ ਦੀ ਫੜੋ ਫੜਾਈ ਬਹੁਤ ਹੀ ਤੇਜ਼ ਹੋ ਗਈ। ਆਪ ਦੋ ਸਾਥੀਆਂ-ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘ ਨਾਲ ਫਰੰਟੀਅਰ ਮੇਲ ਚੜ੍ਹ ਕੇ ਅਫਗਾਨਿਸਤਾਨ ਦੇ ਕਬਾਇਲੀ ਇਲਾਕੇ ਨੂੰ ਜਾਣ ਲੱਗੇ। ਲੇਕਿਨ ਪੇਸ਼ਾਵਰ ਉਤਰ ਕੇ ਇਕ ਰਾਤ ਬਤੀਤ ਕਰਕੇ ਫੈਸਲਾ ਕੀਤਾ ਕਿ "ਬਣੀ ਸ਼ੇਰਾਂ ਸਿਰ ਜਾਣਾ ਕੀ ਭੱਜ ਕੇ"। ਮੁੜ ਆਏ ਦੁਬਾਰਾ ਗਦਰ ਦੀ ਤਿਆਰੀ ਲਈ ਹਿੰਦ 'ਚ ਹੀ ਰਹਿ ਕੇ ਕਰਨੇ ਲਈ। ਲਹੌਰ ਨੇੜੇ ਸਰਗੋਧਾ ਦੀ ਬਾਰ ਦੇ ਚੱਕ ਨੰ: 5 ਤੋਂ ਰਾਜਿੰਦਰ ਸਿੰਘ ਪੈਨਸ਼ਨੀਏ ਦੇ ਘਰੋਂ, ਉਸ ਦੀ ਤੇ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਦੀ ਗਦਾਰੀ ਤੇ ਮੁਖਬਰੀ ਦੇ ਸਿੱਟੇ ਵੱਜੋਂ ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘਵਾਲਾ 2 ਮਾਰਚ 1915 ਨੂੰ ਇਕੱਠੇ ਫੜੇ ਗਏ ਅਤੇ ਸੈਂਟਰਲ ਜੇਲ੍ਹ ਲਹੌਰ 'ਚ ਡੱਕ ਦਿੱਤੇ ਗਏ।

ਲਹੌਰ ਸਾਜਿਸ਼ ਕੇਸ (ਪਹਿਲਾ) ਅਧੀਨ ਚੱਲੇ ਮੁਕੱਦਮੇ ਦੌਰਾਨ ਜੱਜ ਨੇ ਕਿਹਾ "ਤੈਨੂੰ ਪਤਾ ਕਿ ਤੇਰੇ ਇਸ ਬਿਆਨ ਦਾ ਕੀ ਸਿੱਟਾ ਹੋ ਸਕਦਾ ਹੈ? ਸਰਾਭਾ ਨੇ ਕਿਹਾ, "ਤੁਸੀ ਮੈਨੂੰ ਫਾਂਸੀ ਹੀ ਲਗਾ ਦਿਉਗੇ! ਹੋਰ ਕੀ? ਅਸੀ ਇਸ ਤੋਂ ਡਰਦੇ ਨਹੀਂ। ਮੈਂ ਉਮਰ ਕੈਦ ਤੋਂ ਫਾਂਸੀ ਲਗਣ ਨੂੰ ਪਹਿਲ ਦੇਵਾਂਗਾ। ਤਾਂ ਜੋ ਛੇਤੀ ਦੁਬਾਰਾ ਜਨਮ ਲੈ ਕੇ, ਮੁੜ ਭਾਰਤ ਦੀ ਆਜ਼ਾਦੀ ਦੀ ਜੰਗ 'ਚ ਕੁੱਦ ਸਕਾਂ"। ਅਗਲੇ ਦਿਨ ਫਾਂਸੀ ਦੇਣ ਤੇ ਜੱਜ ਨੂੰ ਕਿਹਾ, "ਧੰਨਵਾਦ"। 13 ਸਤੰਬਰ 1915 ਨੂੰ ਸਰਾਭਾ ਜੀ ਸਮੇਤ 24 ਸਾਥੀਆਂ ਫਾਂਸੀ ਤੇ ਜਾਇਦਾਦ-ਜਬਤੀ ਦੀ ਸਜਾ ਸੁਣਾਈ ਗਈ। ਪ੍ਰੰਤੂ ਪਿਛੋਂ ਵਾਇਸਰਾਏ ਨੇ 17 ਦੀ ਸਜਾ ਬਦਲ ਕੇ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜਬਤੀ ਕਰ ਦਿੱਤੀ। ਇਹ ਵਰਣਨ ਯੋਗ ਹੈ ਕਿ ਅਦਾਲਤ 'ਚ ਕਰਤਾਰ ਸਿੰਘ ਨੇ ਬਿਆਨ ਏਨੀ ਸਿਆਣਪ ਤੇ ਦੂਰਅੰਦੇਸ਼ੀ ਨਾਲ ਦਿੱਤੇ, ਜਿਸ ਨਾਲ ਦੁਸ਼ਮਣ ਪਾਸ ਪਹਿਲਾਂ ਹੀ ਪ੍ਰਾਪਤ ਜਾਣਕਾਰੀ ਨੂੰ ਹੀ ਦੁਹਰਾਇਆ ਜਾਵੇ, ਵਾਅਦਾ-ਮੁਆਫ ਗਦਾਰਾ ਨੂੰ ਫਸਾਇਆ ਜਾਵੇ ਅਤੇ ਖਰੇ ਗਦਰੀ ਸਾਥੀਆਂ ਦੇ ਰੋਲ ਬਾਰੇ ਗੁਪਤ ਭੇਦਾਂ ਨੂੰ ਵੱਧ ਤੋਂ ਵੱਧ ਲੁੱਕੋ ਕੇ ਰਖਿਆ ਜਾਵੇ ਤੇ ਮੌਤ ਮੂਹਰੇ ਬੁਲੰਦ ਹੌਸਲੇ ਦਾ ਪ੍ਰਗਟਾਵਾ ਕੀਤਾ ਜਾਵੇ। ਫਾਂਸੀ ਤੋਂ ਪਹਿਲਾਂ ਆਪ ਜੀ ਦਾ ਭਾਰ 5 ਕਿਲੋਂ ਵੱਧ ਚੁੱਕਾ ਸੀ। 16 ਨਵੰਬਰ 1915 ਨੂੰ 7 ਮਹਾਨ ਗਦਰੀ ਯੋਧੇ-ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ (ਅੰਮ੍ਰਿਤਸਰ), ਹਰਨਾਮ ਸਿੰਘ ਸਿਆਲਕੋਟੀ, ਵਿਸ਼ਨੂੰ ਗਣੇਸ਼ ਪਿੰਗਲੇ (ਪੂੰਨਾ), ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ (ਤਿੰਨੇ ਗਿੱਲਵਾਲੀ-ਅੰਮ੍ਰਿਤਸਰ) ਸੈਂਟਰਲ ਜੇਲ੍ਹ ਲਹੌਰ ਵਿਖੇ ਹੱਸ-ਹੱਸ ਕੇ ਫਾਂਸੀ ਚੜ੍ਹ ਗਏ ਤੇ ਸਦਾ-ਸਦਾ ਲਈ ਅਮਰ ਹੋ ਗਏ।

ਅੱਜ ਦੇਸ਼ ਪ੍ਰਦੇਸ਼ ਵਿੱਚ ਵਸਦੇ ਪੰਜਾਬੀਆਂ ਸਮੇਤ ਭਾਰਤੀ ਦੇਸ਼-ਪ੍ਰੇਮੀ ਮਿਹਨਤਕਸ਼ ਲੋਕ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਅਧੂਰੇ ਕਾਜ਼ ਨੂੰ ਸਮਝਣ, ਅਪਣਾਉਣ ਤੇ ਪੂਰੇ ਕਰਨ ਦੇ ਪ੍ਰਣ ਕਰਨ ਲਈ ਉਹਨਾਂ ਦੇ ਜਨਮ ਦਿਵਸ ਮੌਕੇ ਵਿਸ਼ੇਸ਼ ਸਮਾਗਮ ਜੱਥੇ ਬੰਦ ਕਰਨਗੇ।

# ਡਗਮਗਾ ਰਿਹਾ ਭਾਰਤੀ ਅਰਥਚਾਰਾ

ਹਰਚਰਨ ਸਿੰਘ ਚਹਿਲ



ਅਰਥਚਾਰਾ ਜਾਂ ਆਰਥਿਕਤਾ ਅੰਤਰ-ਸਬੰਧਿਤ ਉਤਪਾਦਨ ਤੇ ਖਪਤ ਸਰਗਰਮੀਆਂ ਦੇ ਉਸ ਵਿਸ਼ਾਲ ਤਾਣੇ-ਬਾਣੇ ਦਾ ਨਾਂਅ ਹੈ ਜਿਸ ਰਾਹੀਂ ਇਹ ਤੈਅ ਹੁੰਦਾ ਹੈ ਕਿ ਕਿਸੇ ਦੇਸ਼ ਦੇ ਆਰਥਿਕ ਸਰੋਤਾਂ ਨੂੰ, ਲੋਕਾਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਕਿਵੇਂ ਵਰਤਿਆਂ ਜਾਵੇ। ਕਿਸੇ ਵੀ ਅਰਥਚਾਰੇ ਨੂੰ ਤਿੰਨ ਮੁੱਖ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ। ਖੇਤੀ ਨੂੰ ਪਰਾਈਮਰੀ (ਮੁੱਢਲਾ) ਖੇਤਰ, ਸਨਅਤਾਂ ਨੂੰ ਸੈਕੰਡਰੀ (ਸਹਾਇਕ) ਅਤੇ ਸੇਵਾਵਾਂ ਦੇ ਖੇਤਰ ਨੂੰ ਟਰਸ਼ਰੀ (ਤੀਸਰਾ) ਖੇਤਰ ਕਿਹਾ ਜਾਂਦਾ ਹੈ। ਭਾਰਤੀ ਅਰਥਚਾਰੇ ਦੇ ਇਹ ਤਿੰਨੋਂ ਖੇਤਰ ਨਿਘਾਰ ਵੱਲ ਜਾ ਰਹੇ ਹਨ, ਖਾਸ ਕਰ ਤਿੰਨ ਦਹਾਕੇ ਪਹਿਲਾਂ ਨਵ-ਉਦਾਰਵਾਦੀ ਨੀਤੀਆਂ ਦੇ ਲਾਗੂ ਹੋਣ ਬਾਅਦ । ਸੱਤ ਸਾਲ ਪਹਿਲਾਂ ਮੌਜੂਦਾ ਹਾਕਮਾਂ ਵੱਲੋਂ ਸੱਤਾ ਸੰਭਾਲਣ ਤੋਂ ਬਾਅਦ ਇਸ ਨਿਘਾਰ ਦੀ ਦਰ ਵਿੱਚ ਤੇਜੀ ਆਈ ਹੈ। ਹੁਣ ਭਾਵੇਂ ਸਾਰਾ ਠੀਕਰਾ ਕੋਰੋਨਾ ਸਿਰ ਭੰਨਿਆ ਜਾ ਰਿਹਾ ਹੈ ਪਰ ਕਰੋਨਾ ਕਾਲ ਤੋਂ ਕਈ ਸਾਲ ਪਹਿਲਾਂ ਤੋਂ ਹੀ ਭਾਰਤੀ ਆਰਥਿਕਤਾ ਲਗਾਤਾਰ ਨਿਘਰਦੀ ਜਾ ਰਹੀ ਸੀ।

**ਖੇਤੀ ਖੇਤਰ:** ਦੇਸ਼ ਦੀ ਤਕਰੀਬਨ 50 ਫੀ ਸਦੀ ਕਾਮਾ ਸ਼ਕਤੀ ਨੂੰ ਰੁਜ਼ਗਾਰ ਦੇਣ ਅਤੇ ਕੌਮੀ ਆਮਦਨ ਵਿੱਚ 17 ਹਿੱਸਾ ਪਾਉਣ ਵਾਲੇ ਖੇਤੀ ਖੇਤਰ ਦਾ ਸੰਕਟ ਬਹੁਤ ਗਹਿਰਾ ਹੈ। ਭਾਰਤੀ ਖੇਤੀ ਖੇਤਰ ਦੀ ਵਾਧਾ ਦਰ 4% ਫੀ ਸਦੀ ਤੋਂ ਹੇਠਾਂ ਹੀ ਰਹੀ ਹੈ। ਹਾਕਮਾਂ ਵੱਲੋਂ ਆਜ਼ਾਦੀ ਤੋਂ ਬਾਅਦ ਜ਼ਮੀਨੀ ਸੁਧਾਰਾਂ ਦੇ ਕੰਮ ਨੂੰ ਅੰਜ਼ਾਮ ਨਾ ਦਿੱਤੇ ਜਾਣ ਕਾਰਨ ਜ਼ਮੀਨ ਦੀ ਵੰਡ ਬਹੁਤ ਅਸਾਂਵੀ ਹੈ। 86% ਕਿਸਾਨਾਂ ਕੋਲ ਪੰਜ ਏਕੜ ਤੋਂ ਅਤੇ 67% ਕਿਸਾਨਾਂ ਕੋਲ 2.5 ਏਕੜ ਤੋਂ ਘੱਟ ਜ਼ਮੀਨ ਹੈ। ਸੱਠਵਿਆਂ ’ਚ ਹਰੇ ਇਨਕਲਾਬ ਦੇ ਨਾਂਅ ਹੇਠ ਖੇਤੀ ਖੇਤਰ ਵਿੱਚ ਪੂੰਜੀਵਾਦ ਦੇ ਦਖਲ ਲਈ ਰਾਹ ਪੱਧਰਾ ਕੀਤਾ ਗਿਆ ਜਿਸ ਕਾਰਨ ਵਪਾਰਕ ਸ਼ਰਤਾਂ (Terms of Trade) ਇਸ ਖੇਤਰ ਦੇ ਉਲਟ ਹੋਣੀਆਂ ਸ਼ੁਰੂ ਹੋ ਗਈਆਂ। 1991 ਦੀਆਂ ਨਵਉਦਾਰਵਾਦੀ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ ਇਹ ਲੁੱਟ ਵਧੇਰੇ ਤਿੱਖੀ ਹੋ ਗਈ। ਖੇਤੀ ਉਤਪਾਦਨ ਦੀਆਂ ਕੀਮਤਾਂ ਦੇ ਮੁਕਾਬਲੇ ਖੇਤੀ ਲਾਗਤਾਂ ਵਧੇਰੇ ਉੱਚੀ ਦਰ ਨਾਲ ਵਧੀਆਂ। ਉਪਰੋਂ ਮੁਢਲੀਆਂ ਜੀਵਨ ਲੋੜਾਂ, ਸਿਹਤ, ਸਿੱਖਿਆ,ਬਿਜਲੀ,ਪਾਣੀ ਆਦਿ ਦੀ ਮਹਿੰਗਾਈ, ਸ਼ਾਹੂਕਾਰਾਂ ਤੇ ਬੈਂਕਾਂ ਦੀਆਂ ਉਚ ਵਿਆਜ ਦਰਾਂ ਅਤੇ ਘਟ ਰਹੀ ਆਮਦਨ ਨੇ ਕਿਸਾਨਾਂ/ਮਜ਼ਦੂਰਾਂ ਦਾ ਜਿਉਣਾ ਮੁਹਾਲ ਕਰ ਦਿੱਤਾ। ਇਨਾਂ ਹਾਲਤਾਂ ’ਚ ਕਿਸਾਨਾਂ ਦਾ ਕਰਜ਼ਾ ਅਮਰਵੇਲ ਵਾਂਗ ਵਧਦਾ ਰਿਹਾ। ਪੂਰੇ ਮੁਲਕ ਦੇ ਕਿਸਾਨਾਂ ਦਾ ਕਰਜ਼ਾ 13 ਲੱਖ ਕਰੋੜ ਰੁਪਏ ਤੋਂ ਵੀ ਟੱਪ ਚੁੱਕਾ ਹੈ ਅਤੇ ਪੰਜਾਬ ਦੇ ਕਿਸਾਨ ਵੀ ਇੱਕ ਲੱਖ ਕਰੋੜ ਤੋਂ ਵੱਧ ਦੇ ਕਰਜ਼ਾਈ ਹਨ। ਹਤਾਸ਼ ਤੇ ਬੇਵੱਸ ਹੋਇਆ ਕਿਸਾਨ ਖੁਦਕੁਸ਼ੀਆਂ ਦੇ ਰਾਹ ਪੈ ਗਿਆ। ਪਿਛਲੇ ਦੋ ਦਹਾਕਿਆਂ ’ਚ 3.5 ਲੱਖ ਤੋਂ ਵਧੇਰੇ ਕਿਸਾਨ ਖੁਦਕਸ਼ੀ ਕਰ ਚੁੱਕੇ ਹਨ। ਫਸਲਾਂ ਦਾ ਪੂਰਾ ਮੁੱਲ ਨਾ ਮਿਲਣ ਕਾਰਨ ਕਿਸਾਨਾਂ ਕੋਲ ਖੇਤੀ ’ਚ ਨਵਾਂ ਨਿਵੇਸ਼ ਕਰਨ ਲਈ ਕੁੱਝ ਬਚਦਾ ਨਹੀਂ । ਖੇਤੀ ਖੇਤਰ ’ਚ ਨਿਵੇਸ਼ ਕਰਨਾ ਸਰਕਾਰ ਦੇ ਏਜੰਡੇ ’ਤੇ ਨਹੀਂ ਹੈ ਕਿਉਂਕਿ ਸਰਕਾਰ ਖੇਤੀ ਨੂੰ ਖੁੱਲੀ ਮੰਡੀ ਦੇ ਹਵਾਲੇ ਕਰਨਾ ਚਾਹੁੰਦੀ ਹੈ। ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਮੌਜੂਦਾ ਕਿਸਾਨ ਅੰਦੋਲਨ ਦਾ ਪਿਛੋਕੜ ਵੀ ਸਰਕਾਰ ਦਾ ਇਹੀ ਖੁੱਲੀ ਮੰਡੀ ਵਾਲਾ ਏਜੰਡਾ ਹੀ ਹੈ।

**ਸਨਅਤੀ ਖੇਤਰ:** ਕੌਮੀ ਆਮਦਨ ’ਚ 28 ਫੀ ਸਦੀ ਹਿੱਸਾ ਪਾਉਣ ਵਾਲੇ ਅਤੇ ਮੁਲਕ ਦੀ ਤਕਰੀਬਨ ਇਕ-ਚੌਥਾਈ ਕਾਮਾ ਸ਼ਕਤੀ ਨੂੰ ਰੁਜ਼ਗਾਰ ਦੇਣ ਵਾਲੇ ਸੱਨਅਤੀ ਖੇਤਰ ਦੀ ਹਾਲਤ ਵੀ ਡਾਵਾਂਡੋਲ ਹੈ। ਇਸ ਖੇਤਰ ਦੀ ਸਿਹਤ ਪਰਖਣ ਲਈ ਆਈਆਈਪੀ (Index of Industrial Production) ਸੂਚਕ-ਅੰਕ ਦਾ ਸਹਾਰਾ ਲਿਆ ਜਾਂਦਾ ਹੈ ਜੋ ਮੈਨੂਫੈਕਚਰਿੰਗ, ਮਾਈਨਿੰਗ ਤੇ ਬਿਜਲੀ ਖੇਤਰਾਂ ਦੇ ਅੰਕੜਿਆਂ ’ਤੇ ਆਧਾਰਿਤ ਹੁੰਦਾ ਹੈ। ਪਿਛਲੇ ਪੰਦਰਾਂ ਸਾਲਾਂ ਦੌਰਾਨ ਮਹਿਜ਼ 4.2 ਫੀ ਸਦੀ ਦੀ ਔਸਤ ਦਰ ਨਾਲ ਵਧਣ ਵਾਲੇ ਇਸ ਖੇਤਰ ਦੇ ਨਿਘਾਰ ਨੇ ਹਾਲੀਆ ਸਾਲਾਂ ਦੌਰਾਨ ਹੋਰ ਤੇਜ਼ੀ ਫੜ ਲਈ ਹੈ ਅਤੇ ਇਹ ਖੇਤਰ ਫਰਵਰੀ 2021 ਵਿੱਚ 3.6 ਫੀ ਸਦੀ ਤੱਕ ਸੁੰਗੜ ਗਿਆ। ਲੋਕਾਂ ਦੀ ਘੱਟ ਰਹੀ ਖਰੀਦ ਸ਼ਕਤੀ ਕਾਰਨ ਨਿੱਜੀ ਨਿਵੇਸ਼ਕਾਰਾਂ ਦਾ ਅਰਥਚਾਰੇ ’ਚ ਭਰੋਸਾ ਕਮਜੋਰ ਪੈ ਚੁੱਕਾ ਹੈ ਅਤੇ ਉਹ ਕੋਈ ਨਵਾਂ ਨਿਵੇਸ਼ ਨਹੀਂ ਕਰ ਰਹੇ। ਨਿੱਜੀ ਨਿਵੇਸ਼ ਪਿਛਲੇ 15 ਸਾਲਾਂ ਦੇ ਸਭ ਤੋਂ ਨੀਵੇਂ ਸਤਰ ’ਤੇ ਪਹੁੰਚ ਚੁੱਕਾ ਹੈ। ਘਰੇਲੂ ਬੱਚਤਾਂ ਦੀ ਦਰ ਘਟ ਰਹੀ ਹੈ। ਆਮ ਲੋਕਾਂ ਦੀ ਖਰੀਦ ਸ਼ਕਤੀ ਘਟਣ ਕਾਰਨ ਕੌਮੀ ਆਮਦਨ ’ਚ ਦੋ ਤਿਹਾਈ ਯੋਗਦਾਨ ਪਾਉਣ ਵਾਲਾ ਖਪਤਕਾਰੀ ਖਰਚਾ (Consumption Expenditure) ਲਗਾਤਾਰ ਘਟ ਰਿਹਾ ਹੈ। ਕਾਮਿਆਂ ਦੀ ਛਾਂਟੀ ਕੀਤੀ ਜਾ ਰਹੀ ਹੈ। ਪਿਛਲੇ ਸਾਲ ਆਟੋ-ਮੋਬਾਈਲ ਖੇਤਰ ਨੇ ਦਸ ਲੱਖ ਕਾਮੇ ਨੌਕਰੀ ਤੋ ਬਾਹਰ ਕੱਢੇ ਹਨ। ਫੈਕਟਰੀਆਂ ਆਪਣੀ ਸਥਾਪਤ ਸਮੱਰਥਾ ਤੋਂ ਬਹੁਤ ਨੀਵੀਂ ਪੱਧਰ ’ਤੇ ਉਤਪਾਦਨ ਕਰ ਰਹੀਆਂ ਹਨ।

**ਸੇਵਾਵਾਂ ਖੇਤਰ:** ਕੌਮੀ ਆਮਦਨ ’ਚ 55 ਫੀਸਦੀ ਹਿੱਸਾ ਪਾਉਣ ਵਾਲੇ ਅਤੇ ਮੁਲਕ ਦੀ ਤਕਰੀਬਨ ਇੱਕ-ਚੌਥਾਈ ਕਾਮਾ ਸ਼ਕਤੀ ਨੂੰ ਰੁਜ਼ਗਾਰ ਦੇਣ ਵਾਲੇ ਸੇਵਾਵਾਂ ਦਾ ਖੇਤਰ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ। ਆਈਟੀ ਸੈਕਟਰ ਦੀ ਚੜ੍ਹਤ ਦੇ ਦੌਰ ਸਮੇਂ ਸੁਰਖੀਆਂ ’ਚ ਰਹਿਣ ਵਾਲਾ ਸੇਵਾ-ਖੇਤਰ ਹੁਣ ਸਿਵਲ-ਏਵੀਏਸ਼ਨ, ਸੈਰ-ਸਪਾਟਾ, ਬੈਕਿੰਗ,ਬੀਮਾ ਤੇ ਆਈਟੀ ਸੈਕਟਰ ਆਦਿ ਦੀ ਮੰਦੀ ਹਾਲਤ ਕਾਰਨ ਨਿਘਾਰ ਵੱਲ ਜਾ ਰਿਹਾ ਹੈ। ਕੌਮੀ ਆਮਦਨ ਵਿਚ ਇਸ ਦਾ ਹਿੱਸਾ 63 ਤੋਂ ਘਟ ਕੇ 55 ਫੀ ਸਦੀ ਤੱਕ ਆ ਗਿਆ ਹੈ।

ਆਰਥਿਕਤਾ ਦੇ ਤਿੰਨਾਂ ਖੇਤਰਾਂ ’ਤੇ ਪੰਛੀ-ਝਾਤ ਮਾਰਨ ਬਾਅਦ ਆਉ ਭਾਰਤੀ ਅਰਥਚਾਰੇ ਦੀ ਸਿਹਤ ਦਾ ਹਾਲ ਕੁੱਝ ਸੂਚਕ-ਅੰਕਾਂ ਜ਼ਰੀਏ ਜਾਣੀਏ।

**ਜੀਡੀਪੀ :** ਕਿਸੇ ਅਰਥਚਾਰੇ ਦੀ ਸਿਹਤ ਨੂੰ ਪਰਖਣ ਲਈ ਜੀਡੀਪੀ (Gross Domestic Product) ਦੇ ਮਾਪਦੰਡ ਨੂੰ ਸਭ ਤੋਂ ਵਧੇਰੇ ਵਰਤਿਆ ਜਾਂਦਾ ਹੈ। ਜੀਡੀਪੀ ਤੋਂ ਭਾਵ ਹੈ ਕਿ ਕਿਸੇ ਮੁਲਕ ’ਚ ਇੱਕ ਸਾਲ ’ਚ ਪੈਦਾ ਕੀਤੀਆਂ ਗਈਆਂ ਕੁੱਲ ਵਸਤਾਂ ਤੇ ਸੇਵਾਵਾਂ ਦੀ ਕੁੱਲ ਕੀਮਤ। ਪਿਛਲੇ ਸਾਲ ਦੇ ਮੁਕਾਬਲੇ ਮੌਜੂਦਾ ਸਾਲ ਵਿੱਚ ਇਸ ਕੁੱਲ ਕੀਮਤ ’ਚ ਹੋਇਆ ਵਾਧਾ ਜੀਡੀਪੀ ਦੀ ਵਾਧਾ ਦਰ ਕਹੀ ਜਾਂਦੀ ਹੈ। ਅੱਜ ਕਲ ਜੀਡੀਪੀ ਵਾਲਾ ਮਾਪਦੰਡ ਵਰਤੇ ਜਾਣ ਬਾਰੇ ਬਹੁਤ ਕਿੰਤੂ-ਪਰੰਤੂ ਹੋ ਰਿਹਾ ਹੈ ਕਿਉਂਕਿ ਜੀਡੀਪੀ ਰਾਹੀਂ ਆਰਥਿਕਤਾ ਦੀ ਪੂਰੀ ਤਸਵੀਰ ਨਜ਼ਰ ਨਹੀਂ ਆਉਂਦੀ। ਉਤਪਾਦਨ ਦੀ ਵੰਡ, ਗ਼ੈਰ-ਰਸਮੀ ਖੇਤਰ ਦਾ ਹਾਲ, ਵਾਤਾਵਰਨ ਨੂੰ ਹੋਏ ਨੁਕਸਾਨ ਅਤੇ ਸਰੋਤਾਂ ਦੀ ਤਰਕਪੂਰਨ ਤੇ ਟਿਕਾਊ ਵਰਤੋਂ ਨੂੰ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਜੀਡੀਪੀ ਨੂੰ ਵਧੇਰੇ ਭਰੋਸੇਯੋਗ ਨਹੀਂ ਮੰਨਿਆ ਜਾਂਦਾ ਅਤੇ ਇਸ ਦੀ ਥਾਂ ’ਤੇ ਅੱਜਕਲ ਜ਼ਿੰਦਗੀ ਦੀ ਗੁਣਵੱਤਾ ਦੀ ਗੱਲ ਕਰਨ ਵਾਲੇ ਮਨੁੱਖੀ ਵਿਕਾਸ ਸੂਚਕ (Human Development Index) ਜਿਹੇ ਦੂਸਰੇ ਮਾਪਦੰਡਾਂ ਨੂੰ ਵਧੇਰੇ ਸਹੀ ਮੰਨਿਆ ਜਾਂਦਾ ਹੈ। ਪਰ ਜ਼ਿਆਦਾ ਪ੍ਰਚੱਲਿਤ ਹੋਣ ਕਾਰਨ ਪਹਿਲਾਂ ਅਸੀਂ ਭਾਰਤੀ ਆਰਥਿਕਤਾ ਦੀ ਸਿਹਤ ਨੂੰ ਜੀਡੀਪੀ ਦੇ ਪੈਮਾਨੇ ਅਨੁਸਾਰ ਪਰਖਦੇ ਹਾਂ।

ਸੰਸਾਰ-ਪੱਧਰੀ ਆਰਥਿਕ ਮੰਦਵਾੜੇ ਵਾਲੇ ਸਾਲ ਸੰਨ 2008 ਵਿੱਚ ਭਾਰਤੀ ਅਰਥਚਾਰਾ ਮਹਿਜ਼ 3.09 ਫੀ ਸਦੀ ਦੀ ਦਰ ਨਾਲ ਵਧਿਆ ਸੀ। ਉਸ ਤੋਂ ਬਾਅਦ ਸਿਰਫ ਦੋ ਵਾਰ, ਸੰਨ 2010 ਤੇ 2015 ਵਿੱਚ, ਕੁੱਝ ਖਾਸ ਹਾਲਤਾਂ ਕਾਰਨ ਇਹ ਅੰਕੜਾ 8 ਫੀ ਸਦੀ ਤੋਂ ਥੋੜਾ ਉਪਰ ਰਿਹਾ। ਜੀਡੀਪੀ ਵਾਧਾ ਦਰ ਵਿਤੀ ਸਾਲ 2017 ਵਿੱਚ 8.3% ਸੀ ਜੋ ਅਗਲੇ ਸਾਲਾਂ ਵਿੱਚ ਲਗਾਤਾਰ ਘਟਦੀ ਰਹੀ ਅਤੇ 2020 ਵਿਚ ਸਿਰਫ 4 ਫੀ ਸਦੀ ਰਹਿ ਗਈ। ਚੇਤੇ ਰੱਖੋ ਇਹ ਅੰਕੜੇ ਕਰੋਨਾ ਕਾਲ ਤੋਂ ਪਹਿਲਾਂ ਦੇ ਹਨ। ਜੀਡੀਪੀ ਪਿਛਲੇ ਸਾਲ (2020-21) ਦੀ ਪਹਿਲੀ ਤਿਮਾਹੀ 23.9% ਨੇਗੈਟਿਵ ਤੱਕ ਚਲੀ ਗਈ ਅਤੇ ਇਸ ਪੂਰੇ ਸਾਲ ਲਈ ਇਹ ਅੰਕੜਾ 7.7 ਫੀ ਸਦੀ ਨੈਗੇਟਿਵ ਹੈ। ਇਸ ਸਾਲ ਦੇ ਨੀਵੇਂ ਆਧਾਰ ਦੇ ਅਸਰ (Low Base Effect) ਕਾਰਨ ਭਾਵੇਂ ਅਗਲੇ ਸਾਲ ਦਾ ਅੰਕੜਾ 11 ਫੀ ਸਦੀ ਦਾ ਆਸ-ਪਾਸ ਰਹਿਣ ਦਾ ਅੰਦਾਜਾ ਹੈ ਪਰ ਜੇਕਰ ਇਨ੍ਹਾਂ ਦੋ ਸਾਲਾਂ ਦੇ ਅੰਕੜਿਆਂ (-7.7 ਤੇ 11%) ਨੂੰ ਇਕ ਸਾਥ ਦੇਖਿਆ ਜਾਵੇ ਤਾਂ ਇਹ ਵਾਧਾ ਮਹਿਜ਼ 1.5 ਫੀ ਸਦੀ ਬਣਦਾ ਹੈ। ਇਹ ਅੰਕੜਾ ਆਰਥਿਕਤਾ ਦੀ ਬਹੁਤ ਨਿਘਰ ਰਹੀ ਸਿਹਤ ਦਾ ਸੂਚਕ ਹੈ। ਪਿਛਲੇ ਸਾਲਾਂ ਦੇ ਭਾਰਤੀ ਅਰਥਚਾਰੇ ਦੀ ਵਾਧਾ ਦਰ ’ਚ ਕੌਮਾਂਤਰੀ ਪੱਧਰ ’ਤੇ ਪੈਟਰੋਲੀਅਮ ਪਦਾਰਥਾਂ ਦੀਆਂ ਬਹੁਤ ਨੀਵੀਆਂ ਕੀਮਤਾਂ ਦੇ ਗੱਫੇ ਦਾ ਵੀ ਵੱਡਾ ਯੋਗਦਾਨ ਹੈ ਅਤੇ ਅਜਿਹੇ ਗੱਫੇ ਰੋਜ਼ ਰੋਜ਼ ਨਹੀਂ ਮਿਲਦੇ।

**ਬੇਰੁਜ਼ਗਾਰੀ :** ਆਰਥਿਕਤਾ ਦੀ ਸਿਹਤ ਮਾਪਣ ਦਾ ਇੱਕ ਹੋਰ ਮਹੱਤਵਪੂਰਨ ਮਾਪਦੰਡ ਮੁਲਕ ਦੇ ਲੋਕਾਂ ਨੂੰ ਮਿਲਣ ਵਾਲਾ ਰੁਜ਼ਗਾਰ ਹੈ। ਭਾਰਤ ਵਿੱਚ ਰੁਜ਼ਗਾਰ ਦੀ ਮਾਤਰਾ ਤੇ ਗੁਣਵੰਤਾ, ਦੋਵੇਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਨਿਘਾਰ ਵੱਲ ਜਾ ਰਹੇ ਹਨ। ਦੇਸ਼ ਦੀ ਆਰਥਿਕਤਾ ’ਤੇ ਨਜ਼ਰ ਰੱਖਣ ਵਾਲੇ ਅਦਾਰੇ ‘ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕਾਨੌਮੀ’ (CMIE) ਮੁੰਬਈ ਦੇ ਅਧਿਐਨ ਮੁਤਾਬਕ ਪਿਛਲੇ ਸਾਲ ਕਰੋਨਾ ਲੌਕਡਾਉਨ ਤੋਂ ਪਹਿਲਾਂ ਵੀ ਮੁਲਕ ਦੀ ਕੁੱਲ ਕਿਰਤ ਸ਼ਕਤੀ ਦਾ 6.1% ਹਿੱਸਾ ਬੇਰੁਜ਼ਗਾਰ ਸੀ ਅਤੇ ਇਹ ਅੰਕੜਾ ਜੂਨ 2020 ’ਚ 24% ਤੱਕ ਚਲਾ ਗਿਆ। ਇਸ ਅਦਾਰੇ ਦੇ ਅਧਿਐਨ ਮੁਤਾਬਕ ਕਰੋਨਾ ਕਾਲ ਤੋਂ ਪਹਿਲਾਂ ਵੀ ਦੇਸ਼ ਵਿੱਚ 3.5 ਕਰੋੜ ਲੋਕ ਪੂਰੀ ਤਰਾਂ ਬੇਰੁਜ਼ਗਾਰ ਸਨ। ਇਸ ਅੰਕੜੇ ਵਿੱਚ ਹਰ ਸਾਲ ਤਕਰੀਬਨ ਇੱਕ ਕਰੋੜ ਦਾ ਵਾਧਾ ਹੋ ਜਾਂਦਾ ਹੈ। ਪਿਛਲੇ ਸਾਲ ਬੇਰੁਜ਼ਗਾਰੀ ਦੀ ਦਰ 45 ਸਾਲਾਂ ਦੇ ਸਭ ਤੋਂ ਉਚਤਮ ਸਥਾਨ ’ਤੇ ਪਹੁੰਚ ਗਈ ਸੀ। ਅਪਰੈਲ 21 ਵਿਚ ਬੇਰੁਜ਼ਗਾਰੀ ਦੀ ਇਹ ਦਰ 7.17 ਫੀਸਦੀ ਹੈ। ਚੇਤੇ ਰਹੇ ਇਹ ਅੰਕੜੇ ਗ਼ੈਰ-ਰਸਮੀ ਖੇਤਰ, ਜਿਥੇ ਕੁੱਲ ਕਾਮਿਆਂ ਦਾ 92% ਹਿੱਸਾ ਕੰਮ ਕਰਦਾ ਹੈ, ਨੂੰ ਆਪਣੇ ਕਲਾਵੇ ’ਚ ਨਹੀਂ ਲੈਂਦੇ। ਪੂਰੀ ਤਰਾਂ ਬੇਰੁਜ਼ਗਾਰ ਹੋਣ ਤੋਂ ਇਲਾਵਾ ਸਾਡੇ ਮੁਲਕ ਵਿਚ ਅਰਧ-ਬੇਰੁਜ਼ਗਾਰਾਂ ਤੇ ਲੁਕੀ ਹੋਈ (ਭਾਵ ਇਕ ਬੰਦੇ ਦੇ ਕਰਨ ਯੋਗੇ ਕੰਮ ’ਤੇ ਦੋ ਜਾਂ ਤਿੰਨ ਬੰਦੇ ਕੰਮ ਕਰ ਰਹੇ ਹਨ) ਬੇਰੁਜ਼ਗਾਰੀ ਦੇ ਅੰਕੜੇ ਵੀ ਬਹੁਤ ਜ਼ਿਆਦਾ ਹਨ। ਸੰਨ 2016 ’ਚ ਨੋਟਬੰਦੀ ਕਾਰਨ ਅਤੇ ਪਿਛਲੇ ਸਾਲ ਕਰੋਨਾ ਕਾਰਨ ਕਰੋੜਾਂ ਲੋਕ ਪੂਰੀ ਤਰਾਂ ਬੇਰੁਜ਼ਗਾਰ ਹੋਏ। ਲੌਕਡਾਊਨ ਕਾਰਨ ਬੇਰੁਜ਼ਗਾਰ ਹੋਏ ਕਾਮਿਆਂ ’ਚੋਂ ਦੋ ਕਰੋੜ ਅਜੇ ਵੀ ਬੇਰੁਜ਼ਗਾਰ ਹਨ। ਕੰਪਿਊਟਰ, ਸਵੈ-ਚਾਲਕ ਮਸ਼ੀਨਰੀ ਤੇ ਨੁਕਸ-ਰਹਿਤ ਯੰਤਰਾਂ ਦੀ ਵਰਤੋਂ ਵਧਣ ਕਾਰਨ ਨਵਾਂ ਨਿਵੇਸ਼ ਜ਼ਿਆਦਾਤਰ ਰੁਜ਼ਗਾਰ-ਵਿਹੂਣਾ ਨਿਵੇਸ਼ ਹੈ ਜਿਸ ਕਾਰਨ ਬੇਰੁਜ਼ਗਾਰੀ ਦਰ ਦੇ ਹੋਰ ਵਧ ਜਾਣ ਦਾ ਅੰਦੇਸ਼ਾ ਹੈ।

**ਵਿੱਤੀ ਅਦਾਰਿਆਂ ਦੀ ਸਿਹਤ:** ਕਿਸੇ ਮੁਲਕ ਦੀ ਆਰਥਿਕਤਾ ਉਸ ਦੇ ਵਿਤੀ ਅਦਾਰਿਆਂ ਦੀ ਕਾਰਗੁਜ਼ਾਰੀ ’ਤੇ ਬਹੁਤ ਨਿਰਭਰ ਕਰਦੀ ਹੈ। ਭਾਰਤ ਦਾ ਵਿਤੀ ਢਾਂਚਾ ਬਿਲਕੁਲ ਜ਼ਰਗਰ ਹੋ ਚੁੱਕਿਆ ਹੈ। ਪਿਛਲੇ ਸਾਲ ਦੇਸ਼ ਦੇ ਬੁਨਿਆਦੀ ਢਾਂਚੇ ਲਈ ਕਰਜ਼ਾ ਮੁਹੱਈਆ ਕਰਵਾਉਣ ਵਾਲੀ ਪ੍ਰਮੁੱਖ ਗ਼ੈਰ-ਬੈਕਿੰਗ ਕੰਪਨੀ ਆਈਐਲ਼ ਐਂਡ ਐਫਐਸ (IL & FS) ਦੀਵਾਲੀਆ ਹੋ ਗਈ। ਬੈਂਕਾਂ ਦੇ ਐਨਪੀਏ ਲਗਾਤਾਰ ਵਧ ਰਹੇ ਹਨ। ਆਰਬੀਆਈ ਦੀ ਇੱਕ ਰਿਪੋਰਟ ਅਨੁਸਾਰ ਸਤੰਬਰ 2021 ਤੱਕ 14.8 ਫੀ ਸਦੀ ਕਰਜ਼ੇ ਐਨਪੀਏ ਹੋ ਜਾਣਗੇ ਜੋ ਮਾਰਚ 20 ਵਿਚ 8.2% ਅਤੇ ਮਾਰਚ 21 ਵਿਚ ਤਕਰੀਬਨ 10.5 ਫੀ ਸਦੀ ਹਨ। ਹਰ ਦੋ ਚਾਰ ਮਹੀਨਿਆਂ ਬਾਅਦ ਇੱਕ ਬੈਂਕ ‘ਆਈਸੀਯੂ’ ਵਿੱਚ ਚਲਾ ਜਾਂਦਾ ਹੈ ਜਿਸ ਨੂੰ ਐਲਆਈਸੀ ਵਰਗੇ ਕਿਸੇ ਜਨਤਕ ਅਦਾਰੇ ਦੇ ਫੰਡਾਂ ਸਹਾਰੇ ‘ਫਿਲਹਾਲ ਬਚਾ’ ਲਿਆ ਜਾਂਦਾ ਹੈ। ਬੈਂਕਾਂ ਦਾ ਰਲੇਵਾਂ ਕਰਕੇ ਉਨਾਂ ਦੀ ਕਮਜ਼ੋਰ ਵਿਤੀ ਹਾਲਤ ’ਤੇ ਪਰਦਾਪੋਸ਼ੀ ਕੀਤੀ ਜਾ ਰਹੀ ਹੈ।

**ਵਾਧਾ ਬਨਾਮ ਵਿਕਾਸ :** ਸਿਰਫ ਆਰਥਿਕ ਵਾਧੇ ਯਾਨੀ ਜੀਡੀਪੀ (GDP) ਦੀ ਗੱਲ ਕਰਨ ਨਾਲ ਸਾਨੂੰ ਇਹ ਪਤਾ ਨਹੀਂ ਚੱਲਦਾ ਕਿ ਇਹ ਵਧੀ ਹੋਈ ਕੌਮੀ ਆਮਦਨ ਦਰਅਸਲ ਦੇਸ਼ ਦੇ ਲੋਕਾਂ ਦਰਮਿਆਨ ਵੰਡੀ ਕਿਵੇਂ ਗਈ ਅਤੇ ਇਸ ਕਾਰਨ ਉਨਾਂ ਦੀ ਜ਼ਿੰਦਗੀ ਦੀ ਗੁਣਵੰਤਾ ’ਚ ਕੋਈ ਸੁਧਾਰ ਹੋਇਆ ਜਾਂ ਨਹੀਂ। ਇਹ ਗੱਲ ਜਾਣਨ ਲਈ ਅੱਜਕੱਲ ਵਾਧੇ ਦੀ ਬਜਾਏ ਵਿਕਾਸ (Growth vs Development) ਦੇ ਸੰਕਲਪ ਦੀ ਵਰਤੋਂ ਕੀਤੀ ਜਾਂਦੀ ਹੈ। ਵਿਕਾਸ ਜਾਣਨ ਲਈ ਹਿਊਮਨ ਡਿਵੈਲਪਮੈਂਟ ਇੰਡੈਕਸ (HDI) ਦਾ ਸਹਾਰਾ ਲਿਆ ਜਾਂਦਾ ਹੈ। ਐਚਡੀਆਈ ਕਿਸੇ ਮੁਲਕ ਦੇ ਬਾਸ਼ਿੰਦਿਆਂ ਦੀ ਜ਼ਿੰਦਗੀ ਦੀ ਗੁਣਵੰਤਾ ਪਰਖਣ ਲਈ ਔਸਤ ਉਮਰ, ਸਿੱਖਿਆ, ਸਿਹਤ-ਸਹੂਲਤਾਂ, ਮਕਾਨ, ਵਾਤਾਵਰਨ ਆਦਿ ਨੂੰ ਆਪਣੇ ਕਲਾਵੇ ’ਚ ਲੈਂਦਾ ਹੈ। ਯੂਐਨਡੀਪੀ ਦੀ ਪਿਛਲੇ ਸਾਲ ਦੀ ਇਕ ਰਿਪੋਰਟ ਅਨੁਸਾਰ ਭਾਰਤ ਦਾ ਹਿਊਮਨ ਡਿਵੈਲਪਮੈਂਟ ਇੰਡੈਕਸ ਰੈਂਕ, ਹੇਠਾਂ ਖਿਸਕ ਕੇ ਕੁੱਲ 189 ਦੇਸ਼ਾਂ ਚੋਂ 131 ਨੰਬਰ ’ਤੇ ਪਹੁੰਚ ਗਿਆ ਹੈ ਜਿਸ ਦੇ ਮਾਅਨੇ ਹਨ ਕਿ ਭਾਰਤੀਆਂ ਦੀ ਜ਼ਿੰਦਗੀ ਦੀ ਕੁਆਲਟੀ ਨਿਘਾਰ ਵੱਲ ਜਾ ਰਹੀ ਹੈ।

ਇਕ ਹੋਰ ਸੂਚਕ ਅੰਕ, ਗਲੋਬਲ ਹੰਗਰ ਇੰਡੈਕਸ (GHI-Global Hunger Index) ਦੁਨੀਆ ’ਚ ਭੁੱਖਮਰੀ ਦੀ ਹਾਲਤ ਜਾਣਨ ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਕੁਪੋਸ਼ਣ, ਪੰਜ ਸਾਲ ਤੋਂ ਛੋਟੇ ਬੱਚਿਆਂ ਦਾ ਉਨ੍ਹਾਂ ਦੇ ਕੱਦ ਅਨੁਸਾਰ ਭਾਰ, ਉਨਾਂ ਦੀ ਉਮਰ ਮੁਤਾਬਕ ਕੱਦ ਅਤੇ ਇਸ ਗਰੁੱਪ ਦੀ ਮੌਤ ਦਰ ਨੂੰ ਪਰਖ ਕੇ ਕਿਸੇ ਦੇਸ਼ ਦੀ ਦਰਜਾਬੰਦੀ ਕੀਤੀ ਜਾਂਦੀ ਹੈ। ਜਰੂਰਤ ਤੋਂ ਸਾਢੇ ਤਿੰਨ ਗੁਣਾਂ ਵਧੇਰੇ ਅਨਾਜ ਭੰਡਾਰਨ ਦੀਆਂ ਟਾਹਰਾਂ ਮਾਰਨ ਵਾਲੇ ਮੁਲਕ ਦੀ ਕਾਰਗੁਜ਼ਾਰੀ ਇਸ ਪੱਖੋਂ ਵੀ ਬਹੁਤ ਚਿੰਤਜਨਕ ਹੈ। ਭੁੱਖਮਰੀ ਦੇ ਇਸ ਸੂਚਕ ਅੰਕ ’ਚ ਭਾਰਤ ਕੁੱਲ 107 ਮੁਲਕਾਂ ’ਚੋਂ 94ਵੇਂ ਸਥਾਨ ’ਤੇ ਹੈ। ਇਸ ਪੱਖੋਂ ਇਹ ਨੇਪਾਲ (ਰੈਂਕ 73), ਬੰਗਲਾਦੇਸ਼ (75) ਤੇ ਪਾਕਸਿਤਾਨ (88) ਤੋਂ ਵੀ ਹੇਠਾਂ ਹੈ।ਅਨਾਜ ਦੇ ਭੰਡਾਰ, ਜ਼ਰੂਰਤ ਤੋਂ ਵਧੇਰੇ ਪੈਦਾਵਾਰ ਹੋਣ ਕਾਰਨ ਨਹੀਂ ਸਗੋਂ ਆਮ ਲੋਕਾਂ ਦੀ ਖਰੀਦ ਸ਼ਕਤੀ ਦੀ ਕਮੀ ਕਾਰਨ ਭਰੇ ਪਏ ਹਨ। ਇੱਕ ਰਿਪੋਰਟ ਅਨੁਸਾਰ ਦੇਸ਼ ਦੇ 19 ਕਰੋੜ ਲੋਕ ਰਾਤ ਨੂੰ ਭੁੱਖੇ ਪੇਟ ਸੌਂਦੇ ਹਨ।

ਕਈ ਹੋਰ ਸੂਚਕ ਅੰਕ ਵੀ ਇਹੀ ਚੁਗਲੀ ਕਰਦੇ ਹਨ ਕਿ ਦੇਸ਼ ਦੀ ਆਰਥਿਕਤਾ ਦਿਨ-ਬ-ਦਿਨ ਨਿਘਰ ਰਹੀ ਹੈ ਪਰ ਲਿਖਤ ਨੂੰ ਛੋਟਾ ਰੱਖਣ ਲਈ ਉਨਾਂ ਬਾਰੇ ਸੰਖੇਪ ’ਚ ਹੀ ਗੱਲ ਕਰਦੇ ਹਾਂ। ਮਹਿੰਗਾਈ ਦਰ ਲਗਾਤਾਰ ਵਧ ਰਹੀ ਹੈ ਜਿਸ ਕਾਰਨ ਗਰੀਬਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਰਹੀ ਹੈ। ਮਾਰਚ 2021 ਵਿੱਚ ਥੋਕ ਮਹਿੰਗਾਈ ਦਰ 7.39% ਤੱਕ ਚਲੀ ਗਈ ਜੋ ਪਿਛਲੇ ਅੱਠ ਸਾਲਾਂ ਦਾ ਸਭ ਤੋਂ ਉਚਤਮ ਸਤਰ ਹੈ। ਦੁਨੀਆ ਭਰ ਦੇ ਕੌਮਾਂਤਰੀ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਨ ਵਾਲੇ ਇੱਕ ਤਿਹਾਈ ਤੋਂ ਜਿਆਦਾ ਲੋਕ ਭਾਰਤ ’ਚ ਰਹਿੰਦੇ ਹਨ। ਮੁਲਕ ਸਿਰ ਕੁੱਲ ਜਨਤਕ ਕਰਜ਼ੇ ਦੀ ਰਕਮ ਲਗਾਤਾਰ ਵਧ ਰਹੀ ਹੈ। ਇਸ ਨੂੰ ਨਾਪਣ ਦਾ ਪੈਮਾਨਾ ਕਰਜ਼ੇ ਤੇ ਕੌਮੀ ਆਮਦਨ ਦਾ ਅਨੁਪਾਤ (Debt to GDP Ratio) ਜੋ 2018 ’ਚ 57% ਸੀ, ਹੁਣ 90% ਤੱਕ ਪਹੁੰਚ ਗਿਆ ਹੈ। ਵਿੱਤੀ ਘਾਟਾ (Fiscal deficit) ਜਿਸ ਨੂੰ ਜੀਡੀਪੀ ਦੇ 3% ਤੱਕ ਰੱਖਣ ਲਈ ਪਾਰਲੀਮੈਂਟ ਨੇ ਐਫਆਰਬੀਐਮ (FRBM) ਐਕਟ ਵੀ ਪਾਸ ਕੀਤਾ ਹੋਇਆ ਹੈ, ਇਸ ਸਾਲ 7.3% ਤੱਕ ਚਲਾ ਗਿਆ ਹੈ। ਵਿਦੇਸ਼ੀ ਨਿਵੇਸ਼, ਸਿੱਧੇ ਪੂੰਜੀ ਨਿਵੇਸ਼ ਦੀ ਬਜਾਏ ਵਧੇਰੇ ਵਿਤੀ ਖੇਤਰ

ਯਾਨੀ ਸ਼ੇਅਰ ਮਾਰਕੀਟ ਵਿੱਚ ਆ ਰਿਹਾ ਹੈ। ਇਸ ਤਰ੍ਹਾਂ ਦੀ ਆਵਾਰਾ ਮੁਦਰਾ (Hot Money) ਦਾ ਕਿਸੇ ਸਮੇਂ ਵੀ ਫੁਰਰ ਕਰਕੇ ਕਿਸੇ ਦੂਸਰੀ ਵਿਤੀ ਮਾਰਕੀਟ ਵੱਲ ਉਡਾਰੀ ਮਾਰ ਜਾਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਜਿਸ ਕਾਰਨ ਸਾਡੀ ਕਰੰਸੀ 'ਰੁਪਈਆ' ਹਮੇਸ਼ਾ ਦਬਾਅ ਹੇਠ ਰਹਿੰਦਾ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਰੁਪਾਇਆ 75 ਰੁਪਏ ਤੋਂ ਵੀ ਹੇਠਾਂ ਚਲਾ ਗਿਆ ਹੈ ।

**ਨਿਘਾਰ ਦੇ ਕਾਰਨ:** ਜਲ ਜੰਗਲ ਜ਼ਮੀਨ ਦੇ ਕੁਦਰਤੀ ਸਰੋਤਾਂ ਨਾਲ ਭਰਪੂਰ ਸਾਡੇ ਮੁਲਕ ਦਾ ਅਰਥਚਾਰਾ ਦਿਨੋਂ ਦਿਨ ਨਿਘਰ ਕਿਉਂ ਰਿਹਾ ਹੈ? ਭਾਵੇਂ ਆਜ਼ਾਦੀ ਤੋਂ ਬਾਅਦ ਹੀ ਭਾਰਤੀ ਅਰਥਚਾਰੇ ਲਈ ਜ਼ਮੀਨੀ ਸੁਧਾਰਾਂ ਜਿਹੇ ਅਤੀ-ਜਰੂਰੀ ਕਦਮ ਨਹੀਂ ਉਠਾਏ ਗਏ ਅਤੇ ਇਹ ਕਦੇ ਵੀ ਲੋਕ-ਪੱਖੀ ਅਰਥਚਾਰਾ ਨਹੀਂ ਰਿਹਾ ਪਰ 1991 ਦੀਆਂ ਨਵ-ਉਦਾਰਵਾਦੀ ਨੀਤੀਆਂ ਲਾਗੂ ਹੋਣ ਤੋਂ ਬਾਅਦ ਇਸ ਦਾ ਨਿਘਾਰ ਤੇਜ਼ੀ ਫੜ ਗਿਆ। ਖੁੱਲੀ-ਮੰਡੀ ਦੇ ਸਿਧਾਂਤ ਦੇ ਪੈਰੋਕਾਰ ਸਾਡੇ ਹਾਕਮਾਂ ਨੇ ਆਜ਼ਾਦੀ ਤੋਂ ਬਾਅਦ ਖੜੇ ਕੀਤੇ ਪਬਲਿਕ ਸੈਕਟਰ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ। ਲੋਕ-ਪੱਖੀ ਤਰਜ਼ੀਹੀ ਖੇਤਰਾਂ ਦੀ ਪਹਿਚਾਣ ਕਰਨ ਅਤੇ ਨਿਵੇਸ਼ ਜੁਟਾਉਣ ਵਾਲੇ ਯੋਜਨਾ ਕਮਿਸ਼ਨ ਨੂੰ ਮੋਦੀ ਸਰਕਾਰ ਨੇ ਆਉਂਦੇ ਸਾਰ ਭੰਗ ਕਰ ਦਿੱਤਾ ਅਤੇ ਕਾਰਪੋਰੇਟ ਖੇਤਰ ਦੇ ਥਿੰਕ-ਟੈਂਕ ਵਜੋਂ ਕੰਮ ਕਰਨ ਵਾਲਾ ਨੀਤੀ (NITI-National Institute for Transforming India) ਆਯੋਗ ਲੈ ਆਂਦਾ। ਮੁੱਖ-ਧਾਰਾਈ ਆਰਥਿਕ ਤੇ ਤਕਨੀਕੀ ਮਾਹਰਾਂ ਅਤੇ ਸੱਤਾਧਾਰੀਆਂ ਲਈ ਹਰ ਦਵਾ ਦੀ ਮਰਜ਼ ਖੁੱਲੀ-ਮੰਡੀ ਤੇ ਪਰਾਈਵੇਟ ਸੈਕਟਰ ਹੈ। ਮੁਨਾਫੇ ਦੀ ਹਵੱਸ ਦਾ ਸ਼ਿਕਾਰ ਨਿੱਜੀ ਖੇਤਰ ਕੰਪਿਊਟਰ,ਮਨਸੂਈ ਬੌਧਿਕਤਾ, ਨੁਕਸ-ਰਹਿਤ ਯੰਤਰਾਂ ਤੇ ਤਕਨੀਕ ਦਾ ਸਹਾਰਾ ਲੈਂਦਾ ਹੈ ਅਤੇ ਇਸ ਤਰਾਂ ਰੁਜ਼ਗਾਰ-ਵਿਹੂਣਾ ਨਿਵੇਸ਼ ਕਰਦਾ ਹੈ। ਵੱਡੀ ਸਨਅੱਤ ਰੁਜ਼ਗਾਰ ਮੁਹੱਈਆ ਕਰਵਾਉਣ ਵਾਲੀਆਂ ਮਝੌਲੀਆਂ ਤੇ ਛੋਟੀਆਂ ਸਨਅਤੀ ਇਕਾਈਆਂ ਨੂੰ ਖਤਮ ਕਰ ਰਹੀ ਹੈ। ਖੁਦਰਾ ਬਾਜ਼ਾਰ 'ਚ ਵੱਡੇ-ਵੱਡੇ ਸ਼ਾਪਿੰਗ ਮਾਲਜ਼ ਦੇ ਆ ਜਾਣ ਕਾਰਨ ਮਝੌਲੇ ਤੇ ਛੋਟਾ ਵਪਾਰੀ ਅਤੇ ਦੁਕਾਨਦਾਰ ਦਾ ਕਾਰੋਬਾਰ ਚੌਪਟ ਹੋ ਰਿਹਾ ਹੈ। ਨਿੱਜੀ ਖੇਤਰ ਜਿਹੜਾ ਰੁਜ਼ਗਾਰ ਦੇ ਰਿਹਾ ਹੈ ਉਹ ਉਜ਼ਰਤਾਂ, ਸਨਮਾਨ ਤੇ ਸੁਰੱਖਿਆ ਪੱਖੋਂ ਬਹੁਤ ਨੀਵੇਂ ਪੱਧਰ ਦਾ ਹੈ। ਕਿਰਤ ਕਾਨੂੰਨਾਂ ਨੂੰ ਛਾਂਗਿਆ ਜਾ ਰਿਹਾ ਹੈ ਜਿਸ ਕਾਰਨ ਬੇਰੁਜ਼ਗਾਰ ਹੋਣ ਦਾ ਡਰ ਹਰ ਸਮੇਂ ਸਿਰ 'ਤੇ ਮੰਡਰਾਉਂਦਾ ਰਹਿੰਦਾ ਹੈ। ਸਿੱਟੇ ਵਜੋਂ ਬੇਰੁਜ਼ਗਾਰੀ ਵਧ ਰਹੀ ਹੈ, ਆਮ ਲੋਕਾਂ ਦੀ ਆਮਦਨ ਤੇ ਖਰੀਦ ਸ਼ਕਤੀ ਘਟ ਰਹੀ ਹੈ।

ਇਨ੍ਹਾਂ ਨੀਤੀਆਂ ਦਾ ਅਸਰ ਮੁਲਕ ਦੇ ਆਰਥਿਕ ਅਸਾਂਵੇਪਣ ਵਿੱਚ ਹੋਏ ਅਥਾਹ ਵਾਧੇ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਔਕਸਫੋਮ ਦੀ ਸੰਨ 2019 ਦੀ ਰਿਪੋਰਟ ਮੁਤਾਬਕ ਦੇਸ਼ ਦੀ ਕੁੱਲ ਦੌਲਤ ਦੇ 73% ਹਿੱਸੇ 'ਤੇ ਸਿਰਫ ਉਪਰਲੇ 1% ਅਮੀਰ ਕਾਬਜ਼ ਸਨ। ਸਾਡੇ ਮੁਲਕ ਦੇ ਡਾਲਰ-ਖਰਬਪਤੀਆਂ ਦੀ ਗਿਣਤੀ ਹੋਰ ਕਿਸੇ ਵੀ ਮੁਲਕ ਨਾਲੋਂ ਵਧੇਰੇ ਤੇਜ਼ੀ ਨਾਲ ਵਧ ਰਹੀ ਹੈ ਅਤੇ ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਵਿਚ 140 ਡਾਲਰ-ਖਰਬਪਤੀ ਸਨ। ਯੂਐਨਓ ਦੀ ਸੰਨ 2019 ਦੀ ਰਿਪੋਰਟ ਅਨੁਸਾਰ ਦੇਸ਼ ਦੇ ਉਪਰਲੇ 1% ਸਭ ਤੋਂ ਅਮੀਰ ਲੋਕ ਕੌਮੀ ਆਮਦਨ ਦਾ 20% ਅਤੇ ਉਪਰਲੇ 10% ਅਮੀਰ ਲੋਕ 55% ਹਿੱਸੇ 'ਤੇ ਕਾਬਜ਼ ਹਨ। ਜੋ ਦੇਸ਼ ਪਹਿਲਾਂ ਹੀ ਧਰਮਾਂ, ਖੇਤਰਾਂ, ਜਾਤਾਂ ਤੇ ਲਿੰਗਕ ਵਖਰੇਵਿਆਂ ਕਾਰਨ ਬੁਰੀ ਤਰਾਂ ਵੰਡਿਆ ਹੋਇਆ ਹੋਵੇ, ਉਥੇ ਆਰਥਿਕ ਅਸਮਾਨਤਾ ਦਾ ਇਹ ਦੈਂਤ ਹੋਰ ਵੀ ਖਤਰਨਾਕ ਬਣ ਜਾਂਦਾ ਹੈ।

ਆਮ ਲੋਕਾਂ ਦੀਆਂ ਜਿਉਣ-ਹਾਲਤਾਂ ਦੀ ਬਿਹਤਰੀ ਲਈ ਅਤੇ ਇਸ ਨਿਘਰ ਰਹੀ ਆਰਥਿਕਤਾ ਨੂੰ ਪਿਛਲ-ਮੋੜਾ ਦੇਣ ਲਈ ਆਰਥਿਕ ਨੀਤੀਆਂ ਨੂੰ ਪਿਛਲ-ਮੋੜਾ ਦੇਣਾ ਪਵੇਗਾ। ਇਸ ਲਈ ਲੋਕਾਂ ਨੂੰ ਚੇਤੰਨ ਕਰਕੇ ਇਨਾਂ ਨੀਤੀਆਂ ਵਿਰੁੱਧ ਵਿਸ਼ਾਲ ਜਨਤਕ ਲਾਮਬੰਦੀ ਕਰਨ ਦੀ ਜਰੂਰਤ ਦਰਕਾਰ ਹੈ।

# "ਮ੍ਰਿਤਕ ਦੇਹ ਦੀਆਂ ਤਸਵੀਰਾਂ ਜਨਤਕ ਕਰਨੀਆਂ ਕਿੰਨੀਆਂ ਕੁ ਜਾਇਜ਼ ?"



ਮਿੰਟੂ ਬਰਾੜ
ਅਸਟਰੇਲੀਆ
+61 434 289 905
mintubrar@gmail.com
privacy



ਆਧੁਨਿਕ ਯੁੱਗ ਦੇ ਵਿਚ ਨਿੱਜਤਾ ਛਿੱਕੇ ਤੇ ਟੰਗੀ ਦਿਖਾਈ ਦਿੰਦੀ ਹੈ। ਸਾਡੇ ਬਜੁਰਗ ਭਾਵੇਂ ਅਨਪੜ੍ਹ ਸੀ ਪਰ, ਪਰਦੇ ਦਾ ਮਤਲਬ ਸਮਝਦੇ ਸਨ। ਉਹ ਬੰਦ ਮੁੱਠੀਆਂ ਦੀ ਅਹਿਮੀਅਤ ਤੋਂ ਜਾਣੂ ਸਨ। ਪਰ ਅੱਜ ਹਰ ਕੋਈ ਆਪਣੇ ਪੋਤੜੇ ਜੱਗ ਦੇ ਸਾਹਮਣੇ ਫਿਰੋਲਣ 'ਚ ਵਡਿਆਈ ਮਹਿਸੂਸ ਕਰਦਾ ਹੈ। ਹੋ ਸਕਦਾ ਇਸੇ ਨੂੰ ਪੀੜ੍ਹੀਆਂ ਦਾ ਪਾੜਾ (ਜਨਰੇਸਨ ਗੈਪ) ਕਿਹਾ ਜਾਂਦਾ ਹੋਵੇ? ਹੋ ਸਕਦਾ ਪੜ੍ਹਨ ਲਿਖਣ ਨਾਲ ਉਹਨਾਂ ਦਾ ਤੀਜਾ ਨੇਤਰ ਖੁੱਲ੍ਹ ਕੇ ਇਹ ਕਹਿੰਦਾ ਹੋਵੇ ਕਿ ਨਿੱਜਤਾ ਦਾ ਜਨਾਜਾ ਕੱਢਣ ਵਾਲਾ ਹੀ ਮਹਾਨ ਹੁੰਦਾ ਹੈ। ਪਰ ਇਸ ਦਾ ਦੂਜਾ ਪੱਖ ਵੀ ਹੈ ਉਹ ਵੀ ਵਿਚਰਾਂਗੇ ਇਸ ਲੇਖ 'ਚ ਅਤੇ ਆਪ ਸਭ ਅੱਗੇ ਇਕ ਬੇਨਤੀ ਕਰਾਂਗੇ। ਜੇ ਕਰ ਮੰਨੋ ਤਾਂ ਭਲਾ, ਜੇ ਨਾ ਮੰਨੋ ਤਾਂ ਵੀ ਭਲਾ।

ਨਿੱਜਤਾ ਨੂੰ ਦੋ ਹਿੱਸਿਆਂ 'ਚ ਵੰਡਦੇ ਹਾਂ ਇਕ ਆਪਣੀ ਤੇ ਇਕ ਦੂਜੇ ਦੀ (ਵੈਸੇ ਨਿੱਜਤਾ ਸਬਦ ਨਿਜ ਤੋਂ ਹੋਂਦ 'ਚ ਆਇਆ ਹੈ ਸੋ ਸਾਇਦ ਇੱਥੇ ਦੂਜੇ ਲਈ ਇੰਝ ਨਹੀਂ ਵਰਤਿਆ ਜਾ ਸਕਦਾ ਪਰ ਅਸੀਂ ਇੱਥੇ ਇਸ ਨੂੰ ਪ੍ਰਾਈਵੇਸੀ ਤੋਂ ਲੈ ਰਹੇ ਹਾਂ)।

ਆਪਣੀ ਨਿੱਜਤਾ ਤੇ ਤੁਹਾਨੂੰ ਪੂਰਾ ਅਧਿਕਾਰ ਹੈ। ਸੋ ਇਸ ਤੇ ਗੱਲ ਕਰਨ 'ਚ ਸਮਾਂ ਜਾਇਆ ਨਹੀਂ ਕਰਾਂਗੇ। ਦੂਜੇ ਦੀ ਨਿੱਜਤਾ ਵੀ ਅੱਗੇ ਦੋ ਕਿਸਮ ਦੀ ਹੁੰਦੀ ਹੈ ਇਕ ਜਿਉਂਦੇ ਜੀ ਦੀ ਤੇ ਇਕ ਉਸ ਦੇ ਮਰਨ ਪਿੱਛੋਂ ਦੀ। ਜਿਊਂਦੇ ਜੀਅ ਤਾਂ ਅਗਲਾ ਆਪੇ ਨਜਿੱਠੂ, ਜੇ ਕੋਈ ਉਸ ਦੀ ਨਿੱਜਤਾ 'ਚ ਖਲਲ ਪਾਊ। ਪਰ ਜੋ ਇਨਸਾਨ ਦੁਨੀਆ ਛੱਡ ਗਿਆ ਉਸ ਦੇ ਕੀਤੇ ਚੰਗੇ ਮੰਦੇ ਕੰਮਾਂ ਨੂੰ ਤਾਂ ਤੁਸੀਂ ਖੰਘਾਲ ਸਕਦੇ ਹੋ ਪਰ ਉਸ ਦੀ ਨਿੱਜਤਾ ਉੱਤੇ ਤੁਹਾਡਾ ਕੋਈ ਅਧਿਕਾਰ ਨਹੀਂ ਬਣਦਾ। ਸੋ ਆਓ ਕੁਝ ਇਸੇ ਵਿਸੇ 'ਤੇ ਵਿਚਾਰ ਕਰੀਏ।

ਆਸਟ੍ਰੇਲੀਆ ਆ ਕੇ ਬਹੁਤ ਕੁਝ ਨਵਾਂ ਦੇਖਿਆ, ਸੁਣਿਆ, ਸਮਝਿਆ ਅਤੇ ਅਪਣਾਇਆ। ਭਾਵੇਂ ਉਹਨਾਂ 'ਚੋਂ ਬਹੁਤ ਸਾਰੀਆਂ ਗੱਲਾਂ ਬਾਰੇ ਸੰਖੇਪ 'ਚ ਪਹਿਲਾ ਤੋਂ ਹੀ ਜਾਣਦੇ ਸੀ ਪਰ ਗਹਿਰਾਈ 'ਚ ਇੱਥੇ ਆ ਕੇ ਪਤਾ ਚੱਲਿਆ।

ਅੱਜ ਜਦੋਂ ਦੁਨੀਆ ਇਕ ਮਹਾਂਮਾਰੀ ਨਾਲ ਜੂਝ ਰਹੀ ਹੈ ਤੇ ਹਰ ਦਿਨ ਚੜ੍ਹਦੇ ਨੂੰ ਸੋਸਲ ਮੀਡੀਆ ਦੁਖਦਾਈ ਸੁਨੇਹਿਆਂ ਨਾਲ ਲੱਦਿਆ ਦਿਖਾਈ ਦਿੰਦਾ ਹੈ ਤਾਂ ਉਸੇ ਦੌਰਾਨ ਜੋ ਨਿੱਜਤਾ ਦਾ ਘਾਣ ਸਾਨੂੰ ਦੇਖਣ ਨੂੰ ਮਿਲਦਾ ਬੱਸ ਉਸੇ ਬਾਰੇ ਅੱਜ ਗੱਲ ਕਰਨੀ ਹੈ ਕਿ ਕੀ "ਇਕ ਮਿਰਤਕ ਦੇਹ ਦੀਆਂ ਤਸਵੀਰਾਂ ਜਨਤਕ ਤੌਰ ਤੇ ਸੋਸਲ ਮੀਡੀਆ ਉੱਤੇ ਪਾਉਣਾ ਕਿੰਨਾ ਕੁ ਜਾਇਜ ਹੈ?"

ਗੱਲ ਨੂੰ ਪੁਖਤਾ ਕਰਨ ਲਈ ਦੋ ਕੁ ਹੱਡ-ਬੀਤੀਆਂ ਆਪ ਜੀ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ।

ਯੂ ਟਿਊਬ ਚੈਨਲ 'ਪੇਂਡੂ ਆਸਟ੍ਰੇਲੀਆ' ਸ਼ੁਰੂ ਕਰਨ ਤੋਂ ਪਹਿਲਾਂ ਦੀ ਗੱਲ ਹੈ। ਮੈਨੂੰ ਅਤੇ ਮਨਪ੍ਰੀਤ ਸਿੰਘ ਢੀਂਡਸਾ ਨੂੰ ਸੰਗੀਤਿਕ ਫਿਲਮਾਂ ਬਣਾਉਣ ਦਾ ਭੂਤ ਸਵਾਰ ਹੋ ਗਿਆ। ਇਕ ਗਾਣਾ ਤਿਆਰ ਕੀਤਾ ਤੇ ਸ਼ੁਰੂ ਹੋ ਗਿਆ ਉਸ ਨੂੰ ਫਿਲਮਾਉਣ ਦਾ ਕੰਮ। ਚੰਗੀ ਪਟਕਥਾ ਲਿਖੀ, ਅਦਾਕਾਰੀ ਲਈ ਨੌਜਵਾਨ ਮੁੰਡੇ ਕੁੜੀਆਂ ਲੱਭੇ। ਇਸੇ ਦੌਰਾਨ ਇਕ ਇਰਾਨੀ ਕੁੜੀ 'ਡੋਰਸਾ' ਮਿਲੀ। ਜੋ ਕਿ ਹਿੰਦੀ ਫ?ਿਲਮਾਂ ਦੀ ਮੁਰੀਦ ਸੀ। ਉਸ ਨੂੰ ਗਾਣੇ ਦੀ ਮੁੱਖ ਅਦਾਕਾਰਾ ਦੇ ਤੌਰ 'ਤੇ ਚੁਣ ਲਿਆ। ਵੱਖੋ-ਵੱਖ ਮਨਮੋਹਕ ਥਾਂਵਾਂ ਤੇ ਗੀਤ ਫਿਲਮਾਇਆ। ਕੁਝ ਅਖੀਰੀ ਸੀਨ ਲੈਣ ਲਈ ਅਸੀਂ ਸਾਊਥ ਆਸਟ੍ਰੇਲੀਆ ਦੇ ਬਹੁਤ ਹੀ ਖ਼ੂਬਸੂਰਤ ਇਲਾਕੇ ਬਰੋਸਾ-ਵੈਲੀ ਦੀ ਇਕ ਖ਼ੂਬਸੂਰਤ ਸਮਸਾਨ ਨੂੰ ਚੁਣਿਆ। ਅਸੀਂ ਸੈੱਟ ਲਾ ਕੇ ਅਦਾਕਾਰਾ ਦਾ ਇੰਤਜਾਰ ਕਰ ਰਹੇ ਸੀ। ਜਦੋਂ ਉਹ ਆਈ ਤਾਂ ਕਾਰ 'ਚੋਂ ਉੱਤਰਦੇ ਹੀ ਬੋਲੀ ਕਿ "ਕੀ ਸੀਨ ਹੈ?" ਅਸੀਂ ਕਿਹਾ ਬੱਸ ਤੁਸੀਂ ਸਾਥੀ ਅਦਾਕਾਰ ਦਾ ਹੱਥ ਫੜ ਕੇ ਇਸ ਸਮਸਾਨ ਭੂਮੀ ਵਿਚੋਂ ਦੀ ਲੰਘ ਜਾਣਾ ਹੈ। ਕਿਉਂਕਿ ਗੀਤ ਦੇ ਕੁਝ ਬੋਲ ਏਦਾਂ ਦੇ ਸਨ। ਪਰ ਉਹ ਤਾਂ ਇਹ ਸੁਣਨ ਸਾਰ ਸਾਨੂੰ ਪੈ ਗਈ ਕਹਿੰਦੀ "ਕੀ ਤੁਹਾਡੇ ਹਿਰਦੇ 'ਚ ਇਹਨਾਂ ਤੁਰ ਗਏ ਲੋਕਾਂ ਪ੍ਰਤੀ ਭੋਰਾ ਸਤਿਕਾਰ ਨਹੀਂ? ਮੈਂ ਤਾਂ ਤੁਹਾਡੀਆਂ ਫਿਲਮਾਂ 'ਚ ਦੇਖਿਆ ਸੁਣਿਆ ਸੀ ਕਿ ਤੁਸੀਂ ਬਹੁਤ ਸੰਸਕਾਰੀ ਹੁੰਦੇ ਹੋ। ਜਾਓ ਮੈਂ ਨਹੀਂ ਕਰਨਾ ਇਹ ਸੀਨ ਤੇ ਨਾ ਇਹ ਗਾਣਾ।" ਉਸ ਵਕਤ ਸਾਡੇ ਕੀ ਹਾਲ ਹੋਏ ਹੋਣਗੇ! ਇਹ ਤੁਸੀਂ ਹੁਣ ਆਪ ਆਪਣੇ ਦਿਮਾਗ 'ਚ ਚਿਤਰ ਲਵੋ।

ਚਲੋ ਬੜੀ ਮੁਸਕਲ ਨਾਲ ਅਸੀਂ ਡੋਰਸਾ ਨੂੰ ਸਮਝਾ ਕੇ ਘਰ ਤੋਰਿਆ ਤੇ ਆਪਣੀ ਸਾਰੀ ਮਿਹਨਤ ਖੂਹ 'ਚ ਪਾ ਕੇ ਨਵੇਂ ਸਿਰੇ ਤੋਂ ਹੋਰ ਅਦਾਕਾਰਾਂ ਤੇ ਹੋਰ ਪਟਕਥਾ ਨਾਲ ਗੀਤ ਫਿਲਮਾਇਆ। ਪਰ ਹਾਂ ਜੋ ਸਬਕ ਉਹ ਕੁੜੀ ਸਾਨੂੰ ਦੇ ਗਈ, "ਨਾ ਹਾਲੇ ਭੁੱਲੇ ਹਾਂ ਨਾ ਕਦੇ ਭੁੱਲਾਂਗੇ।" ਜਾਂਦੀ-ਜਾਂਦੀ ਉਹ ਕਹਿੰਦੀ ਕਿ "ਕੀ ਹੋਇਆ ਇਹ ਅੱਜ ਸੰਸਾਰ 'ਚ ਨਹੀਂ ਹਨ ਪਰ ਕੀ ਜੇ ਉਹ ਹੁੰਦੇ, ਉਹ ਸਾਨੂੰ ਆਪਣੀ ਨਿੱਜਤਾ ਵੱਲ ਝਾਕਣ ਦਿੰਦੇ?" ਉਸ ਦੇ ਸਵਾਲ ਬਹੁਤ ਗਹਿਰੇ ਸਨ। ਉਹਨਾਂ ਦਾ ਜਵਾਬ ਨਮੋਸੀ ਭਰੀ ਚੁੱਪ ਨਾਲ ਅਤੇ ਪਛਤਾਵੇ ਨਾਲ ਹੀ ਦਿੱਤਾ ਜਾ ਸਕਦਾ ਸੀ। ਜੋ ਅਸੀਂ ਉਸ ਵਕਤ ਦਿੱਤਾ।

ਦੂਜੀ ਘਟਨਾ ਵੀ ਸੁਣ ਲਵੋ। ਮੈਂ ਆਸਟ੍ਰੇਲੀਆ ਆਪਣੇ ਵੱਡੇ ਸਾਢੂ ਸਾਹਿਬ ਸ. ਨਿਰਮਲ ਸਿੰਘ ਦੇ ਕਹਿਣ ਅਤੇ ਉਹਨਾਂ ਦੀ ਮਦਦ ਸਦਕਾ ਹੀ ਆਉਣ 'ਚ ਕਾਮਯਾਬ ਹੋਇਆ ਸੀ। ਰੱਬੀ ਰੂਹ ਸਨ ਉਹ। ਅਚਾਨਕ ਇਕ ਭੈੜੀ ਬਿਮਾਰੀ ਉਹਨਾਂ ਨੂੰ ਸਾਡੇ ਕੋਲੋਂ ਲੈ ਗਈ। ਉਹਨਾਂ ਦੇ ਬੱਚੇ ਹਾਲੇ ਜਵਾਨੀ ਦੀ ਦਹਿਲੀਜ 'ਤੇ ਸਨ। ਜਦੋਂ ਆਖਰੀ ਰਸਮਾਂ ਦੀ ਗੱਲ ਆਈ ਤਾਂ ਵੀਰ ਜੀ ਦੇ ਕੁਝ ਕੁ ਖਾਸ ਮਿੱਤਰ ਮੇਰੇ ਨਾਲ ਬੈਠੇ ਸਲਾਹ ਮਸਵਰਾ ਕਰ ਰਹੇ ਸਨ। ਸਾਰਿਆਂ ਨੇ ਰਲ-ਮਿਲ ਆਖਰੀ ਰਸਮਾਂ ਦੀ ਰੂਪ ਰੇਖਾ ਤਹਿ ਕਰ ਲਈ। ਜਦੋਂ ਇਹ ਉਹਨਾਂ ਦੇ ਬੱਚਿਆਂ ਨਾਲ ਸਾਂਝੀ ਕੀਤੀ ਤਾਂ ਉਹਨਾਂ ਦਾ ਬੇਟਾ ਤਖਤ ਸਿੰਘ, ਜੋ ਕਿ ਇੱਥੋਂ ਦਾ ਜੰਮਪਲ ਹੈ ਕਹਿੰਦਾ, ਨਹੀਂ! ਇਹ ਸਾਨੂੰ ਮਨਜੂਰ ਨਹੀਂ। ਅਸੀਂ ਠਠੰਬਰ ਗਏ ਕਿ ਕਿਹੜੀ ਗੁਸਤਾਖੀ ਹੋ ਗਈ। ਸਾਡੇ ਕੋਲੋਂ। ਕਹਿੰਦੇ ਮੇਰੇ ਡੈਡੀ ਦੀ ਨਿੱਜਤਾ ਦਾ ਸਵਾਲ ਹੈ। ਉਹਨਾਂ ਨੂੰ ਅਖੀਰੀ ਇਸਨਾਨ ਦਾ ਹੱਕ ਸਿਰਫ ਸਾਡੇ ਕੋਲ ਆ। ਉਹ ਬੱਚਾ ਅੱਖਾਂ ਲਾਲ ਕਰ ਕੇ ਸਾਨੂੰ ਸਵਾਲ ਕਰ ਰਿਹਾ ਸੀ ਕਿ ਜੇ ਮੇਰੇ ਡੈਡੀ ਜਿਊਂਦੇ ਹੁੰਦੇ ਉਹ ਏਦਾਂ ਇਕ ਭੀੜ ਕੋਲੋਂ ਨਹਾਉਣਾ ਚਾਹੁੰਦੇ? ਭਾਵੇਂ ਸਾਡੇ ਲਈ ਇਹ ਗੱਲ ਮੁੱਢੋਂ ਨਵੀਂ ਸੀ ਅਸੀਂ ਕਦੇ ਇਸ ਪੱਖ ਤੋਂ ਦੇਖਿਆ ਸੋਚਿਆ ਹੀ ਨਹੀਂ ਸੀ। ਪਰ ਗੱਲ ਬਹੁਤ ਪਤੇ ਦੀ ਅਤੇ ਵਜਨਦਾਰ ਸੀ। ਸੋ ਅਸੀਂ ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਅਤੇ ਪਰਵਾਰਿਕ ਨਿੱਜਤਾ ਨੂੰ ਕਾਇਮ ਰੱਖਿਆ।

ਉਪਰੋਕਤ ਦੋ ਦਲੀਲਾਂ ਸਾਇਦ ਬਹੁਤ ਹਨ ਮੇਰੀ ਗੱਲ ਰਾਹ ਪਾਉਣ ਲਈ। ਸੋ ਦੋਸਤੋ ਹੁਣ ਜਦੋਂ ਵੀ ਸੋਸਲ ਮੀਡੀਆ 'ਤੇ ਇਸ ਤਰ੍ਹਾਂ ਮਿਰਤਕ ਦੇਹਾਂ ਦੀਆਂ ਤਸਵੀਰਾਂ ਦੇਖਦਾ ਹਾਂ ਤਾਂ ਦਿਲ ਅੰਦਰ ਧੂਹ ਪੈਂਦੀ ਹੈ ਕਿ ਕਦੋਂ ਸਾਡੀ ਸਮਝ ਡੋਰਸਾ ਅਤੇ ਤਖਤ ਵਰਗੀ ਹੋਵੇਗੀ?

ਵੱਡੀ ਗੱਲ ਤਾਂ ਇਹ ਹੈ ਕਿ ਜੋ ਆਖਰੀ ਫੋਟੋ ਬੰਦਾ ਦੇਖ ਲੈਂਦਾ, ਤਾਅ ਉਮਰ ਉਹੀ ਜਿਹਨ 'ਚ ਘੁੰਮਦੀ ਰਹਿੰਦੀ ਹੈ। ਉੱਘੇ ਕਲਾਕਾਰ ਜਸਪਾਲ ਭੱਟੀ ਹੋਰਾਂ ਨਾਲ ਮੈਂ ਉਹਨਾਂ ਦੀ ਮੌਤ ਤੋਂ ਕੁਝ ਕੁ ਘੰਟੇ ਪਹਿਲਾਂ ਰੇਡੀਓ ਤੇ ਇਕ ਮੁਲਾਕਾਤ ਕੀਤੀ ਸੀ। ਬਹੁਤ ਖ਼ੂਬਸੂਰਤ ਯਾਦਾਂ ਸਨ ਦਿਮਾਗ 'ਚ। ਪਰ ਜਦੋਂ ਉਹਨਾਂ ਦਾ ਐਕਸੀਡੈਂਟ ਹੋਇਆ ਤਾਂ ਕਿਸੇ ਨੇ ਉਹਨਾਂ ਦੀ ਮਿਰਤਕ ਦੇਹ ਦੀਆਂ ਤਸਵੀਰਾਂ ਹਸਪਤਾਲ ਦੇ ਇਕ ਸਟਰੈਚਰ ਤੇ ਬਹੁਤ ਹੀ ਬੁਰੀ ਹਾਲਤ 'ਚ ਸੋਸਲ ਮੀਡੀਆ 'ਤੇ ਪਾ ਦਿੱਤੀਆਂ ਤੇ ਉਸ ਤੋਂ ਬਾਅਦ ਅੱਜ ਤੱਕ ਮੈਨੂੰ ਮੇਰੀਆਂ ਯਾਦਾਂ 'ਚ ਕਦੇ ਉਹ ਮੁਸਕਰਾਉਂਦਾ ਜਸਪਾਲ ਭੱਟੀ ਨਹੀਂ ਦਿਸਿਆ। ਕਹਿੰਦੇ ਆ ਰਾਜੇਸ ਖੰਨਾ ਨੇ ਆਪਣੀ ਬਿਮਾਰੀ ਦੀ ਹਾਲਤ 'ਚ ਆਪਣੇ ਆਪ ਨੂੰ ਅੰਦਰ ਤਾੜ ਲਿਆ ਸੀ ਕਿਉਂਕਿ ਉਹ ਚਾਹੁੰਦਾ ਸੀ ਉਸ ਦੀ ਸੁਪਰ ਸਟਾਰ ਦੀ ਸਾਖ ਉਸ ਦੇ ਚਾਹੁਣ ਵਾਲਿਆਂ 'ਚ ਬਣੀ ਰਹੇ। ਨਾ ਕਿ ਲੋਕ ਉਸ ਦੀਆਂ ਬੁਰੀ ਹਾਲਤ 'ਚ ਤਸਵੀਰਾਂ ਦੇਖਣ ਤੇ ਉਸੇ ਰਾਜੇਸ ਖੰਨੇ ਨੂੰ ਰਹਿੰਦੀ ਉਮਰ ਯਾਦ ਕਰਨ।

ਹਰ ਮੁਲਕ ਨੇ ਆਪਣੇ-ਆਪਣੇ ਢੰਗ ਨਾਲ ਇਸ ਮਸਲੇ ਤੇ ਕਾਨੂੰਨ ਵੀ ਬਣਾਏ ਹੋਏ ਹਨ। ਪਰ ਅਫਸੋਸ ਬਹੁਤ ਘੱਟ ਲੋਕ ਜਾਣਦੇ ਹਨ ਅਤੇ ਇਹਨਾਂ ਦੀ ਵਰਤੋਂ ਕਰਦੇ ਹਨ। ਕਾਨੂੰਨ ਵਰਤੋਗੇ ਵੀ ਕੀਹਦੇ ਉੱਤੇ? ਕਿਉਂਕਿ ਅਸੀਂ ਤਾਂ ਆਪ ਹੀ ਆਪਣਿਆਂ ਦੀਆਂ ਹੀ ਮਿਰਤਕ ਦੇਹਾਂ ਦੀਆਂ ਤਸਵੀਰਾਂ ਜਨਤਕ ਸਾਂਝੀਆ ਕਰਦੇ ਹਾਂ। ਹਾਂ ਇਕ ਕਾਨੂੰਨ ਅਕਾਲ ਪੁਰਖ ਦੀ ਰਜਾ 'ਚ ਦੁਨਿਆਵੀ ਵੀ ਹੈ ਜਿਸ 'ਚ ਕਿਸੇ ਦੀ ਮਿੱਟੀ ਨੂੰ ਸਾਂਭਣਾ ਵੀ ਇਕ ਵੱਡਾ ਪੁੰਨ ਦੱਸਿਆ ਗਿਆ ਹੈ।

ਕਿਸੇ ਵੀ ਮਿਰਤਕ ਦੇਹ ਦੀ ਤਸਵੀਰ ਜਨਤਕ ਕਰਨ ਤੋਂ ਪਹਿਲਾਂ ਐਨਾ ਕੁ ਸੋਚ ਲਿਆ ਕਰੋ ਕਿ ਤੁਸੀਂ ਆਪ ਦਸ-ਦਸ ਤਸਵੀਰਾਂ 'ਚੋਂ ਫਿਲਟਰ ਲਾ-ਲਾ ਕੇ ਸੋਸਲ ਮੀਡੀਆ 'ਤੇ ਇਕ ਤਸਵੀਰ ਪਾਉਂਦੇ ਹੋ ਤੇ ਕੀ ਤੁਸੀਂ ਚਾਹੋਗੇ ਕਿ ਕੋਈ ਤੁਹਾਡੀ ਬੇ-ਸੂਰਤ ਤਸਵੀਰ ਕੋਈ ਜਨਤਕ ਕਰੇ? ਮੈਂ ਤਾਂ ਕਦੇ ਵੀ ਨਹੀਂ ਚਾਹਾਂਗਾ ਕੋਈ ਮੇਰੀ ਨੱਕ 'ਚ ਫੰਭੇ ਪਾਈ ਤਸਵੀਰ ਖਿੱਚੇ ਤੇ ਜਨਤਕ ਕਰੇ। ਸੋ ਇਸੇ ਲਈ ਬੇਨਤੀ ਕਰਦੇ ਹਾਂ ਕਿ ਜੇਕਰ ਕਿਸੇ ਇਨਸਾਨ ਨੂੰ ਤੁਸੀਂ ਸੱਚੀਂ ਦਿਲੋਂ ਚਾਹੁੰਦੇ ਸੀ ਤਾਂ ਉਸ ਦੀ ਨਿੱਜਤਾ ਨੂੰ ਧਿਆਨ ਰੱਖਦੇ ਉਸ ਦੀ ਮ੍ਰਿਤਕ ਦੇਹ ਦੀਆਂ ਤਸਵੀਰਾਂ ਨਾਲੋਂ ਉਸ ਦੇ ਚੰਗੇ ਸਮੇਂ ਦੀ ਤਸਵੀਰ ਨੂੰ ਜਨਤਕ ਕਰ ਕੇ ਆਪਣੀ ਹਮਦਰਦੀ ਜਾਹਿਰ ਕਰ ਲਿਆ ਕਰੋ।

ਹੋ ਸਕਦਾ ਮੈਂ ਗਲਤ ਹੋਵਾਂ! ਪਰ ਅੱਜ ਦੇ ਯੁੱਗ 'ਚ ਹਰ ਬੰਦੇ ਕੋਲ ਆਪਣੇ ਵਿਚਾਰ ਰੱਖਣ ਦੇ ਹੱਕ ਅਤੇ ਸਾਧਨ ਹਨ ਸੋ ਉਮੀਦ ਹੈ ਇਸ ਵਿਸੇ 'ਤੇ ਉਸਾਰੂ ਚਰਚਾ ਜਾਰੀ ਰੱਖੋਗੇ।

# ਮਜ਼ਦੂਰ ਆਗੂ ਕਾਮਰੇਡ ਚਿਮਨ ਸਿੰਘ ਭੂੰਦੜੀ ਤੇਰੇ ਤੁਰ ਜਾਣ ਦਾ ਅਜੇ ਸਮਾਂ ਨਹੀਂ ਸੀ

ਲਾਲ ਝੰਡੇ ਅਤੇ ਕਾਮਰੇਡ ਸਬਦ ਨਾਲ ਜਦੋਂ ਮੈਂ ਅਜੇ ਉਮਰ 'ਚ ਛੋਟਾ ਸੀ, ਤਾਂ ਮੈਂ ਉਕਤ ਲਾਲ ਰੰਗ,ਕਾਮਰੇਡ ਆਦਿ ਸਬਦਾਂ ਨਾਲ ਨਫਰਤ ਕਰਦਾ ਸੀ,ਕਿਉਕਿ ਇੱਕ ਗੱਲ ਸਭ ਦੇ ਜ?ਹਨ ਵਿੱਚ ਕੁੱਟ-ਕੁੱਟ ਕੇ ਭਰੀ ਸੀ ਕਿ ਕਾਮਰੇਡ ਰੱਬ ਨੂੰ ਨਹੀਂ ਮੰਨਦੇ,ਉਦੋਂ ਇਉਂ ਲੱਗਦਾ ਸੀ ਕਿ " ਜਿਹੜਾ ਰੱਬ ਦਾ ਮਿੱਤ ਨਹੀਂ ਉਹ ਸਾਡਾ ਕੀ ਲੱਗਦਾ " ਕਿਉਂਕਿ ਨਿਆਸਰਿਆਂ ਦਾ ਤਾਂ ਰੱਬ ਹੀ ਆਸਰਾ ਹੈ ਕਈ ਬਦਮਗਜੇ ਇਨਾਂ ਗੱਲਾਂ ਤੇ ਫਜੂਲ ਬਹਿਸਾਂ ਕਰਦੇ,ਜੋ ਸਿਰ 'ਚ ਨਾ ਵੜਦੀਆਂ। ਕਾਮਰੇਡ ਚਿਮਨ ਨਾਲ ਉੱਕਤ ਵਿਚਾਰਾਂ ਦੇ ਸਬੰਧ ਵਿੱਚ 2005 ਵਿੱਚ ਝੋਨੇ ਦੇ ਸੀਜਨ ਵੇਲੇ ਭੂੰਦੜੀ ਮੰਡੀ ਵਿੱਚ ਮੇਰੀ ਉਕਤ ਗੱਲਾਂ ਤੇ ਵਿਚਾਰ ਚਰਚਾ ਹੋਈ,ਉਨਾਂ ਦਾ ਕਹਿਣਾ ਸੀ ਕਿ "ਮਜਦੂਰ ਕਿਸਾਨ ਸਾਡੀ ਗੱਲ ਸੁਣ ਰਹੇ ਹਨ,ਪਰ ਸਾਡੀ ਆਪਣੀ

ਮਜਦੂਰ ਜਮਾਤ ਕਿੱਧਰ ਜਾ ਰਹੀ ਹੈ? ਐਵੇਂ ਵਾਧੂ ਘਾਟੂ ਬਹਿਸਾ ਕਰਕੇ 'ਚ ਬੰਦੇ ਤੋੜਨ ਵਿੱਚ ਲੱਗੇ ਰਹਿੰਦੇ ਨੇ" ਉਦੋਂ ਮੈਂ ਉਹਦੀ ਗੱਲ ਨਾ ਗੌਲੀ ਪਰ ਸਮਾਂ ਪਾਕੇ ਉਸ ਵਲੋਂ ਕਿਹਾ ਤੱਤ ਸਮਝ ਆਇਆ ਕਿ ਲੁਟੇਰੀ ਜਮਾਤ ਹੱਕ ਸੱਚ ਦੀ ਲੜਾਈ ਲੜਨ ਵਾਲੇ ਕਾਮਰੇਡਾਂ ਵਿੱਰੁਧ ਬਹੁਤ ਸਾਜ?ਸੀ



ਤੇ ਸੂਖਮ ਢੰਗ ਨਾਲ ਨਫਰਤ ਪੈਦਾ ਕਰ ਰਹੀ ਹੈ,ਜਿਵੇਂ ਸ੍ਰੀ ਹਰਿਮੰਦਰ ਸਾਹਿਬ ਅੰਮਿਰਤਸਰ ਸਾਹਿਬ ਜੋ ਸਾਡੀ ਮਹਾਨ ਵਿਰਾਸਤ ਹੈ।ਇਸ ਪਵਿੱਤਰ ਅਸਥਾਨ ਪ੍ਰਤੀ ਹਰ ਪੰਜਾਬੀ ਦੇ ਦਿਲ ਵਿੱਚ ਸਤਿਕਾਰ ਹੈ ਪਰ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਅਤੇ ਇਸ ਉੱਪਰ ਫੌਜਾਂ ਚਾੜ੍ਹਕੇ ਗੋਲੇ ਵਰਾਉਣ ਵਾਲੇ ਹੀ ਕਾਮਰੇਡਾਂ ਪ੍ਰਤੀ ਆਮ ਲੋਕਾਂ ਵਿੱਚ ਨਫਰਤ ਫੈਲਾਉਣ ਲਈ ਝੂਠੀ ਛੁਰਲੀ ਛੱਡਦੇ ਹਨ ਕਿ, ਕਾਮਰੇਡ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਝੋਨਾ ਲਾਉਣ ਲਈ ਤਿਆਰ ਬੈਠੈ ਹਨ ਬਿਨਾ ਸਿਰ ਪੈਰ ਦੇ ਛੱਡੀ ਉਕਤ ਛੁਰਲੀ ਨੇ ਹੱਕ ਸੱਚ ਦੀ ਲੜਾਈ ਲੜਨ ਵਾਲੇ ਕਾਮਰੇਡਾਂ ਦੇ ਪੈਰ ਹਿਲਾ ਦਿੱਤੇ। ਜਦੋ ਕਿ ਇਸ ਪਵਿਤਰ ਅਸਥਾਨ ਤੇ ਜੂਨ1984 ਦੇ ਹਮਲੇ ਵੇਲੇ ਲੱਗੇ ਕਰਫਿਊ ਵਿੱਚ ਕਾਮਰੇਡ ਸੁਖਦੇਵ ਸਿੰਘ ,ਸਵ: ਕਾਮਰੇਡ ਚਰਨਪਾਲ ਅਤੇ ਕਾਮਰੇਡ ਚਿਮਨ ਸਿੰਘ ਆਦਿ ਨੇ ਜੱਥੇਬੰਦੀਆਂ ਵੱਲੋਂ ਤਹਿ ਪ੍ਰੋਗਰਾਮ ਅਨੁਸਾਰ ਵਿਰੋਧ ਕੀਤਾ। ਪਰ ਅੱਜ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸੀਆ ਦੇ ਸਿਰੋਪੇ ਪੈ ਰਹੇ ਹਨ ਸਰਕਾਰਾਂ ਬਣ ਰਹੀਆਂ ਉਹ ਧੱਕੇ ਕਰ ਰਹੇ ਹਨ,ਜਿਨਾਂ ਕਾਮਰੇਡਾਂ ਨਾਲ ਮੈਂ ਛੋਟਾ ਹੁੰਦਾ ਨਫਰਤ ਕਰਦਾ ਸੀ,ਉਹ ਜਬਰ-ਜੁਲਮ ਵਿਰੁੱਧ ਅਵਾਜ ਬੁਲੰਦ ਕਰ ਰਹੈ ਹਨ,ਇਸੇ ਕਰਕੇ ਅਸੀਂ ਅੱਜ ਇਨਕਲਾਬੀ ਲਹਿਰ ਦੇ ਨਾਲ ਜੁੜੇ ਹਾਂ ਸਾਥੀ ਚਿਮਨ ਸਿੰਘ ਭੂੰਦੜੀ ਵੀ ਇਸੇ ਤਜਰਬੇ ਤੋਂ ਲਹਿਰ ਨਾਲ ਜੁੜਿਆ ਸੀ,ਸੋ ਮਜਦੂਰ ਆਗੂ ਸਾਥੀ ਚਿਮਨ ਸਿੰਘ ਭੂੰਦੜੀ ਨੂੰ ਸੱਚੀ ਸਰਧਾਂਜਲੀ ਇਨਕਲਾਬੀ ਲਹਿਰ ਤੇ ਹੋ ਰਹੇ ਸੂਖਮ ਹਮਲਿਆਂ ਦਾ ਮੁਕਾਬਲਾ ਕਰਨ 'ਚ ਹੈ ਜਿਸ ਦਾ ਉਨਾਂ ਫਿਕਰ ਜਾਹਿਰ ਕੀਤਾ ਸੀ।

ਸਾਥੀ ਚਿਮਨ ਸਿੰਘ ਅਮਰ ਰਹੈ

*ਇਸਤਰੀ-ਮੁਕਤੀ ਅੰਦੋਲਨ*

# ਆਜ਼ਾਦੀ ਬਾਅਦ ਭਾਰਤ ਅੰਦਰ ਜਨਵਾਦੀ ਇਸਤਰੀ ਜੱਥੇਬੰਦੀਆਂ ਅਤੇ ਜਨਤਕ ਅੰਦੋਲਨਾਂ ਦੀ ਸ਼ੁਰੂਆਤ



ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91-98725-44738
001-403-285-4208

ਇਹ ਕੁਦਰਤੀ ਸੀ, 'ਕਿ ਆਜ਼ਾਦੀ ਦੇ ਬਾਦ ਉਹ ਇਸਤਰੀ ਜੱਥੇਬੰਦੀਆਂ ਜੋ ਕਾਂਗਰਸ ਨੇ ਜੱਥੇਬੰਦ ਕੀਤੀਆਂ ਸਨ ਜਾਂ ਉਨ੍ਹਾਂ ਦੀ ਨੇੜਤਾ ਕਾਂਗਰਸ ਪਾਰਟੀ ਨਾਲ ਸੀ, 'ਜਿਵੇਂ ਕੁਲ ਹਿੰਦ ਇਸਤਰੀ ਕਾਨਫਰੰਸ ਅਤੇ ਹੋਰ ਉਚ ਘਰਾਣਿਆਂ ਦੀਆਂ ਇਸਤਰੀਆਂ ਵੱਲੋਂ ਗਠਤ ਕੀਤੀਆਂ ਜੱਥੇਬੰਦੀਆਂ ਜਿਨ੍ਹਾਂ 'ਵੱਲੋਂ ਕਾਂਗਰਸ ਪਾਰਟੀ ਅਤੇ ਕਾਂਗਰਸ ਸਰਕਾਰਾਂ ਦਾ ਸਾਥ ਦਿੱਤਾ। ਇਹ ਵੀ ਉਨ੍ਹਾਂ ਦੇ ਜਮਾਤੀ-ਖਾਸੇ ਕਾਰਨ ਹੀ ਸੀ, 'ਕਿਉਂਕਿ ਉਹੀ ਜਮਾਤ ਜੋ ਬੁਰਜੁਆਂ-ਲੈਂਡਲਾਰਡ ਸਨ, ਇਨ੍ਹਾਂ ਸਰਕਾਰਾਂ ਤੇ ਵੀ ਕਾਬਜ਼ ਸਨ। ਜਿਸ ਦੀਆਂ ਇਹ ਜੱਥੇਬੰਦੀਆ ਨੁਮਾਇੰਦਗੀ ਕਰਦੀਆਂ ਸਨ। ਅੰਤ ਵਿੱਚ ਇਨ੍ਹਾਂ ਇਸਤਰੀ ਜੱਥੇਬੰਦੀਆਂ ਦੀ ਸਰਗਰਮੀ ਕੇਵਲ ਠੋਸ ਸਮਾਜਕ ਕੰਮਾਂ, ਜਾਂ ਇਸਤਰੀਆਂ ਦੇ ਕੁਝ ਕੁ ਹੱਕਾਂ ਨਾਲ ਸਬੰਧਤ ਸੀ, ਲਈ ਐਜੀਟੇਸ਼ਨ ਅਤੇ ਮੁਹਿੰਮ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਸਗੋਂ ਇਨ੍ਹਾਂ ਜੱਥੇਬੰਦੀਆਂ ਨੇ ਆਪਣੀ ਹਮਾਇਤ ਕਾਂਗਰਸ-ਸਰਕਾਰਾਂ ਨੂੰ ਜਾਰੀ ਰੱਖੀ। ਪਰ ਦੂਸਰੇ ਪੱਖ ਅੰਦਰ, 'ਉਹ ਜੱਥੇਬੰਦੀਆਂ ਜਿਹੜੀਆਂ ਜਨਤਕ ਅਧਾਰਿਤ ਜਮਹੂਰੀ ਹੋਂਦ ਵਾਲੀਆਂ, ਜਿਵੇਂ "ਮਾਰਸ" ਅਤੇ ਹੋਰ ਰਾਜਾਂ ਅੰਦਰ ਸਨ, 'ਉਨ੍ਹਾਂ ਨੇ ਦੂਸਰੀਆਂ ਜਮਹੂਰੀ ਜਨਤਕ ਜੱਥੇਬੰਦੀਆਂ ਨਾਲ ਮਿਲ ਕੇ ਕਾਂਗਰਸ ਸਰਕਾਰ ਦੇ ਵਿਰੁੱਧ ਘੋਲ ਜਾਰੀ ਰੱਖੇ।

ਇਹ ਵੀ ਇਕ ਮਾਣ ਵਾਲੀ ਗੱਲ ਹੈ, 'ਕਿ 1950 ਤੋਂ ਹੀ ਜਮਹੂਰੀ ਲਹਿਰਾਂ ਵਾਲੀਆਂ ਇਸਤਰੀ ਜੱਥੇਬੰਦੀਆਂ ਦੇ ਕੌਮਾਂਤਰੀ ਜੱਥੇਬੰਦੀਆਂ ਨਾਲ ਵੀ ਰਿਸ਼ਤੇ ਜੁੜ ਚੁੱਕੇ ਸਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਇਸਤਰੀ ਡੈਲੀਗੇਟਾਂ ਨੇ ਭਾਰਤ ਵੱਲੋਂ, 'ਸੋਵੀਅਤ ਯੂਨੀਅਨ, ਲੋਕ ਚੀਨ, ਯੂਰਪ ਅਤੇ ਏਸ਼ੀਆਈ ਦੇਸ਼ਾਂ ਦੇ ਦੌਰੇ ਕੀਤੇ। ਇਸੇ ਤਰ੍ਹਾਂ ਭਾਰਤ ਦੀਆਂ ਇਸਤਰੀ ਡੈਲੀਗੇਟਾਂ ਨੇ ਕਈ ਸੰਸਾਰ ਅਮਨ ਕਾਨਫ੍ਰੰਸਾਂ ਵਿੱਚ ਵੀ ਹਿੱਸਾ ਲਿਆ।

ਜੂਨ 1952 ਨੂੰ ਰੇਣੂ ਚੱਕਰਾਵਰਤੀ ਅਤੇ ਹੋਰ ਡੈਲੀਗੇਅਟਾਂ ਨੇ ਕੌਮਾਂਤਰੀ ਅਮਨ ਕੌਂਸਲ ਬਰਲਿਨ ਵਿੱਚ ਸ਼ਮੂਲੀਅਤ ਕੀਤੀ। ਇਸੇ ਸਾਲ ਹੀ ਪੱਛਮੀ ਬੰਗਾਲ ਦੇ ਮਾਰਸ ਦੇ ਇਕ ਇਸਤਰੀ ਡੈਲੀਗੇਸ਼ਨ, 'ਮੰਜੂਰੀ ਚੈਟਰਜੀ ਅਤੇ ਪੰਕਜ ਅਚਾਰੀਆ ਨੇ 1952 ਨੂੰ ਪੀਕਿੰਗ ਵਿਖੇ ਸੰਸਾਰ ਅਮਨ ਕਾਨਫਰੰਸ, ਵਿਆਨਾ-1952 ਅਤੇ ਹੇਲੀਸਿੰਕੀ-1953 'ਚ ਸ਼ਮੂਲੀਅਤ ਕੀਤੀ। ਜੂਨ 5-10, 1953 ਨੂੰ ਕੌਮਾਂਤਰੀ ਇਸਤਰੀ ਕਾਂਗਰਸ ਜੋ ਕੋਪਨ ਹੈਗਨ ਹੋਈ ਸੀ, 'ਉਸ ਵਿੱਚ ਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ 26-ਇਸਤਰੀ ਆਗੂਆਂ ਨੇ "ਐਨੇ ਮਸਕਾਰਨੀ" ਦੀ ਅਗਵਾਈ ਵਿੱਚ ਹਿੱਸਾ ਲਿਆ। ਇਸ ਡੈਲੀਗੇਸ਼ਨ ਵਿੱਚ ਹੋਰਾਂ ਤੋਂ ਬਿਨ੍ਹਾਂ, ਦੂਸਰੇ ਮੈਂਬਰ ਰੇਣੂ-ਚੱਕਰਾਵਰਤੀ (ਐਮ.ਪੀ), ਪੁਸ਼ਪਾਮਈ ਬਾਸੂ, ਅਨੁਸਾਂਬਾਈ ਗਿਆਨ ਚੰਦ, ਹਜ਼ਰਾ ਬੇਗਮ, ਅੰਜਲੀ ਮੁਕਰਜੀ, ਪੰਕਜ-ਅਚਾਰੀਆ ਆਦਿ ਸ਼ਾਮਲ ਸਨ। ਕਾਂਗਰਸ ਦੌਰਾਨ ਇਸਤਰੀਆਂ ਦਾ ਕੌਮਾਂਤਰੀ ਚਾਰਟਰ-ਆਫ ਡੀਮਾਂਡ ਵੀ ਪ੍ਰਵਾਨ ਕੀਤਾ ਗਿਆ।

ਕੌਮਾਂਤਰੀ ਇਸਤਰੀ ਕਾਂਗਰਸ ਦੇ ਬਾਦ ਫੌਰੀ ਹੀ "ਮਾਰਸ ਦੀਆਂ ਕਮਿਊਨਿਸਟ ਵਰਕਰਾਂ ਅਤੇ ਆਗੂਆਂ ਨੇ 'ਕੁਲ ਹਿੰਦ ਜਮਹੂਰੀ ਇਸਤਰੀ ਸੰਗਠਤ ਕਾਇਮ ਕਰਨ ਦੀ ਸ਼ੁਰੂਆਤ ਕੀਤੀ। ਕੁਝ ਅਰਸੇ ਬਾਦ "ਕੌਮੀ ਭਾਰਤੀ ਇਸਤਰੀ ਫੈਡਰੇਸ਼ਨ" (N.F.I.W.)ਆਖਰ ਹੋਂਦ ਵਿੱਚ ਆ ਹੀ ਗਈ।

ਕੋਪਨ ਹੈਗਨ ਕਾਨਫਰੰਸ ਦੇ ਬਾਦ "ਕੁਲ ਹਿੰਦ ਇਸਤਰੀ ਕੋ-ਆਰਡੀਨੇਸ਼ਨ ਕਮੇਟੀ ਬਣਾਈ ਗਈ, 'ਜਿਸ ਵਿੱਚ ਭਾਰਤ ਅੰਦਰ ਕੰਮ ਕਰਦੀਆਂ ਵੱਖੋ ਵੱਖ ਇਸਤਰੀਆਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ। ਕੋ-ਆਰਡੀਨੇਸ਼ਨ ਕਮੇਟੀ ਦੇ ਸੰਯੁਕਤ ਕਨਵੀਨਰ ਸਨ ਅਨੂਸਾਂ ਬਾਈ ਗਿਆਨ ਚੰਦ ਅਤੇ ਹਜ਼ਰਾ ਬੇਗਮ। ਇਸ ਕੋ-ਆਰਡੀਨੇਸ਼ਨ ਕਮੇਟੀ ਨੇ 4-7 ਜੂਨ, 1954 ਨੂੰ ਕਲਕੱਤਾ ਵਿਖੇ ਕੁਲ ਹਿੰਦ ਇਸਤਰੀ ਕਾਂਗਰਸ ਕਰਨ ਦਾ ਸੱਦਾ ਦਿੱਤਾ। ਕੋ-ਆਰਡੀਨੇਸ਼ਨ ਕਮੇਟੀ ਨੇ ਜਾਰੀ ਇਕ ਅਪੀਲ ਰਾਹੀਂ ਇਹ ਵੀ ਸੱਦਾ ਦਿੱਤਾ, 'ਕਿ 1) ਅਮਨ ਤੇ ਆਜ਼ਾਦੀ ਦੀ ਰੱਖਿਆ 2) ਇਸਤਰੀ ਅਧਿਕਾਰਾਂ ਲਈ ਕਾਨੂੰਨ 3) ਇਸਤਰੀ ਲਈ ਰੁਜ਼ਗਾਰ 4) ਕਿਸਾਨ ਇਸਤਰੀਆਂ ਦਾ ਹੱਕ 5) ਬੱਚਾ-ਜੱਚਾ ਦੀ ਭਲਾਈ ਲਈ ਕਨੂੰਨੀ ਹੱਕ ਦਿੱਤੇ ਜਾਣ।



ਕੁਲ ਹਿੰਦ ਇਸਤਰੀ ਕਾਂਗਰਸ ਕਲਕੱਤਾ ਵਿਖੇ 1954 ਨੂੰ ਯੂਨੀਵਰਸਿਟੀ ਇੰਸਟੀਚਿਊਟ ਹਾਲ ਵਿਖੇ ਹੋਈ, ਜਿਸ ਵਿੱਚ 870 ਡੈਲੀਗੇਟ ਭੈਣਾਂ ਜੋ ਵੱਖੋ-ਵੱਖ ਇਸਤਰੀ ਜੱਥੇਬੰਦੀਆਂ ਦੀ ਨੁਮਾਇੰਦਗੀ ਕਰਦੀਆਂ ਸਨ ਸ਼ਾਮਲ ਹੋਈਆਂ। ਕੌਮਾਂਤਰੀ ਜਨਵਾਦੀ ਇਸਤਰੀ ਫੈਡਰੇਸ਼ਨ (W.I.D.F) ਦੇ ਡੈਲੀਗੇਟਾਂ ਵੱਲੋਂ ਵੀ ਇਸ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ ਗਈ। ਬਰਤਾਨੀਆਂ ਤੋਂ ਡੋਰਾ-ਰਸੂਲ, ਆਸਟ੍ਰੇਲੀਆ ਤੋਂ ਬਿਟੀ ਰੈਇਲੀ ਇਸ ਕਾਂਗਰਸ ਵਿੱਚ ਸ਼ਾਮਲ ਹੋਈਆਂ। ਭਾਰਤ ਦੇ ਵੱਖੋ-ਵੱਖ ਰਾਜਾਂ 'ਚ ਇਸਤਰੀਆਂ ਦੀਆਂ ਜੱਥੇਬੰਦੀਆਂ, "ਆਂਧਰਾ ਮਹਿਲਾ ਸੰਗਮ-ਹੈਦਰਾਬਾਦ, ਆਸਾਮ ਮਹਿਲਾ ਸਭਾ, ਪ੍ਰਗਤੀ ਮਹਿਲਾ ਸੰਘਾ, ਬਿਹਾਰ-ਜਨਵਾਦੀ ਮਹਿਲਾ ਸੰਘਾ, ਜਮਸ਼ੇਦਪੁਰ ਮਹਿਲਾ ਸੇਵਾ ਸੰਮਤੀ, ਮੂੰਗੇਰ-ਕਿਸਾਨ ਮਹਿਲਾ ਸਮਿਤੀ, ਉਡੀਸਾ-ਨਾਰੀ ਮੰਗਲ ਸਮਿਤੀ, ਦਿਲੀ-ਜਨਵਾਦੀ ਮਹਿਲਾ ਸਮਾਜ, ਮਹਿਲਾ ਮੰਗਲ ਪ੍ਰੀਸ਼ਦ, ਵਿਜੈ ਨਗਰ ਮਹਿਲਾ ਸਮਿਤੀ, ਬਨਾਰਸ ਮਹਿਲਾ ਸਮਿਤੀ, ਕਾਨਪੁਰ ਮਹਿਲਾ ਵਿਕਾਸ ਮੰਡਲ, ਅਲੀਗੜ੍ਹ ਬਾਹਨੋਕੀ ਸੇਵਾ ਸਮਿਤੀ, ਤ੍ਰੀਪੁਰਾ ਨਾਰੀ ਸਮਿਤੀ, ਪੱਛਮੀ ਬੰਗਾਲ ਮਹਿਲਾ ਆਤਮਾ ਰਕਸ਼ਾ ਸਮਿਤੀ, ਅਤੇ 18 ਹੋਰ ਸੂਬਾਈ ਪੱਧਰ ਦੀਆਂ ਇਸਤਰੀ ਜੱਥੇਬੰਦੀਆਂ ਨੇ ਕਾਂਗਰਸ ਵਿੱਚ ਸ਼ਮੂਲੀਅਤ ਕੀਤੀ। ਵਿਅੱਕਤੀਗਤ ਤੌਰ ਤੇ ਮੱਧਿਆ ਪ੍ਰਦੇਸ਼, ਰਾਜਸਥਾਨ ਅਤੇ ਮਹਾਂਰਾਸ਼ਟਰ ਤੋਂ ਵੀ ਡੈਲੀਗੇਟ ਪੁੱਜੀਆਂ। ਕੁਲ ਹਿੰਦ ਇਸਤਰੀ ਕਾਨਫ੍ਰੰਸ ਦੀਆਂ ਮੈਂਬਰ ਵੀ ਵਿਅਕਤੀਗਤ ਹੈਸੀਅਤ ਵਿੱਚ ਇਸ ਕਾਂਗਰਸ ਵਿੱਚ ਸ਼ਾਮਲ ਹੋਈਆਂ। ਕਾਂਗਰਸ ਨੂੰ ਬਹੁਤ ਸਾਰੀਆਂ ਜੱਥੇਬੰਦੀਆਂ, "ਜਿਵੇਂ ਇਸਤਰੀ ਕਾਂਗਰਸ ਦੀ" ਨੀਨਾ ਪੋਪੋਵਾ, ਸੋਵੀਅਤ (ਸਾਬਕਾ) ਇਸਤਰੀ ਫਾਸ਼ੀਵਾਦ ਵਿਰੋਧੀ ਕਮੇਟੀ ਦੀ ਪ੍ਰਧਾਨ, (ਮਰਹੂਮ) ਮੈਡਮ ਸਨ ਯਾਤ ਸੇਨ (ਉਸ ਵੇਲੇ) ਕੁਲ ਚੀਨ ਇਸਤਰੀ ਜਮਹੂਰੀ ਫੈਡਰੇਸ਼ਨ ਦੀ ਪ੍ਰਧਾਨ, ਭਰਾਤਰੀ ਜੱਥੇਬੰਦੀਆਂ-ਬਰਤਾਨੀਆਂ, (ਸਾ:) ਪੂਰਬੀ-ਜਰਮਨੀ, ਬ੍ਰਿਟਿਸ਼ ਗੁਆਨਾ, ਸਵੀਡਨ ਅਤੇ ਲੰਕਾਂ ਵੱਲੋਂ ਸ਼ੁਭ ਇਛਾਵਾਂ ਭੇਂਟ ਕੀਤੀਆਂ ਗਈਆਂ। ਭਾਰਤ ਦੀਆਂ ਪ੍ਰਮੁੱਖ ਸਖਸ਼ੀਅਤਾਂ ਵਿੱਚੋਂ ਰਮੇਸ਼ਵਰੀ ਨਹਿਰੂ, (ਮਰਹੂਮ) ਅੰਮ੍ਰਿਤ ਕੌਰ ਕੇਂਦਰੀ ਸਿਹਤ ਮੰਤਰੀ, ਸ਼ਾਰਦਾ ਬੇਨ ਮਹਿਤਾ, ਪੰਡਤ ਸੁੰਦਰ ਲਾਲ, ਡਾ: ਗਿਆਨ ਚੰਦ ਵੱਲੋਂ ਵੀ ਇਸਤਰੀ ਕਾਂਗਰਸ ਦਾ ਸਵਾਗਤ ਕੀਤਾ ਗਿਆ।

ਹੁਣ ਤੱਕ ਭਾਰਤੀ ਮੰਚ 'ਤੇ ਹੇਠ ਲਿਖੀਆਂ ਇਸਤਰੀਆਂ ਜੱਥੇਬੰਦੀਆਂ ਹੋਂਦ ਵਿਚ ਆ ਚੁੱਕੀਆਂ ਸਨ ਅਤੇ ਇਸਤਰੀ ਵਰਗ ਨਾਲ ਸਬੰਧਤ ਕੌਮਾਂਤਰੀ ਘਟਨਾਵਾਂ ਨਾਲ ਇਕਮੁੱਠਤਾ ਪ੍ਰਗਟਾਈ ਗਈ।

1. ਆਲ ਇੰਡੀਆਂ ਵੋਮੈਨ ਕਾਨਫ੍ਰੰਸ ਪੂਨਾ-1927

2. ਆਲ ਇੰਡੀਆ ਗਰਲਜ਼ ਸਟੂਡੈਂਟ ਲਖਨਊ-ਜਨਵਰੀ 1940

3. 1940 ਨੂੰ ਮੁਸਲਿਮ ਲੀਗ ਦਾ ਇਸਤਰੀ ਫੈਡਰੇਸ਼ਨ ਵਿੰਗ ਦਾ ਗਠਨ ਹੋਇਆ।

4. 1936 ਨੂੰ ਆਰ.ਐਸ.ਐਸ. ਦਾ ਇਸਤਰੀ ਵਿੰਗ ਹੋਂਦ ਵਿੱਚ ਆਇਆ।

5. ਕੌਮਾਂਤਰੀ ਵੋਮੈਨਜ਼ ਕਾਨਫ੍ਰੰਸ 1945 ਪੈਰਿਸ, ਐਂਟੀ ਫਾਸ਼ੀਵਾਦ, ਵਿਰੁੱਧ ਕਾਨਫ੍ਰੰਸ ਹੋਈ।

6. ਵੋਮੈਨਜ਼ ਇੰਟਰਨੈਸ਼ਨਲ ਡੈਮੋਕ੍ਰੈਟਿਕ ਫੈਡਰੇਸ਼ਨ ਪੈਰਿਸ-1945 ਹੋਈ।

7. ਮਹਿਲਾਂ ਆਤਮਾ ਰਕਸ਼ਾ ਸਮਿਤੀ ਕਲਕੱਤਾ,ਅਪ੍ਰੈਲ-1942 ਵਿੱਚ ਗਠਨ ਹੋਇਆ।

8. ਵੈਸਟ ਬੰਗਾਲ ਮਹਿਲਾ ਸਮ੍ਰਿਤੀ ਮਾਰਸ ਜਿਸ ਦਾ ਨਾਂ ਬਦਲਿਆ ਗਿਆ ਸੀ ਹੋਂਦ ਵਿੱਚ ਆਈ, ਉਸਦੀ ਅੱਗੋਂ 1970 ਨੂੰ ਦੁਬਾਰਾ ਵੰਡ ਹੋ ਗਈ ਅਤੇ ਪੱਛਮੀ ਬੰਗਾ ਮਹਿਲਾ ਸਮਿਤੀ ਵੱਜੋਂ ਹੀ ਕੰਮ ਕਰਦੀ ਰਹੀਂ।

9. ਨੈਸ਼ਲਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ, ਜੋ ਮਾਰਸ ਦੀ ਪਹਿਲ ਕਦਮੀ 'ਤੇ 1953 ਨੂੰ ਗਠਤ ਕੀਤੀ ਗਈ।

10. N.F.I.W ਦੀ ਪਹਿਲ ਕਦਮੀ ਤੇ ਆਲ ਇੰਡੀਆ ਵੋਮੈਨਜ਼ ਕਾਂਗਰਸ, ਕਲਕੱਤਾ ਵਿਖੇ 4-7, 1954 ਨੂੰ ਗਠਿਤ ਕੀਤੀ ਗਈ।

11. ਆਲ ਇੰਡੀਆਂ ਵੋਮੈਨਜ਼ ਕਾਂਗਰਸ ਦੇ ਸੱਦੇ 'ਤੇ 1954 ਨੂੰ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨਜ਼ ਦੀ ਸਥਾਪਨਾ ਹੋਈ।

12. ਕੌਮਾਂਤਰੀ ਇਸਤਰੀ ਅੰਦੋਲਨ ਵੱਜੋ, ਕੋਪਨ ਹੈਗਨ ਸੰਸਾਰ ਇਸਤਰੀ ਕਾਂਗਰਸ 1953 ਵਿੱਚ ਹੋਈ।

13. ਮਾਂ ਦਿਵਸ ਸਵਿਟਜ਼ਰਲੈਂਡ ਵਿੱਚ 7-10 ਜੁਲਾਈ, 1955 ਨੂੰ ਮਨਾਇਆ ਗਿਆ।

14. ਗੋਲਡਨ ਜੁਬਲੀ ਕੌਮਾਂਤਰੀ ਇਸਤਰੀ ਦਿਵਸ, '8 ਮਾਰਚ 1960 ਨੂੰ ਸੰਸਾਰ ਪੱਧਰ ਤੇ ਮਨਾਇਆ ਗਿਆ।

15. ਕੁਲ ਹਿੰਦ ਜਨਵਾਦੀ ਇਸਤਰੀ ਸਭਾ ਦਾ ਗਠਨ ਅਕਤੂਬਰ, 1981 ਵਿੱਚ ਹੋਇਆ ਸੀ।

ਇਸ ਤਰ੍ਹਾਂ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਜੋ ਕੁਲ ਹਿੰਦ ਵੋਮੈਨ ਕਾਂਗਰਸ ਰਾਹੀਂ ਉਸਾਰੀ ਗਈ ਸੀ, ਸ਼ੁਰੂ ਵਿੱਚ ਕੇਵਲ 43 ਇਸਤਰੀ ਜੱਥੇਬੰਦੀਆਂ ਜਿਹੜੀਆਂ ਭਾਰਤ ਦੇ ਵੱਖ-ਵੱਖ ਰਾਜਾਂ ਨਾਲ ਸਬੰਧ ਰੱਖਦੀਆਂ ਸਨ, ਇਸ ਨਾਲ ਇਲਹਾਕ ਬੱਧ ਹੋਈਆਂ। ਐਨ. ਐਫ. ਆਈ. ਡਬਲਯੂ. ਨਾਲ ਹੋਰ ਜੱਥੇਬੰਦੀਆਂ ਰਲਦੀਆਂ ਗਈਆਂ। ਇਸ ਦੀ ਪਹਿਲੀ ਪ੍ਰਧਾਨ-ਪੁਸ਼ਪਾਮਾਈ ਬਾਸੂ, ਉਪ ਪ੍ਰਧਾਨ ਰੇਣੂ ਚੱਕਰਾਵਤੀ, ਬਿਮਲ ਪ੍ਰਾਤਿਵਾ ਦੇਵੀ, ਡਾ: ਲਕਸ਼ਮੀ ਸਹਿਗਲ, ਕੇ.ਆਰ.ਗੌਰੀ, ਅਰੁਣਾ ਆਸਫ ਅਲੀ, ਸੁਧਾ ਰੇਅ, ਪਿਰੋਜਾ ਵਾਡੀਆਂ, ਸੰਯੁਕਤ ਸਕੱਤਰ ਅਨੂਸਨਾ ਗਿਆਨ ਚੰਦ ਅਤੇ ਹਾਜ਼ਰਾ ਬੇਗਮ, ਖਜ਼ਾਨਚੀ ਸਆਦਤ ਬਾਨੋ ਕਿਚਲੂ ਸਨ (ਸਭ ਮਰਹੂਮ)। ਬਹੁਤ ਸਾਰੀਆਂ ਹੋਰ ਪ੍ਰਮੁੱਖ ਇਸਤਰੀ ਆਗੂ ਜੋ ਵੱਖ ਵੱਖ ਰਾਜਾਂ ਨਾਲ ਸਬੰਧ ਰੱਖਦੀਆਂ ਸਨ, 'ਐਨ. ਐਫ. ਆਈ. ਡਬਲਯੂ. ਦੀਆਂ ਕਾਰਜਕਾਰੀ ਕਮੇਟੀ ਅਤੇ ਕੌਂਸਲ ਦੀਆਂ ਮੈਂਬਰ ਬਣੀਆ।

**ਮਾਂ ਦਿਵਸ**: 7-10 ਜੁਲਾਈ 1955 ਨੂੰ ਸਵਿਟਜ਼ਰਲੈਂਡ ਵਿਖੇ ਮਨਾਇਆ ਗਿਆ। ਉਸ ਵਿੱਚ 69 ਦੇਸ਼ਾਂ ਦੇ ਡੈਲੀਗੇਟਾਂ ਨੇ ਹਿੱਸਾ ਲਿਆ। ਭਾਰਤ ਵੱਲੋਂ ਐਨ. ਐਫ. ਆਈ. ਡਬਲਯੂ ਅਤੇ ਮਾਰਸ ਵਲੋਂ 47 ਡੈਲੀਗੇਟਾਂ ਨੇ, 'ਜੋ ਵੱਖੋ-ਵੱਖ ਇਸਤਰੀ ਜੱਥੇਬੰਦੀਆਂ ਨਾਲ ਸਬੰਧਤ ਸਨ, 'ਕਾਨਫ੍ਰੰਸ ਵਿੱਚ ਸ਼ਾਮਲ ਹੋਈਆਂ। ਪ੍ਰਮੁੱਖ ਇਸਤਰੀ ਆਗੂ ਜੋ ਇਸ ਕਾਨਫ੍ਰੰਸ ਵਿੱਚ ਸ਼ਾਮਲ ਸਨ, 'ਰੇਣੂ ਚੱਕਰਾਵਰਤੀ, ਮੈਤਰੇਈ ਦੇਵੀ, ਮਨੀ ਕੁੰਤਲਾ ਸੇਨ, ਗੀਤਾ ਮੁਕਰਜੀ, ਮੁਕਤਾ ਕੁਮਾਰ, ਸੁਧਾ ਰੇਅ ਆਦਿ। ਮਾਂ ਦਿਵਸ ਦਾ ਮੁੱਖ ਮੰਤਵ ਇਸ ਕਾਨਫ੍ਰੰਸ ਵਿੱਚ ਸੰਸਾਰ ਅਮਨ ਸੀ। ਇਸ ਕਾਨਫ੍ਰੰਸ ਅੰਦਰ ਸੰਸਾਰ ਦੀਆਂ ਸਾਰੀਆਂ ਮਾਵਾਂ ਨੂੰ ਜੋਸ਼ੀਲੀ ਅਪੀਲ ਕੀਤੀ ਗਈ, ਕਿ ਆਪਣੇ ਬੱਚਿਆਂ ਦੀ ਲੰਬੀ ਉਮਰ ਲਈ ਸੰਸਾਰ ਅਮਨ ਦੀ ਕਾਇਮੀ ਅਤੇ ਜੰਗ ਵਿਰੁੱਧ ਉਹ ਅੱਗੇ ਆਉਣ। ਇਸੇ ਤਰ੍ਹਾਂ 1960 ਨੂੰ 8-ਮਾਰਚ ਕੌਮਾਂਤਰੀ ਇਸਤਰੀ ਦਿਵਸ ਨੂੰ ਗੋਲਡਨ ਜੁਬਲੀ ਵਜੋਂ ਮਨਾਇਆ ਗਿਆ। ਸਾਰੇ ਸੰਸਾਰ ਅੰਦਰ ਵੱਖੋ-ਵੱਖ ਰਵਾਇਤਾਂ ਨਾਲ ਇਹ ਦਿਵਸ ਇਸਤਰੀ ਜੱਥੇਬੰਦੀਆਂ ਵੱਲੋਂ ਇਸਤਰੀਆਂ ਨੂੰ ਸਮਰਪਿਤ ਕੀਤਾ ਗਿਆ। ਭਾਰਤ ਅੰਦਰ ਮਾਰਸ ਅਤੇ ਐਨ. ਐਫ. ਆਈ. ਡਬਲਯੂ ਵੱਲੋਂ 8-ਮਾਰਚ 'ਤੇ ਭਿੰਨ-ਭਿੰਨ ਤਰ੍ਹਾਂ ਦੇ ਫੰਕਸ਼ਨ ਕੀਤੇ ਗਏ। 9-12 ਅਪ੍ਰੈਲ 1960 ਨੂੰ ਏਡਨ ਗਾਰਡਨ ਕਲਕੱਤਾ ਵਿਖੇ ਇਕ ਵੱਡਾ ਇਕੱਠ ਵੀ ਕੀਤਾ ਗਿਆ।

ਇਸ ਤਰ੍ਹਾਂ ਵੱਖ ਵੱਖ ਸਰਗਰਮੀਆਂ ਰਾਹੀਂ ਭਾਰਤ ਦੀ ਜਮਹੂਰੀ ਇਸਤਰੀ ਲਹਿਰ ਨੇ, 'ਵੱਡੇ ਪੱਧਰ ਤੇ ਕੌਮਾਂਤਰੀ ਇਸਤਰੀ ਲਹਿਰਾਂ ਨਾਲ ਜੋ ਅਮਨ ਅਤੇ ਇਸਤਰੀ ਹੱਕਾਂ ਲਈ ਸਰਗਰਮ ਸਨ ਮਜ਼ਬੂਤ ਨਾਤਾ ਜੋੜ ਲਿਆ।

ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਦਾ ਉਭਾਰ ਭਾਰਤ ਅੰਦਰ ਆਜ਼ਾਦੀ ਬਾਦ ਦੇ ਪਹਿਲੇ ਦਹਾਕੇ ਅੰਦਰ, ਐਨ.ਐਫ.ਆਈ.ਡਬਲਯੂ, ਜੱਥੇਬੰਦੀ ਕੁਲ ਹਿੰਦ ਇਸਤਰੀ ਕਾਨਫ੍ਰੰਸ ਤੋਂ ਬਾਦ ਦੂਸਰੀ ਵੱਡੀ ਇਸਤਰੀ ਜੱਥੇਬੰਦੀ ਹੋਂਦ ਵਿੱਚ ਆ ਗਈ। ਕੁਲ ਹਿੰਦ ਇਸਤਰੀ ਕਾਨਫ੍ਰੰਸ ਦੀ ਸ਼ੁਰੂਆਤ ਇਸਤਰੀ ਸਮਾਜ ਸੁਧਾਰਕਾਂ ਵੱਲੋਂ ਕੀਤੀ ਗਈ, ਇਹ ਸਮਾਜ ਦੇ ਉੱਚ ਵਰਗਾਂ ਅਤੇ ਕਾਂਗਰਸ ਲੀਡਰਸ਼ਿਪ ਅਧਾਰਿਤ ਸੀ। ਬੁਰਜੁਆ ਅਮੀਰ ਵਰਗ ਪੱਖੀ ਜਮਹੂਰੀ ਇਸਤਰੀ ਹੱਕ-ਜਿਵੇਂ ਸਿਖਿਆ, ਵੋਟ ਦਾ ਅਧਿਕਾਰ, ਸਮਾਜ ਅਤੇ ਕਾਨੂੰਨੀ ਅਧਿਕਾਰਾਂ ਲਈ, ਮੱਧ-ਯੁੱਗੀ, ਸਾਮੰਤਵਾਦੀ ਅਤਿਆਚਾਰ ਅਤੇ ਸਮਾਜਕ ਵਿਤਕਰੇ ਵਿਰੁੱਧ ਤੱਕ ਹੀ ਇਹ ਜੱਥੇਬੰਦੀ ਸੀਮਤ ਸੀ। ਕਿਉਂਕਿ ਕੌਮੀ ਫੈਡਰੇਸ਼ਨ ਜਿਹੜੀ ਕਮਿਊਨਿਸਟ ਪਾਰਟੀ ਆਫ ਇੰਡੀਆ ਦੀ ਪਹਿਲ ਕਦਮੀ ਤੇ ਗਠਿਤ ਹੋਈ ਸੀ, 'ਦਾ ਤਰੱਕੀ ਪਸੰਦ ਉਦੇਸ਼ ਅਤੇ ਨਿਸ਼ਾਨ, 'ਜਿਹੜਾ ਸਮਾਜਕ-ਪ੍ਰੀਵਰਤਨ ਵਲ ਸੇਧਿਤ ਸੀ, ਜੋ ਮਰਦ ਅਤੇ ਇਸਤਰੀ ਵਿਚਕਾਰ ਅਸਲੀ ਬਰਾਬਰਤਾ ਚਾਹੁੰਦਾ ਸੀ। ਇਸ ਦੀ ਵਿਚਾਰਧਾਰਾ ਸਮਾਜਵਾਦੀ ਸੀ, ਭਾਵੇਂ ਇਸ ਦੇ ਸੰਵਿਧਾਨ, ਉਦੇਸ਼ ਅਤੇ ਨਿਸ਼ਾਨੇ ਬਹੁਤ ਖੁਲ੍ਹੇ ਤੇ ਵਿਸ਼ਾਲ ਘੇਰੇ ਅਧਾਰਿਤ ਸਨ, 'ਤਾਂ ਕਿ ਵੱਧ ਤੋਂ ਵੱਧ ਇਸਤਰੀਆਂ ਦੇ ਸਮੂਹਾਂ ਨੂੰ ਇਸ ਦੇ ਘੇਰੇ ਵਿੱਚ ਲਿਆਂਦਾ ਜਾ ਸਕੇ। ਭਾਰਤੀ ਇਸਤਰੀਆਂ ਦੀ ਕੌਮੀ ਫੈਡਰੇਸ਼ਨ ਸ਼ੁਰੂ ਤੋਂ ਹੀ ਕੌਮਾਂਤਰੀ ਜਮਹੂਰੀ ਇਸਤਰੀ ਫੈਡਰੇਸ਼ਨ ਨਾਲ ਇਲਹਾਕ ਬੱਧ ਬਾਡੀ ਰਹੀ।

**ਇੱਕ ਨਵਾਂ ਮੋੜ**: ਪਰ ਕੁਝ ਸਮੇਂ ਬਾਦ ਕੌਮਾਂਤਰੀ ਅਤੇ ਕੌਮੀ ਹਲਾਤਾਂ ਅੰਦਰ ਇੱਕ ਨਵੀਂ ਤਬਦੀਲੀ ਨੇ ਪਾਸਾ ਪਲਟਿਆ। ਸੰਸਾਰ ਕਮਿਊਨਿਸਟ ਕੈਂਪ ਅੰਦਰ ਵਿਚਾਰਧਾਰਕ ਮਤ-ਭੇਦ ਉਭਰਨ ਕਾਰਨ, 'ਸਮਾਜਵਾਦੀ ਕੈਂਪ ਦਾ ਇਤਹਾਦ ਵੰਡਿਆ ਗਿਆ। 1956 ਨੂੰ ਸੋਵੀਅਤ ਯੂਨੀਅਨ ਅੰਦਰ 20-ਵੀਂ ਪਾਰਟੀ ਕਾਂਗਰਸ ਬਾਦ ਤਬਦੀਲੀ ਵਾਲਾ ਰੁੱਖ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਸੀ। ਕੌਮਾਂਤਰੀ ਜਮਹੂਰੀ ਇਸਤਰੀ ਫੈਡਰੇਸ਼ਨ ਜੋ ਸੋਵੀਅਤ ਯੂਨੀਅਨ ਨਾਲ ਇੱਕਸੁਰ ਸੀ, 'ਇਹ ਵਿਚਾਰਧਾਰਕ ਮੱਤ ਭੇਦ ਸੀ.ਪੀ.ਆਈ. ਅੰਦਰ ਵੀ ਸਾਹਮਣੇ ਗਏ ਤਾਂ ਅਖੀਰ (1964) ਵਿੱਚ ਪਾਰਟੀ ਦੋ ਫਾੜ ਹੋ ਗਈ ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਿਸਟ) ਨੇ ਆਪਣੀ 7ਵੀਂ ਪਾਰਟੀ ਕਾਂਗਰਸ 1964 ਦੌਰਾਨ ਨਵਾਂ ਪਾਰਟੀ ਪ੍ਰੋਗਰਾਮ ਪ੍ਰਵਾਨ ਕਰ ਲਿਆ। ਪਹਿਲੇ ਧੜੇ ਸੀ.ਪੀ.ਆਈ. ਨੇ ਕਾਂਗਰਸ ਪਾਰਟੀ ਅਤੇ ਕਾਂਗਰਸੀ ਸਰਕਾਰਾਂ ਪ੍ਰਤੀ ਆਪਣੇ ਮੇਲ-ਮਿਲਾਪ (Compromising Attitude) ਵਾਲੇ ਰਵੱਈਏ ਨੂੰ ਜਾਰੀ ਰੱਖਿਆ (ਹੁਣ ਨਹੀਂ)। ਵਿਚਾਰਧਾਰਕ ਪਾੜੇ ਦਾ ਪਰਛਾਵਾਂ ਜਨਤਕ ਜੱਥੇਬੰਦੀਆਂ ਉੱਤੇ ਵੀ ਪੈ ਗਿਆ। ਹੌਲੀ-ਹੌਲੀ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ (N.F.I.W) ਜੋ W.I.D.F. ਨਾਲ ਇਲਹਾਕ ਬੱਧ ਸੀ, ਨੇ ਵੀ ਕਾਂਗਰਸ ਸਰਕਾਰਾਂ ਵੱਲੋਂ ਮੇਲ-ਮਿਲਾਪ ਵਾਲੀ ਲਾਈਨ ਨੂੰ ਅਪਣਾ ਲਿਆ। ਇਸੇ ਤਰ੍ਹਾਂ ਸੂਬਾਈ ਯੂਨਿਟ ਜੋ N.F.I.W ਨਾਲ ਇਲਹਾਕ ਬੱਧ ਸਨ, ਉਹ ਵੀ ਵਿਚਾਰਧਾਰਕ ਤੌਰ 'ਤੇ ਵੰਡੇ ਗਏ।

ਪੱਛਮੀ ਬੰਗਾ ਮਹਿਲਾ ਸਮਿਤੀ ਜੋ ਪੱਛਮੀ ਬੰਗਾਲ ਵਿੱਚ ਸਰਗਰਮ ਸੀ, ਵੀ 1970 ਨੂੰ ਵੰਡੀ ਗਈ। ਵੰਡ ਨਾਲ ਇਕ ਹਿੱਸਾ ਪੱਛਮੀ ਬੰਗਾ ਗਣਤੰਤਰਿਕ ਮਹਿਲਾ ਸਮਿਤੀ ਅਤੇ ਦੂਜਾ ਧੜਾ ਪੱਛਮੀ ਬੰਗਾ ਮਹਿਲਾ ਸਮਿਤੀ ਵੱਜੋਂ ਹੋਂਦ ਵਿੱਚ ਰਿਹਾ। ਪਹਿਲੇ ਧੜੇ ਨੇ ਪੱਛਮੀ ਬੰਗਾ ਗਣਤੰਤਰਿਕ ਮਹਿਲਾ ਸਮਿਤੀ, 'ਜਿਸ ਦੀ ਲੀਡਰਸ਼ਿਪ ਸੀ.ਪੀ.ਆਈ. (ਐਮ) ਨਾਲ ਵਿਚਾਰਧਾਰਕ ਮੇਲ ਜੋਲ ਰੱਖਦੀ ਸੀ, 'ਜਿਹੜੀ ਕਿਰਤੀਆਂ ਕਿਸਾਨਾਂ ਅਤੇ ਹੋਰ ਜਮਹੂਰੀ ਲਹਿਰਾਂ ਵਾਲੇ ਲੋਕਾਂ ਦੀ ਲਹਿਰ ਸੀ। ਜੋ ਬੁਰਜੁਆਂ, ਜਗੀਰਦਾਰਾਂ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਿਰੁੱਧ ਸੰਘਰਸ਼ ਸ਼ੀਲ ਸੀ,ਨਾਲ ਨਾਤਾ ਜੋੜ ਲਿਆ। ਦੂਸਰੀ ਧਿਰ ਪੱਛਮੀ ਬੰਗਾ ਮਹਿਲਾ ਸਮਿਤੀ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ ਨਾਲ ਜੁੜੀ ਰਹੀ ਅਤੇ ਉਹ ਆਪਣੀ ਕਾਂਗਰਸ ਪਾਰਟੀ ਅਤੇ ਕਾਂਗਰਸੀ ਸਰਕਾਰਾਂ ਨਾਲ ਮੇਲ-ਮਿਲਾਪ ਵਾਲੀ ਨੀਤੀ ਤੇ ਚਲਦੀ ਰਹੀ। ਇਸ ਨਵੀਂ ਅਵਸਥਾ ਦੌਰਾਨ ਜਮਹੂਰੀ ਇਸਤਰੀ ਲਹਿਰ ਇਕ ਨਵੀਂ ਸਟੇਜ ਤੇ ਪੁੱਜ ਗਈ ਅਤੇ ਇਸਤਰੀਆਂ ਦੀ ਮੁਕਤੀ ਲਈ ਤਿਖੀਆਂ ਤਬਦੀਲੀਆਂ ਵਾਲੇ ਨਜ਼ਰੀਏ ਰਾਹੀਂ, 'ਸਮਾਜਕ ਢਾਂਚੇ 'ਚ ਤਬਦੀਲੀ ਲਿਆਉਣ ਲਈ, 'ਇਸ ਨੇ ਆਪਣੇ ਨਾਲ ਲੁੱਟੇ ਜਾ ਰਹੇ ਸਾਰੇ ਲੋਕਾਂ ਅਤੇ ਕਿਰਤੀ ਵਰਗ ਨਾਲ ਜੋੜਕੇ, 'ਇਸਤਰੀ ਮੁਕਤੀ ਦੇ ਕਾਜ ਨੂੰ ਅੱਗੇ ਵਧਾਉਣ ਦਾ ਨਿਸਚਾ ਦੁਹਰਾਇਆ। ਇਸੇ ਤਰ੍ਹਾਂ 1940 ਦੇ ਬਾਦ 'ਜਮਹੂਰੀ ਇਸਤਰੀ ਲਹਿਰਾਂ ਜੋ ਭਾਰਤ ਦੇ ਬਾਕੀ ਹਿੱਸਿਆ ਅੰਦਰ ਵੀ ਵਿਕਸਤ ਹੋਈਆਂ ਜਿਨ੍ਹਾਂ ਨੂੰ ਜਮਹੂਰੀ ਇਸਤਰੀ ਲਹਿਰਾਂ ਵੱਜੋਂ ਭਾਰਤ ਅੰਦਰ ਆਪਣੀ ਪ੍ਰਪੱਕਤਾ ਅਤੇ ਜਨਤਕ ਅਧਾਰ ਵਾਲੀ ਹੋਂਦ ਗ੍ਰਿਹਣ ਕਰਨ ਲਈ ਬੜਾ ਲੰਬਾ ਸਫਰ ਤੈਅ ਕਰਨਾ ਪਿਆ। ਜੇਕਰ ਅੱਜ "ਕੁਲ ਹਿੰਦ ਜਨਵਾਦੀ ਇਸਤਰੀ ਸਭਾ" ਆਜ਼ਾਦੀ ਜਮਹੂਰੀਅਤ ਅਤੇ ਇਸਤਰੀਆਂ ਦੀ ਮੁਕਤੀ, ਦਾ ਬੀੜਾ ਚੁਕਣ ਲਈ ਦੇਸ਼ ਅੰਦਰ ਇੱਕ ਭਵਿੱਖੀ ਨਜ਼ਰੀਆ ਲੈ ਕੇ ਆਈ ਹੈ, ਤਾਂ ਇਹ ਉਸ ਦੇ ਸੰਘਰਸ਼ਾਂ, ਜਮਹੂਰੀਅਤ ਨੂੰ ਸਮਰਪਣ, ਸਮਾਜਕ ਪ੍ਰੀਵਰਤਨ ਲਈ ਕਿਰਤੀ ਵਰਗ ਦਾ ਇਕ ਹਿੱਸਾ ਬਣਾ ਕੇ, 'ਜਨ-ਅਧਾਰਿਤ ਅੰਦੋਲਨਾਂ ਰਾਹੀਂ ਅੱਗੇ ਵੱਧਣ ਕਾਰਨ ਹੀ ਹੈ। ਦੇਸ਼ ਅੰਦਰ ਇਸਤਰੀਆਂ ਪ੍ਰਤੀ ਵੱਧ ਰਹੇ ਅਪਰਾਧਾਂ ਵਿਰੁਧ, ਸੰਗਠਤ ਰੂਪ ਵਿੱਚ ਵਿਰੋਧ ਰੋਸ ਕਰਨੇ ਪੈਣੇ ਹਨ। ਆਰਥਿਕ ਸੋਸ਼ਣ, ਚੁਲੇ-ਚੌਂਕੇ ਦੀ ਗੁਲਾਮੀ ਵਿਰੁਧ ਤੇ ਇਕ ਨਰੋਏ ਸੱਭਿਆਚਾਰ ਲਈ ਸਾਰੇ ਕਿਰਤੀਆਂ ਨਾਲ ਮਿਲ ਕੇ ਸੰਘਰਸ਼ ਕਰਨਾ ਪਏਗਾ।

ਕੋਵਿਡ-19 ਵਿਰੁਧ, ਸਭ ਲਈ ਸਿਹਤ, ਸਿੱਖਿਆ ਤੇ ਰੁਜ਼ਗਾਰ ਲਈ ਸਾਰਿਆਂ ਨੂੰ ਮਿਲ ਕੇ ਲੜਨਾ ਪਏਗਾ। ਮੁਕਤੀ ਅਜੇ ਦੂਰ ਹੈ, ਪੈਂਡਾ ਅਜੇ ਦੂਰ ਹੈ ਠਰੱਮਾ ਰੱਖੀਏ।

# Indigenous resurgence in a province like no other



**By John Price and Nicholas XEMTOLTW_ Claxton**

After 30 years of treaty talks, the Truth and Reconciliation Commission findings, and the adoption of the United Nations Declaration of the Rights of Indigenous Peoples, First Nations still face racism on a systemic basis. Can Indigenous People ever find justice in this province?

John Price and Nicholas XEMTOLTW_ Claxton, co-authors in the new book Challenging Racist "British Columbia": 150 Years and Counting, suggest that reconciliation will remain elusive unless the issue of Indigenous sovereignty is recognized as central and properly addressed.

This is the third part in a three-part series, where the authors review how the 1871 Terms of Union that brought this province into Canada affected Indigenous peoples, how Indigenous people have fought for sovereignty before and after, and why new initiatives directed at recognizing and institutionalizing Indigenous sovereignty may be the only path leading to justice and reconciliation. Part one and part two were previously published on this website.

Before Europeans arrived in the Pacific Northwest, the W_SÁNEC people were highly networked, particularly with other Salishan-speaking peoples of the area. Trading, kinship ties and strategic alliances allowed the sharing of resources.

These ties became increasingly important, expanding beyond the large Salishan language group to form the basis for a unique and powerful Indigenous resurgence in the face of B.C.'s rogue policies.

In 1871, Prime Minister John A. Macdonald appointed none other than Joseph Trutch, the main architect of Indigenous dispossession in B.C., as the province's first lieutenant-governor.

Macdonald also pushed through the 1872 disenfranchisement of Indigenous peoples and Chinese Canadians, representing 80 per cent of the population, despite protests from Premier John McCreight.

It dawned on federal officials, however, that what had "hitherto been the practice" of the province regarding land title differed from existing federal policy, that is, to sign treaties in order to extinguish aboriginal title.

Visiting the province in 1876, the governor-general, Lord Dufferin, expressed federal frustration: "Most unfortunately, as I think, there has been an initial error ever since Sir James Douglas quitted office … of British Columbia neglecting to recognize what is known as Indian title."

The province adamantly rebuffed federal objections and by 1880 any thought of changing the province's policies had vanished. As scholar Cole Harris put it: "Almost a decade after it began, the dispute between Ottawa and Victoria over the Indian land question was essentially settled. The province had won."

The federal policy was to recognize limited Indigenous title to extinguish it — the province wanted to ignore it entirely, and did so — denying any form of Indigenous sovereignty or title, repudiating treaties, allocating the smallest reserves possible, and reducing existing reserves.

The province was taking land from Indigenous peoples and giving it to settlers, to railway companies, and to forest and mining companies at a breathless pace.

Adding insult to injury was the federal Indian Act of 1876, the 1888 ban on the Potlatch, residential schools, and hunting and fishing regulations that severely affected Indigenous food security.

W_SÁNEC leaders came together with other Salish communities in the 1890s to discuss how to best resist colonization's effects. At the same time, communities in the north, notably the Nisga'a, began organizing as well, leading to a province-wide Indigenous resurgence.

**Indigenous resurgence**

"We come before you to-day as the Chiefs and Representatives of nearly all Indian Tribes throughout the Province of British Columbia. We do not come to you as a body of settlers, but as the original inhabitants of this land. Our ancestors have occupied this country from time immemorial; and we their children claim that the Indian Tribes still hold the aboriginal title to the unsurrendered lands of the Province, which has never been extinguished, either by conquest or treaty."

It was the manifesto of an Indigenous resurgence that continues to this day.

W_SÁNEC leaders Chief David Latess and Thomas Paul both signed this petition along with nearly 100 other chiefs and delegates. They came to Victoria in March 1911 to demand the premier of the day, Richard McBride, recognize their title to the land.

Contrary to McBride's public assertions that Indigenous people in the province were "well satisfied," they let him know "our people are far from being satisfied, and are becoming more dissatisfied every day."

They wanted their claim to title to be "submitted to the Courts." McBride refused, stating "Indians had no title" and therefore there was nothing for the courts to decide.

The 1911 Victoria gathering to confront McBride was preceded by major local protests, as well as earlier petitions and delegations demanding land justice, including a 1904 delegation to the Vatican, and a 1906 delegation to King Edward in London.

The late Dave Elliot recalled that reef-net fishing, a form of open-ocean netting of fish over reefs, traditional to the W_SÁNEC and Songhees, was banned, as were other Indigenous forms of fishing. Indigenous communities across the province came out en masse to government hearings aimed at "adjusting" reserves (McKenna-McBride commission, 1913-1916) and the records of those proceedings echo loudly with ancestors' protests.

The resurgence that had begun at the turn of the century culminated in the formation of the Allied Tribes of B.C. in 1916. Led by Peter Kelly (Haida) and Andrew Paull (S?wx_wú7mesh), the Allied Tribes represented most communities, including the W_SÁNEC.

The Allied Tribes categorically rejected the McKenna-McBride report. The organization's dynamism and legal acumen in fighting for land rights led the federal government to amend the Indian Act in 1927, introducing Section 141 preventing legal actions to support land claims.

Dispossessed, disenfranchised, and stripped of access to the courts, First Nations faced desperate times.

**Beyond survival**

The fires of the first Indigenous resurgence were reduced to embers with the legal lockdown imposed by the federal government in 1927. The next two decades were harsh as Indigenous organizing went underground to a large extent.

Born in 1915, Laura Olsen was instrumental in helping the W_SÁNEC survive this difficult period. Her son, Carl, recalls: "What she did was knit so we could eat. There were 12 of us and there needed to be a way to supplement my dad's income. He was a fisherman and logger but the wages weren't that good. With his work, he paid the bills. With her work, she made the meals. All of her knitting was to put food on the table."

Laura was only one among many W_SÁNEC and Cowichan knitters who kept body and soul together during hard times. And she, like others of her generation, had more children, allowing the family and community to make it through these disastrous years,

Then, the postwar repeal of Section 141 of the Indian Act allowed legal cases to go forward once again. By the 1960s, a second resurgence was underway. Today, the names of Peter Kelly, Andrew Paull and George Manuel are gaining greater recognition as Indigenous leaders of this era. Add to that list W_SÁNEC Chief Philip Paul.

Born in 1933, Philip Christopher Paul attended the Kuper Island Residential School that he later recalled "attacked his language, spirituality, and freedom of thought." After working in the munitions plant on James Island, now the subject of a land claim on the part of the W_SÁNEC, Paul went on to become active in the community, becoming chief of Tsartlip and bringing with him a vision based on the need for cultural revitalization and collective action.

By 1967 he was the director of Native Studies at what would become Camosun College in Victoria. A close ally of Indigenous rights leader George Manuel, he helped found the South Vancouver Island Tribal Federation in 1965 and the Union of B.C. Indian Chiefs in 1969. He was head of UBCIC lands claims research to 1975 and education director from 1977 to 1980.

Paul, with George Manuel, Bob Manuel and many others, organized the now famous Constitution Express, the cross-Canada train demonstration to Ottawa, leading to the inclusion of Section 35 on Aboriginal rights in the 1982 Constitution. This victory, subsequently applied in B.C. legal cases, was a first step on the road to Indigenous sovereignty.

Paul never forgot his community, however, and played an instrumental role in founding the Saanich Indian School Board and the Tribal school, the base for revitalization of the W_SÁNEC language, SENCOTEN. His work and that of the late Dave Elliot revitalized the language, nurturing a new generation of native speakers and teachers.

When the province finally agreed to engage in land claims discussions, the W_SÁNEC were ready, adopting a 1987 Territorial Declaration: "We, the Saanich Indian People, declare on this Eighth day of January, Nineteen hundred and eighty seven, that we hold the absolute rights and title to our Territorial Homeland as indicated on the accompanying map of which all our territory is named in the SENCOTEN language. We do not recognize any past attempts to separate us from our homeland. We recognize there were Treaties of Peaceful Co-existence entered into with the early settlers but this did not involve the sale of rights or land."

Like many Nations, the W_SÁNEC left treaty talks after it became apparent that the government was determined to extinguish their sovereign rights over their traditional territory. But that has not prevented the community from moving forward in reclaiming its land and its heritage.

Its program of cultural revitalization through education is vibrant. Wherever the Nation gets involved, its representatives make it clear that W_SÁNEC retain sovereignty over their traditional territory that extends over much of the southern Gulf Islands.

And the W_SÁNEC Leadership Council, representing the Tsartlip, Tseycum and Tsawout communities, is regaining title to SIS?ENEM (Halibut Island), a 9.7-acre property to the east of Sidney Island. Purchased recently by the Land Conservancy of British Columbia, it was voluntarily turned over to the W_SÁNEC people.

Chief Don Tom, chairman of the Leadership Council, heralded this move as a meaningful step in that it shows that reconciliation is everyone's responsibility. Similar non-governmental actions will help preserve the environment and help heal the W_SÁNEC people, he said.

From the 1911 confrontation with then-premier McBride, to the fight to stop TMX, to the battle to defend the traditional territory of the Wet'suwet'en, the W_SÁNEC are part of an ongoing Indigenous resurgence against the policies of "British Columbia" — a province like no other.

Nicholas XEMTOLTW_ Claxton and John Price and are co-authors with Sharanjit Kaur Sandhra, Denise Fong, Fran Morrison, Christine O'Bonsawin, and Maryka Omatsu of Challenging Racist "British Columbia": 150 Years and Counting, available as a free download at challengeracistbc.ca.

# "ਜਾਗੋ ਵਿੱਚੋਂ ਤੇਲ ਮੁੱਕਿਆ, ਕੋਈ ਪਾਊਗਾ ਨਸੀਬਾਂ ਵਾਲਾ"



**ਹਰਕੀਰਤ ਕੌਰ ਚਹਿਲ**

ਅੱਧੀ ਕੁ ਰਾਤ ਨੂੰ ਏਅਰ ਇੰਡੀਆ ਦੀ ਫਲਾਈਟ ਉੱਤਰ ਕੇ ਜੀਵਨ ਟੈਕਸੀ ਲੈ ਕੇ ਪੰਜਾਬ ਨੂੰ ਤੁਰ ਰਿਹਾ ਸੀ ਤਾਂ ਉਸ ਦੀਆਂ ਨਜਰਾਂ ਕਿਸਾਨੀ ਸੰਘਰਸ ਲਈ ਵਿੱਢੇ ਹਜੂਮ ਨੂੰ ਦੇਖਣ ਲਈ ਬੇਤਾਬ ਸਨ। ਟੈਕਸੀ ਵਾਲੇ ਸਰਦਾਰ ਪੰਜਾਬੀ ਡਰਾਈਵਰ ਨੂੰ ਉਸਨੇ ਕਹਿ ਦਿੱਤਾ ਸੀ ਕਿ ਪੂਰੇ ਦਿਨ ਦੀ ਬੁਕਿੰਗ ਹੈ, ਰੁਕਦੇ-ਰੁਕਾਉਂਦੇ ਕਈਆਂ ਥਾਵਾਂ ਤੇ ਹੋ ਕੇ ਜਾਣਾ ਹੈ। ਸਿੰਗੂ ਬਾਰਡਰ ਅਤੇ ਕੁੰਡਲੀ ਬਾਰਡਰ ਵੀ ਦਿਖਾਉਂਦਾ ਜਾਵੀਂ।

ਪਹੁ ਫੁੱਟ ਰਹੀ ਸੀ। ਸੂਰਜ ਦੇਵਤਾ ਅੰਬਰ ਦੀ ਹਿੱਕ ਵਿੱਚੋਂ ਚਾਨਣ ਵੰਡਦਾ ਨਜਰ ਆ ਰਿਹਾ ਸੀ। ਪੰਛੀ ਲੰਮੀਆਂ ਪਰਵਾਜਾਂ ਤੇ ਨਿੱਕਲ ਪਏ ਸਨ। ਪਿਛਲੀ ਸੀਟ ਤੇ ਬੈਠੇ ਜੀਵਨ ਨੇ ਕਾਰ ਦਾ ਸੀਸਾ ਥੱਲੇ ਕੀਤਾ। ਸੜਕ ਦੇ ਦੋਨੋਂ ਪਾਸੇ ਤੰਬੂ ਅਤੇ ਟਰਾਲੀਆਂ ਵਿੱਚੋਂ ਟਾਵੇਂ ਟਾਵੇਂ ਲੋਕ ਜਾਗਦੇ ਅਤੇ ਤੁਰੇ ਫਿਰਦੇ ਦਿਸਦੇ ਸਨ।

"ਆਹ ਏਰੀਆ ਮਾਲਕੋ, ਇਹ ਸਭ ਆਪਣੇ ਪੰਜਾਬੋਂ ਹੀ ਆਏ ਹੋਏ ਨੇ।"

ਜਿਉਂ ਹੀ ਡਰਾਈਵਰ ਨੇ ਕਿਹਾ ਤਾਂ ਜੀਵਨ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਢਾਬਿਆਂ ਦੇ ਬਾਹਰ ਬਜੁਰਗ ਮਰਦ ਨਹਾ ਧੋ ਰਹੇ ਸਨ। ਥਾਂਈਂ ਥਾਂਈਂ ਧੋਤੇ ਕਪੜੇ ਸੁੱਕਣੇ ਪਾਏ ਹੋਏ ਸਨ। ਪੰਜਾਬੀ ਲੋਕ ਸਿਗਲੀਗਰਾਂ ਵਰਗੀ ਜੂਨ ਹੰਢਾਉਂਦੇ ਲੱਗ ਰਹੇ ਸਨ। ਉਦਾਸ ਜੀਵਨ ਨੇ ਠੰਡਾ ਹਉਕਾ ਭਰਿਆ ਅਤੇ ਬੋਲਿਆ, "ਪਰ ਯਾਰ ਉਥੇ ਤਾਂ ਟੀ ਵੀ ਵਾਲੇ ਬੜੀਆਂ ਈ ਰੌਣਕਾਂ ਦਿਖਾਉਂਦੇ ਸੀ, ਪਰ ਐਥੇ ਤਾਂ ਹੁਣ ਉਹ ਗੱਲ ਹੀ ਨਹੀਂ ਲੱਗਦੀ। ਚੱਲ ਤੂੰ ਕਾਰ ਉਸ ਟਰਾਲੀ ਕੋਲ ਨੂੰ ਕਰਕੇ ਪਾਸੇ ਲਾ ਲੈ।"

"ਜਨਾਬ ਇਹ ਸਰਕਾਰ ਬੜੀ ਕੱਬੀ ਸੈਅ ਆ। ਵਿਚਾਰੇ ਹੰਭਾ ਰੱਖੇ ਨੇ। ਇਹ ਤਾਂ ਹੁਣ ਸਿਰੜੀ ਲੋਕਾਂ ਦੀ ਲੜਾਈ ਹੀ ਰਹਿ ਗਈ ਹੈ ਦੇਖੋ ਕੀ ਬਣਦਾ"

"ਬੱਸ ਕਰ ਯਾਰ ਕੁਝ ਚੱਜ ਦਾ ਬੋਲ, ਐਵੇਂ ਨਾ-ਉਮੀਦ ਨਹੀਂ ਹੋਈਦਾ।"

ਕਹਿੰਦੇ ਜੀਵਨ ਨੇ ਹੈਡਬੈਗ ਵਿੱਚੋਂ ਕੈਮਰਾ ਕੱਢਿਆ ਅਤੇ ਕਾਰ ਦੀ ਤਾਕੀ ਖੋਲ੍ਹ ਕੇ ਟਰਾਲੀ ਵੱਲ ਨੂੰ ਤੁਰ ਪਿਆ।

ਟਰਾਲੀ ਦੀ ਓਟ ਵਿੱਚ ਇੱਟਾਂ ਦੇ ਬਣੇ ਚੁੱਲੇ ਤੇ ਅੱਧ-ਖੜ ਉਮਰ ਦੇ ਬਜੁਰਗ ਕਿਰਸਾਨ ਨੇ ਚਾਹ ਵਾਲਾ ਪਤੀਲਾ ਰਿੰਨ੍ਹਣਾ ਰੱਖਿਆ ਹੋਇਆ ਸੀ। ਦੋ ਜੁਆਨ ਕੁੜੀਆਂ ਪਿਆਜ ਛਿੱਲ ਰਹੀਆਂ ਸਨ ਅਤੇ ਬਜੁਰਗ ਮਾਤਾ ਆਟਾ ਗੁੰਨ ਰਹੀ ਸੀ।

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕਿ ਫਤਿਹ" ਦਾ ਜੈਕਾਰਾ ਛੱਡਦਾ ਜੀਵਨ ਉਹਨਾਂ ਦੇ ਕੋਲ ਜਾ ਖੜ੍ਹਿਆ।

ਜੈਕਾਰੇ ਦਾ ਜੁਆਬ ਦਿੰਦਾ ਕਿਰਸਾਨ ਬੋਲਿਆ, "ਆ ਬਈ ਜੁਆਨਾਂ, ਅੱਜ ਕਿਮੇਂ ਕੈਮਰਾ ਚੱਕੀ ਫਿਰਦੈਂ? ਹੁਣ ਤਾਂ ਬਾਈ ਇਹ ਢਕਵੰਜ ਵੀ ਬੰਦ ਈ ਐ, ਅਖੇ ਮੋਦੀ ਗੋਦੀ ਮੀਡੀਆ ਨੇ ਸਭ ਕੁਸ ਬੈਨ ਕੀਤਾ ਹੋਇਆ। ਦੇਖੀ ਪਤੰਦਰਾ ਕਿਤੇ ਮੁਸੀਬਤ ਈ ਮੁੱਲ ਨਾ ਲੈ ਲਵੀਂ।"

"ਓ ਨਹੀਂ ਅੰਕਲ ਜੀ ਮੈਂ ਮੀਡੀਏ ਦਾ ਬੰਦਾ ਨਹੀਂ ਹਾਂ। ਮੈਂ ਤਾਂ ਕਨੇਡਾ ਤੋਂ ਆਇਆ ਅੱਜ ਹੀ ਜਹਾਜੋਂ ਉੱਤਰਿਆਂ ਹਾਂ ਸੋਚਿਆ ਕਿ ਤੁਹਾਡੀ ਸੱਭ ਦੀ ਖਬਰ-ਸਾਰ ਹੀ ਲੈਂਦਾ ਜਾਵਾਂ।"

"ਜਿਉਂਦਾ ਵੱਸਦਾ ਰਹਿ ਮੱਲਾ। ਖਬਰਸਾਰ ਲੈਣ ਤਾਂ ਉੱਪੜਿਆਂ ਯਾਰ। ਹੁਣ ਤਾਂ ਸੰਘਰਸ ਲੱਗਦਾ ਠੰਡੇ ਬਸਤੇ ਹੀ ਪੈ ਗਿਆ। ਬਾਕੀ ਦੇਖੋ ਕੀ ਬਣਦੈ?"

ਚੁੱਲੇ ਵਿੱਚ ਝੋਕਾ ਲਾਉਂਦੇ ਕਿਰਸਾਨ ਨੇ ਆਪਦੀਆਂ ਧੁਆਖੀਆਂ ਅੱਖਾਂ ਪਰਨੇ ਦੀ ਨੁੱਕਰ ਨਾਲ ਪੂੰਝਦਿਆਂ ਕਿਹਾ।

"ਫੇਰ ਕੀ ਕਹਿੰਦੇ ਨੇ ਥੋਡੇ ਲੀਡਰ ਅਤੇ ਜਥੇਬੰਦੀਆਂ? ਕੋਈ ਹੋਰ ਏਜੰਡਾ ਉਜੰਡਾ ਨਹੀਂ ਬਣਾਇਆ?"

ਜੀਵਨ ਕੋਲ ਪਈ ਇੱਟ ਤੇ ਬੈਠਦਾ ਬੋਲਿਆ।

"ਯਾਰ ਕਿਹੜੇ ਲੀਡਰ, ਕਿਹੜੇ ਏਜੰਡੇ? ਭੈਣ ਦੇਣੇ ਦਾ ਕਿਹੜਾ ਇੱਕ ਦੁੱਖ ਐ ਜੋ ਤੇਰੇ ਨਾਲ ਫਰੋਲਾਂ? ਹੁਣ ਤਾਂ ਸਹੁੰ ਗੁਰੂ ਦੀ ਪਰਛਾਵੇਂ ਤੇ ਵੀ ਸੱਕ ਹੁੰਦਾ ਕਿ ਯਕੀਨ ਕਰੀਏ ਕਿ ਨਾ। ਅਸੀਂ ਕਿਹੜਾ ਰਾਜਨੀਤਕ ਲੋਕ ਆਂ ਯਾਰ? ਸਿੱਧੇ-ਸਾਧੇ ਹਾਂ। ਕੁਸ ਨੀ ਪਤਾ ਲਗਦਾ ਕਿ ਕੀਹਦੀ ਨੀਤ ਸਾਫ ਐ ਤੇ ਕੀਹਦੀ ਖਰਾਬ।" ਸਤਿਆ ਸਤਾਇਆ ਬਜੁਰਗ ਬੋਲਿਆ।

"ਫੇਰ ਜੇ ਕੁਝ ਬਣਦਾ ਨਹੀਂ ਦਿਸਦਾ ਤਾਂ ਇਥੇ ਬੈਠਣ ਦਾ ਕੀ ਆਈਡਿਆ? ਉੱਤੋਂ ਮਹਾਮਾਰੀ ਦੀ ਕਰੋਪੀ ਦੇਖੋ ਅੰਕਲ ਜੀ। ਜੇ ਜਾਨ ਐ ਤਾਂ ਜਹਾਨ ਐ। ਮੇਰਾ ਮਤਲਬ ਸਾਨੂੰ ਤੁਹਾਡੀਆਂ ਜਾਨਾਂ ਦਾ ਵੀ ਫਿਕਰ ਐ।"

"ਕਾਕਾ ਤੂੰ ਸਾਡਾ ਫਿਕਰ ਛੱਡ ਜੇ ਲੰਗਰ ਪਾਣੀ ਛਕਣ ਦੀ ਜਰੂਰਤ ਐ ਤਾਂ ਗੱਲ ਕਰ।"

ਕੋਲ ਬੈਠੀ ਮਾਤਾ ਬੋਲੀ।

"ਨਹੀਂ ਬੀਜੀ ਬਹੁਤ ਬਹੁਤ ਸੁਕਰੀਆ ਜੀ"

ਜੀਵਨ ਹੱਥ ਜੋੜਦਾ ਬੋਲਿਆ।

"ਪਹਿਲਾਂ ਆਲੀ ਗੱਲ ਤਾਂ ਨਹੀਂ ਬਈ ਕਈ ਪਕਵਾਨ ਮਿਲਣਗੇ। ਚਾਹ ਨਾਲ ਪਰਾਉਂਠਾ ਅਤੇ ਅਚਾਰ ਅਸੀਂ ਦਸਾਂ ਮਿੰਟਾਂ ਵਿੱਚ ਤਿਆਰ ਕਰ ਦਿੰਦੀਆਂ ਹਾਂ ਜੇ ਤੂੰ ਆਖੇਂ।"

ਬਜੁਰਗ ਮਾਤਾ ਨੇ ਕਿਹਾ।

"ਬੀਜੀ ਭੁੱਖ ਹੁੰਦੀ ਤਾਂ ਛਕ ਲੈਂਦਾ, ਮੈਂ ਤਾਂ ਅੰਕਲ ਜੀ ਤੋਂ ਕੁਝ ਗੱਲਾਂ ਪੁੱਛਣੀਆਂ ਚਾਹੁੰਦਾ ਹਾਂ" ਜੀਵਨ ਨੇ ਕਿਹਾ।

"ਅੰਕਲ ਨੇ ਤੇਰੇ ਕੁਝ ਨੀ ਪੱਲੇ ਪਾਉਣਾ, ਆ ਤੂੰ ਮੈਨੂੰ ਪੁੱਛ ਜੋ ਪੁੱਛਣਾ ਮੈਨੂੰ ਭੂਢ ਮਹੀਨਾ ਹੋ ਗਿਆ ਆਈ ਨੂੰ ਇਹ ਤਾਂ ਪਰਸੋਂ ਹੀ ਆਇਆ।

"ਬੀਜੀ ਜੇ ਸੰਘਰਸ ਕਿਸੇ ਰਾਹ ਨਹੀਂ ਪਿਆ ਤਾਂ ਇਥੇ ਬੈਠ ਕੇ ਦੋਜਕ ਕਿਉਂ ਭਰਦੇ ਹੋ? ਕੋਈ ਹੋਰ ਹੀਲਾ ਕਰੋ। ਕਿੰਨੀਆਂ ਜਾਨਾਂ ਜਾ ਚੁੱਕੀਆਂ ਨੇ। ਬਿਨਾ ਵਜ੍ਹਾ ਨੁਕਸਾਨ ਕਰਾਉਣ ਦੀ ਤਾਂ ਕੋਈ ਤੁਕ ਨਹੀਂ ਨਾ ਬਣਦੀ।"

"ਜਾਹ ਪਰੀ ਕਮਲਾ ਪੁੱਤ ਤੂੰ ਅਜੇ ਨਿਆਣਾ ਮੱਲਾ। ਸਾਡੇ ਵਿੱਚ ਅਸਲੋਂ ਸਿਰੜ ਦੀ ਘਾਟ ਐ ਜਦ ਸੰਘਰਸ ਜੋਰਾਂ ਤੇ ਸੀ ਤਾਂ ਬਥੇਰੇ ਵਗਦੀ ਗੰਗਾ ਵਿੱਚ ਨਹਾ ਗਏ, ਖੱਟ ਗਏ, ਮਸਹੂਰੀਆਂ ਕਰਾ ਗਏ ਸਾਨੂੰ ਉਦੋਂ ਵੀ ਪਤਾ ਸੀ ਕਿ ਅਸਲੀ ਮਾਰ ਤਾਂ ਅਸੀਂ ਹੀ ਝੱਲਣੀ ਐ। ਇਹ ਮਾਰ-ਕੁੱਟ ਤਾਂ ਧੁਰੋਂ ਹੀ ਧਰਤੀ ਦੇ ਪੁੱਤਾਂ ਦੇ ਹਿੱਸੇ ਆਈ ਐ। ਆਹ ਦੋਨੋ ਕੁੜੀਆਂ ਮੇਰੀਆਂ ਪੋਤੀਆਂ ਨੇ। ਮੇਰਾ ਪੁੱਤ, ਜਾਣੀ ਇਨ੍ਹਾਂ ਦਾ ਪਿਉ ਚਾਰ ਮਹੀਨੇ ਏਥੇ ਬੈਠਾ ਰਿਹਾ ਤੇ ਅਖੀਰ ਨੂੰ ਸਹੀਦੀ ਪਾ ਗਿਆ। ਆਪਦੇ ਬਾਪੂ ਜੀ ਦੀ ਮੌਤ ਬਾਅਦ ਕੁੜੀਆਂ ਨੇ ਛੋਟੇ ਦੋਨੋ ਭਰਾਵਾਂ ਦੀ ਸਹੁੰ ਖਾ ਕੇ ਕਿਹਾ ਸੀ ਕਿ ਬਾਪੂ ਜੀ ਅਸੀਂ ਤੇਰੀ ਮੌਤ ਦਾ ਮੁੱਲ ਪਵਾ ਕੇ ਮੁੜਾਂਗੀਆਂ। ਖਾਲੀ ਹੱਥ ਘਰ ਨਹੀਂ ਆਵਾਂਗੀਆਂ। ਪੁੱਤ ਫੇਰ ਮੈਂ ਇੰਨਾਂ ਨੂੰ ਲੈ ਕੇ ਆਈ ਹਾਂ। ਹੁਣ ਤੂੰ ਹੀ ਦੱਸ ਜਿਨ੍ਹਾਂ ਦੇ ਘਰ ਉੱਜੜ ਗਏ, ਉਹ ਕਿਮੇਂ ਪਿੱਛੇ ਮੁੜਨ? ਮੂਹਰੇ ਖੂਹ ਪਿੱਛੇ ਖਾਤਾ।" ਕਹਿੰਦੀ ਮਾਤਾ ਦੀਆਂ ਅੱਖੀਆਂ ਵਿੱਚੋਂ ਨੀਰ ਛਲਕ ਪਿਆ ਜੋ ਝੱਟ ਮਲ ਮਲ ਦੀ ਚੁੰਨੀ ਨੇ ਸੋਕ ਲਿਆ।

"ਹਾਂ ਜੀ ਬੀਜੀ ਹੁਣ ਅਸਲ ਵਿੱਚ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿੱਤਰ ਗਿਆ ਹੈ। ਅਸਲੀ ਲੜਾਈ ਵਾਲੇ ਲੋਕ ਹੀ ਮੈਦਾਨ ਵਿੱਚ ਡਟੇ ਹੋਏ ਹਨ। ਬਾਕੀ ਸਭ ਤਾਂ ਮੇਲਾ ਹੀ ਸੀ। ਕਿਥੇ ਗਏ ਵੱਡੇ ਵੱਡੇ ਨੇਤਾ, ਫਿਲਮ ਸਟਾਰ, ਸਿੰਗਰ ਅਤੇ ਲੇਖਕ? ਮੇਰਾ ਪੰਜਾਬ ਸਦਾ ਹੀ ਭੋਲਾ ਭੰਡਾਰਾ ਰਿਹਾ ਹੈ, ਬਿਲਕੁਲ ਧੰਨੇ ਜੱਟ ਦੀ ਔਲਾਦ। ਇਹਨੂੰ ਰਾਜਸੀ ਤਿਕੜਮਬਾਜੀਆਂ ਕਦੇ ਰਾਸ ਨਹੀਂ ਆਈਆਂ ਤੇ ਨਾ ਹੀ ਸਮਝ ਆਈਆਂ ਨੇ।"

ਜੀਵਨ ਭਾਵੁਕ ਹੁੰਦਾ ਬੋਲਿਆ।

"ਪੁੱਤ ਹਰਿਆਣਾ ਵੀ ਨਿਰਾ ਸਿਉਨੇ ਦੀ ਖਾਣ ਐ ਬਾਹਲੇ ਸਿਰੜੀ ਤੇ ਸਾਫ ਲੋਕ ਨੇ। ਮੋਢੇ ਨਾਲ ਮੋਢਾ ਲਾ ਕੇ ਖੜੇ ਨੇ ਹੁਣ ਤਾਈਂ। ਸਹੁੰ ਗੁਰੂ ਦੀ ਖਾਸਾ ਸਹਾਰਾ ਰਿਹਾ ਇਨ੍ਹਾਂ ਵੀਰਾਂ ਦਾ ਵੀ।"

ਕੱਪਾਂ ਵਿੱਚ ਚਾਹ ਪਾਉਂਦੀ ਮਾਤਾ ਬੋਲੀ ਜਾ ਰਹੀ ਸੀ।

"ਲੈ ਵੀਰੇ, ਚਾਹ ਨਾਲ ਮੱਠੀਆਂ ਖਾ ਲੈ ਜੇ ਰੋਟੀ ਨਹੀਂ ਕਹਾਣੀ ਤਾਂ।"

ਕੋਲ ਫਿਰਦੀ ਮਾਤਾ ਦੀ ਜੁਆਨ ਪੋਤੀ ਨੇ ਸਤਿਕਾਰ ਸਹਿਤ ਕਿਹਾ।

"ਜਿਉਂਦੀ ਵੱਸਦੀ ਰਹਿ ਭੈਣੇ, ਤੇਰੇ ਵੀਰਾਂ ਦੀ ਜੋੜੀ ਜਿਊਵੇਂ"

ਕਹਿੰਦੇ ਜੀਵਨ ਦਾ ਪਿਆਰ ਨਾਲ ਗੱਚ ਭਰ ਆਇਆ।

ਏਨੇ ਨੂੰ ਕੋਲ ਦੀ ਇੱਕ ਟਰਾਲੀ ਲੰਘੀ ਜਿਸ ਵਿੱਚ ਪੰਜ ਸੱਤ ਕੁ ਬੰਦੇ ਕਿਰਸਾਨ ਮਜਦੂਰ ਏਕਤਾ ਜਿੰਦਾਬਾਦ ਦੇ ਨਾਅਰੇ ਲਾਉਂਦੇ ਜਾ ਰਹੇ ਸਨ। ਟਰੈਕਟਰ ਤੇ ਗੀਤ ਵੱਜ ਰਿਹਾ ਸੀ।

"ਕਿਤੇ ਸੁੱਤੇ ਨਾ ਘਰਾਂ 'ਚ ਰਹਿ ਜਾਇਉ ਕਿ ਦਿੱਲੀ 'ਚ ਪੰਜਾਬ ਬੁੱਕਦਾ..."

ਜੀਵਨ ਦਾ ਰੋਮ ਰੋਮ ਜਨੂਨ ਅਤੇ ਸਰੂਰ ਨਾਲ ਭਰ ਗਿਆ। ਬਜੁਰਗ ਕਿਰਸਾਨ ਦੇ ਚਿਹਰੇ ਤੇ ਤਾਜੀ ਮੁਸਕਾਨ ਆ ਗਈ ਅਤੇ ਉਹ ਪਰਨੇ ਨੂੰ ਠੀਕ ਕਰਦਾ ਮੁੱਛਾਂ ਤੇ ਹੱਥ ਫੇਰਦਾ ਬੋਲਿਆ, "ਕੁਸ ਨਾ ਕੁਸ ਤਾਂ ਜ਼ਰੂਰ ਬਣੂ, ਇਹ ਪਤੰਦਰ ਕਾਹਨੂੰ ਟਿਕ ਕੇ ਬੈਠਣ ਵਾਲੇ ਨੇ।"

"ਵਾਖਰੂ, ਭਲੀ ਕਰੂ ਦਾਤਾ, ਸਭ ਦੇਖਦਾ ਉਹ ਨੀਲੀ ਛਤਰੀ ਆਲਾ। ਆਥਣ ਤੜਕੇ ਬਥੇਰੀਆਂ ਅਰਦਾਸਾਂ ਹੁੰਦੀਆਂ ਨੇ। ਗੁਰਬਾਣੀ ਕਹਿੰਦੀ ਐ

ਜਨੁ ਕੀ ਅਰਦਾਸੁ ਬਿਰਥੀ ਨਾ ਜਾਇ॥

ਕਹਿੰਦੀ ਮਾਤਾ ਅੰਦਰੋਂ ਇੱਕ ਅਜਬ ਜਿਹੇ ਸਕੂਨ ਨਾਲ ਭਰੀ ਜਾਪਦੀ ਸੀ।

"ਬੱਲੇ ਬੱਲੇ ਜੀਵਨਾ...ਦੇਖ ਲੈ ਸਬਦਾਂ ਦੀ ਤਾਕਤ!!"

ਗੀਤ ਦੀਆਂ ਦੋ ਕੁ ਲਾਈਨਾਂ ਹੀ ਸਾਡੇ ਵਿੱਚ ਨਵੀਂ ਨਰੋਈ ਰੂਹ ਫੂਕ ਗਈਆਂ, ਜਾਣੋ ਡਿੱਗੇ ਢਹੇ ਅਸੀਂ ਸਾਰੇ ਉੱਠ ਖੜੋਤੇ ਹਾਂ। ਆਸਾਂ ਉਮੀਦਾਂ ਨੇ ਵੀ ਫੇਰ ਸਿਰੀ ਚੁੱਕ ਲਈ ਲੱਗਦੀ ਹੈ।"

ਸਵੈ-ਸੰਵਾਦ ਰਚਾਉਂਦਾ ਜੀਵਨ ਜਾ ਕੇ ਗੱਡੀ ਵਿੱਚ ਬੈਠ ਗਿਆ ਅਤੇ ਡਰਾਈਵਰ ਨੂੰ ਤੁਰਨ ਲਈ ਕਿਹਾ। ਸਾਰੇ ਰਾਹ ਉਹਨੂੰ ਮਾਤਾ ਦੀਆਂ ਜੁਆਨ ਕੁੜੀਆਂ, ਉਸਦੇ ਤੁਰ ਗਏ ਪੁੱਤ ਅਤੇ ਪੋਤਿਆਂ ਦੀ ਜੋੜੀ ਦਾ ਖਿਆਲ ਆਉਂਦਾ ਹੀ ਨਾ ਰਿਹਾ ਬਲਕਿ ਲੱਖਾਂ ਹਜਾਰਾਂ ਗਰੀਬ ਜੱਟਾਂ ਦੇ ਕਰਜੇ ਅਤੇ ਖੁਦਕਸੀਆਂ ਦੇ ਦਿਲ ਕੰਬਾਊ ਖਿਆਲ ਵੀ ਆਉਂਦੇ ਰਹੇ। ਕਿਰਸਾਨੀ ਸੰਕਟ ਦਾ ਦਰਦ ਉਸਦੀ ਰਗ ਰਗ ਵਿੱਚ ਟਸ ਟਸ ਕਰਨ ਲੱਗਿਆ।

" ਮੋਦੀ ਅਤੇ ਮਹਾਮਾਰੀ ਦੋਨੋਂ ਹੀ ਢੀਠ ਹੋਏ ਹਨ। ਮੇਰਾ ਪੰਜਾਬ ਤਾਂ ਦੂਹਰੀ ਲੜਾਈ ਲੜ ਰਿਹਾ ਹੈ। ਹਾਏ ਰੱਬਾ! ਮੈਂ ਕੀ ਕਰਾਂ? ਮੇਰੇ ਹੱਥ ਵੱਸ ਕੀ ਹੈ?"

"ਤੇਰੇ ਹੱਥ ਵੱਸ? ਤੇਰੇ ਹੱਥ ਕਲਮ ਹੈ। ਤਲਵਾਰ ਬਣਾ ਕੇ ਚਲਾ, ਇਹੀ ਸਮੇਂ ਦੀ ਮੰਗ ਹੈ।"

ਉਹਦੇ ਅੰਦਰੋਂ ਆਵਾਜ ਆਈ।

"ਹਾਂ ਮੈਂ ਜਰੂਰ ਇੱਕ ਗੀਤ ਲਿਖਾਂਗਾ, ਜੋ ਸੁੱਤੀ ਅਲਖ ਜਗ੍ਹਾ ਦੇਵੇਗਾ।

ਲੋਕਾਂ ਵਿੱਚ ਜਨੂੰਨ ਭਰੇਗਾ। ਮੇਰੇ ਦਸਮ ਪਿਤਾ ਨੇ ਵੀ 'ਚੰਡੀ ਦੀ ਵਾਰ' ਰਾਹੀਂ ਲੋਕਾਂ ਨੂੰ ਅਥਾਹ ਬਲ ਬਖਸ਼ਿਆ ਸੀ। ਮੇਰੇ ਗੁਰੂ ਨੇ ਵੀ ਤਲਵਾਰ ਅਤੇ ਕਲਮ ਦਾ ਉਪਯੋਗ ਕੀਤਾ ਸੀ। ਇਹੀ ਵੇਲਾ ਹੈ ਜਦ ਕਲਮ ਚਲਾਉਣੀ ਬਣਦੀ ਐ ਜੀਵਨਾ।"

ਜੇਬ ਤੇ ਟੰਗਿਆ ਪੈਂਨ ਉਤਾਰ ਕੇ ਉਸਨੇ ਹੈਂਡਬੈਗ ਵਿੱਚੋਂ ਡਾਇਰੀ ਕੱਢੀ ਅਤੇ ਲਿਖਣ ਲੱਗਿਆ।

ਧਰਤੀ ਦੇ ਪੁੱਤ ਹਾਂ ਦਿੱਲੀਏ
ਅਣਖਾਂ ਦੇ ਜਾਏ
ਮਾਵਾਂ ਦੇ ਲਾਲ ਚੰਦਰੀਏ
ਡੈਣੇ ਤੈਂ ਖਾਏ
ਲਗਦਾ ਤੂੰ ਜੰਮੀ ਜਿੱਦਾਂ
ਅਹਿਮਦ ਦੇ ਸਾਹੇ
ਢਿੱਡੋਂ ਤੂੰ ਜੰਮੇ ਵੈਰਨੇ
ਵਖਤਾਂ ਨੂੰ ਪਾਏ
ਝੰਡੇ ਤੂੰ ਦੇਖੀ ਝੂਲਦੇ
ਹੁਣ ਅਸੀਂ ਝੁਕਦੇ ਨਹੀਉ
ਫੁੱਟੇ ਹਾਂ ਵਾਂਗ ਗੁਲਾਬ ਦੇ
ਹੁਣ ਸੁੱਕਦੇ ਨਹੀਉਂ...

# ਮੌਤ ਦੀ ਪੀੜਾ ਦਾ ਸਿਆਸੀ ਸੰਦਰਭ

(ਇਹ ਲੀਚੜਪੁਣਾ ਹੈ ਜਾਂ ਲਾਈਲੱਗਪੁਣਾ ਜਾਂ ਸੱਤਾ ਦਾ ਗੁਰੂਰ???)

ਦੋਸਤੋ...ਕਈ ਵਾਰ ਆਪਣੇ ਆਪ ਤੇ ਸ਼ੱਕ ਹੋਣ ਲੱਗ ਜਾਂਦਾ ਹੈ ਕਿ ਜਾਂ ਤਾਂ ਅਸੀਂ ਗ਼ਲਤ ਹਾਂ, ਜਾਂ ਫੇਰ ਗ਼ਲਤ ਥਾਂ ਤੇ ਰਹਿ ਰਹੇ ਹਾਂ...

ਹਰ ਯੁਗ ਦੀਆਂ ਲੋੜਾਂ ਅਤੇ ਉਹਨਾਂ ਲੋੜਾਂ ਦੇ ਆਧਾਰ ਤੇ ਉੱਸਰੀ ਜੀਵਨ ਜਾਚ ਵਿੱਲਖਣ ਹੁੰਦੀ ਹੈ..ਵਿਗਿਆਨਕ ਸੋਚ ਇੱਹੋ ਕਹਿੰਦੀ ਹੈ ਕਿ ਅਸੀਂ ਬਦਲ ਰਹੇ ਦੌਰ ਵਿਚ ਬੁੱਧੀ, ਤਰਕ ਅਤੇ ਖੋਜ ਦੇ ਬਲਬੂਤੇ ਪੁਰਾਣੀਆਂ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਨੂੰ ਰੱਦ ਕਰੀਏ, ਕਿਉਕਿ ਹਰ ਦੌਰ ਆਪਣੀਆਂ ਕਦਰਾਂ ਕੀਮਤਾਂ ਆਪ ਸਿਰਜ ਰਿਹਾ ਹੁੰਦਾ ਹੈ..

ਗਾਂ ਇਸ ਕਰਕੇ ਮਾਂ ਹੁੰਦੀ ਸੀ ਕਿ ਉਹ ਖੇਤੀ ਆਧਾਰਿਤ ਸਮਾਜ ਵਿਚ ਘਰ ਅਤੇ ਖੇਤ ਦੀ ਬੁਨਿਆਦ ਹੁੰਦੀ ਸੀ। ਜੋ ਚੀਜ਼ ਮਨੁੱਖ ਲਈ ਲਾਹੇਵੰਦ ਹੈ, ਉਹ ਉਸ ਲਈ ਸਤਿਕਾਰਯੋਗ ਹੋ ਜਾਂਦੀ ਹੈ...ਪਰ ਸਮੇਂ ਨਾਲ ਜਦ ਖੇਤੀ ਆਧਾਰਿਤ ਸਮਾਜ ਮਸ਼ੀਨ ਆਧਾਰਿਤ ਸਮਾਜ ਵਿਚ ਬਦਲ ਗਿਆ ਤਾਂ ਗਾਂ ਉਸ ਰੂਪ ਵਿਚ ਉਪਯੋਗੀ ਪਸ਼ੂ ਨਹੀਂ ਰਿਹਾ..ਉਸ ਦੀ ਥਾਂ ਤੇ ਮਸ਼ੀਨੀ ਸੰਦਾਂ ਨੇ ਲੈ ਲਈ ਤੇ ਵੱਡੀ ਗਿਣਤੀ ਵਿਚ ਲੋਕਾਂ ਨੇ ਦੁੱਧ ਪ੍ਰਾਪਤ ਕਰਨ ਲਈ ਵੀ ਘਰ ਵਿਚ ਗਾਂ/ ਪਸ਼ੂ ਰੱਖਣੇ ਬੰਦ ਕਰ ਦਿੱਤੇ...

ਕੋਈ ਅਜੇ ਵੀ ਗਾਂ ਰੱਖਣੀ ਚਾਹੁੰਦਾ ਹੈ, ਰੱਖੇ..ਪੂਜਣੀ ਚਾਹੁੰਦਾ ਹਾਂ..ਪੂਜੇ...ਪਰ ਕਿਸੇ ਵੀ ਆਧਾਰ ਤੇ ਆਪਣਾ ਮੱਤ ਕਿਸੇ ਹੋਰ ਤੇ ਠੋਸੇ, ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ..

ਅਤੇ ਨਾਂ ਹੀ ਗਾਂ-ਪੂਜਾ ਦੇ ਨਾਂ ਤੇ ਗੈਰ ਵਿਗਿਆਨਕ ਗੱਲਾਂ ਬਰਦਾਸਤ ਕਰਨੀਆਂ ਬਣਦੀਆਂ ਹਨ...

ਪਰ ਬਦਕਿਸਮਤੀ ਨਾਲ ਅਜਿਹਾ ਕੁਝ ਹੋ ਰਿਹਾ ਹੈ...

ਕਰੋਨਾ ਦੇ ਮਾਮਲੇ ਵਿਚ ਵੀ ਗਊ ਭਗਤ ਲਾਬੀ ਨੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਗਾਂ ਦੇ ਗੋਬਰ ਦਾ ਲੇਪ ਕਰਨ ਨਾਲ ਕਰੋਨਾ ਭੱਜ ਜਾਂਦਾ ਹੈ ਤੇ ਗੁਜਰਾਤ ਵਿਚ ਉਹਨਾਂ ਨੇ ਇਸ ਦਾ ਪ੍ਰੈਕਟੀਕਲ ਕਰਕੇ ਆਪਣੀ ਅਕਲ ਦਾ ਜਨਾਜ਼ਾ ਵੀ ਕੱਢ ਲਿਆ ਹੈ। ਜਦ ਕਿ ਕਰੋਨਾ ਮਾਹਿਰ ਡਾਕਟਰ ਵਾਰ ਵਾਰ ਕਹਿੰਦੇ ਰਹੇ ਹਨ ਕਿ ਅਜੇ ਤੱਕ ਅਜਿਹੀ ਕੋਈ ਖੋਜ ਸਾਮ੍ਹਣੇ ਨਹੀਂ ਆਈ।

ਡਾ. ਗਿਆਨ ਭਾਰਤੀ (Pulmonologist, Columbia Asia Hospital, Ghaziabad) ਸਪਸ਼ਟ ਕਹਿੰਦੇ ਹਨ ਕਿ ਇਸ ਤੱਥ ਦਾ ਕੋਈ ਆਧਾਰ ਨਹੀਂ ਕਿ ਗਾਂ ਦੇ ਗੋਬਰ ਨਾਲ ਕਰੋਨਾ ਠੀਕ ਹੋ ਜਾਂਦਾ ਹੈ। ਡਾਕਟਰ ਤਾਂ ਇਥੋਂ ਤੱਕ ਕਹਿ ਰਹੇ ਹਨ ਗੋਬਰ ਲੇਪ ਕਰਨ ਨਾਲ ਬਲੈਕ ਫੰਗਸ ਹੋਣ ਦੀਆਂ ਸੰਭਾਵਨਾਵਾਂ ਬਣ ਸਕਦੀਆਂ ਹਨ, ਪਰ ਅਸੀਂ ਪਤਾ ਨਹੀਂ ਕਿਉਂ ਏਨੇ ਲਾਈਲੱਗ ਤੇ ਅੰਧਵਿਸ਼ਵਾਸੀ ਹਾਂ ਕਿ ਆਪਣੇ ਹੀ ਦੇਸ਼ ਦੇ ਡਾਕਟਰਾਂ ਤੇ ਵਿਗਿਆਨੀਆਂ ਤੇ ਵੀ ਯਕੀਨ ਨਹੀਂ ਕਰਦੇ..

ਹੁਣ ਤਾਂ ਹੱਦ ਹੀ ਹੋ ਗਈ..

ਪਿਛਲੇ ਦਿਨੀਂ ਮਣੀਪੁਰ ਦੇ ਭਾਜਪਾ ਪ੍ਰਧਾਨ ਸੈਖੋਮ ਟਿਕੇਂਦਰ ਸਿੰਘ ਦੀ ਮੌਤ ਹੋ ਗਈ। ਮੌਤ ਕਿਸੇ ਦੀ ਹੋਵੇ, ਪੀੜਾਦਾਇਕ ਹੁੰਦੀ ਹੈ, ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਤੁਸੀਂ ਇਸ ਪੀੜਾ ਨੂੰ ਕੈਸ਼ ਕਰਦੇ ਹੋਏ ਕਿਸੇ ਹੋਰ ਤੇ ਪਰਚਾ ਦਰਜ ਕਰਵਾ ਦਿਓ..

ਹੋਇਆ ਇਹ ਕੀ ਇਸ ਮੌਤ ਤੋਂ ਬਾਅਦ ਮਣੀਪੁਰ ਦੇ ਪੱਤਰਕਾਰ ਕਿਸ਼ੋਰ ਚੰਦਰ ਵਾਂਗਖੇਮ ਅਤੇ ਸਮਾਜਿਕ ਕਾਰਜਕਰਤਾ ਅਰੈਂਡਰੋ ਲੀਚਮਬੰਬ ਨੇ ਸੋਸਲ ਮੀਡੀਆ ਤੇ ਇਕ ਪੋਸਟ ਪਾਈ ਜਿਸ ਵਿਚ ਇਹ ਕਿਹਾ ਗਿਆ ਕਿ ਗਊ ਮੂਤਰ ਤੇ ਗਊ ਗੋਬਰ ਕਰੋਨਾ ਠੀਕ ਨਹੀਂ ਕਰ ਸਕਦੇ...

ਫੇਸਬੁੱਕ ਤੇ ਪਾਈ ਪੋਸਟ ਤੇ ਅਰੈਂਡਰੋ ਲੀਚਮਬੰਬ ਨੇ ਇਹ ਲਿਖਿਆ ਸੀ : "The cure for Corona is not cow dung & cow urine. The cure is science & common sense. Professor ji RIP"

ਉਹਨਾਂ ਦੋਹਾਂ ਤੇ ਮਣੀਪੁਰ ਬੀਜੇਪੀ ਦੇ ਵਾਈਸ ਚੈਅਰਮੈਨ ਅਤੇ ਸਕੱਤਰ ਦੀ ਸ਼ਿਕਾਇਤ ਦੇ ਆਧਾਰ ਤੇ ਨੈਸ਼ਨਲ ਸਕਿਉਰਟੀ ਐਕਟ ਦੀ ਉਲੰਘਣਾ ਦਾ ਪਰਚਾ ਦਰਜ ਕਰ ਲਿਆ ਤੇ ਧਾਰਾ 153-A and 505(b)(2) ਅਤੇ 295-A, 503, 504 and 34 ਲਗਾਉਂਦੇ ਹੋਏ 13 ਮਈ ਦੀ ਰਾਤ ਨੂੰ ਗ੍ਰਿਫਤਾਰ ਕਰ ਲਿਆ।

ਸਿਤਮਜ਼ਰੀਫ਼ੀ ਇਹ ਹੈ ਕਿ ਜੋ ਗੱਲ ਦੇਸ਼ ਦੇ ਵਿਗਿਆਨੀ ਕਹਿ ਰਹੇ ਹਨ ਤੇ ਉਹੀ ਇਹਨਾਂ ਦੋਹਾਂ ਨੇ ਕਹੀ ਹੈ...ਇਹਦਾ ਮਤਲਬ ਤਾਂ ਇਹ ਹੈ ਕਿ : ਸਈਆਂ ਭਏ ਕੋਤਵਾਲ, ਅਬ ਡਰ ਕਾਹੇ ਕਾ'..

ਕੀ ਸਾਡਾ ਸਮਾਜ ਏਨਾ ਕੁ ਤਰਕਹੀਨ ਤੇ ਸੰਵੇਦਨਹੀਨ ਹੋ ਗਿਆ ਕਿ ਇਕ ਟਿੱਪਣੀ ਨਾਲ ਟੁੱਟ ਜਾਏਗਾ? ਉਹ ਵੀ ਉਹ ਟਿੱਪਣੀ ਜੋ ਇਸ ਤੋਂ ਪਹਿਲਾਂ ਡਾਕਟਰ ਕਹਿ ਰਹੇ ਹਨ..

ਅਸਲ ਗੱਲ ਇਹ ਹੈ ਸੱਤਾ ਆਪਣੀ ਦਹਿਸ਼ਤ ਪੈਦਾ ਕਰਨਾ ਚਾਹੁੰਦੀ ਹੈ ਅਤੇ ਉਸ ਨੇ ਹਰ ਕੇਂਦਰੀ ਏਜੰਸੀ ਅਤੇ ਕਨੂੰਨ ਦੀ ਹਰ ਧਾਰਾ ਨੂੰ ਆਪਣੇ ਮੁਤਾਬਕ ਵਰਤਣਾ ਸਿੱਖ ਲਿਆ ਹੈ..


ਦੇਸ਼ ਧਰੋਹ ਦਾ ਐਕਟ ਤਾਂ ਪਤਾਸਿਆਂ ਵਾਂਗ ਵੰਡਿਆ ਜਾ ਰਿਹਾ ਹੈ...ਜੋ ਵੀ ਸੱਤਾ ਦੀ ਰਾਏ ਨਾਲ ਇਤਫ਼ਾਕ ਨਹੀਂ ਰੱਖਦਾ...ਉਸ ਉੱਪਰ ਝੱਟ ਲਗਾ ਦਿੱਤਾ ਜਾਂਦਾ ਹੈ...

ਇਕ ਵਾਰ ਫਿਰ ਮੈਂ ਜ਼ਿੰਮੇਵਾਰੀ ਨਾਲ ਇਹ ਗੱਲ ਕਹਿ ਰਿਹਾ ਹਾਂ ਕਿ ਕਰੋਨਾ ਨਾਲ ਮਰਨ ਵਾਲੇ ਕਿਸੇ ਵੀ ਵਿਅਕਤੀ ਦੀ ਮੌਤ ਸਾਡੇ ਸਭ ਲਈ ਪੀੜਾਦਾਇਕ ਹੈ, ਪਰ ਆਪਣੀ ਰਾਏ ਨਾਲ ਮੁਤਫ਼ਿਕ ਨਾ ਹੋਣ ਵਾਲੇ ਵਿਅਕਤੀ ਦੀ ਰਾਏ ਨੂੰ ਮੁਜ਼ਰਮਾਨਾ ਕਾਰਵਾਈ ਕਰਾਰ ਦੇ ਦੇਣਾ ਵੀ ਘੱਟ ਪੀੜਾਦਾਇਕ ਨਹੀਂ ਹੈ।

ਆਓ ਮੌਤ 'ਤੇ ਅਫਸੋਸ ਕਰੀਏ ਪਰ ਤਾਨਾਸ਼ਾਹੀ ਦਾ ਵਿਰੋਧ ਕਰੀਏ..



SHAUKAT HAYAT
403-680-1735
FREE EVALUATION
DOING MORE FROM FOR SALE TO SOLD
HAYAT HOMES
REAL ESTATE EXPERTS
www.hayathomes.com

YASMITA
ENGINEERING
- Professional Engineering Service
-Design and Drafting of Buildings
- Building and Development Permits for:
Residential and Commercial Projects
(New house, Addition, Garage, Deck, Secondary Suite, Backyard Suite etc.)
- Environmental Site Assessment
- All types of Civil, Electrical, Mechanical, Structural and Environmental Engineering Works
Serving Alberta, British Columbia and Saskatchewan at Major Locations
Devendra Bhandari
M.Eng. P.Eng.
403 909 4060
email: yasmitaengineering@outlook.com




MATRIX
ACCOUNTING SERVICES
Accounting & Tax Experts
• Personal Tax • Corporate Tax • Book Keeping • Incorporation
• GST Returns• Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9




Gill Plumbing & Heating
A Complete Services for Your Residential and Commerce Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿੰਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੋਇਲਟ, ਟੱਬ, ਬਾਥਰੂਮ ਰਿਪੇਅਰ, ਹੋਟ ਵਾਟਰ ਟੈਂਕ ਦਾ ਤਸੱਲੀਬਖ਼ਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿੰਗ ਵੀ ਕਰਦੇ ਹਾਂ।
We Promise Reasonable Rates and Quality Work




WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
LOOKING TO MOVE UP IN NW CALGARY?
NEW Hamptons Spec Homes for Sale!
25 + 76
Hampstead Mews NW
www.wavehomes.ca




ENVIRO
CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca

Jasvir kaur Manguwal Winnipeg, Manotoba,ir
board phone 204-881-4955



# ਖੇਤਾਂ ਵਿੱਚ ਮਿਲ ਗਈ ਮੇਰੇ ਬਾਪ ਦੇ ਜਿਸਮ ਦੀ ਮਿੱਟੀ ; ਡਾ. ਤੇਜਿੰਦਰ ਵਿਰਲੀ

ਅੱਜ ਮੈਂ ਆਪਣੇ ਪਿਤਾ ਜੀ ਦੇ ਸਿਵੇ ਦੀ ਰਾਖ ਆਪਣੇ ਖੇਤਾਂ ਦੀ ਮਿੱਟੀ ਵਿਚ ਮਿਲਾ ਆਇਆ ਹਾਂ, ਜਿਨ੍ਹਾਂ ਖੇਤਾਂ ਦੇ ਖੁੱਸ ਜਾਣ ਦਾ ਧੁੜਕੂ ਉਹਨਾਂ ਨੂੰ ਛੇ ਕੁ ਮਹੀਨੇ ਤੋਂ ਚੱਤੇ ਪਹਿਰ ਲੱਗਾ ਰਹਿੰਦਾ ਸੀ। ਜਿਹੜੇ ਹਰ ਘੜੀ ਹਰ ਪਲ ਇਹ ਕਿਹਾ ਕਰਦੇ ਸਨ ਸਾਡੇ ਜੀਂਦੇ ਜੀ ਖੇਤਾਂ ਵੱਲ ਕੋਈ ਵੇਖ ਨਹੀਂ ਸਕਦਾ। ਮੈਂ ਕਿਹਾ ਲੈ ਬਾਪੂ ਜੀਂਦੇ ਜੀਅ ਤਾਂ ਕੀ ਤੈਨੂੰ ਮਰ ਕੇ ਵੀ ਤੇਰੇ ਖੇਤਾਂ ਤੋਂ ਕੋਈ ਵੱਖ ਨਹੀਂ ਕਰ ਸਕਦਾ। ਅੱਜ ਉਨ੍ਹਾਂ ਖੇਤਾਂ ਵਿੱਚ ਮਿਲ ਗਈ ਹੈ ਬਾਪੂ ਦੇ ਜਿਸਮ ਦੀ ਮਿੱਟੀ ਜਿਨ੍ਹਾਂ ਖੇਤਾਂ ਨੂੰ ਉਸ ਨੇ ਉਮਰ ਭਰ ਦੀ ਕਮਾਈ ਨਾਲ ਬਣਾਇਆ ਸੀ। ਜਿਨ੍ਹਾਂ ਖੇਤਾਂ ਵਿੱਚ ਉਸ ਦੀ ਰੂਹ ਵਸਦੀ ਸੀ। ਜਿਸ ਦਰਿਆ ਦੇ ਪੱਤਣ ਦਾ ਪਾਣੀ ਪੀ ਕੇ ਉਹ ਜ਼ਿੰਦਗੀ ਜੀਵਿਆ ਸੀ ਉਸੇ ਬਿਆਸ ਦਰਿਆ ਵਿੱਚ ਉਸ ਦੀਆਂ ਅਸਥੀਆਂ ਜਲ ਪ੍ਰਵਾਹ ਕਰ ਆਇਆ ਹਾਂ।



21 ਮਈ 2021 ਨੂੰ ਮੇਰੇ ਪੂਜਨੀਕ ਪਿਤਾ ਸ੍ਰੀ ਸਾਧੂ ਰਾਮ ਵਿਰਲੀ ਸਪੁੱਤਰ ਕੇਸਰ ਰਾਮ ਵਿਰਲੀ ਨੇ ਸੈਕਰਟ ਹਾਰਟ ਹਸਪਤਾਲ ਜਲੰਧਰ ਵਿਚ ਸ਼ਾਮ ਨੂੰ ਨੌਂ ਵਜੇ ਆਖਰੀ ਸਾਹ ਲਏ। ਉਹ 83 ਵਰ੍ਹਿਆਂ ਦੇ ਸਨ। ਲੱਖਣ ਕੇ ਪੱਡਾ ਜ਼ਿਲ੍ਹਾ ਕਪੂਰਥਲਾ ਦੀ ਧਰਤੀ 'ਤੇ ਜੰਮਿਆ ਮੇਰਾ ਬਾਪ ਜ਼ਿੰਦਗੀ ਭਰ ਸ਼ੰਘਰਸ਼ ਮੁਸੀਬਤਾਂ ਤੰਗੀਆਂ ਤੁਰਸ਼ੀਆਂ ਨਾਲ ਲੜਦਾ ਪ੍ਰਵਾਨ ਚੜ੍ਹਿਆ ਸੀ ।

ਜ਼ਿੰਦਗੀ ਦੀਆਂ ਕਠਨ ਹਕੀਕਤਾਂ ਨੇ ਬਾਪੂ ਨੂੰ ਇਕ ਵੱਖਰੇ ਸੁਭਾਅ ਦਾ ਇਨਸਾਨ ਬਣਾ ਦਿੱਤਾ ਸੀ । ਬਚਪਨ ਵਿੱਚ ਮਾਂ ਗੁਜ਼ਰ ਗਈ। ਭਰ ਜਵਾਨੀ ਵਿੱਚ ਭਰਾ ਗੁਜ਼ਰ ਗਿਆ ਤੇ ਬੁੱਢੇ ਵਾਰੇ ਜ਼ੁਬਾਨ ਪੁੱਤਰ ਤੁਰ ਗਿਆ। ਸੰਘਰਸ਼ਾਂ ਦੀ ਭੱਠੀ ਵਿੱਚ ਕੁੰਦਨ ਹੋਇਆ ਬਾਪ ਬਸ ਇੱਕੋ ਗੱਲ ਕਿਹਾ ਕਰਦਾ ਸੀ ਕਿ ਮੇਰਾ ਸਸਕਾਰ ਮੇਰੇ ਪਿੰਡ ਕਰੀਂ। ਜਿਹੜਾ ਕੋਰੋਨਾ ਮਹਾਂਮਾਰੀ ਦੇ ਚਲਦਿਆਂ ਮੈਂ ਨਹੀਂ ਕਰ ਸਕਿਆ ।

ਧਰਮ ਕਦੀ ਵੀ ਉਸ ਦੀ ਚਰਚਾ ਦਾ ਵਿਸ਼ਾ ਨਹੀਂ ਸੀ ਰਿਹਾ। ਉਹਦੇ ਮਨਪਸੰਦ ਸ਼ਬਦ ਸਨ ਸੰਘਰਸ਼ ਹੌਸਲਾ ਤਰੱਕੀ ਤੇ ਇਨਕਲਾਬ।

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦਾ ਲੰਮਾ ਸਮਾਂ ਜ਼ਿਲ੍ਹਾ ਪ੍ਰਧਾਨ ਰਹਿਣ ਵਾਲਾ ਮੇਰਾ ਬਾਪ ਕਾਰਜਕਾਰੀ ਪ੍ਰਿੰਸੀਪਲ ਦੀ ਹੈਸੀਅਤ ਵਿੱਚ ਸੇਵਾਮੁਕਤ ਹੋਇਆ।

ਸੇਕਰਡ ਹਾਰਟ ਹਸਪਤਾਲ ਮਕਸੂਦਾਂ ਦੀ ਪੂਰੀ ਟੀਮ ਨੇ ਡਾ. ਮਨੀਸ਼ ਸ਼ਰਮਾ ਦੀ ਅਗਵਾਈ ਹੇਠ ਬਹੁਤ ਯਤਨ ਕੀਤੇ ਪਰ ਉਹ ਬਾਪੂ ਨੂੰ ਬਚਾ ਨਹੀਂ ਸਕੇ। ਕੋਰੋਨਾ ਮਹਾਂਮਾਰੀ ਵਿੱਚ ਜਿੱਥੇ ਹਜ਼ਾਰਾਂ ਲੋਕ ਮਰ ਰਹੇ ਹਨ ਉੱਥੇ ਇਸ ਤਰ੍ਹਾਂ ਆਪਣਿਆਂ ਦੀ ਮੌਤ ਮੌਤ ਦੇ ਦਰਦ ਨੂੰ ਮੈਂ ਨਿੱਜੀ ਰੂਪ ਵਿੱਚ ਮਹਿਸੂਸ ਕੀਤਾ ਹੈ।

ਭਾਵੇਂ ਪਿਤਾ ਜੀ ਨੂੰ ਆਕਸੀਜਨ ਦੀ ਤੰਗੀ ਨਹੀਂ ਆਈ ਪਰ ਦਵਾਈਆਂ ਦੀ ਤੰਗੀ ਤੇ ਬਲੈਕ ਮਾਰਕੀਟਿੰਗ ਦਾ ਸਾਹਮਣਾ ਸਾਨੂੰ ਵੀ ਕਰਨਾ ਪਿਆ। ਪੰਜਾਬ ਦੀ ਕਾਂਗਰਸ ਸਰਕਾਰ ਤੇ ਸੈਂਟਰ ਦੀ ਭਾਜਪਾ ਵਾਲੀ ਸਰਕਾਰ ਦੋਵੇਂ ਇਕ ਸਾਲ ਹੱਥ ਤੇ ਹੱਥ ਧਰੀ ਬੈਠੀਆਂ ਰਹੀਆਂ ਜਿਸ ਦੇ ਸਿੱਟੇ ਵਜੋਂ ਨਿਰਦੋਸ਼ ਲੋਕ ਮੌਤ ਦਾ ਖਾਜਾ ਬਣ ਰਹੇ ਹਨ। ਸਰਕਾਰ ਦੀਆਂ ਲਾਪਰਵਾਹੀਆਂ ਤੇ ਪ੍ਰਬੰਧ ਦੀ ਅਣਹੋਂਦ ਕਰਕੇ ਅਸੀਂ ਚਾਰੇ ਭਰਾਵਾਂ ਦੇ ਪਰਿਵਾਰ ਆਪਣੇ ਬਾਪ ਤੋਂ ਮਹਿਰੂਮ ਹੋ ਗਏ ਹਾਂ। ਭਾਵੇਂ ਫੇਸਬੁੱਕ ਉੱਤੇ ਮੇਰੀ ਦਵਾਈ ਦੀ ਮੰਗ ਲਈ ਮੇਰੇ ਬਹੁਤ ਸਾਰੇ ਦੋਸਤਾਂ ਨੇ ਪਿਤਾ ਦੀ ਲੰਮੀ ਉਮਰ ਦੀ ਅਰਦਾਸ ਕੀਤੀ ਸੀ ਪਰ ਉਹ ਅਰਦਾਸਾਂ ਦਵਾਈ ਦਾ ਬਦਲ ਨਹੀਂ ਬਣ ਸਕੀਆਂ ।

ਬਾਪੂ ਨੇ ਬੇਰੁਜ਼ਗਾਰ ਅਧਿਆਪਕ ਯੂਨੀਅਨ ਤੋਂ ਆਪਣੇ ਸੰਘਰਸ਼ ਦਾ ਸਫ਼ਰ ਆਰੰਭ ਕੀਤਾ ਸੀ। ਫਿਰ ਲੰਮਾ ਸਮਾਂ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਹੇ। ਸੇਵਾਮੁਕਤ ਹੋਣ ਤੋਂ ਬਾਅਦ ਪੈਨਸ਼ਨਰ ਯੂਨੀਅਨ ਵਿਚ ਆਗੂ ਰੋਲ ਅਦਾ ਕਰ ਰਹੇ। ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਜੀ ਦੇ ਸਾਥੀ ਇਨ੍ਹਾਂ ਦਿਨਾਂ ਵਿੱਚ ਕਿਡਨੀ ਦੀ ਬਿਮਾਰੀ ਕਰਕੇ ਸੰਘਰਸ਼ ਨਾਲ ਖਬਰਾਂ ਰਾਹੀਂ ਜੁੜੇ ਹੋਏ ਸਨ ।

"ਮੈਂ ਬਾਪੂ ਦੀ ਲਾਸ਼ ਤੇ ਇੱਕੋ ਹੀ ਅਹਿਦ ਕੀਤਾ ਹੈ ਕਿ ਬਾਪੂ ਦੀ ਸੂਹੀ ਸੋਚ ਦਾ ਪਰਚਮ ਨੀਵਾਂ ਨਹੀਂ ਹੋਣ ਦੇਣਾ। ਜਿਨ੍ਹਾਂ ਖੇਤਾਂ 'ਚ ਬਾਪੂ ਦੇ ਜਿਸਮ ਦੀ ਰਾਖ ਰਲੀ ਹੈ ਉਨ੍ਹਾਂ ਤੇ ਅੰਬਾਨੀਆਂ ਅਡਾਨੀਆਂ ਦਾ ਕਬਜ਼ਾ ਨਹੀਂ ਹੋਣ ਦੇਣਾ।


## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |












notoba,in editorial
955




# FIVE STAR INSURANCE

Save up to 51%

• Auto • Home
• Business

Get the best rates with us!

FIVE STAR INSURANCE BROKERS LIMITED

We work with 15 major insurance companies& can get you the best prices guaranteed!

www.fivestarinsurance.ca
*With qualified discounts

Call: Harman Pandher
905.459.0555

270 Orenda Rd., Unit # 200 Brampton, ON L6T 4X6



HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated

## Harbans Singh
Sales Representative
416-817-7142
905-913-8500
dharbans@hotmail.com

11775 Bramalea Rd., Unit #201, Brampton L6R3S7


EXPERIOR FINANCIAL GROUP INC

Representing Many financial institutions

SuperVisa,Life Insurance
Disability, Critical Illness, Health

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES FREE QUOTE Call Protect your family



Call: 416.209.6363

Hardeep Atwal
Sr. Financial Advisor

## MAROK LAW OFFICE
Always Taking You Forward

• Corporate Law • Real Estate
Wills • Affidavits • Power of Attorney



VIPANDEEP SINGH MAROK
Barrister, Solicitor & Notary Public M.A., LLB

80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com

www.maroklaw.com

GALAXY Freightline Inc.
Logistics Ltd Calgary Alberta
Warehousing / Distribution

Ajay pal
Manager
604-653-7841

Jatinder Singh
Manager
403-992-0004

Office : 416-644-8881

9910 48 St SE Calgary, AB T2C 4Y5

## TAX & ACCOUNTING

• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration



E-FILE

Special Discounts
for Groups & Seniors

K.S.C. General SERVICES



I will help you understand the product and provide trusted service to choose the product that fits your needs and life style. Give me a call for all your personal and business needs.

Cheema
647-763-4862
www.kirpalcheema.com

INSURANCE
• Life Insurance
(Permanent, Universal or Term)
• Disability & Critical Insurance
(Money Back)
• Long Term Care Insurance
• Health, Dental & Drug Benefits
• Visitor & Super Visa Insurance
(Monthly & Money Back Plan)
• Group Life, Health, Dental & Drug Plans

YPA REALTY

REALTOR® MLS MULTIPLE LISTING SERVICE®



Tarn Ghatorra
REALTOR® I YPA Realty Inc.
Ph: (604) 781-1600
Email: realtortarn@gmail.com

yparealty.com

Bus: (604) 502 1000 I Fax: (604) 503 8888
201 - 13049 76th Ave., Surrey, BC V3W 2V7

Gill

Truck & Trailer Repair
& Mobile Service
Lube and Truck Wash




Gill Brothers
Owner

905-458-3455 | Fax : 905-458-3456 | Cell : 416-312-4707
nderjit7@gmail.com | www.gilltruckrepair.com
5 Shawson Drive, Mississauge, ON L4W 1C4

Tri-City
Professional Realty Inc. Brokerage

"Aiming Straight with Honesty and Integrity"

Since 1987 on Full Time Basis



Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

# Support the Struggle of the Palestinian People


## against the Genocidal, Zionist & Apartheid state of Israel










May 10, Monday, began with more than 300 Palestinians, who had gathered to pray at Al-Aqsa mosque in Jerusalem's old city during the holy month of Ramadan, injured in clashes with Israeli forces. Israeli police and military fired rubber bullets, tear gas and stun grenades to disperse the worshippers. Confrontations between the protesters and Israeli police and far right Jewish Israelis continued throughout the day. This attack on peaceful Palestinian worshippers was the beginning of the bloody events. On the same day, Hamas, the duly elected government of Gaza, issued an ultimatum to Israel to put a stop to the brutal violence.

Israeli forces continued the air strikes on Gaza strip for 11 days. Hamas launched over 4000 rockets towards Israel to defend its territory. According to the latest figures over 230 innocent people, including women and children have been killed in these attacks. Over 2000 have been injured. Numerous houses, towers and buildings have been demolished. Israeli forces bombarded a medical building where the offices of Al-Jazeera and other media outlets were located. Hundreds of people have been rendered homeless.

All these events have shown to the whole world that Israel continues to commit war crimes against innocent civilians. Voices are being raised against these fascist attacks by the Israeli army and air force. These attacks have been compared to genocide and Nazi attacks. Even in the USA, who has backed Israel since 1948, democratic individuals and Senators from President Biden's own party have spoken in support of the Palestinian people. Noam Chomsky, a prominent humanist, went on record to say, "Without US aid, Israel wouldn't be killing Palestinians. It has become the dominant tendency in the Zionist movement to rid the country of Palestinians." Arab citizens resident in Israel and justice loving Jewish people have voiced their support of Palestinians living in Gaza. People in various cities of Canada, including Vancouver, have come out in demonstrations to support the Palestinians.

These attacks by Israel on Palestinian people began in 1948 and have continued off and on ever since. Our community is resolutely opposed to this oppression and stand in solidarity with the Palestinian people. We also condemn the Canadian government which is in violation of its own laws to support Israel. Over 200 Canadian citizens are in Israeli army and fighting on their behalf in violation of the "Foreign Enlistment Act." According to the available data of 2018, Jewish National Fund of Canada have collected half a billion dollars to support Israel directly or indirectly. This is another violation.

East Indian Defence Committee is vehemently opposed to these violations by the Trudeau government. We demand that these violations be stopped immediately. We appeal to all Canadians to oppose the violence being perpetrated by Israel against the Palestinian people. Support the just struggle of the Palestinian people.

Down with Zionist, genocidal & Apartheid state of Israel

Long live the struggle and Victory of the People of Palestine

East Indian Defence Committee - P.O. Box 489 13711 72 Ave., Surrey, BC V3W 2P7

**Iqbal Purewal**
**(President): 604-720-1652**
**Harbhajan Cheema**
**(Secretary): 604-377-2415**



Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP

Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਵੈਨਕੂਵਰ ਵਿਚ ਫ਼ਲਸਤੀਨ ਦੇ ਹੱਕ ਵਿਚ ਮੁਜ਼ਾਹਰਾ







ਪਰਮਿੰਦਰ ਸਵੈਚ

ਵੈਨਕੂਵਰ ਆਰਟ ਗੈਲਰੀ ਦੇ ਸਾਹਮਣੇ ਲੱਗਭਗ 5 ਹਜ਼ਾਰ ਦੇ ਕਰੀਬ ਲੋਕਾਂ ਨੇ ਫਲਸਤੀਨ ਦੇ ਹੱਕ ਵਿੱਚ ਸੜਕਾਂ ’ਤੇ ਆ ਕੇ ਮੁਜਾਹਰਾ ਕੀਤਾ। ਇਜਰਾਈਲ ਵੱਲੋਂ ਕੀਤੇ ਜਾ ਰਹੇ ਅਣਮਨੁਖੀ ਵਰਤਾਓ ਅਤੇ ਸੈਂਕੜੇ ਬੱਚੇ, ਬੁੱਢੇ, ਔਰਤਾਂ ਤੇ ਨੌਜਵਾਨਾਂ ਨੂੰ ਹਥਿਆਰਾਂ ਦੇ ਬਲਬੂਤੇ ਤੇ ਇਸ ਘਾਣ ਵਿੱਚ ਕੁਚਲ ਦੇਣ ਦੇ ਖਿਲਾਫ ਲੋਕਾਂ ਨੇ ਆਪਣਾ ਪ੍ਰਤਿਕਰਮ ਜਿੱਥੇ ਹਾਜਰੀ ਲਵਾ ਕੇ, ਨਾਹਰੇਬਾਜ਼ੀ ਕਰਕੇ ਜਾਂ ਭਾਸ਼ਨਾਂ ਦੇ ਰੂਪ ਵਿੱਚ ਜਿੱਥੇ ਇਜਰਾਈਲ ਸਰਕਾਰ ਨੂੰ ਲਾਹਨਤਾਂ ਪਾਈਆਂ ਉੱਥੇ ਕਨੇਡਾ ਤੇ ਅਮਰੀਕਾ ਦੀਆਂ ਸਰਕਾਰਾਂ ਜੋ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਇਸਰਾਈਲ ਦਾ ਪੱਖ ਪੂਰਦੀਆਂ ਹਨ, ਇਹਨਾਂ ’ਤੇ ਵੀ ਰੋਸ ਜਾਹਰ ਕੀਤਾ। ਦੋ ਘੰਟੇ ਦੀ ਰੈਲੀ ਤੋ ਬਾਅਦ ਲੋਕ ਅਮਰੀਕਾ ਦੀ ਅੰਬੈਸੀ ਤੱਕ ਮੁਜ਼ਾਹਰਾ ਕਰਦੇ, ਨਾਹਰੇ ਮਾਰਦੇ ਗਏ। ਇਸ ਇਕੱਠ ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ ਨੇ ਭਰਭੂਰ ਹਾਜਰੀ ਲਵਾ ਕੇ ਮਨੁੱਖਤਾ ਪ੍ਰਤੀ ਆਪਣਾ ਫਰਜ ਵੀ ਪੂਰਾ ਕੀਤਾ ਅਤੇ ਫਲਸਤੀਨੀ ਲੋਕਾਂ ਦੇ ਨਾਲ ਖੜ੍ਹ ਕੇ ਹਾਅਦਾ ਨਾਹਰਾ ਵੀ ਮਾਰਿਆ। ਜੋ ਮਨੁੱਖਤਾ ਦੀ ਪੀੜ੍ਹ ਸਮਝਣ ਵਾਲਿਆਂ ਲਈ ਬਹੁਤ ਜ਼ਰੂਰੀ ਵੀ ਹੈ।

## ਭਰੋਵਾਲ ਕਲਾਂ ਵਿਖੇ ਮੋਦੀ ਹਕੂਮਤ ਦਾ ਪੁਤਲਾ ਫੂਕਿਆ

ਕਿਸਾਨ ਸੰਯੁਕਤ ਮੋਰਚੇ ਵਲੋਂ ਕਿਸਾਨੀ ਸੰਘਰਸ਼ ਦੇ 6 ਮਹੀਨੇ ਪੂਰੇ ਹੋਣ ’ਤੇ ਕਾਲਾ ਦਿਵਸ ਮਨਾਉਣ ਦੇ ਦਿੱਤੇ ਸੱਦੇ ’ਤੇ ਭਰੋਵਾਲ ਕਲਾਂ ਵਿਖੇ ਕਿਸਾਨ, ਮਜ਼ਦੂਰਾਂ ਵਲੋਂ ਕਿਸਾਨ ਆਗੂ ਗੁਰਮੇਲ ਸਿੰਘ ਭਰੋਵਾਲ, ਕੰਨਗੀਂ ਰਣਜੀਤ ਸਿੰਘ, ਸੁਖਦੇਵ ਸਿੰਘ ਭੁੰਦੜੀ, ਮਾ. ਹਰਦੇਵ ਸਿੰਘ ਮੁੱਲਾਂਪੁਰ ਦੀ ਅਗਵਾਈਹੇਠ ਕੇਂਦਰ ਦੀ ਮੋਦੀ ਸਰਕਾਰ ਦਾ ਪੁਤਲਾ ਫੂਕਿਆ ‘ਕੇਂਦਰ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਏ ਗਏ’। ਇਸ ਮੌਕੇ ਉਕਤ ਆਗੂਆਂ ਨੇ ਆਖਿਆ ਕਿ ਅੱਜ ਕਿਰਸਾਨੀ ਸੰਘਰਸ਼ ਨੂੰ ਪੂਰੇ 6 ਮਹੀਨੇ ਹੋ ਗਏ ਹਨ ਪਰ ਕੇਂਦਰ ਦੀ ਮੋਦੀ ਹਕੂਮਤ ਕਿਸਾਨਾਂ ਨੂੰ ਕਾਰਪੋਰੇਟ ਘਰਾਣਿਆਂ ਕੋਲ ਗਿਰਵੀ ਰੱਖਣ ’ਤੇ ਤੁਲੀ ਹੋਈ ਹੈ। ਉਨ੍ਹਾਂ ਆਖਿਆ ਕਿ ਕੇਂਦਰ ਦੀ ਮੋਦੀ ਸਰਕਾਰ ਹਰ ਇਕ ਸਰਕਾਰੀ ਸਿਸਟਮ ਨੂੰ ਪ੍ਰਾਈਵੇਟ ਅਡਾਨੀ-ਅਬਾਨੀ ਘਰਾਣਿਆਂ ਕੋਲ ਗਿਰਵੀ ਰੱਖ ਕੇ ਉਨ੍ਹਾਂ ਨੂੰ ਮਾਲਾਮਾਲ ਕਰ ਰਹੀ ਹੈ ਅਤੇ ਆਮ ਨਾਗਰਿਕ, ਕਿਸਾਨ, ਮਜ਼ਦੂਰਾਂ ਦਾ ਖ਼ੂਨ ਨਿਚੋੜਨ ’ਤੇ ਤੁਲੀ ਹੋਈ ਹੈ। ਇਸ ਮੌਕੇ ਉਨ੍ਹਾਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਕਿਸਾਨ ਵਿਰੋਧੀ ਕਾਨੂੰਨ ਜਲਦੀ ਰੱਦ ਕੀਤੇ ਜਾਣ ਨਹੀਂ ਤਾਂ ਕਿਸਾਨੀ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਪਿੰਡ ਪਿੰਡ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਭਜਨ ਸਿੰਘ, ਮਾ. ਤਲਵਿੰਦਰ ਸਿੰਘ, ਗੁਰਦੀਪ ਸਿੰਘ ਦੀਪ, ਸਾਬਕਾ ਪੰਚ ਕਰਤਾਰ ਸਿੰਘ, ਕੁਲਦੀਪ ਸਿੰਘ ਤੱਤਲਾ, ਕੁਲਵੰਤ ਸਿੰਘ ਤੱਤਲਾ, ਅਜਮੇਰ ਸਿੰਘ ਠੁਲੇਦਾਰ, ਪੰਚ ਕੁਲਦੀਪ ਸਿੰਘ, ਪ੍ਰਧਾਨ ਦਵਿੰਦਰ ਸਿੰਘ, ਮਹਿੰਦਰਾਂ ਸੰਘ, ਜਰਨੈਲ ਸਿੰਘ, ਬਲਜਿੰਦਰ ਸਿੰਘ ਮਾਣਕ, ਜਗਤਾਰ ਸਿੰਘ ਤਾਰੀ, ਕੁਲਦੀਪ ਸਿੰਘ, ਸ਼ੇਰ ਸਿੰਘ ਸਮੇਤ ਭਾਰੀ ਗਿਣਤੀ ’ਚ ਕਿਸਾਨ, ਮਜ਼ਦੂਰ ਆਦਿ ਹਾਜ਼ਰ ਸਨ।






Punjabi Rang Radio
CA IO 5:30 AM
(TORONTO)
Every Saturday
Producer/Host
Chamkaur Singh Phulewala
Email punjabirang13@hotmail.com
Cell : 416 662 1313

ਮੈਟਰੋ ਇਮੀਗ੍ਰੇਸ਼ਨ



ਸੁਰੇਸ਼ ਗੁਪਤਾ
ਸਰਟੀਫਾਇਡ ਇਮੀਗਰੇਸ਼ਨ ਪਰੈਕਟੀਸ਼ਨਰ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੈਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ .ਆਈ .ਐਮ .ਏ .
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ .ਏ .ਡੀ . ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ .ਐਨ .ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ )
11. ਪੀ .ਆਰ . ਕਾਰਡ ਰਿਨੀਉਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ .ਐਸ . ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ . ਆਰ . ਧੀ . ਐਸ ਤੋਂ ਐਲ . ਐਮ .ਆਈ . ਏ . ਫਾਰ ਵਰਕ ਪਰਿਮਟ
18. ਸੀ . ਏ . ਆਈ . ਪੀ .ਸੀ .. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਉਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com
www.metroimmigration.com
12-2355 Derry Road East, Mississauga, Ont. L5S 1V6

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

# ਸੂਫ਼ੀ ਫਕੀਰਾਂ ਦੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਦੇਣ





ਜਗਦੀਸ਼ ਸਿੰਘ ਚੋਹਕਾ
91-9217997445
001-403-285-4208

ਸਭਿਆਚਾਰ ਕਿਸੇ ਦੇਸ਼ ਜਾਂ ਕੌਮ ਦੀ ਰੂਹ ਹੁੰਦੀ ਹੈ। ਇਹ ਸਭਿਆਚਾਰ ਹੀ ਹੁੰਦਾ ਹੈ ਜਿਸ ਰਾਹੀਂ ਸਾਨੂੰ ਸਾਰੇ ਸੰਸਕਾਰਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ ਜੋ ਅੱਗੋ ਸਾਡੇ ਆਦਰਸ਼ਾਂ ਦੀ ਬੁਨਿਆਦ ਬਣਦੇ ਹਨ। ਸਭਿਆਚਾਰ ਤੇ ਸੰਸਕ੍ਰਿਤੀ ਦੋਵੇਂ ਸ਼ਬਦ ਅਰਥ ਬੋਧ ਦੇ ਪੱਖੋ ਸਮਾਨ-ਆਰਥਕ ਹਨ। "ਸਚਹੁ ਓਰੇ ਸਭ ਕੋ ਉਪਰ ਸਚ ਆਚਾਰ (ਗੁਰੂ ਨਾਨਕ ਦੇਵ ਜੀ)। ਕਿਸੇ ਦੇਸ਼ ਜਾਂ ਕੌਮ ਦਾ ਸੱਭਿਆਚਾਰ ਵੇਖਣਾ ਹੋਵੇ ਤਾਂ ਉਸ ਦੇਸ਼ ਦੀ ਭਾਸ਼ਾ, ਸਾਹਿਤ ਅਤੇ ਸਮਾਜਿਕ ਜੀਵਨ ਦੀ ਵਿਵਸਥਾ ਨੂੰ ਵੇਖੋ ! ਪੰਜਾਬ ਦੀ ਧਰਤੀ ਇਕ ਅਜੇਹੀ ਕੁਠਾਲੀ ਹੈ ਜਿਸ ਵਿੱਚ ਭਾਂਤ-ਭਾਂਤ ਦੇ ਸਭਿਆਚਾਰਕ ਅੰਸ਼ ਇਕ-ਮਿਕ ਹੋਕੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਲਈ ਇਕ ਸ਼ਕਤੀਸ਼ਾਲੀ ਅਕਸੀਰ ਬਣ ਬੈਠੇ ਹੋਏ ਹਨ। ਪੰਜਾਬੀ ਸਭਿਆਚਾਰ-ਭਾਸ਼ਾ, ਸਾਹਿਤ ਅਤੇ ਪੰਜਾਬੀ ਨਸਲ ਦੀ ਆਪਣੀ ਹੀ ਗੌਰਵਮਈ ਵਿਲੱਖਣਤਾ ਹੈ ਜੋ ਸਦੀਆਂ ਦੇ ਲੰਬੇ ਇਤਿਹਾਸਕ ਪੈਂਡੇ ਤੈਹ ਕਰਕੇ ਸਹਿਜ ਰੂਪ ਵਿੱਚ ਵਿਗਸੀ ਹੈ। ਇਸ ਦੇ ਨਿਰਮਾਣ ਵਿੱਚ ਅਨੇਕਾਂ ਯੁਗਾਂ ਅੰਦਰ, ਅਨੇਕਾਂ ਕੌਮਾਂ, ਦੇਸ਼ੀ-ਵਿਦੇਸ਼ੀ ਜਾਤੀਆਂ ਦੇ ਸੰਸਕ੍ਰਿਤੀ-ਤੱਤਾਂ, ਜੀਵਨ-ਜੁਗਤਾਂ ਤੇ ਪ੍ਰੰਪਰਾਵਾਂ ਨੇ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਜੋ ਇਥੋ ਦੇ ਜਮੀਨੀ ਜੀਵਾਂ ਤੇ ਪੌਦਿਆਂ ਨਾਲ ਮਿਲ ਕੇ ਮਨੁੱਖੀ ਸੰਜੋਗ ਦੇ ਫਲਸਰੂਪ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਇਕ ਬਹੁਵਿੱਧ ਰੂਪ ਵਿੱਚ ਕਈ ਭੂਗੋਲਿਕ ਹੱਦਾਂ ਟੱਪ ਕੇ ਮੌਜੂਦਾ ਰੂਪ ਵਿੱਚ ਰੂਪਮਾਨ ਹੋਈ ਹੈ।

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪੰਜਾਬ ਅੰਦਰ ਵੱਧਣ-ਫੂਲਣ ਅਤੇ ਵਿਗਸਣ ਲਈ ਇਤਿਹਾਸਕ ਵਿਕਾਸ ਦੇ ਪੱਖ ਤੋਂ ਜਦੋਂ ਅਸੀਂ ਸੂਫ਼ੀ ਫਕੀਰਾਂ ਦੇ ਦੇਣ ਨੂੰ ਟਟੋਲਨਾ (ਟੋਹਣਾ) ਹੋਵੇ ਤਾਂ ਪੰਜਾਬ ਦੇ ਇਸਲਾਮੀ ਯੁੱਗ ਦੇ ਕਾਲ ਅੰਦਰ 1173-1266 ਤੋਂ ਲੈ ਕੇ ਹੋਰ ਅੱਗੇ ਜਾਣਾ ਪਏਗਾ। ਇਸਲਾਮਕ ਸਾਮੰਤਵਾਦੀ ਬਣਤਰ ਦੇ ਅੰਤਰਗਤ ਨਵੀਆਂ ਰਾਜਨੀਤਕ, ਧਾਰਮਿਕ, ਸਭਿਆਚਾਰਕ ਤੇ ਭਾਸ਼ਾਈ ਬਣਤਰਾਂ ਦੇ ਦਖਲ ਨੇ, 'ਇਸ ਖਿਤੇ ਵਿੱਚ ਕਈ ਸਥਾਨਕ ਪਰਿਸਥਿਤੀਆਂ ਅਨੁਕੂਲ ਮੌਲਿਕ ਪਰਿਵਰਤਨ ਲਿਆਂਦੇ। ਮੁਕਾਬਲਤਨ ਸਥਿਰ ਰਾਜਨੀਤਕ ਬਣਤਰ, ਭੂਗੌਲਿਕ ਹੱਦਾਂ, ਭਾਸ਼ਾ ਦੇ ਆਧੁਨਿਕ ਰੂਪ ਦਾ ਵਿਕਾਸ, ਇਕ ਨਵੇਂ ਧਰਮ,















ਸਭਿਆਚਾਰ, ਰਾਜਨੀਤੀ ਅਤੇ ਭਾਸ਼ਾਂ ਦੇ ਦਖਲ ਕਾਰਨ ਹੀ ਇਸ ਦੌਰ ਵਿੱਚ ਪੰਜਾਬੀ ਭਾਸ਼ਾ ਦੀ ਪਛਾਣ ਦੇ ਉਭਾਰ ਦਾ ਦੌਰ ਕਿਹਾ ਜਾ ਸਕਦਾ ਹੈ। ਪੰਜ ਦਰਿਆਵਾਂ ਦੀ ਧਰਤੀ ਅੰਦਰ ਸਦੀਆਂ ਤੋਂ ਸਾਂਝਾ ਸਭਿਆਚਾਰ ਪਸਰਿਆ ਅਤੇ ਉਸ ਦਾ ਵਿਕਾਸ ਹੋਇਆ। ਇਸ ਦੌਰ ਤੋਂ ਲੈ ਕੇ ਅੱਗੇ ਗੁਰੂ ਨਾਨਕ ਦੇਵ ਜੀ ਦੇ ਕਾਲ (1469-1539) ਤੱਕ ਸੂਫ਼ੀ ਕਵੀਆਂ ਦੀ ਪੰਜਾਬ ਅੰਦਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਦੇਣ ਮਹਾਨ ਹੀ ਨਹੀਂ ਸਗੋਂ ਵਿਸ਼ਾਲ ਅਤੇ ਬਹੁਪੱਖੀ ਵੀ ਹੈ। ਭਾਵੇਂ ਹੋਰ ਮਹਾਨ ਸਖਸ਼ੀਅਤਾਂ ਹਿੰਦੂ-ਰਿਸ਼ੀਆਂ, ਮੁਨੀ, ਸੂਫ਼ੀ, ਫਕੀਰ ਤੇ ਸਿੱਖ ਗੁਰੂ ਸਾਹਿਬਾਨ ਵੀ ਸਨ। ਇਨ੍ਹਾਂ ਮਹਾਨ ਦਾਰਸ਼ਨਿਕਾਂ ਦੇ ਰਹੱਸਮਈ ਗੀਤਾਂ ਤੇ ਰਚਨਾਵਾਂ 'ਤੇ ਸਮੁੱਚਾ ਪੰਜਾਬ ਅੱਜ ਵੀ ਮਾਣ ਕਰਦਾ ਹੈ। 12-ਵੀਂ ਸਦੀ ਤੋਂ ਲੈ ਕੇ 20-ਵੀਂ ਸਦੀ ਦੇ ਅੱਧ ਤੱਕ ਇਨ੍ਹਾਂ ਮਹਾਨ ਦਾਰਸ਼ਨਿਕਾਂ ਨੇ ਪੰਜਾਬ ਦੇ ਸਾਂਝੇ ਵਿਰਸੇ ਲਈ ਅਦੁਤੀ ਯੋਗਦਾਨ ਪਾ ਕੇ ਇਸ ਨੂੰ ਅਮੀਰ ਬਣਾਇਆ।

ਬਾਬਾ ਸ਼ੇਖ ਫਰੀਦ, ਬੁਲ੍ਹੇ-ਸ਼ਾਹ, ਸ਼ਾਹ ਹੁਸੈਨ ਆਦਿ ਸੂਫ਼ੀ ਸੰਤਾਂ ਨੇ ਇਸਲਾਮ ਧਰਮ ਦੇ ਪ੍ਰਚਾਰ ਦੇ ਲਈ ਆਪਣੀਆਂ ਦਰਗਾਹਾਂ ਪੰਜਾਬ ਅੰਦਰ ਹੀ ਕਾਇਮ ਕਰਕੇ ਧਾਰਮਿਕ ਕਾਵਿ ਰਚਨਾਵਾਂ ਨੂੰ ਉਦਾਰਚਿਤ ਪੰਜਾਬੀ ਲੋਕ ਕਾਵਿ ਵਿੱਚ ਪੇਸ਼ ਕੀਤਾ। ਇਹ ਰਚਨਾਵਾਂ "ਕਾਫੀ" ਸ਼ੈਲੀ ਵਿੱਚ ਮਿਲਦੀਆਂ ਹਨ। ਜਿਸ ਨੂੰ ਸੂਫ਼ੀ ਕਾਵਿਧਾਰਾ ਕਹਿੰਦੇ ਹਨ। ਇਹ ਸੂਫ਼ੀ ਕਾਵਿਧਾਰਾ ਸਾਹਿਤਕ ਵਿਰਸਾ ਅਤੇ ਰਵਾਇਤ ਪੱਖੋਂ ਬਹੁਤ ਪ੍ਰਾਚੀਨ 'ਤੇ ਅਮੀਰ ਹਨ। ਬਾਬਾ ਸ਼ੇਖ ਫਰੀਦ ਜੀ ਦੀ ਬਾਣੀ ਦਾ ਵਿਸ਼ਾ ਵਸਤੂ, ਰੂਪ ਤੇ ਵਹਾਓ ਜਿਹੜਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਸਾਡੇ ਦ੍ਰਿਸ਼ਟੀ ਗੋਚਰ ਹੁੰਦਾ ਹੈ ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਧਾਰਾ ਕੋਈ 7-ਸਦੀਆਂ ਪੁਰਾਣੀ ਪ੍ਰਚਲਿਤ ਸੀ। ਸ਼ੇਖ ਫਰੀਦ ਜੀ ਦਾ ਜੀਵਨ ਕਾਲ 1173-1268 ਈਸਵੀ ਪਿੰਡ ਖੇਤਵਾਲ, ਜ਼ਿਲ੍ਹਾ ਮੁਲਤਾਨ ਸੀ ਜੋ ਪਠਾਣ ਖਾਨਦਾਨ ਵਿੱਚੋਂ ਸਨ (ਆਈਨੇ-ਅਕਬਰੀ)। ਉਨ੍ਹਾਂ ਦੀ ਗਦੀ ਪੰਜਾਬ, ਦਿੱਲੀ, ਗੁਜਰਾਤ, ਮਹਾਰਾਸ਼ਟਰਾਂ, ਉਤਰ ਪ੍ਰਦੇਸ਼ ਆਦਿ ਸੂਬਿਆ ਅੰਦਰ ਸੀ। ਗਦੀਦਾਰ "ਸ਼ੇਖ ਫਰੀਦ" ਮਸ਼ਹੂਰ ਸੀ, ਅਸਲੀ ਨਾਂ ਸੀ ਮਸਊਦ ਤੇ ਖ਼ਿਤਾਬ ਸਨ ਸ਼ੈਖੁਲ ਇਸਲਾਮ ਤੇ ਫਰੀਦ-ਉਦ-ਈਨ, ਜਿਸ ਦੀ ਅੱਲ ਸੀ ਗੰਜਸ਼ਕਰ ਜਾਂ ਸ਼ਕਰ ਗੰਜ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰਚਨਾ ਸ਼ੇਖ ਫਰੀਦ ਸ਼ਕਰਗੰਜ ਦੀ ਹੈ। ਉਨ੍ਹਾਂ ਦੇ ਮੂੰਹੋ ਨਿਕਲੇ ਸ਼ਬਦ ਜੋ ਕਈ ਪੰਜਾਬੀ ਵਿੱਚ ਹਨ, ਲੋਕਾਂ ਨੇ ਯਾਦ ਕਰਨੇ ਲਿੱਖ ਛੱਡੇ ਜੋ "ਸੂਹੀ ਤੇ ਆਸਾ" ਰਾਗਾਂ 'ਚ ਹਨ।

ਸ਼ੇਖ ਫਰੀਦ ਜੀ ਦੀ ਸੂਫ਼ੀ ਕਾਵਿ ਰਚਨਾ ਜੋਗੀਆਂ ਤੋ ਅਲੱਗ ਹੈ। ਉਨ੍ਹਾਂ ਰੱਬ, ਖੁਦਾ, ਸਾਂਈ, ਸਾਹਿਬ ਸਚੇ ਦਾ ਇਸ਼ਕ, ਉਸ ਦੀ ਮੁਹੱਬਤ, ਉਸ ਦਾ ਨਾਂ, ਉਸ ਦੀ ਬਖਸ਼ਿੰਦਗੀ, ਉਸ ਦੀ ਬੰਦਗੀ , ਉਸ ਦਾ ਮਾਰਗ ਤੇ ਉਸ ਦਾ ਪੰਥ ਅਤੇ ਦੂਸਰਾ ਸਾਹਿਬ ਨੂੰ ਖਸਮ ਸਮਝ ਕੇ, ਪਤੀ ਜਾਣ ਕੇ, ਸਹੁ ਜਾਣ ਕੇ, ਵਾਹਿਗੁਰੂ ਦੇ ਪ੍ਰੇਮ ਲਈ ਤੀਵੀਂ ਦੇ ਮਰਦ ਲਈ ਪ੍ਰੇਮ ਬਾਰੇ ਸ਼ਬਦ ਵਰਤ ਕੇ ਸਾਹਿਤਕ ਰਚਨਾ ਅੰਦਰ ਸਰਲ, ਲੋਕ ਪੱਖੀ ਤੇ ਲੋਕਾਂ ਦੇ ਰੋਜ਼ਾਨਾ ਜੀਵਨ 'ਚ ਵਿਚਰਨ ਵਾਲੀ ਪੰਜਾਬੀ ਭਾਸ਼ਾ ਰਾਹੀਂ ਜੀਵਨ ਨੂੰ ਪੇਸ਼ ਕੀਤਾ ਹੈ। ਜਿਨ੍ਹਾਂ ਨੇ ਪਿਆਰੇ ਸੰਗ ਨਿਹੁੰ ਦੀ ਭੁੱਖ ਨੂੰ ਅਮਰ ਸੁੰਦਰਤਾ ਵਾਲੀ ਸੂਫ਼ੀ ਕਾਵਿ ਰਚਨਾ ਰਾਹੀਂ ਪੇਸ਼ ਕੀਤਾ ਹੈ। ਫਰੀਦ ਜੀ ਦੀ ਰਚਨਾ ਦਾ ਅਧਾਰ ਵਿਸ਼ਾਲ, ਮਨੁੱਖਵਾਦੀ ਤੇ ਲੋਕ ਪੱਖੀ ਪਹੁੰਚ ਵਾਲਾ ਹੈ। ਮਜ਼ਹਬੀ ਕੱਟੜਤਾ ਵਾਲੇ ਯੁੱਗ ਵਿੱਚ ਜਦੋਂ ਅੱਤਿਆਚਾਰ ਦਾ ਬੋਲ ਬਾਲਾ ਸੀ ਤੇ ਭਗਤੀ ਲਹਿਰ ਪਣਪੀ ਨਹੀਂ ਸੀ ਤਾਂ ਉਨ੍ਹਾਂ ਨੇ ਮਨੁੱਖਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ (ਡਾ.ਹਰਨਾਮ ਸਿੰਘ ਸ਼ਾਨ)।

"ਇਕੁ ਫਿੱਕਾ ਨਾ ਗਾਲਾਇ, ਸਭਨਾ ਮੈਂ ਸੱਚਾ ਧਨੀ, ਹਿਆਉਨ ਠਾਹਿਦਾਰਿ, ਮਾਨਕ ਸਭ ਅਮੋਲਵੇ।।"

ਫਰੀਦ ਜੀ ਦਾ ਸੰਦੇਸ਼ ਸਰਵ-ਵਿਆਪੀ ਕਦਰਾਂ-ਕੀਮਤਾਂ ਵਾਲਾ ਜਿਹੜਾ ਮੱਤਾ-ਮਤਾਂਤਰਾਂ ਦੀਆਂ ਹੱਦਾਂ ਤੋਂ ਉਪਰ ਉਠ ਕੇ ਸਦਭਾਵਨਾ ਲਈ ਰਾਹ ਪੱਧਰਾ ਕਰਦਾ ਹੈ। ਫਰੀਦ ਜੀ ਪੰਜਾਬ ਤੇ ਪੰਜਾਬੀਆਂ ਦੇ ਪਹਿਲੇ ਕਵੀ ਸਨ, ਜਿਨ੍ਹਾਂ ਨੇ ਰੱਬ ਨਾਲ ਮਿਲਾਪ ਲਈ ਰਾਹ ਨੂੰ ਵਰਣਨ ਕਰਨ ਲਈ ਪਤੀ-ਪਤਨੀ ਦੇ ਮਨੁੱਖੀ ਰਿਸ਼ਤਿਆ ਨੂੰ ਪ੍ਰਤੀਕ ਰੂਪ ਵਿੱਚ ਵਰਤਿਆ, ਉਹ ਲਿਖਦੇ ਹਨ:-

"ਕਾਲੀ ਕੋਇਲ ਤੂੰ ਕਿਤ ਗੁਨ ਕਾਲੀ, ਆਪਨੇ ਪ੍ਰੀਤਮ ਕੇ ਹਉ ਬਿਰਹੇ ਜਾਲੀ।"

ਸੂਫ਼ੀ ਕਾਵਿ ਨੂੰ ਅੱਗੇ ਵਧਾਉਣ ਲਈ 16-ਵੀਂ ਸਦੀ ਦੌਰਾਨ ਸ਼ਾਹ ਹੁਸੈਨ ਨੇ ਇਸ ਬੂਟੇ ਨੂੰ ਵੱਡਾ ਕੀਤਾ ਅਤੇ 18-ਵੀਂ ਸਦੀ ਸਮੇਂ ਬੁਲ੍ਹੇ ਸ਼ਾਹ ਨੇ ਇਸ ਨੂੰ ਸਿਖਰਾਂ ਤੇ ਪੁਚਾਇਆ। ਸ਼ਾਹ ਹੁਸੈਨ ਮਗਰੋਂ 19-ਵੀਂ ਸਦੀ ਦੇ ਅੱਧ ਵਿੱਚ ਇਸਦਾ ਪਤਨ ਸ਼ੁਰੂ ਹੋ ਗਿਆ। ਅਗਲੇ ਕੁਝ ਦਹਾਕਿਆਂ ਤਕ ਮੌਲਵੀ ਗੁਲਾਮ ਰਸੂਲ, ਸਈਅਦ ਮੀਰਾਂ ਸ਼ਾਹ ਅਤੇ ਖਵਾਜ਼ਾ ਗੁਲਾਮ ਫ਼ਰੀਦ ਨੇ ਇਸ ਦੇ ਪ੍ਰਵਾਹ ਨੂੰ ਜਾਰੀ ਰੱਖਿਆ। ਜਿਨ੍ਹਾਂ ਚਿਰ ਮੁਗਲ ਰਾਜ ਦਿਲੀ 'ਚ ਕਾਇਮ ਰਿਹਾ, ਇਹ ਲਹਿਰ ਚਲਦੀ ਰਹੀ, ਜਦੋਂ ਬਸਤੀਵਾਦੀ ਬਰਤਾਨਵੀ ਰਾਜ ਭਾਰਤ ਅੰਦਰ ਸਥਾਪਤ ਹੋ ਗਿਆ ਇਹ ਪਰਵਾਹ ਵੀ ਅਲੋਪ ਹੋ ਗਿਆ। ਸੂਫ਼ੀ ਕਾਵਿ ਇਸ ਨੇ ਵੇਦਾਂਤ ਅਤੇ ਸਿੱਖ ਵਿਚਾਰਧਾਰਾ ਨੂੰ ਬਿਨ੍ਹਾਂ ਝਿਜਕ ਅਪਣਾਇਆ, ਪਰ ਦੂਸਰੇ ਪਾਸੇ ਇਨ੍ਹਾਂ ਦੋਨਾਂ ਫਿਰਕਿਆਂ ਦੇ ਮੱਤਾਂ ਦੀ ਸੋਚ ਅਤੇ ਅਮਲ ਨੂੰ ਵੀ ਪ੍ਰਭਾਵਿਤ ਕੀਤਾ। 20-ਵੀਂ ਸਦੀ ਦੇ ਪਹਿਲੇ ਅੱਧ ਤਕ ਗੈਰ-ਮੁਸਲਿਮ ਕਵੀ, ਸੰਤ ਰੈਣ, ਸਾਧੂ ਦਇਆ ਸਿੰਘ ਆਰਿਫ਼, ਪਾਲ ਸਿੰਘ, ਮਾਨ ਸਿੰਘ, ਕਾਲੀਦਾਸ, ਕਿਸ਼ਨ ਸਿੰਘ ਆਰਿਫ਼, ਭਾਈ ਵੀਰ ਸਿੰਘ ਆਦਿ ਦੀ ਕਾਵਿ ਰਚਨਾ 'ਤੇ ਸੂਫ਼ੀ ਕਾਵਿ ਦਾ ਪ੍ਰਭਾਵ ਪ੍ਰਤੱਖ ਰੂਪ ਵਿੱਚ ਦਿਸਦਾ ਹੈ। ਇਹ ਪ੍ਰਭਾਵ ਧਨੀਰਾਮ ਚਾਤ੍ਰਿਕ, ਡਾ. ਮੋਹਨ ਸਿੰਘ ਦੀਵਾਨਾ, ਡਾ.ਫ਼ਕੀਰ ਮੁਹੰਮਦ ਫਕੀਰ, ਪ੍ਰੋ: ਮੋਹਨ ਸਿੰਘ ਮਾਹਿਰ ਦੇ ਕਾਵਿ ਰਚਨਾਵਾਂ ਵਿੱਚ ਵੀ ਦਿਸਦਾ ਹੈ। ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਡਾ. ਹਰਭਜਨ ਸਿੰਘ, ਅਹਿਮਦ ਰਾਹੀ ਆਦਿ ਆਧੁਨਿਕ ਕਵੀਆਂ ਦੀਆਂ ਕਾਵਿ ਰਚਨਾਵਾਂ ਤੇ ਵੀ ਇਸ ਦਾ ਪ੍ਰਭਾਵ ਕਬੂਲ ਹੋਇਆ ਮਹਿਸੂਸ ਹੁੰਦਾ ਹੈ।

ਸੂਫ਼ੀ ਕਵੀ ਸ਼ਾਹ ਹੁਸੈਨ (1538-1599)-ਲਾਹੌਰ, ਦੀਆਂ ਕਾਫ਼ੀਆਂ ਨੇ ਸੂਫ਼ੀ ਕਾਵਿਤਾਂ ਵਿੱਚ ਮਸਤੀ ਅਤੇ ਵਜ਼ਦ ਦਾ ਅੰਸ਼ ਸ਼ਾਮਲ ਕਰਕੇ ਇਨ੍ਹਾਂ ਅੰਦਰ ਇਕ ਨਵਾਂ ਰੰਗ-ਜੋੜਿਆ। ਸ਼ਾਹ ਹੁਸੈਨ ਹੀ ਸੀ ਜਿਸ ਨੇ ਆਪਣੇ ਸੂਫ਼ੀ ਕਾਵਿ ਅੰਦਰ ਕੱਟੜਵਾਦ ਨੂੰ ਚੁਣੌਤੀ ਦਿੰਦੇ ਹੋਏ ਭੈਅ ਰਹਿਤ ਰਸਤਾ ਫੜਿਆ।

"ਕਾਜ਼ੀ ਮੁੱਲਾ ਮੱਤੀ ਦੇਂਦੇ ਖਰੇ ਸਿਆਣੇ ਰਾਹ ਦਸੇਂਦੇ,
ਪਰ ਇਸ਼ਕ ਕੀ ਲੱਗੇ ਰਾਹ ਨਾਲ,
ਦਿਲ ਅਟਕਿਆ ਬੇਪ੍ਰਵਾਹ ਦੇ ਨਾਲ"

ਸ਼ਾਹ ਹੁਸੈਨ ਪੰਜਾਬੀ ਦੇ ਪਹਿਲੇ ਸੂਫ਼ੀ ਕਵੀ ਸਨ ਜਿਸ ਨੇ ਕਾਫੀ ਦਾ ਹਰਮਨ ਪਿਆਰਾ ਪ੍ਰਚਲਿਤ ਰੂਪ ਆਪਣੇ ਰਹੱਸਵਾਦੀ ਵਿਚਾਰਾਂ ਦੇ ਪ੍ਰਗਟਾਏ ਲਈ ਅਪਣਾਇਆ। ਪੰਜਾਬ ਦੇ ਪਿਆਰ ਦੇ ਕਿੱਸਿਆਂ ਹੀਰ-ਰਾਂਝਾ ਤੇ ਸੋਹਣੀ ਮਹੀਂਵਾਲ ਨੂੰ ਸੂਫ਼ੀ ਕਵਿਤਾ ਵਿੱਚ ਇਕ ਪ੍ਰਤੀਕ ਚਿੰਨ੍ਹਾਂ ਆਦਿ ਦੇ ਰੂਪ ਵਿੱਚ ਪੇਸ਼ ਕਰਕੇ ਅਤੇ ਘਟਨਾਵਾਂ ਨੂੰ ਵਿਸਥਾਰਿਆ ਅਤੇ ਇਸ਼ਾਰਿਆਂ ਵੱਜੋਂ ਵਰਤਣ ਕਰਕੇ ਇਸ ਦਾ ਸਿਹਰਾ ਵੀ ਸ਼ਾਹ ਹੁਸੈਨ ਨੂੰ ਜਾਂਦਾ ਹੈ।

'ਦਰਦ ਵਿਛੋੜੇ ਦਾ ਹਾਲ ਨੀ ਮੈਂ ਕੈਨੂੰ ਆਖਾਂ, ਸੂਲਾਂ ਮਾਰ ਦੀਵਾਨੀ ਕੀਤੀ, ਸਿਰ੍ਹੂੰ ਪਿਆ ਮੇਰੇ ਖਿਆਲ ਨੀ, ਮੈਂ ਕੈਨੂੰ ਆਖਾ ? ਜੰਗਲ ਜੰਗਲ ਫਿਰਾਂ ਢੂੰਡੇਂਦੀ, ਅੱਜੇ ਨਾ ਆਇਆ ਮਹੀਵਾਲ, ਨੀ ਮੈਂ ਕੈਨੂੰ ਆਖਾਂ ?

ਚੜ੍ਹਦੇ ਤੇ ਲਹਿੰਦੇ ਸਾਂਝਾ ਪੰਜਾਬ ਅੰਦਰ ਫਕੀਰਾਂ ਅਤੇ ਕਵਾਲਾਂ ਨੇ ਨੱਚਦਿਆ, ਗਾਉਦਿਆਂ ਸ਼ਾਹ ਹੁਸੈਨ ਦੀ ਸੂਫ਼ੀ ਕਾਵਿ ਰਚਨਾ ਨੂੰ ਹੁਜਰੇ ਦੇ ਘੇਰੇ ਤੋਂ ਬਾਹਰ ਲਿਆਂਦਾ।

ਝੰਗ ਦੇ ਵਾਸੀ ਸੁਲਤਾਨ ਬਾਹੂ (1629-1691) ਪੰਜਾਬ ਦਾ ਇਕ ਮਹਾਨ ਰਹੱਸਵਾਦੀ ਕਵੀ ਹੋਇਆ ਹੈ ਜਿਸ ਨੇ ਸਿਹਰਫ਼ੀ ਨੂੰ ਆਪਣੀ ਕਵਿਤਾ ਦੇ ਰੂਪ ਲਈ ਵਰਤੋਂ ਵਿੱਚ ਲਿਆਂਦਾ। ਉਸ ਦੀ ਕਾਵਿ ਰਚਨਾ ਦੀ ਹਰ ਪੰਗਤੀ ਦਾ ਅੰਤ ਹੂ ਵਿੱਚ ਹੁੰਦਾ ਹੈ। ਉਸ ਨਾਲ ਇਕ ਵਿਸ਼ੇਸ਼ ਪ੍ਰਕਾਰ ਦੀ ਸੁਰ-ਤਾਲ ਪੈਦਾ ਹੁੰਦੀ ਹੈ। ਉਸ ਨੇ ਇਸ਼ਕ ਨੂੰ ਕੇਵਲ ਅਕਲ ਤੋਂ ਹੀ ਨਹੀਂ ਬਲਕਿ ਈਮਾਨ ਤੋਂ ਵੀ ਉਚਾ ਮੰਨਿਆ ਹੈ। ਉਸ ਦੀ ਕਾਵਿ ਰਚਨਾ ਅੰਦਰ ਦੇਖੋ:

ਐਨ ਇਸ਼ਕ ਦੀ ਭਾਰ, ਹੱਡਾਂ ਦਾ ਬਾਲਣ ਆਸ਼ਿਕ ਬੈਠ ਸਕੇਂਦੇ ਹੂ
ਘੱਤਕੇ ਜਾਨ ਜਿਗਰ ਵਿੱਚ ਆਹਾਂ, ਵੇਖ ਕਬਾਬ ਤਲੇਂਦੇ ਹੂ।
ਸਰਗਰਦਾਨ ਫਿਰਨ ਹਰ ਵੇਲੇ ਖੂਨ ਜਿਗਰ ਦਾ ਪੀਂਦੇ ਹੂ
ਰੋਗ ਹਜ਼ਾਰਾਂ ਆਸ਼ਿਕ ਬਾਹੂ ਪਰ ਇਸ਼ਕ ਨਸੀਬ ਕਿਨਾਂ ਦੇ ਹੂ।

ਪੰਜਾਬ ਦੇ ਇਕ ਹੋਰ ਬਹੁਤ ਹੀ ਮਸ਼ਹੂਰ ਸੂਫ਼ੀ ਕਵੀ ਸਈਅਦ ਬੁਲ੍ਹੇ ਸ਼ਾਹ (1680-1758) ਨੇ ਤਾਂ ਰੱਬ ਦੇ ਇਸ਼ਕ ਵਿੱਚ ਰੰਗ ਦੇ ਹੋਏ ਆਪਣੇ ਪੀਰ ਸ਼ਾਹ ਇਨਾਇਤ ਲਾਹੌਰ ਦੀ ਮਸਜਿਦ ਦੇ ਬਾਹਰ ਇਸਤਰੀਆਂ ਵਾਲੇ ਲਿਬਾਸ ਪਹਿਨ ਕੇ ਨਚਦਿਆਂ ਗਾਉਦਿਆਂ ਕਿਹਾ,

ਵਤ ਨਾ ਕਰਸਾਂ ਮਾਣ,
ਰੰਝੇਟੇ ਯਾਰ ਦਾ ਵੇ ਅੜਿਆ
ਇਸ਼ਕ ਅੱਲ੍ਹਾ ਦੀ ਜਾਤ,
ਲੋਕਾਂ ਦਾ ਮਿਹਣਾ
ਕੇਨਲ ਕਰਾਂ ਪੁਕਾਰ ਵੇ ਅੜਿਆ।

ਆਪਣੀ ਲਗਨ ਦਾ ਪ੍ਰਗਟਾਵਾ ਅਤੇ ਮਨ ਦੀ ਤਾਂਘ ਨੂੰ ਜ਼ਾਹਿਰ ਕਰਦਿਆ ਉਹ ਕਹਿੰਦਾ ਹੈ, ਲੋਕਾਂ ਦੇ ਭਾਣੇ ਚਾਕ ਮਹੀਂ ਦਾ, ਰਾਂਝਾ ਲੋਕਾਂ ਵਿੱਚ ਕਹਿੰਦਾ;

ਸਾਡਾ ਤਾਂ ਦੀਨ ਇਮਾਨ ਵੇ,
ਵਿਹੜੇ ਆ ਵੜ ਮੇਰੇ।

ਬੁਲ੍ਹੇ ਸ਼ਾਹ ਦੀਆਂ ਪਹਿਲੀਆਂ ਕਾਵਿ ਰਚਨਾਵਾਂ ਵਿੱਚ ਉਸ ਨੇ ਇਸਲਾਮ ਦੇ ਮਜ਼ਹਬੀ ਅਕੀਦੇ ਦਾ ਪ੍ਰਗਟਾਵਾ ਕੀਤਾ ਹੈ। ਪਰ ਬਾਅਦ ਵਿੱਚ ਵੇਦਾਂਤ ਅਤੇ ਸਿੱਖ ਧਰਮ ਦੇ ਸੰਪਰਕ ਵਿੱਚ ਆਉਣ ਮਗਰੋਂ ਉਹ ਸਰਬ-ਈਸ਼ਵਰ ਵਾਦਕ ਹੋ ਗਿਆ ਤੇ ਰੱਬ ਦੀ ਸਰਬ-ਵਿਆਪਕਤਾ ਅਤੇ ਸਾਰਿਆ ਅੰਦਰ ਇਕੋ ਆਤਮਾ ਹੋਣ ਕਰਕੇ ਉਸ ਦਾ ਵਿਸ਼ਵਾਸ਼ ਵੀ ਇਤਨਾ ਪੱਕਾ ਹੋ ਗਿਆ ਕਿ ਉਹ ਸੰਸਾਰ ਵਿਆਪੀ ਖ਼ੁਸ਼ੀ ਮਹਿਸੂਸ ਕਰਨ ਲਗ ਪਿਆ। ਉਸ ਮੁਤਾਬਿਕ ਉਸ ਖ਼ੁਸ਼ੀ ਦੇ ਕੋਈ ਹੱਦਾਂ ਬੰਨੇ ਨਹੀਂ ਹਨ:

"ਸਹੀਓ ਹੁਣ ਸੱਜਣ ਮੈ ਪਾਇਓ ਨੀ,
ਹਰ ਹਰ ਦੇ ਵਿੱਚ ਸਮਾਇਓ ਈ।"

ਮੁਲਤਾਨ ਦਾ ਸਈਅਦ ਅਲੀ ਹੈਦਰ (1690-1785) ਬੁਲ੍ਹੇਸ਼ਾਹ ਦਾ ਸਮਕਾਲੀ ਪਹਿਲਾ ਸੂਫ਼ੀ ਕਵੀ ਸੀ ਜਿਸ ਨੇ ਹੀਰ ਰਾਂਝਾ ਦੀ ਕਹਾਣੀ ਨੂੰ ਕਿਸਾ ਹੀਰ-ਰਾਂਝਾ ਲਿਖਿਆ ਅਤੇ ਪੰਜਾਬੀ ਸੂਫ਼ੀ ਕਵਿਤਾ ਵਿੱਚ ਇਕ ਨਵੇਂ ਕਾਵਿ ਨੂੰ ਰੂਪਮਾਨ ਕਰਕੇ ਜਨਮ ਦਿੱਤਾ! ਉਸਦੀ ਕਾਵਿ ਰਚਨਾ ਅੰਦਰ ਸੁੰਦਰਤਾ, ਕਾਵਿ ਰਵਾਨਗੀ ਅਤੇ ਸ਼ਬਦਾਂ ਦੀ ਵਰਤੋਂ ਦੇ ਪੱਖੋ ਉਹ ਕਾਫੀ ਪ੍ਰਸਿੱਧ ਹੋਇਆ। ਵਰਣਮਾਲਾ ਦੇ ਪਹਿਲੇ ਅੱਖਰ "ਅਲਫ" ਅਲਾ ਲਈ ਤੇ "ਮੀਮ" ਮੁਹੰਮਦ ਲਈ ਵਰਤੋ ਕੀਤੀ। ਜਦੋਂ ਬੁਲ੍ਹੇਸ਼ਾਹ ਆਪਣੀਆਂ ਰਚਨਾਵਾਂ ਅੰਦਰ ਪੰਜਾਬ ਦੇ ਸੰਤਾਪ ਪ੍ਰਤੀ ਝੂਰਦਾ ਹੈ! ਪਰ ਅਲੀ ਹੈਦਰ ਨੂੰ ਸਮੁੱਚੇ ਹਿੰਦੁਸਤਾਨ ਦੀ ਮਾੜੀ ਹਾਲਤ ਤੇ ਦੁਖ ਹੋ ਰਿਹਾ ਹੈ। 1739 ਦੇ ਨਾਦਿਰ ਸ਼ਾਹ ਦੇ ਹਮਲੇ ਅਤੇ ਲੁੱਟ-ਖਸੁੱਟ ਦਾ ਜ਼ਿਕਰ ਕਰਦਿਆਂ ਉਹ ਹਿੰਦੁਸਤਾਨ ਨੂੰ ਹੋਏ ਇਸ ਦੇ ਨੁਕਸਾਨ ਪ੍ਰਤੀ ਦੁੱਖ ਲਈ ਜ਼ਿੰਮੇਵਾਰ ਸਾਰੇ ਵਿਅੱਕਤੀਆ ਨੂੰ ਕੋਸਦਾ ਹੈ ਅਤੇ ਉਨ੍ਹਾਂ ਨੂੰ ਲਾਅਣਤਾ ਪਾਉਂਦਾ ਹੈ। ਅੱਖਰ "ਬੇ" ਹੇਠ ਉਹ ਹਿੰਦੁਸਤਾਨੀਆਂ ਦੀ ਇਸ ਹਾਲਤ ਬਾਰੇ ਲਿਖਦਾ ਹੈ":

ਬੇ ਭੀ ਜਹਿਰ ਨਹੀਂ ਜੇ ਖਾ ਮਰਨ, ਕੁਝ ਸ਼ਰਮ ਨਾ ਹਿੰਦੁਸਤਾਨੀਆਂ ਨੂੰ, ਕਿਹਾ ਹੋਇਆ ਏਨ੍ਹਾਂ ਰਾਜਿਆਂ ਨੂੰ,
ਭੇਡੇ ਭਰ ਭਰ ਦੇਣ ਖਜ਼ਾਨੇ, ਫਾਰਸੀਆਂ, ਖੁਰਾਸਾਨੀਆਂ ਨੂੰ, ਵਿੱਚ ਛਾਉਣੀਆਂ ਦੇ ਪਾਣੀ ਤਕ ਬੱਧੇ ਨੇ, ਲਹੂ ਵਿਹੰਦੇ ਹਾਂ ਹਰ ਥਾਂ ਪਾਣੀਆਂ ਨੂੰ

ਸੂਫ਼ੀ ਕਵੀਆਂ ਨੇ ਜਿੱਥੇ ਰਹੱਸਵਾਦ ਰਾਹੀਂ ਲੋਕਾਈ ਨੂੰ ਉਪਦੇਸ਼ ਦਿੱਤਾ, ਉਥੇ ਫਰਦ ਫਕੀਰ (1720-1790) ਜਿਹੜਾ ਗੁਜਰਾਤ ਦਾ ਵਾਸੀ ਸੀ ਨੇ ਉਸ ਵੇਲੇ ਦੇ ਹਾਕਮਾਂ ਨੂੰ ਕੋਸਿਆ ਕਿਉਂਕਿ ਉਹ ਕਿਰਤੀਆਂ ਤੇ ਕਿਸਾਨਾਂ ਨਾਲ ਹੋ ਰਹੀ ਦੁਰਦਸ਼ਾਂ ਨੂੰ ਬਰਦਾਸ਼ਤ ਨਹੀਂ ਕਰ ਸਕਿਆ।

"ਹਾਕਮ ਹੋ ਕੇ ਬਹਣਿ ਗਲੀਚੇ,
ਬਹੁਤਾ ਜ਼ੁਲਮ ਕਮਾਂਦੇ,
ਮਿਹਨਤੀਆਂ ਨੂੰ ਕੰਮੀ ਆਖਣ,
ਖੂਨ ਉਨ੍ਹਾਂ ਦਾ ਖਾਂਦੇ।

'ਫਰਦ ਫਕੀਰ' ਦੇ ਕਸਬਖਾਨਾਂ ਨੇ ਨਵੀਆਂ ਲੀਹਾਂ ਪਾਈਆ। ਆਪਣੇ ਸੂਫੀਆਨਾ ਵਿਚਾਰਾਂ ਤੇ ਵਿਸ਼ਵਾਸ਼ਾਂ ਦੇ ਪ੍ਰਗਟਾਵੇ ਲਈ ਪਹਿਰਾਵੇ ਦੇ ਅਮਲ ਦਾ ਜ਼ਿਕਰ ਕੀਤਾ। ਸ਼ੀਹਰਫੀਆਂ ਵਿੱਚ 'ਦਰਦ' ਨੇ ਉਲਮਾਂ ਨੂੰ ਵੀ ਨਹੀਂ ਬਖਸ਼ਿਆ ਤੇ ਉਨ੍ਹਾਂ ਦੇ ਦੰਭ ਅਤੇ ਰੰਗ-ਢੰਗ ਨੂੰ ਨੰਗਾ ਕਰਦਿਆ ਕਿਹਾ ਕਿ,

"ਗੱਧੇ ਨੂੰ ਕਿਤਾਬਾਂ ਨਾਲ ਲਦੀਏ ਤਾਂ ਵੀ ਫਰਕ ਨਹੀਂ ਪੈਂਦਾ"।

ਪੰਜਾਬ ਅੰਦਰ ਸਿੱਖਾਂ ਦੇ ਰਾਜ ਕਾਲ ਦੌਰਾਨ ਸਈਅਦ ਹਾਸ਼ਮ ਸ਼ਾਹ (1735-1843) ਜੋ ਬਹੁਤ ਵਿਦਵਾਨ ਸੂਫ਼ੀ ਕਵੀ ਜਿਹੜਾ ਕਾਵਿ ਨੂੰ ਨਵੀਂ ਦਿਸ਼ਾ ਦੇਣ ਵਾਲਾ ਬਹੁਪੱਖੀ ਰਚੇਤਾ ਸੀ, ਨੇ ਸੂਫੀ ਕਵਿਤਾ ਨੂੰ ਹੋਰ ਸ਼ਿੰਗਾਰਿਆ। ਉਸ ਦੀ ਸੂਫ਼ੀ ਕਾਵਿ ਰਚਨਾ ਦਾ ਪੱਛਮੀ ਸਾਹਿਤ ਅੰਦਰ ਕਾਫ਼ੀ ਜਿਕਰ ਕੀਤਾ ਜਾਂਦਾ ਹੈ।ਉਸ ਨੇ ਪੰਜਾਬ ਅੰਦਰ ਪ੍ਰਚਲਤ ਪ੍ਰੇਮ ਕਹਾਣੀਆਂ ਨੂੰ ਕਿੱਸਾ ਕਾਵਿ ਦਾ ਰੂਪ ਦੇ ਕੇ ਉਨ੍ਹਾਂ ਦੇ ਨਾਇਕ-ਨਾਇਕਾਵਾਂ ਦੇ ਪ੍ਰੇਮ ਨੂੰ 'ਕਾਮਲ ਇਸ਼ਕ' ਦਾ ਨਾਂ ਦਿੱਤਾ। ਇਨ੍ਹਾਂ ਲੋਕ ਪ੍ਰੇਮ ਕਹਾਣੀਆਂ ਵਿੱਚ ਸੱਸੀ-ਪੁੰਨੂ, ਹੀਰ-ਰਾਂਝਾ, ਸੋਹਣੀ-ਮਹੀਵਾਲ ਤੇ ਸ਼ੀਰੀ-ਫਰਿਹਾਦ ਆਦਿ ਅੱਜ ਵੀ ਪੰਜਾਬ ਦੇ ਸਾਹਿਤਕ ਖੇਤਰ ਅੰਦਰ ਜਿਉਂਦੀਆ ਕਾਵਿ ਰਚਨਾਵਾਂ ਹਨ।

"ਇਕੋ ਬੂਟਾ, ਇਕੋ ਲਜ਼ਤ, ਇਕੋ ਪਤਾ ਨਿਸ਼ਾਨੀ, ਉਸ ਬੂਟਿਓ ਫੁਲ ਮਜ਼ਾਜ਼ੀ, ਮੇਵਾ ਇਸ਼ਕ ਹੱਕਾਨੀ।"

ਸੱਸੀ ਪੁਨੂੰ ਦੇ ਪ੍ਰੇਮ ਕਿਸੇ ਨੂੰ ਹਾਸ਼ਮ ਸ਼ਾਹ ਦੀ ਸੰਸਾਰ ਵਿਆਪੀ ਪੱਧਰ ਦੀ ਸਭ ਤੋਂ ਉਤਮ ਕਿਰਤ ਮੰਨਿਆ ਜਾਂਦਾ ਹੈ। ਇਸ ਕਿਰਤ ਅੰਦਰ ਹਾਸ਼ਮ ਸ਼ਾਹ ਨੇ ਸੂਫ਼ੀਵਾਦ ਨੂੰ ਉਸੇ ਤਰਜ਼ ਤੇ ਪੇਸ਼ ਕੀਤਾ ਲੱਗਦਾ ਹੈ ਜਿਵੇਂ 'ਜਾਮੀ' ਨੇ ਯੂਸਫ ਜੁਲੇਖਾ ਨੂੰ ਪੇਸ਼ ਕੀਤਾ।

"ਤੁਰਸਾਂ ਮੂਲ ਨਾ ਮੁੜਸਾਂ ਰਾਹੋ, ਜਾ ਤਲੀ ਪਰ ਧਰਸਾਂ,ਜਬ ਲਗ ਸਾਸ, ਨਿਰਾਸ ਨਾ ਹੋਵਾਂ, ਮਰਨੋ ਮੂਲ ਨਾ ਡਰਸਾਂ।
ਜੇ ਰੱਬ ਕੁਠ ਸੱਸੀ ਦੀ ਸੁਨਸੀ, ਜਾਈ ਮਿਲਾਂ ਪਗ ਧਰਸਾਂ,ਹਾਸ਼ਮ ਨਹੀਂ ਸ਼ਹੀਦ ਹੋ ਵੇਸਾਂ, ਥਲ ਮਾਰੂ ਪਗ ਧਰਸਾਂ।"

ਇਸੇ ਤਰ੍ਹਾਂ ਹਾਸ਼ਮ ਸ਼ਾਹ ਦੇ ਦੋਹਿਆ ਅਤੇ ਡਿਓਡੀਆਂ ਦਾ ਪੰਜਾਬੀ ਕਵਿਤਾ ਵਿੱਚ ਕੋਈ ਸਾਨੀ ਨਹੀਂ ਹੈ। ਜੇ ਅਸੀਂ ਧਿਆਨ ਲਾਲ ਸੁਣੀਏ ਤਾਂ ਹਾਸ਼ਮ ਸਾਡਾ ਉਮਰ ਖਿਆਮ ਹੋਣ ਦਾ ਦਾਅਵਾ ਕਰਦਾ ਹੈ। ਅਸੀਂ ਉਸ ਵਿੱਚ ਉਮਰ ਖਿਆਮ ਵਾਲਾ ਤਿਆਗ, ਅਨੰਦ, ਨਜ਼ਾਕਤ ਤੇ ਉਦਾਸੀਨਤਾ ਵੇਖਦੇ ਹਾਂ।(ਡਾ ਮੋਹਨ ਸਿੰਘ)।

ਪੰਜਾਬ ਅੰਦਰ 18-ਵੀਂ ਸਦੀ ਦੇ ਬਾਦ ਵਿੱਚ ਸੂਫ਼ੀ ਕਵੀਆਂ ਸਈਅਦ ਗੁਲਾਮ ਜੀਲਾਨੀ ਰੋਹਤਕੀ (1749-1819), ਮੌਲਵੀ ਗੁਲਾਮ ਰਸੂਲ (1813-1874) ਵੱਲੋਂ ਆਪਣੀਆਂ ਕਾਵਿ ਰਚਨਾਵਾਂ ਅੰਦਰ ਵੇਦਾਂਤਿਕ ਤੇ ਰਹੱਸਵਾਦੀ ਪ੍ਰਭਾਵਾਂ ਨੂੰ ਕਬੂਲਦਿਆਂ ਕਾਵਿ ਰਚਨਾਵਾਂ ਨੂੰ ਪੇਸ਼ ਕੀਤਾ।

"ਲਿਖਾਂ ਮੈਂ ਦਰਦ ਆਪਣੇ ਦਾ ਫੈਸਲਾ, ਸੱਸੀ ਪੰਨੂੰ ਦਾ ਕਰ ਬਹਾਨਾ।"

19-ਵੀਂ ਸਦੀ ਅੰਦਰ ਸਈਅਦ ਕਰਮ ਅਲੀ ਸ਼ਾਹ ਨੇ ਖਿਆਲ ਤੇ ਲੋਰੀਆਂ ਨੂੰ ਸੂਫ਼ੀਆਨਾ ਰੰਗ ਰੂਪ ਵਿੱਚ ਪੇਸ਼ ਕੀਤਾ। ਉਸ ਦੇ ਸੰਗੀਤਮਈ ਲੈਅ ਵਾਲੇ ਹਕੀਕੀ ਇਸ਼ਕ ਦੇ ਕਿੱਸੇ ਕਹਾਣੀਆਂ ਨੂੰ ਸਿੱਖ ਹਲਕਿਆ ਅੰਦਰ ਬੜੀ ਹਰਮਨਤਾ ਮਿਲੀ, ਕਿਉਂਕਿ ਉਸ ਨੇ ਆਪਣੀ ਕਿਰਤ ਅੰਦਰ ਸਿੱਖ ਸਮਾਜੀ ਤੇ ਧਾਰਮਿਕ ਸਾਹਿਤ ਨਾਲ ਸਬੰਧਤ ਸ਼ਬਦਾਂ ਦੀ ਵਰਤੋਂ ਕੀਤੀ। "ਸਤਿਗੁਰ ਦੇ ਚਰਨੀ ਲਗ ਪਿਆਰੇ, ਸਤਿਗੁਰ ਦੇ, ਬੇਮੁਖ ਹੋਏ ਮੂਲ ਨਾ ਹਰਗਿਜ਼, ਭਾਵੇ ਤਾਅਨੇ ਦੇਵੇ ਸਾਰਾ ਜਗ ਪਿਆਰੇ।"

ਜਲੰਧਰ ਦੇ ਸਈਅਦ ਮੀਰਾ ਸ਼ਾਹ (1830-1913), ਖਵਾਜਾ ਗੁਲਾਮ ਫਰੀਦ (1845-1901) ਦੋਨੋ ਨੇ ਪਿਆਰ ਕਹਾਣੀਆਂ ਦੇ ਪ੍ਰਤੀਕ ਚਿੰਨ੍ਹਾਂ ਰਾਹੀਂ ਰਹੱਸਵਾਦੀ ਕਾਫੀਆਂ, ਗਜ਼ਲਾਂ, ਬਾਰਾਮਾਹ ਤੇ ਸਤਵਾਰਾ ਰਾਹੀਂ ਆਪਣੀਆਂ ਕਾਵਿ ਰਚਨਾਵਾਂ ਨੂੰ ਸਿੰਗਾਰ ਕੇ ਪੇਸ਼ ਕੀਤਾ ਹੈ। ਗੁਲਾਮ ਫਰੀਦ ਦੀ ਸੂਫ਼ੀ ਕਵਿਤਾ ਦਾ ਕੋਈ ਮੁਕਾਬਲਾ ਨਹੀਂ ਹੈ। ਇਸੇ ਤਰ੍ਹਾਂ ਸਈਅਦ ਮੀਰ ਹੁਸੈਨ ਦਿੰਜਵਾ (ਗੁਰਦਾਸਪੁਰ) ਦੀ ਸੱਸੀ ਪੁਨੂੰ, 'ਬਾਗ-ਓ-ਮਹੱਬਤ', ਸਾਈਂ ਯਤੀਮ ਸ਼ਾਹ ਗੁਰਦਾਸਪੁਰ ਜਿਹੜਾ ਸੂਫ਼ੀ ਕਵੀ ਸੀ, ਨੇ ਰਹੱਸਵਾਦ ਪ੍ਰਭਾਵਤ ਰਚਨਾ ਰਾਹੀਂ ਦੁਨਿਆਵੀਂ ਵਸਤਾਂ ਨੂੰ ਤਿਆਗ ਕੇ ਪ੍ਰਮਾਤਮਾ ਨਾਲ ਜੁੜਨ ਲਈ ਕਿਹਾ।

ਪੰਜਾਬ ਦੇ ਸੂਫ਼ੀ ਫਕੀਰਾਂ ਅਤੇ ਕਵੀਆਂ ਦੀ ਸੂਫ਼ੀ ਕਾਵਿ ਰਚਨਾਵਾਂ ਨੇ ਪੰਜਾਬ ਦੇਸ਼ ਦੇ ਭਾਸ਼ਾਈ, ਸਾਹਿਤਕ ਅਤੇ ਸੱਭਿਆਚਾਰਕ ਵਿਰਸੇ ਨੂੰ ਅਮੀਰ ਹੀ ਨਹੀਂ ਬਣਾਇਆ ਸਗੋਂ ਪੰਜਾਬ ਦੇ ਲੋਕਾਂ ਨੂੰ ਇਕ-ਮਿਕ ਕਰਕੇ ਪੰਜਾਬੀਅਤ ਨੂੰ ਮਜ਼ਬੂਤ ਕੀਤਾ। ਫਰੀਦ ਜੀ ਵੱਲੋਂ- 'ਸਕਿਓ, ਬੰਧਨ ਕੀ ਵੇਲਾ, ਜਬ, ਤਬ, ਜਲ ਜਾਸੀ ਢੋਲਾ ਹਥੁ ਨਾ ਲਾਇ ਕਸੁੰਬੜੇ," ਬੁਲ੍ਹੇ ਸ਼ਾਹ ਵੱਲੋਂ "ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ," ਸ਼ਾਹ ਹੁਸੈਨ ਦੇ ਬੋਲ-"ਕਾਜ਼ੀ ਮੁੱਲਾ ਮੱਤੀ ਦੇਂਦੇ ਖਰੇ ਸਿਆਣੇ ਰਾਹ ਦਸੇਂਦੇ", ਹਾਸ਼ਮ ਸ਼ਾਹ ਦਾ ਕਹਿਣਾ-"ਇਕੋ ਬੂਟਾ, ਇਕੋ ਲਜ਼ਤ, ਇਕੋ ਪਤਾ ਨਿਸ਼ਾਨੀ, ਉਸ ਬੂਟਿਓ ਫੁਲ ਮਜ਼ਾਜ਼ੀ, ਮੇਵਾ ਇਸ਼ਕ ਹੱਕਾਨੀ," ਮੀਰਾਂ ਸ਼ਾਹ ਜਲੰਧਰੀ ਦੇ ਸ਼ਬਦ-"ਮੈਂ ਤਰ ਗਈ ਰਾਂਝਾ ਏ", ਬੁਲ੍ਹੇਸ਼ਾਹ ਨੇ ਤਾਂ ਇਥੋਂ ਤਕ ਐਲਾਨ ਕਰ ਦਿੱਤਾ-"ਹਾਜੀ ਲੋਕ ਮੱਕੇ ਨੂੰ ਜਾਂਦੇ, ਅਸੀਂ ਜਾਣਾ ਤਖਤ ਹਜ਼ਾਰੇ" ਤੋਂ ਬਿਨ੍ਹਾਂ ਬੂਅਲੀ ਕਲੰਦਰ ਪਾਨੀਪਤੀ, ਸ਼ਾਹ ਸ਼ਰਫ ਲਾਹੌਰੀ, ਸ਼ਾਹ ਲਤੀਫ ਰਾਵਲਪਿੰਡੀ ਅਤੇ ਹੋਰ ਵੀ ਬਹੁਤ ਸਾਰੇ ਦਰਵੇਸ਼, ਫ਼ਕੀਰ ਕਵੀ ਤੇ ਦਰਵੇਸ਼ੀ ਦੇ ਕਵੀ ਸਨ ਜਿਨ੍ਹਾਂ ਨੇ ਸ਼ਬਦਾਂ ਰਾਗਾਂ ਵਿੱਚ ਜਿਵੇਂ ਅਹਿਮਦ, ਆਲਮਸਾਈਂ, ਅਸ਼ਰਫ, ਬਖ਼ਸ਼ਾ, ਬਾਕੀਸ਼ਾਹ, ਬੂੜਾ, ਦਾਨਾ, ਫਰਦ ਫ਼ਕੀਰ, ਫ਼ਾਜਲ, ਫਿਦਵੀ, ਹਬੀਬ, ਜਾਨਾਂ, ਮਹਿਬੂਬ, ਮਹਿਰਮ ਸ਼ਾਹ, ਮਿਸਕੀਨ, ਮੁਸ਼ਤਾਕ, ਤਜੀਅਬ, ਵਜੀਦਾ ਆਦਿ ਨੇ ਮਿਠੀ ਬੋਲੀ ਅੰਦਰ ਭਾਖਾ, ਢੰਗ, ਢੁੱਕਦੇ ਫਰਕ ਬਿਨ੍ਹਾਂ ਸਮਾਜੀ ਸਹਿਨਸ਼ੀਲਤਾ ਦਾ, ਹੁਕਮ ਮੰਨਣ ਦਾ, ਰੱਬ ਨਾਲ ਪਿਆਰ ਦਾ ਪ੍ਰਚਾਰ ਕੀਤਾ। ਇਨ੍ਹਾਂ ਸੂਫ਼ੀ ਦਰਵੇਸ਼ਾਂ, ਫ਼ਕੀਰਾਂ ਤੇ ਕਵੀਆਂ ਨੇ ਪੰਜਾਬ ਦੀ ਧਰਤੀ ਤੇ ਪੈਦਾ ਹੋਏ ਜੀਵਾਂ, ਪਰਿੰਦਿਆ, ਪੌਦਿਆ, ਜਾਨਵਰਾਂ, ਮਨੁੱਖ, ਪੇਂਡੂ ਤੇ ਸ਼ਹਿਰੀ ਚੁਗਿਰਦੇ ਨੂੰ ਹਿੱਕ ਨਾਲ ਲਾ ਕੇ ਉਨ੍ਹਾਂ ਨਾਲ ਜੁੜੇ ਅਲੰਕਾਰ, ਉਪਮਾਵਾਂ ਅਤੇ ਨਾਵਾਂ ਨੂੰ ਆਪਣੀਆਂ ਰਚਨਾਵਾਂ ਅੰਦਰ ਇਕ ਜੜ੍ਹਤ ਬਣਾ ਕੇ ਪੰਜਾਬੀ ਬੋਲੀ, ਸਾਹਿਤ ਅਤੇ ਸੱਭਿਆਚਾਰ ਨੂੰ ਅਮਰ ਬਣਾ ਦਿੱਤਾ। (ਡਾ ਮੋਹਨ ਸਿੰਘ)

ਸਾਵਲ ਦੀ ਮੈਂ ਬਾਦੀ ਬਰਦੀ,
ਸਾਵਲ ਮੈਂਹਡਾ ਸਾਈਂ।
ਕਹੈ ਹੁਸੈਨ ਫ਼ਕੀਰ ਨਿਮਾਣਾ,
ਸਾਂਈ ਸਿਕਦੀ ਨੂੰ ਦਰਸੁ ਦਿਖਾਈਂ।

# ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਨੇ ਆਲਮੀ ਤੇ ਭਾਰਤੀ ਅਰਥਚਾਰਿਆਂ ਦੀ ਚਲਦੀ ਮੰਦੀ ਨੂੰ ਕੀਤਾ ਹੋਰ ਡੂੰਘਾ ਕੀਤਾ

## ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਹੋਈਆਂ ਬੇਨਕਾਬ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301




ਬੀਤੇ ਸਾਲ ਦੇ ਮੁਕਾਬਲੇ ਇਸ ਵਾਰ ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦੇ ਵੱਧ ਖ਼ਤਰਨਾਕ ਹੋਣ ਕਰਕੇ ਸਾਰੀ ਕਾਇਨਾਤ ਸੰਕਟ ਗ੍ਰਸਿਤ ਹੈ। ਇਸ ਬਿਮਾਰੀ ਦੀ ਸਾਰੇ ਪੱਖਾਂ ਨੂੰ ਵਿਚਾਰੇ ਬਿਨਾਂ ਅਸੀਂ ਕਿਸੇ ਸਿੱਟੇ ਤੇ ਨਹੀਂ ਪਹੁੰਚ ਸਕਦੇ। ਬੀਤੇ 24 ਘੰਟਿਆਂ ਦੌਰਾਨ 2,76,110 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਹੀ ਕੁੱਲ.ਮਾਮਲਿਆਂ ਦੀ ਗਿਣਤੀ ਵਧ ਕੇ 2,57,72,440 ਹੋ ਗਈ। ਇਸ ਦੌਰਾਨ 37,74 ਲੋਕਾਂ ਦੀ ਮੌਤ ਨਾਲ ਕੁੱਲ ਮਰਨ ਵਾਲਿਆਂ ਦੀ ਗਿਣਤੀ 2,87,122 ਹੋ ਗਈ। ਇਸ ਤਰ੍ਹਾਂ ਮੌਤ ਦਰ 1.11 ਫੀਸਦੀ ਹੈ। ਭਵਿਖ ਚ ਇਸ ਬੀਮਾਰੀ ਦੀ ਤੀਜੀ ਲਹਿਰ ਦੇਆਉਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਕਰੋਨਾ ਦੇ ਨਾਲ ਨਾਲ ਬਲੈਕ ਫੰਗਸ ਨਾਂ ਦੀ ਬਿਮਾਰੀ ਵੀ ਇਸ ਵਿੱਚ ਸਾਮਲ ਹੋ ਗਈ ਹੈ। ਦੂਜੇ ਪਾਸੇ ਇਸ ਬਿਮਾਰੀ ਦੇ ਆਉਣ ਤੋਂ ਪਿੱਛੋਂ ਦੁਨੀਆਂ ਚ 8 ਲੋਕ ਨਵੇਂ ਅਰਬਪਤੀਆਂ ਦੀ ਸੂਚੀ ਚ ਸ਼ਾਮਲ ਹੋ ਗਏ ਹਨ। ਕੋਵਿਡ ਵੈਕਸੀਨ ਬਣਾਉਣ ਵਰਗੀਆਂ ਪ੍ਰਮੁੱਖ ਫਾਰਮਾ ਕੰਪਨੀਆਂ ਅੰਨ੍ਹੇਵਾਹ ਮੁਨਾਫਾ ਕਮਾ ਰਹੀਆਂ ਹਨ ਕਿਉਂਕਿ ਸਰਕਾਰ ਨੇ ਹੈਲਥ ਕੇਅਰ ਸਿਸਟਮ ਨੂੰ ਨਿੱਜੀ ਹੱਥਾਂ ਚ ਸੌਂਪ ਦਿੱਤਾ ਹੈ। ਕੋਰੋਨਾ ਵਾਇਰਸ ਵੈਕਸੀਨ ਕਾਰਨ ਜਿਹੜੇ ਲੋਕ ਅਰਬਪਤੀ ਕਲੱਬ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਦੀ ਕੁੱਲ ਮਿਲਾ ਕੇ ਦੌਲਤ 19.3 ਅਰਬ ਡਾਲਰ (15.8 ਯੂਰੋ) ਹੈ। ਇਨ੍ਹਾਂ ਅਰਬਪਤੀਆਂ ਵਿੱਚੋਂ ਪੁਣੇ ਸਥਿਤ ਸੀਰਮ ਇੰਸਟੀਚਿਊਟ ਆਫ ਇੰਡੀਆ ਦੇ ਸੰਸਥਾਪਕ ਸਾਇਰਸ ਪੂਨਾਵਾਲਾ ਵੀ ਸਾਮਲ ਹਨ, ਜਿਨ੍ਹਾਂ ਨੇ ਸਾਲ 2021ਵਿੱਚ 12.7 ਅਰਬ ਡਾਲਰ ਕਮਾਏ ਹਨ। ਪਿਛਲੇ ਸਾਲ 82 ਅਰਬ ਡਾਲਰ ਕਮਾਏ ਸਨ। ਇਸ ਤੋਂ ਇਲਾਵਾ ਕੈਡਿਲਾ ਹੈਲਥਕੇਅਰ ਦੇ ਪੰਕਜ ਪਟੇਲ ਨੇ ਇਸ ਸਾਲ ਪੰਜ ਅਰਬ ਡਾਲਰ ਕਮਾਏ ਹਨ ਤੇ ਪਿਛਲੇ ਸਾਲ 2.9 ਅਰਬ ਡਾਲਰ ਕਮਾਏ ਸਨ।

ਇਸ ਉਪਰੰਤ ਅੰਕੜਿਆਂ ਦੇ ਬਾਵਜੂਦ ਕੁਝ ਲੋਕ ਕੋਰੋਨਾ ਨੂੰ ਬੀਮਾਰੀ ਹੀ ਨਹੀਂ ਮੰਨਦੇ ਜਾਂ ਕੋਰੋਨਾ ਦੀ ਵੈਕਸੀਨ ਨੂੰ ਬੇਲੋੜਾ/ਖਤਰਨਾਕ ਮੰਨਦੇ ਹਨ। ਜਦੋਂ ਇਹ ਦੋਨੋਂ ਹੀ ਧਾਰਨਾਵਾਂ ਗਲਤ ਹਨ। ਕਰੋਨਾ ਵਰਗੀਆਂ ਮਹਾਂਮਾਰੀਆਂ ਸਾਡੀਆਂ ਸਰਕਾਰਾਂ ਦੀਆਂ ਆਰਥਿਕ ਨੀਤੀਆਂ ਦਾ ਹੀ ਸਿੱਟਾ ਹਨ ਜੋ ਸਾਡੇ ਵਾਤਾਵਰਣ ਨੂੰ ਬਰਬਾਦ ਕਰ ਰਹੀਆਂ ਹਨ। ਇਸ ਦੇ ਸਿੱਟੇ ਵਜੋਂ ਇਨਸਾਨਾਂ ਚ ਰੋਗ ਪ੍ਰਤੀਰੋਧਕ ਸਮਰੱਥਾ ਘਟੀ ਹੈ। ਕੋਰੋਨਾਂ ਮਹਾਂਮਾਰੀ ਦੇ ਪਹਿਲਾਂ ਤੋਂ ਵੀ ਦੁਨੀਆਂ ਦੇ ਅਰਥਚਾਰੇ ਦੀ ਸਥਿਤੀ ਮੰਦੇ ਵਿੱਚੋਂ ਗੁਜ਼ਰ ਰਹੀ ਸੀ। ਪੂਰੇ ਯੂਰਪੀਅਨ ਯੂਨੀਅਨ ਦਾ ਸੰਯੁਕਤ ਅਰਥਚਾਰਾ 2020 ਦੀ ਪਹਿਲੀ ਤਿਮਾਹੀ ਚ 3.5 ਫੀਸਦੀ ਤੋਂ ਡਿੱਗਿਆ ਹੈ। ਹੁਣ ਤੱਕ ਦੀ ਇਹ ਸੱਭ ਤੋਂ ਵੱਡੀ ਗਿਰਾਵਟ ਹੈ। ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਦੀ ਹੈ। ਉਸ ਵਿੱਚ 2020 ਦੀ ਪਹਿਲੀ ਤਿਮਾਹੀ ਚ ਇੱਕ ਹੀ ਸਾਲ ਦੇ ਅਰਸੇ ਚ 6.8 ਫੀਸਦੀ ਦੀ ਗਿਰਾਵਟ ਆਈ। ਦੁਨੀਆਂ ਦੇ ਬਾਕੀ ਦੇਸ਼ਾਂ ਦੀ ਸਥਿਤੀ ਇਸ ਤੋਂ ਵੀ ਬਦਤਰ ਹੈ। ਭਾਰਤ ਦੀ ਅਰਥਵਿਵਸਥਾ ਦੀ ਗਿਰਾਵਟ ਦੇ ਅੰਕੜੇ ਵੀ ਬੇਹੱਦ ਨਿਰਾਸ਼ਾਜਨਕ ਹਨ। ਕੋਰੋਨਾ ਮਹਾਂਮਾਰੀ ਅਤੇ ਵਿਤੀ ਸੰਕਟ ਦੋਨਾਂ ਦਾ ਕੀ ਕਾਰਨ ਪਰਜੀਵੀ ਸਰਮਾਏਦਾਰੀ ਵਿੱਤੀ ਪ੍ਰਬੰਧ ਹੈ ਅਤੇ ਇਸ ਵੱਲੋਂ ਲਾਗੂ ਕੀਤਾ ਜਾ ਰਿਹਾ ਹੈ ਸਾਮਰਾਜੀ ਵਿਕਾਸ ਮਾਡਲ ਹੈ। ਪਿਛਲੇ ਸਾਲ ਆਏ ਵਾਇਰਸ ਦੀ ਤਰ੍ਹਾਂ ਇਸ ਵਾਰ ਦਾ ਖਤਰਨਾਕ ਵਾਇਰਸ ਵੀ ਸਾਮਰਾਜੀ ਮੁਲਕਾਂ ਦੀ ਦੇਣ ਹੈ।

ਪੈਦਾਵਾਰ ਦਾ ਸਰਮਾਏਦਾਰੀ ਢੰਗ ਤਰੀਕਾ ਜੋ ਇਹਨਾਂ ਦੇਸ਼ਾਂ ਨੇ ਅਪਣਾਇਆ ਹੈ, ਉਸ ਦਾ ਮਕਸਦ ਖਪਤਕਾਰਕਾਰੀ ਵਸਤਾਂ ਦੀ ਮੰਡੀ ਵਿੱਚ ਵੱਧ ਤੋਂ ਵੱਧ ਮਾਲ ਸਪਲਾਈ ਕਰ ਕੇ ਵੱਡਾ ਮੁਨਾਫਾ ਕਮਾਉਣਾ ਹੁੰਦਾ ਹੈ। ਪੈਦਾਵਾਰ ਅਤੇ ਵਿਕਾਸ ਦਾ ਇਹੋ ਮਾਡਲ ਇਨ੍ਹਾਂ ਮੁਲਕਾਂ ਨੇ ਭਾਰਤ ਤੇ ਵੀ ਠੋਸਿਆ ਹੋਇਆ ਹੈ। ਆਲਮੀ ਵਪਾਰਕ ਸੰਸਥਾ (ਡਬਲਯੂਟੀਓ) ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਨ ਨੂੰ ਸਾਰੀ ਦੁਨੀਆਂ ਦੇ ਦੇਸ਼ਾਂ ਅਤੇ ਲੋਕਾਂ ਤੇ ਲਾਗੂ ਕਰਨ ਵਾਲੀ ਸੰਸਥਾ ਹੈ। ਕੋਰੋਨਾ ਵਾਇਰਸ ਕਿਸੇ ਲੈਬੋਰਟਰੀ ਵਿੱਚ ਨਹੀਂ ਬਲਕਿ ਕੁਦਰਤ ਦੇ ਹੀ ਪ੍ਰਬੰਧ ਵਿਚ ਤਿਆਰ ਹੋਇਆ ਹੈ। ਸਾਮਰਾਜੀ ਲੁਟੇਰਿਆਂ ਨੇ ਆਪਣੇ ਕਥਿਤ ਵਿਕਾਸ ਰਾਹੀਂ ਕੁਦਰਤ ਦੇ ਵਾਤਾਵਰਨ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਇਸ ਵਾਇਰਸ ਨੇ ਵਿਕਸਿਤ ਦੇਸ਼ਾਂ ਅਮਰੀਕਾ, ਫਰਾਂਸ, ਜਰਮਨੀ, ਸਪੇਨ, ਰੂਸ, ਇੰਗਲੈਂਡ ਆਦਿ ਵਰਗੇ ਦੇਸ਼ਾਂ ਦੇ ਸਿਹਤ ਪ੍ਰਬੰਧਾਂ ਦਾ ਵੀ ਜਨਾਜਾ ਕੱਢ ਛੱਡਿਆ ਹੈ ਕਿਉਂਕਿ ਭਾਰਤ ਸਮੇਤ ਕੋਈ ਵੀ ਸਰਮਾਏਦਾਰ ਮੁਲਕ ਆਪਣਾ ਵਿਕਾਸ ਕੁਦਰਤ ਅਤੇ ਮਨੁੱਖ ਦੀਆਂ ਲੋੜਾਂ ਅਨੁਸਾਰ ਨਹੀਂ ਕਰ ਰਿਹਾ ਬਲਕਿ ਮੁਨਾਫਾਖੋਰ ਬਹੁਕੌਮੀ ਕਾਰਪੋਰੇਸਨਾਂ ਦੀ ਦੌਲਤ ਦੇ ਅੰਬਾਰਾਂ ਚ ਵਾਧਾ ਕਰਨ ਲਈ ਕਰ ਰਿਹਾ ਹੈ। ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀਆਂ ਵਸਤਾਂ ਨਾਲੋਂ ਵੱਧ ਵਿਲਾਸਤਾ ਤੇ ਸੁੰਦਰਤਾ ਦੇ ਸਾਮਾਨ ਦੀ ਅੰਧਾਧੁੰਦ ਪੈਦਾਵਾਰ ਕੀਤੀ ਜਾ ਰਹੀ ਹੈ। ਸਾਰਸ, ਜਪਾਨੀ ਫਲੂ, ਮਰਸ ਤੇ ਇੰਬੋਲਾ ਵਰਗੇ ਵਾਇਰਸ ਪਹਿਲਾਂ ਵੀ ਮਨੁੱਖੀ ਜਾਨਾਂ ਦਾ ਖੋਹ ਬਣਦੇ ਰਹੇ ਹਨ। ਕੋਰੋਨਾ ਵਾਇਰਸ ਦੀ ਖਾਸੀਅਤ ਇਹ ਹੈ ਕਿ ਇਹ ਬਦਲਦੇ ਵਾਤਾਵਰਨ ਅਤੇ ਦਵਾਈਆਂ ਦੇ ਅਸਰ ਹੇਠ ਮਊਟੇਟ ਹੁੰਦਾ ਹੋਇਆ ਨਵੀਆਂ ਸ਼ਕਲਾਂ ਅਖਤਿਆਰ ਕਰਦਾ ਰਹਿੰਦਾ ਹੈ, ਵਇਰਸ ਦੀ ਹਰ ਨਵੀਂ ਕਿਸਮ ਪਹਿਲੀ ਨਾਲੋਂ ਵੱਧ ਘਾਤਕ ਹੁੰਦੀ ਹੈ। ਜ਼ਿਕਰਯੋਗ ਹੈ ਕਿ ਇਸ ਦੇ ਨਤੀਜੇ ਵਜੋਂ ਵਾਇਰਸ ਲਈ ਨਵੀਂ ਸ਼ਕਲ ਤਿਆਰ ਕਰਨ ਕਰ ਕੇ ਬਿਮਾਰੀ ਦੀ ਤੀਜੀ ਲਹਿਰ ਨੂੰ ਜਨਮ ਦੇਣਾ ਹੈ। ਪਿਛਲੇ ਸਾਲ ਇਸ ਬਿਮਾਰੀ ਕਾਰਨ ਨੂੰ ਸਰਕਾਰ ਵੱਲੋਂ ਵੱਡੀ ਪੱਧਰ ਤੇ ਠੋਸੇ ਲਾਕਡਾਊਨ ਨੇ ਮਿਹਨਤਕਸ਼ ਜਨਤਾ ਦਾ ਬਹੁਤ ਨੁਕਸਾਨ ਕੀਤਾ ਹੈ। 2.7 ਬਿਲੀਅਨ ਮਜਦੂਰਾਂ ਤੇ ਇਸ ਪੂਰੇ ਲੋਕਡਾਊਨ ਦਾ ਬਹੁਤ ਬੁਰਾ ਅਸਰ ਪਿਆ ਹੈ, ਜੋ ਦੁਨੀਆਂ ਦੇ ਕੁੱਲ ਮਜ਼ਦੂਰਾਂ-3.3 ਬਿਲੀਅਨ ਦਾ 81 ਫ਼ੀਸਦੀ ਹੈ। ਇਹਨਾਂ ਮਜ਼ਦੂਰਾਂ ਇਸ ਤੋਂ ਇਲਾਵਾ ਛੋਟੇ ਕਾਰੋਬਾਰੀਆਂ, ਲਘੂ ਵਪਾਰੀਆਂ, ਦਸਤਕਾਰਾਂ, ਨੀਮ-ਸਰਮਾਏਦਾਰਾਂ, ਨੌਜਵਾਨਾਂ, ਮੁਲਾਜਮਾਂ, ਘਰੇਲੂ ਕਾਰੋਬਾਰੀਆਂ ਔਰਤਾਂ ਤੇ ਵਿਦਿਆਰਥੀਆਂ ਨੂੰ ਰੁਜਗਾਰ ਤੇ ਆਮਦਨ ਵਿਚ ਵੱਡਾ ਘਾਟਾ ਪਿਆ। ਆਈਐਮਐਫ, ਸੰਸਾਰ ਬੈਂਕ, ਓਈਸੀਡੀ ਇਹ ਨਿਜੀ ਪੁਨਰ ਅਨੁਮਾਣ ਕਰਤਾਵਾਂ ਦੇ ਹਿਸਾਬ ਨਾਲ ਵਿਸ਼ਵੀ ਜੀਡੀਪੀ ਚ ਕਰੀਬ ਪੰਜ ਫੀਸਦੀ ਦਾ ਘਾਟਾ ਪਿਆ ਹੋਵੇਗਾ, ਜੋ 2008 ਦੀ ਆਰਥਕ ਮੰਦੀ ਤੋਂ ਕਾਫੀ ਵੱਧ ਹੈ। ਪਿਛਲੇ ਸਾਲ ਦੀ ਕੋਰੋਨਾ ਲਹਿਰ ਵਾਂਗੂ ਇਸ ਵਾਰ ਵੀ ਲੱਖਾਂ ਮਿਹਨਤਕਸ਼ ਖਾਣੇ ਦੀ ਇਕ-ਇਕ ਦਾਣੇ ਲਈ ਭੀਖ ਮੰਗਣ ਨੂੰ ਮਜਬੂਰ ਹਨ। ਉਨ੍ਹਾਂ ਹੀ ਸ਼ਹਿਰਾਂ ਚ ਜਿਨ੍ਹਾਂ ਨੂੰ ਉਨ੍ਹਾਂ ਮਿਹਨਤਕਸ਼ਾਂ ਨੇ ਬਣਾਇਆ ਹੈ। ਮੱਧਵਰਗ ਦੇ ਵੱਡੇ ਹਿੱਸੇ ਅਤੇ ਸਵੈ-ਨਿਯੋਜਿਤ ਲੋਕ ਵੀ ਅੱਜ ਸਾਧਨਾਂ ਦੀ ਕਮੀ ਅਤੇ ਮਨੋਵਿਗਿਆਨਕ ਸਮਸਿਆਵਾਂ ਕਾਰਨ ਲਾਚਾਰ ਹਨ। ਬਜ਼ੁਰਗਾਂ ਨੂੰ ਪੁਲਸ ਤੇ ਸਮਾਜ ਵਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਆਈਐਲਓ ਦੀ ਰਿਪੋਰਟ ਮੁਤਾਬਕ ਦੁਨੀਆਂ ਭਰ ਵਿੱਚ ਲੱਖਾਂ ਨੌਕਰੀਆਂ ਚਲੀਆਂ ਗਈਆਂ ਹਨ। ਅੱਜ ਸਾਡੇ ਅਰਥਚਾਰੇ ਦਾ ਵਿਆਪਕ ਪੱਧਰ ਤੇ ਵਿੱਤੀਕਰਨ ਹੋਇਆ ਹੈ ਜਿਸ ਨਾਲ ਪੂੰਜੀ ਕੁਝ ਹੀ ਹੱਥਾਂ ਵਿੱਚ ਕੇਂਦਰਿਤ ਹੋ ਚੁੱਕੀ ਹੈ। ਭਾਰਤ ਦੇ ਅਰਥਚਾਰੇ ਦੀ ਸਥਿਤੀ ਤਾਂ ਇਸ ਕੋਰੋਨਾ ਮਹਾਂਮਾਰੀ ਦੇ ਆਉਣ ਤੋਂ ਪਹਿਲਾਂ ਹੀ ਬਹੁਤ ਨਾਜੁਕ ਸੀ ਜਿਸ ਕਰਕੇ ਸਰਕਾਰ ਨੇ ਪਹਿਲੇ ਹੀ ਅੰਕੜੇ ਦੇਣੇ ਬੰਦ ਕਰ ਦਿੱਤੇ ਸਨ ਤਾਂ ਕਿ ਸਚਾਈ ਬਾਹਰ ਨਾ ਆ ਸਕੇ।

**ਮੋਦੀ ਦੀ ਫਾਸ਼ੀਵਾਦੀ ਤੇ ਲੋਕ ਵਿਰੋਧੀ ਹਕੂਮਤ ਦੀ ਕਾਰਗੁਜ਼ਾਰੀ:-**

ਪਿਛਲੇ ਸਾਲ ਦੀ ਕੋਰੋਨਾ ਮਹਾਵਾਰੀ ਦੇ ਅਰਸੇ ਨੂੰ ਮੋਦੀ ਹਕੂਮਤ ਨੇ ਆਪਣੀਆਂ ਸਾਮਰਾਜੀ ਤੇ ਕਾਰਪੋਰੇਟ ਪੱਖੀ ਨੀਤੀਆਂ ਨੂੰ ਤੇਜੀ ਨਾਲ ਲਾਗੂ ਕਰਨ ਲਈ ਦੱਬ ਕੇ ਵਰਤਿਆ। ਮਜ਼ਦੂਰਾਂ ਤੇ ਲਾਗੂ ਹੁੰਦੇ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹੋਏ, ਉਨ੍ਹਾਂ ਨੂੰ ਤਹਿਸ ਨਹਿਸ ਕਰਕੇ ਕਾਰਖਾਨਾ ਮਾਲਕਾਂ ਨੂੰ ਫਾਇਦਾ ਪਹੁੰਚਾਉਦੇ ਚਾਰ ਕੋਡ ਬਣਾ ਦਿੱਤੇ। ਉਨ੍ਹਾਂ ਦੀ ਦਿਹਾੜੀ 8 ਘੰਟੇ ਦੀ ਥਾਂ 12 ਘੰਟੇ ਕਰ ਦਿੱਤੀ। ਖੇਤੀ ਖੇਤਰ ਲਈ ਤਿੰਨ ਕਾਲੇ ਕਾਨੂੰਨ ਪਾਸ ਕਰ ਦਿੱਤਾ, ਜਿਹਨਾਂ ਦਾ ਮਤਲਬ ਕਿਸਾਨਾਂ ਕੋਲੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟਾਂ ਦੇ ਹਵਾਲੇ ਕਰਨ, ਠੇਕਾ ਖੇਤੀ ਸ਼ੁਰੂ ਕਰਨ, ਘੱਟੋ ਘੱਟ ਸਹਾਇਕ ਮੁੱਲ ਖ਼ਤਮ ਕਰ ਕੇ ਸਰਕਾਰੀ ਮੰਡੀਆਂ ਦੀ ਥਾਂ ਨਿਜੀ ਮੰਡੀਆਂ ਨੂੰ ਲਿਆਉਣ ਅਤੇ ਜਰੂਰੀ ਵਸਤਾਂ ਗ਼ਰੀਬਾਂ ਨੂੰ ਦੇਣ ਵਾਲੀ ਜਨਤਕ ਵੰਡ ਪ੍ਰਣਾਲੀ ਖਤਮ ਕਰਨ ਤੇ ਭੰਡਾਰਨ ਦੀ ਸਹੂਲਤ ਕਿਸਾਨਾਂ ਤੋਂ ਖੋਹ ਕੇ ਵੱਡੇ ਵਪਾਰੀਆਂ ਤੇ ਕਾਰਪੋਰੇਟ ਅਦਾਰਿਆਂ ਨੂੰ ਦੇਣਾ ਹੈ। ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਗਰੀਬੀ ਤੇ ਅਨਿਆਂ ਦੇ ਖ਼ਿਲਾਫ਼ ਲੋਕਾਂ ਦੇ ਉਠੇ ਸੰਘਰਸ਼ਾਂ ਨੂੰ ਕੁਚਲਣ ਲਈ ਜਨਤਕ ਤੇ ਨਿੱਜੀ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਕਾਨੂੰਨ ਲਿਆਂਦਾ ਗਿਆ ਅਤੇ ਉਸੇ ਤਰਜ਼ ਤੇ ਪੰਜਾਬ ਸਰਕਾਰ ਨੇ ਅਜਿਹਾ ਕਨੂੰਨ ਪਾਸ ਕੀਤਾ। ਕੋਰੋਨਾ ਮਹਾਂਮਾਰੀ ਦੇ ਪਹਿਲੇ ਦੌਰ ਵਿਚ ਪਿਛਲੇ ਸਾਲ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਚੱਲ ਰਹੇ ਸੰਗੀਨ ਬਾਗ ਵਰਗੇ ਮੋਰਚਿਆਂ ਨੂੰ ਖਤਮ ਕਰਵਾਇਆ ਗਿਆ। ਉਸ ਸਾਲ ਵੀ ਕੇਂਦਰ ਸਰਕਾਰ ਦੀ ਅੱਖ ਤਿੰਨ ਕਾਲੇ ਖੇਤੀ ਕਨੂੰਨਾਂ ਵਿਰੁੱਧ ਚੱਲ ਰਹੇ ਕਿਸਾਨਾਂ ਦੇ ਘੋਲ ਨੂੰ ਖਤਮ ਹੋਣ ਤੇ ਹੈ। ਲੋਕਾਂ ਦੀ ਸਿਹਤ ਨੂੰ ਤਰਜੀਹ ਤੇ ਰੱਖਣ ਦੀ ਬਜਾਏ ਕੇਂਦਰ ਤੇ ਰਾਜ ਸਰਕਾਰਾਂ ਆਪਣੀਆਂ ਪਾਲਿਸੀਆਂ ਨੂੰ ਲਾਗੂ ਕਰਨ ਦੀ ਹੀ ਕਾਹਲੀ ਵਿੱਚ ਰਹਿੰਦੀਆਂ ਹਨ। ਪਿਛਲੇ ਸਾਲ ਮੋਦੀ ਸਰਕਾਰ ਨੇ ਕੋਰੋਨਾ ਦੀ ਮਹਾਂਮਾਰੀ ਨਾਲ ਨਿਪਟਣ ਲਈ ਪਹਿਲਾਂ ਕੋਈ ਤਿਆਰੀ ਨਹੀਂ ਕੀਤੀ। ਸਿਹਤ ਢਾਂਚੇ ਨੂੰ ਮਜ਼ਬੂਤ ਨਹੀਂ ਕੀਤਾ ਅਤੇ ਲੋਕਾਂ ਦੀ ਰੋਟੀ ਰੋਜ਼ੀ ਦਾ ਪ੍ਰਬੰਧ ਕੀਤੇ ਬਗੈਰ ਹੀ ਇਕਦਮ ਲਾਕਡਾਊਨ ਤੇ ਕਰਫਿਊ ਲਾ ਦਿੱਤਾ, ਜਿਸ ਨਾਲ ਲੋਕਾਂ ਦਾ ਨੱਕ ਵਿੱਚ ਦਮ ਆ ਗਿਆ ਤੇ ਇੱਥੇ ਉਹ ਭੁੱਖੇ ਭਾਣੇ ਹੀ ਪੈਦਲ ਆਪਣੇ ਘਰ ਨੂੰ ਚੱਲ ਪਏ। ਰਸਤੇ ਵਿੱਚ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਤੇ ਜਿਨ੍ਹਾਂ ਦੀ ਰੋਟੀ ਰੋਜ਼ੀ ਖੁਸ ਗਈ ਉਹ ਭੁਖਮਰੀ ਦਾ ਸ਼ਿਕਾਰ ਹੋ ਗਏ। ਮਹਾਂਮਾਰੀ ਦੀ ਪਹਿਲੀ ਲਹਿਰ ਦੇ ਮੱਠਾ ਪੈ ਜਾਣ ਪਿੱਛੋਂ ਥੋੜ੍ਹੇ ਸਮੇਂ ਬਾਅਦ ਹੀ ਚਿਤਾਵਨੀ ਦਿੱਤੀ ਗਈ ਸੀ ਕਿ ਦੂਜੀ ਲਹਿਰ ਆ ਰਹੀ ਹੈ ਤੇ ਉਹ ਪਹਿਲੀ ਨਾਲੋਂ ਵੱਧ ਘਾਤਕ ਹੋਵੇਗੀ ਪਰ ਮੋਦੀ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਤੇ ਆਪਣਾ ਚੋਣ ਏਜੰਡਾ ਚਾਲੂ ਰੱਖਿਆ। ਜਨਤਕ ਸਿਹਤ ਪ੍ਰਣਾਲੀ ਦੀਆਂ ਖਾਮੀਆਂ ਨੂੰ ਦੂਰ ਨਹੀਂ ਕੀਤਾ। ਨਵੇਂ ਡਾਕਟਰ ਤੇ ਹੋਰ ਅਮਲਾ ਭਰਤੀ ਕਰਕੇ ਮਜ਼ਬੂਤ ਕਰਨ ਦੀ ਬਜਾਏ ਨਿੱਜੀ ਹਸਪਤਾਲਾਂ ਤੇ ਹੀ ਟੇਕ ਵਧਾਉਣ ਦੀ ਨੀਤੀ ਅੰਦਰਖਾਤੇ ਪਾਸ ਕਰ ਲਈ। ਖੇਤੀ ਨਾਲ ਸਬੰਧਤ ਰੇਹ, ਤੇਲ, ਸਪਰੇਅ, ਕੀਟਨਾਸ਼ਕ ਦਵਾਈਆਂ ਤੇ ਖਾਣ ਪੀਣ ਦੀਆਂ ਹੋਰ ਜਰੂਰੀ ਵਸਤਾਂ ਚ ਆਈ ਮਹਿੰਗਾਈ ਨੂੰ ਨੱਥ ਪਾਉਣ ਲਈ ਕੋਈ ਕਦਮ ਨਹੀਂ ਚੁੱਕੇ ਗਏ ਤੇ ਲੋਕਾਂ ਦੀ ਮਿਹਨਤ ਦਾ ਮੁੱਲ ਵੀ ਮਹਿੰਗਾਈ ਸੂਚਕ ਅੰਕ ਨਾਲ ਜੋੜ ਕੇ ਤੈਅ ਨਹੀਂ ਕੀਤਾ। ਪਹਿਲੀ ਮੰਦੀ ਦੇ ਸ਼ਿਕਾਰ ਹੋਏ ਕਾਰੋਬਾਰੀਆਂ ਨੂੰ ਕਿਸੇ ਕਿਸਮ ਦੇ ਪੈਕੇਜ ਨਹੀਂ ਦਿੱਤੇ। ਬੈਂਕਿੰਗ ਸਿਸਟਮ ਨੂੰ ਢਹਿ ਢੇਰੀ ਹੋਣ ਤੋਂ ਬਚਾਉਣ ਲਈ ਕੋਈ ਨੀਤੀ ਨਹੀਂ ਅਪਣਾਈ। ਸਿੱਖਿਆ ਦੇ ਪਹਿਲਾਂ ਹੀ ਥੋਥੇ ਹੋ ਚੁੱਕੇ ਪ੍ਰਬੰਧ ਨੂੰ ਨਵੀਂ ਸਿੱਖਿਆ ਨੀਤੀ ਲਾਗੂ ਕਰਕੇ ਮੁਨਾਫਾਖੋਰਾਂ ਦੇ ਹਵਾਲੇ ਕਰ ਦਿੱਤਾ।

ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਟਿਊਸ਼ਨ ਸੈਂਟਰਾਂ ਤੇ ਸਿੱਖਿਆ ਦੇ ਹੋਰ ਸਾਰੇ ਅਦਾਰੇ ਬੰਦ ਕਰ ਕੇ ਆਨਲਾਈਨ ਸਿੱਖਿਆ ਦਾ ਇੱਕ ਨਵਾਂ ਹੀ ਸਿਸਟਮ ਚਾਲੂ ਕਰ ਦਿੱਤਾ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਸਮਾਰਟਫੋਨ ਖਰੀਦਣੇ ਪਏ ਅਤੇ ਮਾਪਿਆਂ ਤੇ ਬੇਲੋੜਾ ਬੋਝ ਪਾ ਦਿੱਤਾ ਗਿਆ ਹੈ। ਦਵਾਈਆਂ ਤੇ ਡਾਕਟਰੀ ਦਾ ਹੋਰ ਸਾਜ਼ੋ ਸਾਮਾਨ ਦੀਆਂ ਕੀਮਤਾਂ ਤੇ ਕੰਟਰੋਲ ਰੱਖਣ ਦੀ ਬਜਾਏ ਇਸ ਨੂੰ ਬਾਜ਼ਾਰ ਦੇ ਹਵਾਲੇ ਕਰ ਦਿੱਤਾ ਗਿਆ, ਜਿਸ ਨਾਲ ਲੋਕਾਂ ਦੀ ਵੱਡੀ ਪੱਧਰ ਲੁੱਟ-ਖਸੁੱਟ ਹੋ ਰਹੀ ਹੈ। ਆਕਸੀਜਨ ਤੇ ਹੋਰ ਜਾਨ ਬਚਾਊ ਦਵਾਈਆਂ ਦੀ ਕਾਲਾ ਬਾਜ਼ਾਰੀ ਸਿਖਰਾਂ ਤੇ ਹੈ। ਜਮ੍ਹਾਂਖੋਰਾਂ ਨੇ ਬਾਜ਼ਾਰ ਵਿੱਚ ਜ਼ਰੂਰੀ ਘਰੇਲੂ ਸਾਮਾਨ, ਦਵਾਈਆਂ ਆਦਿ ਦੀ ਨਕਲੀ ਕਿੱਲਤ ਪੈਦਾ ਕੀਤੀ ਹੋਈ ਹੈ ਅਤੇ ਆਪਣੀ ਮਨਮਰਜ਼ੀ ਦੇ ਭਾਅ ਉਨ੍ਹਾਂ ਨੂੰ ਵੇਚ ਰਹੇ ਹਨ। ਸਰਕਾਰੀ ਹਸਪਤਾਲਾਂ ਦੇ ਜਰਜਰੇ ਹੋ ਚੁੱਕੇ ਢਾਂਚੇ ਵਿਚ ਲੈਵਲ- ਇੱਕ ਤੇ ਲੇਵਲ-ਦੋ ਦਾਖਲ ਕਰਨ ਲਈ ਵੀ ਬੈੱਡਾਂ ਦੀ ਸਹੂਲਤ ਨਹੀਂ ਮਿਲ ਰਹੀ। ਡਾਕਟਰਾਂ ਤੇ ਹੋਰ ਜਰੂਰੀ ਪੈਰਾ-ਮੈਡੀਕਲ ਸਟਾਫ, ਸਿਹਤ ਕਾਮੇ ਤੇ ਸਫਾਈ ਕਰਮਚਾਰੀਆਂ ਦੀਆਂ ਅਨੇਕਾਂ ਅਸਾਮੀਆਂ ਖਾਲੀ ਪਈਆਂ ਹਨ ਤੇ ਉਨ੍ਹਾਂ ਦੀ ਘਾਟ ਪੂਰੀ ਨਹੀਂ ਹੋਈ। ਜਿੰਨੇ ਵੀ ਡਾਕਟਰ ਤੇ ਨਰਸਾਂ ਵਗੈਰਾ ਕੰਮ ਕਰਦੀਆਂ ਹਨ ਉਨ੍ਹਾਂ ਦੀਆਂ ਕੰਮ ਦੀਆਂ ਹਾਲਤਾਂ ਬਹੁਤ ਮਾੜੀਆਂ ਹਨ ਅਤੇ ਕੰਮ ਦਾ ਬੋਝ ਜਿ?ਆਦਾ ਹੋਣ ਕਰਕੇ ਉਹ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਰਹੇ ਹਨ । ਕੁਝ ਡਾਕਟਰਾਂ ਦੇ ਨੌਕਰੀ ਛੱਡ ਜਾਣ ਦੀਆਂ ਖਬਰਾਂ ਵੀ ਸੁਣੀਆਂ ਗਈਆਂ ਹਨ। ਏਮਜ ਅਤੇ ਪੀਜੀਆਈ ਵਰਗੇ ਚੰਗੀ ਕਿਸਮ ਦੇ ਹਸਪਤਾਲਾਂ ਨੂੰ ਆਮ ਮਰੀਜਾਂ ਲਈ ਬੰਦ ਕਰਕੇ ਲੋਕਾਂ ਨੂੰ ਇਲਾਜ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਕੈਂਸਰ ਦੇ ਮਰੀਜ਼ ਲਈ ਬਣੇ ਵਿਸੇਸ਼ ਸਹੂਲਤ ਬਾਰੇ ਕੈਂਸਰ ਕੇਅਰ ਸੈਂਟਰਾਂ ਵਿੱਚ ਵੀ ਕੋਰੋਨਾ ਦੇ ਮਰੀਜ ਦਾਖਲ ਕਰ ਲਏ ਹਨ, ਜਿਸ ਨਾਲ ਕੈਂਸਰ ਵਾਲਿਆਂ ਦਾ ਇਲਾਜ ਲਗਪਗ ਬੰਦ ਹੋ ਗਿਆ ਹੈ। ਨਿੱਜੀ ਹਸਪਤਾਲਾਂ ਨੇ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਆਪਣੀਆਂ ਸਿਹਤ ਸਹੂਲਤਾਂ, ਦਵਾਈਆਂ,ਬਿਸਤਰਿਆਂ ਤੇ ਵੈਂਟੀਲੇਟਰਾਂ ਆਦਿ ਦੇ ਖਰਚਿਆਂ ਨੂੰ ਸੈਂਕੜੇ ਗੁਣਾ ਵਧਾ ਕੇ ਵਸੂਲਣਾ ਸ਼ੁਰੂ ਕਰ ਦਿੱਤਾ ਹੈ ਅਤੇ ਮਰੀਜ਼ਾਂ ਦੀ ਵੱਡੀ ਪੱਧਰ ਤੇ ਲੁੱਟ-ਖਸੁੱਟ ਹੋ ਰਹੀ ਹੈ। ਮੌਤ ਹੋ ਜਾਣ ਤੇ ਨਿਜੀ ਹਸਪਤਾਲ ਲੱਖਾਂ ਦੇ ਬਿਲ ਤਾਰਨ ਤੋਂ ਬਗੈਰ ਲਾਸ਼ ਤਕ ਨਹੀਂ ਦਿੰਦੇ। ਪ੍ਰਧਾਨ ਮੰਤਰੀ ਕੇਅਰ ਫੰਡ ਚੋਂ ਖਰੀਦੇ ਗਏ ਦੋ ਦਰਜਨ ਤੋਂ ਵੱਧ ਵੈਂਟੀਲੇਟਰ ਬਠਿੰਡੇ ਦੇ ਨਿੱਜੀ ਹਸਪਤਾਲਾਂ ਨੂੰ ਦੇ ਦਿੱਤੇ ਗਏ। ਜਦ ਕਿ ਉਹ ਸਰਕਾਰੀ ਹਸਪਤਾਲਾਂ ਵਿੱਚ ਇੰਸਟਾਲ ਹੋਣੇ ਚਾਹੀਦੇ ਸਨ। ਕੋਰੋਨਾ ਦੀ ਪਿਛਲੀ ਲਹਿਰ ਮੌਕੇ ਪਿਛਲੇ ਸਾਲ ਭਰਤੀ ਕੀਤੇ ਗਏ ਕੋਰੋਨਾ ਵਲੰਟੀਅਰਾਂ ਨੂੰ ਹਟਾ ਦਿੱਤਾ ਤੇ ਦੁਬਾਰਾ ਉਹਨਾਂ ਨੂੰ ਭਰਤੀ ਵੀ ਨਹੀਂ ਕੀਤਾ ਗਿਆ। ਜਿਹੜੇ ਕੋਰੋਨਾ ਸੇਂਟਰ ਪਿਛਲੇ ਸਾਲ ਕੋਰੋਨਾ ਦੇ ਕੇਸ ਘਟਣ ਪਿੱਛੋਂ ਬੰਦ ਕਰ ਦਿੱਤੇ ਗਏ ਸਨ ਉਹ ਇਸ ਸਾਲ ਦੁਬਾਰਾ ਚਾਲੂ ਹੀ ਨਹੀਂ ਕੀਤੀ ਗਏ। ਬਠਿੰਡੇ ਦੇ ਏਮਜ ਹਸਪਤਾਲ ਨੂੰ ਚਾਲੂ ਰੱਖਣ ਦੀ ਬਜਾਏ ਉਸ ਨੂੰ ਬੰਦ ਕਰਕੇ ਉਥੋਂ ਦੇ ਡਾਕਟਰਾਂ ਤੇ ਨਰਸਾਂ ਨੂੰ ਪਟਿਆਲੇ ਦੇ ਮੈਡੀਕਲ ਕਾਲਜ/ਰਾਜਿੰਦਰਾ ਹਸਪਤਾਲ ਵਿਚ ਭੇਜ ਦਿੱਤਾ ਗਿਆ ਪਰ ਉੱਥੇ ਉਨ੍ਹਾਂ ਦੇ ਰਹਿਣ ਦਾ ਕੋਈ ਪ੍ਰਬੰਧ ਨਹੀਂ ਸੀ ਤੇ ਕੰਮ ਦੀ ਹਾਲਤ ਬਹੁਤ ਮਾੜੀਆਂ ਸਨ। ਉਨ੍ਹਾਂ ਵੱਲੋਂ ਸਹੂਲਤਾਂ ਦੀ ਮੰਗ ਕਰਨ ਤੇ ਉਨ੍ਹਾਂ ਨੂੰ ਵਾਪਸ ਬਠਿੰਡੇ ਹੀ ਭੇਜ ਦਿੱਤਾ ਤੇ ਡਿਊਟੀ ਤੋਂ ਅਣਗਹਿਲੀ ਦੇ ਕੇਸ ਮੜ੍ਹ ਦਿੱਤੇ। ਕੰਮ ਦੀਆਂ ਮਾੜੀਆਂ ਹਾਲਤਾਂ ਹੋਣ ਕਰਕੇ ਅਤੇ ਕੋਰੋਨਾ ਦਾ ਪ੍ਰਕੋਪ ਝੱਲਦੇ ਹੋਏ ਡਾਕਟਰਾਂ ਦੀਆਂ ਮੌਤਾਂ ਹੋਣੀਆਂ ਸ਼ੁਰੂ ਹੋ ਗਈਆਂ ਹਨ। ਹੁਣ ਤੱਕ 1070 ਸੀਨੀਅਰ ਤੇ ਪ੍ਰਸਿੱਧ ਡਾਕਟਰ ਮੌਤ ਦੇ ਮੂੰਹ ਵਿੱਚ ਚਲੇ ਗਏ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਕੋਈ ਵਿੱਤੀ ਸਹਾਇਤਾ ਦੇਣੀ ਤਾਂ ਪਾਸੇ ਰਹੀ ਬਲਕਿ ਉਨ੍ਹਾਂ ਦੇ ਇਲਾਜ ਦੇ ਬਿੱਲ ਵੀ ਸਰਕਾਰ ਵਲੋਂ ਨਹੀਂ ਦਿੱਤੇ ਗਏ। ਜਦੋਂ ਕਿਸੇ ਬੀਮਾਰੀ ਨੂੰ ਮਹਾਂਮਾਰੀ ਐਲਾਨ ਦਿੱਤਾ ਜਾਂਦਾ ਹੈ ਤਾਂ ਸਰਕਾਰ ਤੇ ਉਸ ਬਿਮਾਰੀ ਨੂੰ ਕੰਟਰੋਲ ਕਰਨ ਲਈ ਪ੍ਰਬੰਧ ਕਰਨ ਦੀ ਵੀ ਕੁਝ ਫਰਜ ਆਇਦ ਹੁੰਦੇ ਹਨ। ਮਹਾਂਮਾਰੀ ਐਕਟ ਅਧੀਨ ਕੋਰੋਨਾ ਨਿਯਮਾਂ ਦੀ ਅਸੂਲਾਂ ਦੀ ਉਲੰਘਣਾ ਕਰਨ ਵਾਲਿਆਂ ਤੇ ਕੇਸ ਤਾਂ ਦਰਜ ਹੋ ਰਹੇ ਹਨ ਪਰ ਸਰਕਾਰ ਕੋਈ ਫਰਜ਼ ਨਿਭਾ ਹੀ ਨਹੀਂ ਰਹੀ। ਸੈਨੇਟਾਈਜ਼ਰਾਂ, ਮਾਸਕਾਂ, ਆਕਸੀਮੀਟਰਾਂ, ਥਰਮਾਮੀਟਰਾਂ ਤੇ ਹੋਰ ਦਵਾਈਆਂ ਦੀ ਕਾਲਾਬਾਜ਼ਾਰੀ ਹੋ ਰਹੀ ਹੈ ਕਿ ਉਹ ਬਹੁਤ ਮਹਿੰਗੇ ਰੇਟ ਤੇ ਵੇਚੇ ਜਾ ਰਹੇ ਹਨ। ਕੇਂਦਰ ਜਾਂ ਰਾਜ ਸਰਕਾਰਾਂ ਨੇ ਅਜੇ ਤੱਕ ਨਿੱਜੀ ਹਸਪਤਾਲਾਂ ਵਿੱਚ ਇਲਾਜ ਦੇ

ਰੇਟਾਂ ਦੀ ਕੋਈ ਰਿਆਇਤੀ ਲਿਸਟ ਜਾਰੀ ਨਹੀਂ ਕੀਤੀ ਤੇ ਨਾ ਹੀ ਲੋਕਾਂ ਨੂੰ ਲੋੜੀਂਦੀਆਂ ਜ਼ਰੂਰੀ ਤੇ ਖਾਣ ਪੀਣ ਦੀਆਂ ਵਸਤਾਂ ਦੇ ਰੇਟ ਹੀ ਤੈਅ ਕੀਤੇ ਹਨ। ਸਬਜ਼ੀਆਂ ਫਰੂਟਾਂ ਤੇ ਰਸੋਈ ਦੇ ਸਮਾਨ ਦੀਆਂ ਵਸਤਾਂ ਨੂੰ ਮਹਿੰਗੇ ਭਾਅ ਵੇਚਿਆ ਜਾ ਰਿਹਾ ਹੈ। ਨਕਲੀ ਤੇ ਘਟੀਆ ਸਾਮਾਨ ਦੀ ਬਾਜ਼ਾਰ ਵਿੱਚ ਭਰਮਾਰ ਹੈ ਅਤੇ ਮਿਲਾਵਟਖੋਰੀ ਜ਼ੋਰਾਂ ਤੇ ਹੈ। ਸਿੱਖਿਆ ਅਤੇ ਸਿਹਤ ਦੋ ਅਜਿਹੇ ਖੇਤਰ ਹਨ ਜਿੱਥੋਂ ਦੀਆਂ ਸਹੂਲਤਾਂ ਲੋਕਾਂ ਨੂੰ ਮੁਫ਼ਤ ਮੁਹੱਈਆ ਕਰਵਾਉਣਾ ਸਰਕਾਰ ਦਾ ਸੰਵਿਧਾਨਕ ਫਰਜ਼ ਹੈ ਤੇ ਲੋਕਾਂ ਦਾ ਮੁਢਲਾ ਹੱਕ ਵੀ। ਸਭ ਤੋਂ ਮਾੜਾ ਹਾਲ ਪੇਂਡੂ ਖੇਤਰ ਦਾ ਹੈ,ਜਿੱਥੇ ਸਿਹਤ ਸਹੂਲਤਾਂ ਦਾ ਮਾੜਾ ਮੋਟਾ ਢਾਂਚਾ ਵੀ ਤਹਿਸ ਨਹਿਸ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਸ਼ਹਿਰ ਵਿੱਚ ਇਲਾਜ ਲਈ ਆਉਣਾ ਪੈ ਰਿਹਾ ਹੈ। ਬੱਸਾਂ ਦੇ ਕਿਰਾਏ ਅਤੇ ਪੈਟਰੋਲ ਡੀਜਲ ਦੀਆਂ ਅਸਮਾਨੀਂ ਚੜ੍ਹੀਆਂ ਕੀਮਤਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਕੋਰੋਨਾ ਦੀ ਬਿਮਾਰੀ ਤੋਂ ਬਚਾਅ ਲਈ ਤਿਆਰ ਹੋ ਕੇ ਆਈਆਂ ਵੈਕਸੀਨਾਂ ਸਰਕਾਰ ਨੇ ਲੋਕਾਂ ਨੂੰ ਲਾਉਣੀਆਂ ਸ਼ੁਰੂ ਕੀਤੀਆਂ ਹਨ ਪਰ ਲੋਕਾਂ ਨੂੰ ਇਸ ਸਬੰਧੀ ਲੋੜੀਂਦੀ ਮੁੱਢਲੀ ਜਾਣਕਾਰੀ ਮੁਹੱਈਆ ਨਹੀਂ ਕੀਤੀ ਗਈ ਉਲਟਾ ਵੈਕਸੀਨ ਲਵਾਉਣ ਲਈ ਮਜਬੂਰ ਕੀਤਾ ਗਿਆ। ਆਬਾਦੀ ਦੇ ਹਿਸਾਬ ਨਾਲ ਵੈਕਸੀਨ ਦੀ ਮਿਕਦਾਰ ਪਹਿਲਾਂ ਤੈਅ ਨਹੀਂ ਕੀਤੀ ਗਈ। ਪਹਿਲਾਂ ਧੜਾਧੜ ਵੈਕਸੀਨ ਲਾਉਣ ਤੋਂ ਬਾਅਦ ਹੁਣ ਜਦ ਇਸ ਦੀ ਭਾਰੀ ਕਿੱਲਤ ਪੈਦਾ ਹੋ ਗਈ ਹੈ ਤਾਂ ਭਾਰਤ ਸਰਕਾਰ ਕੋਲ ਕੋਈ ਵਿਉਂਤਬੰਦੀ ਨਹੀਂ ਬਲਕਿ ਲੋਕਾਂ ਨੂੰ ਇਸ ਮਾੜੇ ਮੋਟੇ ਬਚਾਅ ਤੋਂ ਵੀ ਹੱਥ ਧੋਣੇ ਪੈ ਗਏ ਹਨ। ਕੋਰੋਨਾ ਦੇ ਕੇਸਾਂ ਅਤੇ ਉਸ ਨਾਲ ਹੋਣ ਵਾਲੀਆਂ ਮੌਤਾਂ ਦੇ ਅੰਕੜਿਆਂ ਨੂੰ ਮੀਡੀਆ ਵੱਲੋਂ ਦਹਿਸ਼ਤ ਪਾਉਣ ਲਈ ਧੜੱਲੇ ਨਾਲ ਵਰਤਿਆ ਜਾ ਰਿਹਾ ਹੈ। ਬਿਮਾਰੀ ਸਬੰਧੀ ਲੋੜੀਂਦੀ ਵਿਗਿਆਨਕ ਜਾਣਕਾਰੀ ਤੇ ਇਸ ਦੇ ਬਚਾਅ ਲਈ ਲੋੜੀਂਦੀਆਂ ਸਾਵਧਾਨੀਆ ਨੂੰ ਉਨਾ ਨਹੀਂ ਦੱਸਿਆ ਜਾਂਦਾ ਜਿੰਨੀ ਬਿਮਾਰੀ ਦੀ ਦਹਿਸ਼ਤ ਪਾਈ ਜਾਂਦੀ ਹੈ। ਬਿਮਾਰੀ ਦੇ ਕੱਚ ਘਰੜ ਨੁਸਖਿਆਂ, ਔੜ ਪੌੜ ਅਤੇ ਅਧਿਆਤਮਕ ਇਲਾਜ ਦਾ ਪ੍ਰਚਾਰ ਸੋਸ਼ਲ ਮੀਡੀਆ ਅਤੇ ਕੇਬਲ ਨੈੱਟਵਰਕ ਉਪਰ ਜ਼ੋਰਾਂ ਤੇ ਹੈ। ਮੀਡੀਆ ਦੇ ਪ੍ਰਚਾਰ ਰਾਹੀਂ ਲੋਕਾਂ ਚ ਪਸਰੀ ਦਹਿਸ਼ਤ ਨੂੰ ਸਰਕਾਰ ਆਪਣੇ ਮਤਲਬ ਲਈ ਇਕ ਮੌਕੇ ਵਜੋਂ ਵਰਤ ਕੇ ਤਰ੍ਹਾਂ ਤਰ੍ਹਾਂ ਦੇ ਟੈਕਸ ਲੋਕਾਂ ਸਿਰ ਮੜ੍ਹ ਰਹੀ ਹੈ। ਲੋਕਾਂ ਦੀਆਂ ਛੋਟੀਆਂ ਬੱਚਤਾਂ ਤੇ ਵਿਆਜ ਘਟਾਏ ਗਏ ਹਨ ਜਦ ਕਿ ਲੋਕਾਂ ਵੱਲੋਂ ਲਏ ਗਏ ਕਰਜ਼ਿਆਂ ਤੇ ਵਿਆਜ ਵਧਾ ਦਿੱਤੇ ਗਏ ਹਨ। ਸਿੱਖਿਆ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਵਾਲੀ ਨਵੀਂ ਸਿੱਖਿਆ ਨੀਤੀ ਸਰਕਾਰ ਨੇ ਚੁੱਪ ਚਪੀਤੇ ਲਾਗੂ ਕਰ ਦਿੱਤੀ ਹੈ। ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ,ਕਾਲਜ, ਸਕੂਲ ਤੇ ਹੋਰ ਵਿੱਦਿਅਕ ਅਦਾਰੇ ਗੰਭੀਰ ਆਰਥਿਕ ਸੰਕਟ ਵਿੱਚ ਡੁੱਬ ਗਏ ਹਨ। ਕੋਰੋਨਾ ਕਾਰਨ ਹੋਈਆਂ ਮੌਤਾਂ ਪਿੱਛੋਂ ਲਾਸ਼ਾਂ ਦੇ ਸੰਸਕਾਰ ਲਈ ਸਿਰਫ ਸਮਾਜ ਸੇਵੀ ਸੰਸਥਾਵਾਂ ਹੀ ਅੱਗੇ ਆ ਰਹੀਆਂ ਹਨ ਸਰਕਾਰ ਵੱਲੋਂ ਇਸ ਬਾਰੇ ਸੋਚਿਆ ਤੱਕ ਨਹੀਂ ਜਾ ਰਿਹਾ। ਕਬਰਾਂ ਦੀਆਂ ਲਕੜਾਂ ਤਕ ਮਹਿੰਗੀਆਂ ਹੋ ਗਈਆਂ ਹਨ ਤੇ ਸ਼ਮਸ਼ਾਨ ਘਾਟਾਂ ਵਿੱਚ ਥਾਂ ਨਹੀਂ ਮਿਲ ਰਹੀ। ਸ਼ਹਿਰ ਅੰਦਰ ਸਫਾਈ ਪ੍ਰਬੰਧਾਂ ਦਾ ਬਹੁਤ ਮਾੜਾ ਹਾਲ ਹੈ ਅਤੇ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ ਵੀ ਲਗਾਤਾਰ ਨਹੀਂ ਮਿਲਦੀ। ਮਰੀਜਾਂ ਦੀ ਗਿਣਤੀ ਜ਼ਿ਼ਆਦਾ ਹੋਣ ਕਰਕੇ ਉਨ੍ਹਾਂ ਨੂੰ ਇਲਾਜ ਲਈ ਸ਼ਿਫਟ ਕਰਨ ਵਾਸਤੇ ਐਂਬੂਲੈਂਸਾਂ ਤਕ ਵੀ ਨਹੀਂ ਪੂਰੀਆਂ ਆ ਰਹੀਆਂ ਅਤੇ ਜੋ ਮਿਲਦੀਆਂ ਵੀ ਹਨ ਉਨ੍ਹਾਂ ਦੇ ਰੇਟ ਬਹੁਤ ਉੱਚੇ ਹਨ। ਆਪਣੇ ਹੀ ਘਰਾਂ ਵਿੱਚ ਏਕਾਂਤਵਸ ਹੋ ਕੇ ਕੋਰੋਨਾ ਦਾ ਇਲਾਜ ਕਰਵਾ ਰਹੇ ਮਰੀਜ਼ਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ ਕਿਉਂਕਿ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਇਲਾਜ ਕਿਟਾਂ ਦੀ ਭਾਰੀ ਕਿੱਲਤ ਹੋਣ ਪਿੱਛੋਂ ਹੁਣ ਮਰੀਜ਼ ਆਪਣੇ ਹੀ ਖਰਚੇ ਤੇ ਇਲਾਜ ਕਰ ਰਹੇ ਹਨ। ਜੇ ਆਕਸੀਜਨ ਦੀ ਲੋੜ ਪੈਂਦੀ ਹੈ ਤਾਂ ਉਹ ਵੀ ਉਹ ਖਰੀਦ ਨਹੀਂ ਸਕਦੇ ਕਿਉਂਕਿ ਇਹ ਬਾਜ਼ਾਰ ਵਿਚ ਨਹੀਂ ਮਿਲਦੀ ਬਲਕਿ ਕਾਲਾਬਾਜਾਰੀ ਚੱਲ ਰਹੀ ਹੈ। ਸਰਕਾਰ ਨੇ ਆਕਸੀਜਨ ਬਣਾਉਣ ਵਾਲੇ ਕਾਰਖਾਨਿਆਂ ਦੀ ਅਜੇ ਤੱਕ ਕੋਈ ਨਾ ਮਨਜ਼ੂਰੀ ਦਿੱਤੀ ਹੈ ਨਾ ਹੀ ਆਪ ਲਾਏ ਹਨ। ਸਰਕਾਰ ਦੀ ਤਰਜੀਹ ਲੋਕਾਂ ਨੂੰ ਬਚਾਉਣਾ ਘੱਟ ਤੇ ਸਰਮਾਏਦਾਰਾਂ ਦਾ ਮੁਨਾਫਾ ਯਕੀਨੀ ਬਣਾਉਣ ਦੀ ਵੱਧ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਤਾਂ ਸਾਰੇ ਅਧਿਕਾਰ ਹੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਨੂੰ ਦੇ ਦਿੱਤੇ ਹਨ ਉਹ ਜਦੋਂ ਚਾਹੁਣ ਦੁਕਾਨਾਂ ਬੰਦ ਕਰਵਾ ਦੇਣ, ਜਦੋਂ ਚਾਹੁਣ ਲੌਕ ਡਾਊਨ ਲਾ ਦੇਣ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕ ਹਕੂਮਤੀ ਪਾਰਟੀ ਦੇ ਹਲਕਾ ਇੰਚਾਰਜਾਂ, ਐਮਐਲਏਜ਼ ਤੇ ਮੰਤਰੀਆਂ ਦੇ ਮੁਥਾਜ ਹੋ ਗਏ ਹਨ ਉਹ ਜਦੋਂ ਚਾਹੁਣ ਡੀਸੀ ਰਾਹੀਂ ਕੁੱਲ ਵੀ ਕਰਵਾ ਲੈਣ। ਕੋਰੂਨਾ ਦੇ ਫੈਲਣ ਦਾ ਕਾਰਨ ਵੀ ਕੇਂਦਰ ਸਰਕਾਰ ਦੀਆਂ ਅਣਗਹਿਲੀਆਂ ਅਤੇ ਮਰਜੀਆ ਹਨ। ਸਰਕਾਰਾਂ ਨੇ ਪਹਿਲਾਂ ਤਾਂ ਸਥਾਨਕ ਸਰਕਾਰਾਂ (ਮਿਉਂਸਪਲ ਕਾਰਪੋਰੇਸ਼ਨਾਂ, ਪੰਚਾਇਤਾਂ ਆਦਿ) ਦੀਆਂ ਚੋਣਾਂ ਕਰਵਾਈਆਂ। ਵੱਡੇ ਇਕੱਠ ਕੀਤੇ ਫੇਰ ਪੰਜ ਰਾਜਾਂ ਦੇ ਵਿੱਚ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਐਲਾਨ ਉਦੋਂ ਕੀਤਾ ਜਦੋਂ ਕੋਰੋਨਾ ਆ ਗਿਆ ਸੀ। ਚੋਣ ਰੈਲੀਆਂ 'ਚ ਵੱਡੇ ਇਕੱਠ ਕੀਤੇ ਗਏ। ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਮੇਤ ਸਾਰੀਆਂ ਪਾਰਟੀਆਂ ਦੇ ਪ੍ਰਧਾਨਾਂ ਤੇ ਆਗੂਆਂ ਨੇ ਰੈਲੀਆਂ ਕਰ ਕੇ ਵੋਟਾਂ ਮੰਗੀਆਂ ਤੇ ਵੱਡੇ ਇਕੱਠ ਕੀਤੇ। ਸਾਰੇ ਹੀ ਧਰਮ ਸਥਾਨਾਂ ਨੂੰ ਖੁਲ੍ਹੇ ਰੱਖਿਆ। ਇਥੋਂ ਤੱਕ ਕਿ ਕੁੰਭ ਦੇ ਬਹੁਤ ਵੱਡੇ ਮੇਲੇ ਵਿੱਚ ਕਰੋਡਾਂ ਦੇ ਕਰੀਬ ਲੋਕ ਪਵਿੱਤਰ ਇਸ਼ਨਾਨ ਕਰਦੇ ਰਹੇ ਤੇ ਇਹ ਸਰਕਾਰ ਸਿਰਹਾਣੇ ਹੇਠ ਬਾਂਹ ਰੱਖ ਕੇ ਸੁੱਤੀ ਰਹੀ। ਇਨ੍ਹਾਂ ਸਾਰੇ ਫੈਸਲਿਆਂ ਵਿਚ ਵੋਟਾਂ ਦੀਆਂ ਗਿਣਤੀਆਂ ਮਿਣਤੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਨਾ ਕਿ ਲੋਕਾਂ ਦੀ ਸਿਹਤ ਤੇ ਉਨ੍ਹਾਂ ਦੀਆਂ ਜਾਨਾਂ ਦੀ ਕੋਈ ਕੀਮਤ ਸਮਝੀ ਜਾਂਦੀ ਹੈ। ਕੁਰਸੀਆਂ ਲਈ ਗੰਦਾ ਸਿਆਸੀ ਕਾਟੋ ਕਲੇਸ਼ ਬੇਰੋਕ ਜਾਰੀ ਰਹਿੰਦਾ ਹੈ।

**ਲਾਕਡਾਊਨ ਵਿਚ ਵਧ ਰਹੀ ਆਰਥਿਕ ਮੰਦੀ ਦੇ ਕਾਰਨ** : ਦੁਨੀਆਂ ਵਿੱਚ ਇਸ ਸਮੇਂ ਚੱਲ ਰਹੀ ਆਰਥਿਕ ਮੰਦੀ ਨੂੰ 1930 ਤੇ ਮੰਦਵਾੜੇ ਤੋਂ ਵੀ ਵੱਡਾ ਕਿਹਾ ਜਾ ਰਿਹਾ ਹੈ। ਉਸ ਸਮੇਂ ਸਾਮਰਾਜੀ ਤਾਕਤਾਂ ਤਾਂ ਜੰਗ ਲੜਕੇ ਮੰਡੀਆਂ ਦੀ ਮੁੜ ਵੰਡ ਕਰ ਕੇ ਸੰਕਟ ਵਿੱਚੋਂ ਨਿਕਲੀਆਂ ਸਨ। ਇਕ ਖੋਜ ਸੰਸਥਾ ਦਾ ਕਹਿਣਾ ਹੈ ਕਿ ਇੱਕ ਹਫਤੇ ਦੀ ਲੌਕਡਾਊਨ ਨਾਲ ਛੱਬੀ ਅਰਬ ਡਾਲਰ ਦਾ ਨੁਕਸਾਨ ਹੋਇਆ। ਕੌਮਾਂਤਰੀ ਮੁਦਰਾ ਕੋਸ਼ ਦਾ ਕਹਿਣਾ ਹੈ ਕਿ ਹੁਣ ਦੁਨੀਆਂ ਦਾ ਅਰਥਚਾਰਾ 3% ਸੁੰਗੜੇਗਾ। ਇੱਥੇ ਕੁੱਲ ਘਰੇਲੂ ਪੈਦਾਵਾਰ ਦੀ ਦਰ ਡਿੱਗ ਕੇ 1.9 ਫ਼ੀਸਦੀ ਰਹਿ ਜਾਵੇਗੀ। ਸੰਸਾਰ ਬੈਂਕ ਦਾ ਕਹਿਣਾ ਹੈ ਕਿ ਜੀਡੀਪੀ ਦੀ ਵਾਧਾ 1.6 ਤੋਂ ਦੋ 2.8 ਦੇ ਵਿੱਚਕਾਰ ਰਹੇਗੀ। ਬਰਕਲੇਜ਼ ਰਿਸਰਚ ਦਾ ਕਹਿਣਾ ਹੈ ਕਿ ਭਾਰਤੀ ਵਿਕਾਸ ਦਰ ਜੀਰੋ ਰਹੇਗੀ। ਨੋਮੂਰਾ ਦਾ ਕਹਿਣਾ ਹੈ ਕਿ ਇਹ ਜੀਰੋ ਤੋਂ ਪੰਜਾਹ ਫ਼ੀਸਦੀ ਹੇਠਾਂ ਰਹੇਗੀ। ਦੁਨੀਆਂ ਦੇ ਸ਼ੇਅਰ ਮਾਰਕੀਟਾਂ ਗੋਤੇ ਖਾ ਖਾ ਕੇ ਆਮ ਜਨਤਾ ਦਾ ਪੈਸਾ ਨਿਗਲ ਰਹੀਆਂ ਹਨ। ਪਰ ਯਾਦ ਰਹੇ ਕਿ ਇਨ੍ਹਾਂ ਗੋਤਾਂ ਘਾਟਿਆਂ ਨੇ ਵੱਡੇ ਕਾਰਪੋਰੇਟਾਂ ਦਾ ਕੁਝ ਨਹੀਂ ਵਿਗਾੜਣਾ ਕਿਉਂਕਿ ਉਨ੍ਹਾਂ ਦੀਆਂ ਜ਼ਿਆਦਾਤਰ ਤਾਂ ਜਿਉਂ ਦੀਆਂ ਤਿਉਂ ਮੌਜੂਦ ਹਨ। ਇਹ ਸਾਰਾ ਬੋਝ ਮਿਹਨਤਕਸ਼ਾਂ ਉੱਪਰ ਹੀ ਡਿੱਗਣਾ ਹੈ। ਮੌਜੂਦਾ ਸੰਕਟ ਵਿੱਚ ਬੇਰੁਜਗਾਰ ਹੋਏ ਜਮੀਨਾਂ ਵੇਚ ਕੇ ਵਿਕਸਿਤ ਦੇਸ਼ਾਂ ਵੱਲ ਗਏ ਕਈ ਲੱਖ ਭਾਰਤੀ ਪਾਸਪੋਰਟ ਧਾਰਕ ਵਾਪਸ ਆਪਣੇ ਵਤਨ ਆਉਣ ਵਾਲੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨੇ ਫਿਰ ਕਿਸੇ ਆਰਥਿਕ ਪੈਕੇਜ ਦੇ ਐਲਾਨ ਤੋਂ ਕਿਹਾ ਹੈ ਕਿ ਮਿੱਲਾਂ ਦੇ ਮਾਲਕ ਕਿਸੇ ਵੀ ਛਾਂਟੀ ਨਾ ਕਰਨ ਅਤੇ ਤਨਖਾਹ ਨਾ ਕੱਟਣ, ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕਰਨ, ਮਕਾਨ ਮਾਲਕ ਕਰਾਇਆ ਨਾ ਲੈਣ। ਪਰ ਉਨ੍ਹਾਂ ਦੀ ਬੇਨਤੀ ਤੇ ਕੋਈ ਅਸਰ ਹੋਇਆ ਨਹੀਂ ਕਿਉਂਕਿ ਇਹ ਤਾਂ ਇੱਕ ਜੁਮਲਾ ਸੀ। ਮੋਦੀ ਹਕੂਮਤ ਵੱਲੋਂ ਵੱਖ ਵੱਖ ਸਮੇਂ ਐਲਾਨੀਆਂ ਰਾਹਤਾਂ ਕਾਰਪੋਰੇਟਰਾਂ ਅਤੇ ਉੱਪਰ ਵਰਗਾਂ ਲਈ ਹਨ। ਮਜਦੂਰਾਂ ਕਿਸਾਨਾਂ ਨੂੰ ਬੁਰੀ ਤਰ੍ਹਾਂ ਦਾ ਦਰਨਿਕਾਰ ਕੀਤਾ ਗਿਆ ਹੈ। ਲੌਕਡਾਊਨ ਨੇ ਭਾਰਤ ਵਿੱਚ ਕਰੋੜਾਂ ਕਿਰਤੀਆਂ ਨੂੰ ਝਟਕਾ ਦਿੱਤਾ ਹੋਇਆ ਹੈ। ਸਨਅਤਾਂ ਚੋਂ ਬਾਹਰ ਕੀਤੇ ਮਜ਼ਦੂਰਾਂ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ। ਛੋਟੇ ਵੱਡੇ ਸਭ ਕਾਰੋਬਾਰ ਬੰਦ ਹੋਣ ਜਾ ਰਹੇ ਹਨ। ਲਾਮਿਸਾਲ ਬੇਰੁਜਗਾਰੀ ਪੈਦਾ ਹੋ ਗਈ ਹੈ। ਲੇਬਰ ਕਾਨੂੰਨਾਂ ਨੂੰ ਝਟਕਾ ਦਿੱਤਾ ਗਿਆ ਹੈ। ਪੀ ਐਮ ਕੇਅਰ ਫੰਡ ਵਿਚ ਭਾਜਪਾ ਨੇ ਹਜਾਰਾਂ ਕਰੋੜ ਰੁਪਏ ਜਮ੍ਹਾਂ ਕਰ ਲਏ ਹਨ ਪਰ ਸੂਬਿਆਂ ਨੂੰ ਕੋਈ ਰਾਹਿਤ ਪੈਕੇਜ ਨਹੀਂ ਦਿੱਤਾ ਜਾ ਰਿਹਾ। ਸਾਰੀ ਹੀ ਵੈਕਸੀਨ ਜਾਂ ਹੋਰ ਸਾਜ਼ੋ ਸਾਮਾਨ ਖਰੀਦ ਲਈ ਰਾਜਾਂ ਨੂੰ ਸਿਧੇ ਆਰਡਰ ਦੇਣ ਲਈ ਜਾਂ ਟੈਂਡਰ ਜਾਰੀ ਕਰਨ ਲਈ ਕਿਹਾ ਗਿਆ ਹੈ। ਸਿਆਸੀ ਪਾਰਟੀਆਂ ਆਪਣੇ ਖਾਸਮਖਾਸਾਂ ਨੂੰ ਰਿਆਇਤਾਂ ਵੰਡ ਰਹੀਆਂ ਹਨ। ਗੁਰਦੁਆਰੇ, ਸਮਾਜ ਸੇਵੀ ਤੇ ਸੰਘਰਸ਼ੀ ਜਥੇਬੰਦੀਆਂ ਹੀ ਦੁਖੀਆਂ ਦੀ ਮਦਦ ਲਈ ਅੱਗੇ ਆਈਆਂ ਹਨ। ਮੋਦੀ ਸਰਕਾਰ ਨੇ ਕੋਰੋਨਾ ਬਿਮਾਰੀ ਅਤੇ ਲੌਕਡਾਊਨ ਦੀ ਆਡ ਵਿਚ ਤਿੰਨ ਕਾਲੇ ਕੀਤੀ ਕਾਨੂੰਨਾਂ ਦੇ ਵਿਰੁੱਧ ਚੱਲ ਰਹੇ ਕਿਸਾਨਾਂ ਦੇ ਲੋਕ ਅੰਦੋਲਨ ਨੂੰ ਖਤਮ ਕਰਵਾਉਣ ਦਾ ਪੂਰਾ ਤਾਣ ਲਾ ਰੱਖਿਆ ਹੈ। ਗਰੀਬਾਂ ਨੂੰ ਭੁੱਖ ਨੇ ਸਤਾਇਆ ਹੋਇਆ ਹੈ। ਕੋਰੋਨਾ ਮਹਾਂਮਾਰੀ ਦੇ ਪ੍ਰਕੋਪ ਅਤੇ ਆਰਥਕ ਤੰਗੀਆਂ ਕਰਕੇ ਲੋਕ ਮਾਨਸਿਕ ਰੋਗੀ ਬਣ ਰਹੇ ਹਨ। ਔਰਤਾਂ ਵਿਰੁੱਧ ਘਰੇਲੂ ਹਿੰਸਾ ਵਧੀ ਹੈ। ਅੰਨ੍ਹੇਵਾਹ ਕੀਤੇ ਗਏ ਲਾਕਡਾਊਨ ਜ਼ਿੰਦਗੀ ਦੇ ਹਰ ਖਿੱਤੇ ਦੀਆਂ ਮੁਸ਼ਕਲਾਂ ਵਿੱਚ ਬੇਤਹਾਸ਼ਾ ਵਾਧਾ ਕਰ ਦਿੱਤਾ ਹੈ। ਭਾਰਤੀ ਰਾਜ ਪ੍ਰਬੰਧ ਦੇ ਲੋਕ ਵਿਰੋਧੀ ਖਾਸੇ ਨੂੰ ਲੋਕਾਂ ਸਾਹਮਣੇ ਨੰਗਾ ਕਰ ਦਿੱਤਾ ਹੈ। ਜਿਸ ਕਰਕੇ ਵੱਡੇ ਲੋਕ ਉਭਾਰਾਂ ਦੀ ਸੰਭਾਵਨਾ ਰੌਸ਼ਨ ਹਨ। ਕੋਰੋਨਾ ਦੇ ਮੌਜੂਦਾ ਪਰਕੋਪ ਦੇ ਗੁਜ਼ਰ ਜਾਣ ਪਿਛੋਂ ਹਾਲਾਤ ਹੋਰ ਵੀ ਖਰਾਬ ਹੋਣ ਵਾਲੇ ਹਨ। ਸਿਰਫ ਕੋਰੋਨਾ ਕਰਕੇ ਹੀ ਨਹੀਂ ਬਲਕਿ ਆਰਥਿਕ ਅਤੇ ਰਾਜਨੀਤਕ ਕਾਰਨਾਂ ਕਰਕੇ। ਜਿਵੇਂ ਮਹਾਂਮੰਦੀ ਦੇ ਸਮੇਂ ਗ਼ਰੀਬੀ ਅਤੇ ਭੁੱਖਮਰੀ ਦੇ ਨਾਲ ਫਾਸ਼ੀਵਾਦੀ ਅਤੇ ਫ਼ਿਰਕੂ ਦਹਿਸ਼ਤ ਵੀ ਫੈਲੀ ਸੀ। ਲੱਖਾਂ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ ਤੇ ਇਸ ਤੋਂ ਵੀ ਜ਼ਿਆਦਾ ਲੋਕ ਭੁੱਖ ਨਾਲ ਮਰ ਗਏ ਸਨ। ਹੁਣ ਇਹ ਸਥਿਤੀ ਦੁਨੀਆਂ ਭਰ ਅਤੇ ਖਾਸ ਕਰਕੇ ਭਾਰਤ ਦੇ ਭਵਿੱਖ ਵਿੱਚ ਲਿਖੀ ਹੋਈ ਦਿਸ ਰਹੀ ਹੈ। ਬੈਂਕ ਬਹੁਤ ਜਿਆਦਾ ਦਬਾਅ ਹੇਠ ਹਨ। ਲੋਕਾਂ ਦਾ ਬੈਂਕਾਂ ਵਿਚ ਨਕਦੀ ਜਮ੍ਹਾਂ ਜਰਾਉਣ ਤੋਂ ਵਿਸ਼ਵਾਸ ਉਠ ਜਾਵੇਗਾ। ਮਿਊਚਲ ਫੰਡ ਵਰਗੀਆਂ ਬਾਕੀ ਬੱਚਤ ਯੋਜਨਾਵਾਂ ਵੀ ਦਬਾਅ ਵਿੱਚ ਹਨ। ਇਸ ਸਾਰੀ ਬਰਬਾਦੀ ਦੇ ਨਾਲ ਲੋਕਾਂ ਦੀ ਜਮ੍ਹਾਂ ਪੂੰਜੀ ਵੀ ਖਤਮ ਹੋ ਜਾਵੇਗੀ। ਇਹ ਸੰਕਟ ਕੇਵਲ ਪਰਵਾਸੀ ਮਜ਼ਦੂਰਾਂ ਜਾਂ ਸਵੈਰੁਜ਼ਗਾਰ ਦਾ ਹੀ ਨਹੀਂ ਬਲਕਿ ਮੱਧ ਵਰਗ ਨੂੰ ਵੀ ਸੱਟ ਮਾਰੇਗਾ। ਆਰਥਿਕ ਅਸੁਰੱਖਿਆ, ਮਨੋਰੰਜਨ ਸਾਧਨਾਂ ਦੀ ਘਾਟ, ਤੇ ਸਮਾਜਿਕ ਸੰਪਰਕ ਦੇ ਘੱਟ ਹੋਣ ਨਾਲ ਮਨੋਵਿਗਿਆਨਕ ਬਿਮਾਰੀਆਂ ਤੇਜ਼ੀ ਨਾਲ ਫੈਲਣਗੀਆਂ ਅਤੇ ਆਤਮਹੱਤਿਆਵਾਂ ਕੇਵਲ ਕਿਸਾਨ ਹੀ ਨਹੀਂ ਬਲਕਿ ਮੱਧਵਰਗ ਦੇ ਲੋਕ ਵੀ ਕਰਨਗੇ। ਭਾਰਤ ਦੀ ਨਾਜ਼ੁਕ ਅਰਥਵਿਵਸਥਾ ਤੇ ਪਹਿਲਾਂ ਤੋਂ ਹੀ ਭਿਆਨਕ ਗਰੀਬੀ ਦੇ ਕਾਰਨ ਸੰਕਟ ਦਾ ਅਸਰ ਇੱਥੇ ਪੱਛਮੀ ਦੇਸ਼ਾਂ ਤੋਂ ਵੀ ਬੁਰਾ ਹੋਵੇਗਾ। ਬੇਸ਼ਕ ਇਹ ਆਰਥਿਕ ਢਾਂਚਾ ਮੁਆਫਕ ਨਹੀਂ ਹੈ ਅਤੇ ਇਸ ਵਿੱਚ ਇੱਕ ਤੋਂ ਬਾਅਦ ਇਕ ਵੱਡੇ ਸੰਕਟ ਆਉਂਦੇ ਰਹਿਣਗੇ ਪਰ ਫਿਰ ਵੀ ਢਾਂਚਾ ਆਪਣੇ ਆਪ ਨਹੀਂ ਡਿੱਗੇਗਾ। ਨਾਲ ਹੀ ਇਸ ਦੇ ਡਿੱਗਣ ਲਈ ਜ਼ਰੂਰੀ ਹੈ ਇੱਕ ਆਰਥਕ ਤੇ ਰਾਜਨੀਤਕ ਵਿਕਲਪ ਜੋ ਖੁਦ ਨੂੰ ਸਥਾਪਤ ਕਰ ਸਕੇ।

ਸਾਨੂੰ ਡਰ ਕੇ ਅੰਦਰ ਵੜੇ ਰਹਿਣ ਦੀ ਬਜਾਏ ਲੜਨਾ ਚਾਹੀਦਾ ਹੈ। ਬਿਮਾਰੀ ਤੋਂ ਚੌਕੰਨੇ ਰਹੋ ਅਤੇ ਜੇ ਇਸ ਦੀ ਮਾਰ ਪੈ ਵੀ ਜਾਵੇ ਤਾਂ ਸਾਨੂੰ ਵਿਗਿਆਨਕ ਇਲਾਜ ਨਾਲ ਠੀਕ ਹੋਣ ਦੀ ਕੋਸਿਸ਼ ਕਰਨੀ ਚਾਹੀਦੀ ਹੈ। ਇੱਕ ਹੋਰ ਮਹੱਤਵਪੂਰਨ ਗੱਲ ਇਹ ਕਿ ਕੋਰੋਨਾ ਦੀ ਆੜ ਵਿੱਚ ਪੂਰੀ ਦੁਨੀਆਂ ਦੇ ਨਾਗਰਿਕਾਂ ਦੀ ਨਿੱਜਤਾ ਤੇ ਵੱਡਾ ਹਮਲਾ ਕੀਤਾ ਗਿਆ ਹੈ ਤੇ ਇਸ ਵਿੱਚ ਸਾਰੇ ਦੇਸ਼ ਵੱਧ ਚੜ੍ਹ ਕੇ ਕੰਮ ਕਰ ਰਹੇ ਹਨ। ਦੁਨੀਆਂ ਭਰ ਦੀਆਂ ਸਰਕਾਰਾਂ ਕੋਰੋਨਾ ਮਰੀਜ਼ਾਂ ਨੂੰ ਟਿਕਣ ਕਰਨ ਦੇ ਨਾਂ ਤੇ ਸਰਵਲੈਂਸ ਵਧਾ ਰਹੀਆਂ ਜਨ। ਜਦ ਕਿ ਜੇ ਦੇਸ਼ ਦੇ ਸਿਹਤ ਵਿਵਸਥਾ ਅੱਛੀ ਹੈ ਤਾਂ




ਇਸ ਨਿਗਰਾਨੀ ਦੀ ਕੋਈ ਜ਼ਰੂਰਤ ਨਹੀਂ ਹੈ, ਪਰ ਜਨਤਾ ਤੇ ਨਿਗਰਾਨੀ ਰੱਖਣਾ ਸ਼ਾਸਕਾਂ ਦਾ ਪੁਰਾਣਾ ਸ਼ੌਕ ਹੈ ਤੇ ਨਸ਼ਾ ਹੈ। ਇਸ ਨੂੰ ਪੂਰਾ ਕਰਨ ਦਾ ਮੌਕਾ ਇਸ ਸਮੇਂ ਖੁੱਲ੍ਹੇਆਮ ਮਿਲ ਗਿਆ ਹੈ। ਭਾਰਤ ਵਿਚ ਆਯੂਸ਼ਮਾਨ ਐਪ ਨੂੰ ਪਹਿਲਾਂ ਜਰੂਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਵਿਰੋਧ ਕਾਰਨ ਫਿਲਹਾਲ ਇਸ ਨੂੰ ਐਲਾਨੀਆ ਤੌਰ ਤੇ ਜਰੂਰੀ ਤਾਂ ਨਹੀਂ ਕੀਤਾ ਗਿਆ ਪਰ ਅਣਐਲਾਨੀਆ ਤੌਰ ਤੇ ਇਹ ਹਰ ਸਰਕਾਰੀ ਜਾਂ ਅਰਧ-ਸਰਕਾਰੀ ਸਹੂਲਤ ਲੈਣ,ਸਿੱਖਿਆ ਲੈਣ ਲਈ ਲਾਜਮੀ ਬਣਾ ਦਿੱਤਾ ਗਿਆ ਹੈ। ਲਗਾਤਾਰ ਆਉਂਦੀਆਂ ਢੇਰ ਘਟਨਾਵਾਂ ਇਹ ਵੀ ਦੱਸਦੀਆਂ ਹਨ ਕਿ ਇਹ ਐਪ ਕੋਰੋਨਾ ਦੇ ਮਰੀਜ ਖੋਜਣ ਕਰਨ ਵਿੱਚ ਨਾਕਾਮ ਹੀ ਹੋਇਆ ਹੈ ਪਰ ਲੋਕਾਂ ਦੀ ਲੋਕੇਸ਼ਨ ਜਾਣਨ, ਮੇਲ ਜੋਲ ਕਰਨ ਵਾਲੇ ਲੋਕਾਂ ਦੇ ਬਾਰੇ ਵਿੱਚ ਹੀ ਲਗਾਤਾਰ ਜਾਣਕਾਰੀਆਂ ਜੁਟਾ ਰਿਹਾ ਹੈ, ਕਿਉਂਕਿ ਇਸ ਦੀ ਸੇਵਾ ਪ੍ਰਦਾਤਾ ਕੰਪਨੀ ਦੇ ਬਾਰੇ ਵਿਚ ਸਰਕਾਰ ਕੋਈ ਖੁਲਾਸਾ ਨਹੀਂ ਕਰ ਪਾ ਰਹੀ ਹੈ। ਇਸ ਲਈ ਅਜੇਹਾ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਇਹ ਸੂਚਨਾਵਾਂ ਕਿਸੇ ਕੋਲ ਇਕਤਰਤ ਹੋ ਰਹੀਆਂ ਹਨ ਅਤੇ ਉਸ ਦਾ ਕੀ ਕੀਤਾ ਜਾਵੇਗਾ ਕੁਝ ਨਹੀਂ ਕਿਹਾ ਜਾ ਸਕਦਾ। ਇਸੇ ਤਰ੍ਹਾਂ ਹੀ ਜਰਮਨੀ, ਚੀਨ ਫਰਾਂਸ, ਹਾਂਗਕਾਂਗ, ਇਟਲੀ, ਪੋਲੈਂਡ, ਰੂਸ,ਸਿੰਗਾਪੁਰ, ਦੱਖਣੀ ਅਫਰੀਕਾ, ਨੀਦਰਲੈਂਡ, ਟਰਕੀ, ਸੰਯੁਕਤ ਅਰਬ ਅਮੀਰਾਤ, ਯੂ ਕੇ ਵਿਚ ਐਪ ਜੂਨ ਵਿੱਚ ਲਿਆਂਦੀ ਜਿਸ ਦਾ ਨਾਂ ਹੈ ਕੋਵਿਡ ਟ੍ਰੇਸ ਐਂਡ ਟੈਸਟ ਸਰਵਿਸ।

ਮੌਜੂਦਾ ਮਹਾਂਮਾਰੀ ਦੇ ਦੌਰ ਵਿਚ ਜਿੱਥੇ ਲੋਕਾਂ ਨੂੰ ਵਿਗਿਆਨਕ ਸੋਝੀ ਦੇਣੀ ਚਾਹੀਦੀ ਹੈ ਉਥੇ ਇਸ ਲੋਕ ਵਿਰੋਧੀ ਹਕੂਮਤ ਵਿਰੁੱਧ ਉਠਣਾ ਚਾਹੀਦਾ ਹੈ। ਸਾਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਕੋਰੋਨਾ ਦੇ ਮਰੀਜਾਂ ਦਾ ਇਲਾਜ ਕਰ ਰਹੇ ਸਾਰੇ ਮੈਡੀਕਲ ਅਮਲੇ, ਸਵਾਈ ਸੇਵਕਾਂ, ਹੋਰ ਕਰਮਚਾਰੀਆਂ ਨੂੰ ਇਨਫੈਕਸ਼ਨ ਤੋਂ ਬਚਾਉਣ ਲਈ ਲੋੜੀਂਦੀ ਸਾਰੇ ਸੇਫਟੀ ਉਪਾਅ ਅਤੇ ਮੈਡੀਕਲ ਸਹੂਲਤਾਂ ਤੁਰੰਤ ਮੁਹੱਈਆ ਕਰਾਈਆਂ ਜਾਣੀਆਂ ਚਾਹੀਦੀਆਂ ਹਨ। ਆਸ਼ਾ ਵਰਕਰਾਂ ਦਾ ਸਿਹਤ ਬੀਮਾ ਹੋਣਾ ਚਾਹੀਦਾ ਹੈ। ਉਹਨਾਂ ਨੂੰ ਹੁਨਰਮੰਦ ਕਾਮਿਆਂ ਦੇ ਬਰਾਬਰ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ। ਮਹਾਂਮਾਰੀ ਨਾਲ ਨਜਿੱਠਣ ਲਈ ਪ੍ਰਾਈਵੇਟ ਹਸਪਤਾਲਾਂ ਅਤੇ ਸਿਹਤ ਸੇਵਾਵਾਂ ਨੂੰ ਪੂਰੀ ਤਰ੍ਹਾਂ ਸਰਕਾਰੀ ਹੱਥਾਂ ਵਿੱਚ ਲੈ ਲੈਣਾ ਚਾਹੀਦਾ ਹੈ। ਕੋਰੋਨਾ ਮਹਾਂਮਾਰੀ ਦੇ ਡਰ ਕਰਕੇ ਬਾਕੀ ਸਾਰੇ ਗੰਭੀਰ ਬਿਮਾਰੀਆਂ ਵਾਲੇ ਮਰੀਜ ਦਰਨਿਕਾਰ ਹੋ ਗਏ ਹਨ। ਸਾਰੀਆਂ ਮੈਡੀਕਲ ਸੇਵਾਵਾਂ ਤੁਰੰਤ ਬਹਾਲ ਕਰਕੇ ਉਨ੍ਹਾਂ ਦਾ ਇਲਾਜ ਨਿਰਵਿਘਨ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਲਾਕਡਾਉਨ ਸਿਰਫ ਪ੍ਰਭਾਵਤ ਇਲਾਕਿਆਂ ਤੱਕ ਹੀ ਸੀਮਤ ਕੀਤਾ ਜਾਵੇ। ਕਰਫਿਊ ਜਾਂ ਲਾਕਡਾਉਣ ਦੀ ਉਲੰਘਣਾ ਕਰਕੇ ਦਰਜ ਕੀਤੇ ਸਾਰੇ ਕੇਸ ਤੁਰੰਤ ਰੱਦ ਕੀਤੇ ਜਾਣ। ਕੋਰੋਨਾ ਦੀ ਮਹਾਂਮਾਰੀ ਫੈਲਾਉਣ ਲਈ ਕਿਸਾਨਾਂ ਦੇ ਸੰਘਰਸ਼ ਨੂੰ ਜ਼ਿ਼ੰਮੇਵਾਰ ਠਹਿਰਾਉਣਾ ਬੰਦ ਕੀਤਾ ਜਾਵੇ ਅਤੇ ਲੋਕ ਵਿਰੋਧੀ ਤਿੰਨੇ ਖੇਤੀ ਕਾਨੂੰਨ ਰੱਦ ਕੀਤੇ ਜਾਣ। ਕੋਰੋਨਾ ਮਹਾਂਮਾਰੀ ਕਾਰਨ ਬੇਰੁਜਗਾਰ ਹੋਏ ਗੈਰ ਹੁਨਰਮੰਦ ਕਾਮਿਆਂ ਨੂੰ ਘੱਟੋ ਘੱਟ ਮਜ਼ਦੂਰੀ ਦੇ ਬਰਾਬਰ ਪ੍ਰਤੀ ਮਹੀਨਾ ਮੁਆਵਜ਼ਾ ਦਿੱਤਾ ਜਾਵੇ ਅਤੇ ਹੁਨਰਮੰਦ ਕਾਮਿਆਂ ਦੀਆਂ ਤਨਖਾਹਾਂ ਜਾਰੀਆਂ ਜਾਣ। ਕੰਮ ਦੇ ਘੰਟੇ ਅੱਠ ਦੀ ਥਾਂ ਬਾਰਾਂ ਕਰਨ ਵਾਲੇ ਸਾਰੇ ਆਰਡੀਨੈਂਸ ਵਾਪਸ ਲਏ ਜਾਣ ਅਤੇ ਕਿਰਤ ਕਾਨੂੰਨ ਬਹਾਲ ਕੀਤੇ ਜਾਣ। ਕੋਰੋਨਾ ਪੀੜਤ ਮਰੀਜ਼ਾਂ ਨਾਲ ਹਮਦਰਦੀ ਵਾਲਾ ਵਰਤਾਓ ਕੀਤਾ ਜਾਵੇ। ਜਿਸ ਵੀ ਇਲਾਕੇ ਵਿੱਚ ਸੀਮਤ ਲੌਕਡਾਊਨ ਲਾਇਆ ਗਿਆ ਹੈ ਉਥੇ ਪੁਲਸ ਦੀਆਂ ਜ਼ਿਆਦਤੀਆਂ ਨੂੰ ਨਿਕੇਲ ਪਾਈ ਜਾਵੇ। ਕੋਰੋਨਾ ਸੰਕਟ ਦੇ ਦੌਰ ਵਿਚ ਜਮ੍ਹਾਂ ਪਏ ਅੰਨ ਦੇ ਭੰਡਾਰ ਮਜ਼ਦੂਰਾਂ, ਦਲਿਤਾਂ, ਬੇਜ਼ਮੀਨੇ ਕਿਸਾਨਾਂ, ਆਦਿਵਾਸੀਆਂ, ਔਰਤਾਂ ਤੇ ਗਰੀਬਾਂ ਲਈ ਖੋਲ੍ਹੇ ਜਾਣ। ਕੋਰੋਨਾ ਮਹਾਂਮਾਰੀ ਦੌਰਾਨ ਲੋਕਾਂ ਤੇ ਲਾਏ ਟੈਕਸ ਰੱਦ ਕੀਤੇ ਜਾਣ। ਮਹਿੰਗਾਈ ਨੂੰ ਨੱਥ ਪਾਈ ਜਾਵੇ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨਿਰਧਾਰਿਤ ਕੀਤੀਆਂ ਜਾਣ। ਕਾਲੇ ਕਾਨੂੰਨਾਂ ਤਹਿਤ ਜੇਲ੍ਹੀਂ ਡੱਕੇ ਬੁੱਧੀਜੀਵੀਆਂ ਸਮਾਜਕ ਕਾਰਕੁਨਾਂ ਪੱਤਰਕਾਰਾਂ ਤੇ ਯੂਏਪੀਏ ਤਹਿਤ ਜੇਲ੍ਹਾਂ ਵਿੱਚ ਡੱਕੇ ਜਾਣ ਦਾ ਸਿਲਸਿਲਾ ਬੰਦ ਕੀਤਾ ਜਾਵੇ। ਗ੍ਰਿਫਤਾਰ ਕੀਤੇ ਸਾਰੇ ਸਿਆਸੀ ਕੈਦੀ ਰਿਹਾ ਕੀਤੇ ਜਾਣ। ਕੋਰੋਨਾ ਦੇ ਬਹਾਨੇ ਲੋਕਾਂ ਦੀ ਨਿੱਜਤਾ ਤੇ ਕੀਤਾ ਹਮਲਾ ਅਤੇ ਸਰਵਿਲੈਂਸ/ਨਿਗਰਾਨੀ ਬੰਦ ਕੀਤੇ ਜਾਣ। ਕੋਰੋਨਾ ਦੇ ਲੈਵਲ-ਇੱਕ, ਲੈਵਲ-ਦੋ ਅਤੇ ਲੇਵਲ-ਤਿੰਨ ਦੇ ਮਰੀਜਾਂ ਦੇ ਅਨੁਪਾਤ ਦੇ ਹਿਸਾਬ ਨਾਲ ਜਨਤਕ ਖੇਤਰ ਦੇ ਹਸਪਤਾਲਾਂ ਚ ਬਿਸਤਰਿਆਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਵੈਂਟੀਲੇਟਰ ਮੁਹੱਈਆ ਕਰਾਏ ਜਾਣ। ਅਕਸੀਜਨ ਦੀ ਸਪਲਾਈ ਯਕੀਨੀ ਬਣਾਈ ਜਾਵੇ। ਮਰੀਜ਼ਾਂ ਦੀ ਗਿਣਤੀ ਅਤੇ ਬਿਸਤਰਿਆਂ ਦੇ ਹਿਸਾਬ ਨਾਲ ਡਾਕਟਰਾਂ, ਪੈਰਾ ਮੈਡੀਕਲ ਸਟਾਫ, ਨਰਸਾਂ, ਸਫ਼ਾਈ ਕਰਮਚਾਰੀਆਂ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇ। ਛੋਟੇ ਕਾਰੋਬਾਰੀਆਂ ਕਿਸਾਨਾਂ ਨੂੰ ਲੌਕ ਡਾਊਨ ਦੌਰਾਨ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਕੈਂਸਰ ਆਦਿ ਭਿਆਨਕ ਅਤੇ ਜਾਨਲੇਵਾ ਬਿਮਾਰੀਆਂ ਦੇ ਇਲਾਜ ਲਈ ਪਹਿਲਾਂ ਰਾਖਵੇਂ ਰੱਖੇ ਗਏ ਬਿਸਤਰਿਆਂ ਨੂੰ ਵਰਤਣਾ ਯਕੀਨੀ ਬਣਾਇਆ ਜਾਵੇ ਅਤੇ ਉੱਥੇ ਕੋਵਿਡ ਮਰੀਜ ਨਾ ਪਾਏ ਜਾਣ। ਏਮਜ਼, ਪੀਜੀਆਈ ਤੇ ਹੋਰ ਵੱਡੇ ਮੈਡੀਕਲ ਅਦਾਰਿਆਂ ਦੀ ਓਪੀਡੀ ਚਾਲੂ ਰੱਖੀ ਜਾਵੇ ਅਤੇ ਉਨ੍ਹਾਂ ਦੇ ਮਰੀਜ਼ਾਂ ਦੀਆਂ ਸਹੂਲਤਾਂ ਤੇ ਕੋਈ ਕੱਟ ਨਾ ਲਾਈ ਜਾਵੇ। ਕੋਰੋਨਾ ਤੋਂ ਬਚਾਅ ਲਈ ਜੋ ਵੀ ਵੈਕਸੀਨ ਆਈ ਹੈ ਉਸ ਦੀ ਤੋਟ ਨੂੰ ਪੂਰਾ ਕੀਤਾ ਜਾਵੇ ਅਤੇ ਸਵੈ-ਇੱਛਾ ਨਾਲ ਹੀ ਵੈਕਸੀਨ ਲਾਈ ਜਾਵੇ। ਵੈਕਸੀਨ ਲਾਉਣ ਤੋਂ ਪਹਿਲਾਂ ਵਿਅਕਤੀ ਨੂੰ ਉਨ੍ਹਾਂ ਦੇ ਨਫ਼ੇ ਨੁਕਸਾਨ ਬਾਰੇ ਭਰਪੂਰ ਜਾਣਕਾਰੀ ਦਿੱਤੀ ਜਾਵੇ ਅਤੇ ਵੈਕਸੀਨ ਲਾਉਣ ਵਾਲੀ ਥਾਂ ਤੇ ਰਿਐਕਸ਼ਨ ਕੰਟਰੋਲ ਕਰਨ ਲਈ ਸਾਰੇ ਐਮਰਜੈਂਸੀ ਪ੍ਰਬੰਧ ਕੀਤੇ ਜਾਣ। ਕੋਰੋਨਾ ਦੀ ਭਿਅੰਕਰ ਬਿਮਾਰੀ ਨਾਲ ਮੌਤ ਦਾ ਸ਼ਿਕਾਰ ਹੋਏ ਲੋਕਾਂ ਦੇ ਆਸ਼ਰਿਤਾਂ ਨੂੰ ਤੁਰੰਤ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤਾ ਜਾਵੇ ਜਾਂ ਉਨ੍ਹਾਂ ਨੂੰ ਰੈਗੂਲਰ ਪੈਨਸ਼ਨ ਲਾਈ ਜਾਵੇ। ਗਰੈਜੂਏਸ਼ਨ ਪੱਧਰ ਤੱਕ ਮੁਫਤ ਪੜ੍ਹਾਈ ਲਿਖਾਈ ਦਾ ਪ੍ਰਬੰਧ ਕੀਤਾ ਜਾਵੇ।

ਡਾ. ਕਰਮਜੀਤ ਸਿੰਘ

# ਨਵਜਾਗਰਣ ਦਾ ਅਗਰਦੂਤ-ਆਇਨਕਾਲੀ



ਆਇਨਕਾਲੀ (23 ਅਗਸਤ 1863-18 ਜੂਨ 1941) ਕੇਰਲ ਦੇ ਦਲਿਤ ਹੀਰੋ ਹਨ ਜਿਨ੍ਹਾਂ ਨੂੰ ਨਵਜਾਗਰਣ ਦਾ ਅਗਰਦੂਤ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਕੇਰਲ ਵਿਚ ਉਹੀ ਥਾਂ ਹੈ ਜੋ ਮਹਾਰਾਸ਼ਟਰ ਵਿਚ ਜਯੋਤੀਬਾ ਫੂਲੇ ਦਾ ਅਤੇ ਤਾਮਿਲਨਾਡੂ ਵਿਚ ਪੇਰੀਅਰ ਦਾ ਹੈ। ਉਨ੍ਹਾਂ ਦੇ ਨਾਂ 'ਤੇ ਬਹੁਤ ਕੁੱਝ ਅਜਿਹਾ ਹੈ ਜੋ ਭਾਰਤ ਲਈ ਮਾਣ ਕਰਨਯੋਗ ਹੈ ਪਰ ਪੰਜਾਬ ਵਿਚ ਬਹੁਤੇ ਲੋਕੀਂ ਉਸ ਬਾਬੇ ਦਾ ਨਾਮ ਤਕ ਵੀ ਨਹੀਂ ਜਾਣਦੇ। ਈ. ਐੱਮ. ਐੱਸ. ਨੰਬੂਦਰੀਪਾਦ ਅਨੁਸਾਰ, 'ਆਇਨਕਾਲੀ ਸਿਰਫ਼ ਦਲਿਤਾਂ ਦੇ ਹੀ ਨਹੀਂ, ਬਲਕਿ ਖੇਤ ਮਜ਼ਦੂਰਾਂ ਦੇ ਵੀ ਨੇਤਾ ਸਨ। ਉਨ੍ਹਾਂ ਦੇ ਅੰਦੋਲਨ ਵਿਚ ਦਲਿਤਾਂ ਤੋਂ ਇਲਾਵਾ ਧਾਰਮਿਕ ਘੱਟ ਗਿਣਤੀਆਂ ਅਤੇ ਉੱਚੀਆਂ ਜਾਤਾਂ ਦੇ ਲੋਕ ਵੀ ਸ਼ਾਮਲ ਸਨ। ਆਧੁਨਿਕ ਕੇਰਲ ਦੇ ਨਵਨਿਰਮਾਣ ਵਿਚ ਆਇਨਕਾਲੀ ਦਾ ਯੋਗਦਾਨ ਨਾਰਾਇਣ ਗੁਰੂ ਜਿੰਨਾ ਹੀ ਹੈ। ਦਲਿਤ-ਬਹੁਜਨ ਨੂੰ ਸੰਗਠਿਤ ਕਰਕੇ ਉਨ੍ਹਾਂ ਦੇ ਹੱਕ ਦੀ ਲੜਾਈ ਲੜਨ ਵਾਲੇ ਆਇਨਕਾਲੀ, ਨਾਰਾਇਣਗੁਰੂ ਦੀ ਪਰੰਪਰਾ ਨੂੰ ਅੱਗੇ ਵਧਾਉਂਦੇ ਹਨ, ਜਿਨ੍ਹਾਂ ਨੇ ਪਛੜੀ ਜਾਤੀ ਤੋਂ ਇਲਾਵਾ ਆਮ ਲੋਕਾਂ ਨੂੰ ਸੰਗਠਿਤ ਕਰਕੇ ਉਨ੍ਹਾਂ ਦੇ ਅਧਿਕਾਰਾਂ ਲਈ ਸੰਘਰਸ਼ ਕੀਤਾ। (ਓਮ ਪ੍ਰਕਾਸ਼ ਕਸ਼ਯਪ, ਆਇਨਕਾਲੀ ਪਰ ਵਿਸ਼ੇਸ਼)

ਆਇਨਕਾਲੀ 'ਪੁਲਿਆਰ' ਜਾਤ ਵਿਚੋਂ ਸਨ ਜਿਸਨੂੰ ਅਛੂਤਾਂ ਵਿਚੋਂ ਵੀ ਸਭ ਤੋਂ ਨੀਵੀਂ ਜਾਤ ਮੰਨਿਆ ਗਿਆ ਸੀ। ਇਸ ਸਮੇਂ ਕੇਰਲ ਵਿਚ ਨੰਬੂਦਰੀਪਾਦ, ਨਾਇਰ (ਜ਼ਮੀਂਦਾਰ) ਅਤੇ ਨਿਮਨ ਜਾਤਾਂ ਸਨ। ਜਾਤ-ਪ੍ਰਬੰਧ ਦੇ ਕੇਰਲ ਸਰੂਪ ਵਿਚ ਨਾਇਰ ਨੂੰ ਵੀ ਨੰਬੂਦਰੀਪਾਦ ਤੋਂ 36 ਕਦਮ ਦੂਰ ਰਹਿ ਕੇ ਗੱਲ ਕਰਨੀ ਪੈਂਦੀ ਸੀ। ਪੁਲਿਆਰ ਤੇ ਹੋਰ ਜਾਤਾਂ ਨੂੰ ਤਾਂ 96 ਕਦਮ ਦੀ ਦੂਰੀ 'ਤੇ ਰਹਿਣਾ ਪੈਂਦਾ ਸੀ। ਪੁਲਿਆਰ ਇਕ ਤਰ੍ਹਾਂ ਨਾਲ ਗੁਲਾਮ ਸਨ, ਜੋ ਸਾਰਾ ਦਿਨ ਖੇਤਾਂ ਵਿਚ ਕੰਮ ਕਰਦੇ ਸਨ ਤੇ ਉਨ੍ਹਾਂ ਨੂੰ ਮਜ਼ਦੂਰੀ ਵਜੋਂ ਕੇਵਲ 600 ਗ੍ਰਾਮ ਚਾਵਲ ਪ੍ਰਤੀ ਦਿਨ ਮਿਲਦੇ ਸਨ। ਪੁਲਿਆਰਾਂ ਦਾ ਰਾਹਾਂ 'ਤੇ ਤੁਰਨਾ ਵਰਜਿਤ ਸੀ ਅਤੇ ਉਹ ਸਾਫ਼ ਕੱਪੜੇ ਵੀ ਨਹੀਂ ਪਾ ਸਕਦੇ ਸਨ। ਨਵੇਂ ਕਪੜੇ ਨੂੰ ਕਾਲਖ ਲਾ ਕੇ ਜਾਂ ਮਿੱਟੀ ਵਿਚ ਮਧੋਲ ਕੇ ਪਾਇਆ ਜਾਂਦਾ ਸੀ। ਭਾਂਡੇ ਕੱਚੇ ਹੁੰਦੇ ਸਨ। ਇਹ ਅਸਲ ਵਿਚ ਮੰਨੂੰ ਸਿਮ੍ਰਤੀ ਦਾ ਭਿਅੰਕਰ ਰੂਪ ਸੀ ਜਿਸ ਅਨੁਸਾਰ 'ਚੰਡਾਲਾਂ ਅਤੇ ਮੁਰਦੇ ਚੁੱਕਣ ਵਾਲਿਆਂ ਦਾ ਨਿਵਾਸ, ਪਿੰਡ ਤੋਂ ਬਾਹਰ ਹੋਣਾ ਚਾਹੀਦਾ ਹੈ। ਇਨ੍ਹਾਂ ਕੋਲ ਬਰਤਨ ਨਹੀਂ ਹੋਣੇ ਚਾਹੀਦੇ ਤੇ ਇਨ੍ਹਾਂ ਦੀ ਪੂੰਜੀ ਕੁੱਤੇ ਤੇ ਗਧੇ ਹੋਣ। ਮੁਰਦਿਆਂ ਦੇ ਕਫ਼ਨ ਦਾ ਪਹਿਰਾਵਾ ਹੋਣਾ ਚਾਹੀਦਾ ਹੈ, ਟੁੱਟੇ ਬਰਤਨਾਂ ਵਿਚ ਇਹ ਖਾਣਾ ਖਾਣ, ਇਨ੍ਹਾਂ ਦੇ ਗਹਿਣੇ ਲੋਹੇ ਦੇ ਹੋਣ। ਇਕ ਥਾਂ ਤੋਂ ਦੂਜੇ ਥਾਂ 'ਤੇ ਤੁਰਦੇ-ਫਿਰਦਾ ਰਹਿਣਾ ਇਨ੍ਹਾਂ ਦਾ ਕਾਰਜ ਹੈ।'' (10/152, ਮੰਨੂੰ ਸਿਮ੍ਰਤੀ ਗ਼ੈਰ ਬਰਾਬਰੀ ਦਾ ਦਸਤਾਵੇਜ਼, ਪੰਨਾ-34) ਪੁਲਿਆਰ ਔਰਤਾਂ-ਮਰਦ ਲੋਹੇ ਦੀਆਂ ਮੁਰਕੀਆਂ ਪਾ ਸਕਦੇ ਸਨ ਜਾਂ ਪਿੱਤਲ ਦੀਆਂ ਛਾਪਾਂ ਤੇ ਚੂੜੀਆਂ। ਔਰਤਾਂ ਨੂੰ ਛਾਤੀਆਂ ਢੱਕਣ ਦੀ ਮਨਾਹੀ ਸੀ। ਉਹ ਗਰੇਨੇਟ ਦੇ ਕਾਲ਼ੇ ਪੱਥਰਾਂ ਦੀਆਂ ਮਾਲਾਵਾਂ ਪਹਿਨ ਕੇ ਛਾਤੀਆਂ ਢੱਕਦੀਆਂ ਸਨ। ਅਛੂਤ ਦਾਸ ਵੀ ਸਨ ਜਿਨ੍ਹਾਂ ਨੂੰ ਕਿਸੇ ਦੇ ਹੱਥ ਵੇਚਿਆ ਵੀ ਜਾ ਸਕਦਾ ਸੀ। ਚੇਥਾਸੇਰੀ ਅਨੁਸਾਰ ਇਕਰਾਰਨਾਮੇ ਵਿਚ ਇਹ ਵੀ ਲਿਖਿਆ ਜਾਂਦਾ ਸੀ ਕਿ "ਤੁਸੀਂ ਇਸਨੂੰ ਆਪਣੀ ਇੱਛਾ ਅਤੇ ਖੁਸ਼ੀ ਅਨੁਸਾਰ ਮਾਰ ਸਕਦੇ ਹੋ ਜਾਂ ਅੱਗੇ ਵੇਚ ਸਕਦੇ ਹੋ।" (ਆਇਨਕਾਲੀ, ਪੰਨਾ-10) ਇਨ੍ਹਾਂ ਨੂੰ ਧਾਰਮਿਕ ਅਸਥਾਨਾਂ 'ਤੇ ਜਾਣ ਦੀ ਇਜਾਜ਼ਤ ਨਹੀਂ ਸੀ। ਉਹ ਧਾਰਮਿਕ ਥਾਂ ਤੋਂ ਅੱਧਾ ਮੀਲ ਦੂਰ ਰਹਿ ਕੇ ਪ੍ਰਾਰਥਨਾ ਕਰ ਸਕਦੇ ਸਨ। ਗਿਆਨ ਸਿੰਘ ਬੱਲ ਨੇ ਐੱਮ. ਐੱਸ. ਏ. ਰਾਓ ਦੇ ਹਵਾਲੇ ਨਾਲ ਅਛੂਤਾਂ ਨਾਲ ਹੁੰਦੇ ਅਣ-ਮਨੁੱਖੀ ਵਿਵਹਾਰ ਦਾ ਆਇਨਕਾਲੀ ਦੀ ਭੂਮਿਕਾ (ਪੰਨਾ-14) ਵਿਚ ਵਿਸਤਾਰ ਦਿੱਤਾ ਹੈ, ਜਿਸਨੂੰ ਸੂਤ੍ਰਿਕ ਰੂਪ ਵਿਚ ਇੰਝ ਕਿਹਾ ਜਾ ਸਕਦਾ ਹੈ ਕਿ ਇਥੇ ਪਸ਼ੂ ਦੇ ਥੱਕ ਜਾਣ 'ਤੇ ਅਛੂਤ ਨੂੰ ਹਲ਼ ਅੱਗੇ ਜੋੜਿਆ ਜਾਂਦਾ, ਮਰਦ-ਔਰਤਾਂ ਸਰੀਰ ਦਾ ਉਪਰਲਾ ਹਿੱਸਾ ਢੱਕ ਨਹੀਂ ਸਨ ਸਕਦੇ, ਇਨ੍ਹਾਂ ਨੂੰ ਉੱਚੀ ਜਾਤ ਨਾਲ ਬੋਲਣ 'ਤੇ ਮੂੰਹ ਅੱਗੇ ਖਜੂਰ ਦੇ ਪੱਤੇ ਰੱਖਣੇ ਪੈਂਦੇ ਸਨ, ਨੀਵੀਂ ਜਾਤ ਦੇ ਘਰ ਮੁੰਡਾ ਪੈਦਾ ਹੋਣ ਨੂੰ 'ਬਾਂਦਰ ਗਿਰਿਆ' ਕਿਹਾ ਜਾਂਦਾ ਸੀ, ਕੰਮ ਸਮੇਂ ਖਾਣ ਨੂੰ ਕੇਲੇ ਦੇ ਛਿਲਕੇ ਦਿੱਤੇ ਜਾਂਦੇ ਸਨ, ਮਰਦ ਤੇ ਔਰਤ ਲੋਹੇ ਦੀਆਂ ਬਾਲੀਆਂ ਪਾ ਸਕਦੇ ਸਨ ਅਤੇ ਅੰਗੂਠੀਆਂ ਤੇ ਚੂੜੀਆਂ ਪਿੱਤਲ ਦੀਆਂ ਪਾ ਸਕਦੇ ਸਨ, ਝੌਂਪੜੀਆਂ ਵੱਟਾਂ-ਬੰਨਿਆਂ ਤੇ ਘਾਹਫੂਸ ਦੀਆਂ ਹੀ ਬਣਦੀਆਂ ਸਨ। ਹਰ ਝੌਂਪੜੀ ਵਿਚ ਇਕ ਮੰਜਾ ਹਮੇਸ਼ਾ ਡੱਠਾ ਰਹਿੰਦਾ, ਜਿਥੇ ਜਦੋਂ ਚਾਹੇ ਜਾਗੀਰਦਾਰ, ਅਛੂਤ ਔਰਤਾਂ ਨਾਲ ਸਰੀਰਕ ਸਬੰਧ ਬਣਾ ਸਕਦਾ ਸੀ। ਵਿਆਹ ਤੋਂ ਬਾਅਦ ਪਹਿਲੀ ਰਾਤ ਨਵੀਂ ਵਿਆਹੀ ਬਹੂ ਨੂੰ ਜਾਗੀਰਦਾਰ ਕੋਲ ਰਹਿਣਾ ਪੈਂਦਾ ਸੀ। ਅਜਿਹੀਆਂ ਅਣਮਨੁੱਖੀ ਸਥਿਤੀਆਂ ਵਿਚੋਂ ਆਇਨਕਾਲੀ ਦਾ ਉਭਰਨਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਕਿਹਾ ਜਾ ਸਕਦਾ।

ਆਇਨਕਾਲੀ ਦੇ ਪਿਤਾ ਨੇ ਕਿਸੇ ਰਹਿਮਦਿਲ ਜਾਗੀਰਦਾਰ ਲਈ ਜੰਗਲ ਸਾਫ਼ ਕਰਕੇ ਵਾਹੀ ਯੋਗ ਜ਼ਮੀਨ ਬਣਾਈ, ਜਿਸਨੇ ਖੁਸ਼ ਹੋ ਕੇ ਆਇਨ ਨੂੰ ਪੰਜ ਏਕੜ ਜ਼ਮੀਨ ਦਿੱਤੀ, ਜਿਸ ਕਰਕੇ ਘਰ ਦਾ ਗੁਜ਼ਾਰਾ ਸੌਖਾ ਸੀ। ਪਰ ਜਾਤ ਦਾ ਡੰਗ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ ਸਹਿਣਾ ਪਿਆ। ਜਯੋਤੀਬਾ ਫੂਲੇ ਨੂੰ ਉੱਚੀ ਜਾਤੀ ਦੇ ਦੋਸਤ ਦੀ ਬਰਾਤ ਵਿਚ ਜਾ ਕੇ ਜੋ ਬੇਇੱਜ਼ਤੀ ਸਹਿਣੀ ਪਈ, ਡਾ. ਅੰਬੇਡਕਰ ਨੂੰ ਜਮਾਤ ਦੇ ਬਾਹਰ ਬੈਠ ਕੇ ਜਿਵੇਂ ਪੜ੍ਹਨ ਤੇ ਸਾਂਝੇ ਘੜੇ ਵਿਚੋਂ ਪਾਣੀ ਪੀਣ ਕਰਕੇ ਸਜ਼ਾ ਝੱਲਣੀ ਪਈ, ਜਿਵੇਂ ਬਾਬੂ ਮੰਗੂ ਰਾਮ ਨੂੰ ਜਮਾਤ ਦੇ ਬਾਹਰ ਬੈਠਿਆਂ, ਗੜ੍ਹੇ ਪੈਣ 'ਤੇ ਕਮਰੇ ਅੰਦਰ ਆਉਣ 'ਤੇ ਜ਼ਿੱਲਤ ਸਹਿਣੀ ਪਈ, ਓਸੇ ਤਰ੍ਹਾਂ ਹੀ ਆਇਨਕਾਲੀ ਨੂੰ ਫੁੱਟਬਾਲ ਖੇਡਦਿਆਂ ਨਾਇਰ ਦੇ ਵਿਹੜੇ ਵਿਚ ਗੇਂਦ ਜਾ ਡਿੱਗਣ 'ਤੇ ਬੇਇੱਜ਼ਤ ਹੋਣਾ ਪਿਆ ਅਤੇ ਉਸਨੂੰ ਉਪਰਲੀਆਂ ਜਾਤਾਂ ਨਾਲ ਖੇਡਣ ਤੋਂ ਵਰਜ ਦਿੱਤਾ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਆਇਨਕਾਲੀ ਨੇ ਇਹ ਸਹੁੰ ਖਾਧੀ ਸੀ ਕਿ ਜਦੋਂ ਤਕ ਉਹ ਇਸ ਜ਼ਿੱਲਤ ਤੋਂ ਛੁਟਕਾਰਾ ਨਹੀਂ ਪਾ ਲੈਂਦਾ, ਉਦੋਂ ਤਕ ਉਹ ਕਿਸੇ ਉੱਚ ਜਾਤ ਦੇ ਬੰਦੇ ਨਾਲ ਦੋਸਤੀ ਨਹੀਂ ਕਰੇਗਾ। ਵੈਸੇ ਆਇਨਕਾਲੀ ਜਿਥੇ ਸਰੀਰਕ ਤੌਰ 'ਤੇ ਦਰਸ਼ਨੀ ਸੀ, ਓਥੇ ਗਾਉਣ ਤੇ ਨਾਟਕ ਕਲਾ ਵਿਚ ਵੀ ਮਾਹਿਰ ਸੀ। ਉਸਦੀ ਕਲਾ ਵਿਚ ਗ਼ੈਰ ਬਰਾਬਰੀ ਨੂੰ ਚੁਣੌਤੀ ਦਿੰਦੀ ਵਿਦਰੋਹੀ ਸੁਰ ਵੀ ਸੀ ਅਤੇ ਆਜ਼ਾਦੀ ਦੀ ਲਲਕਾਰ ਵੀ। ਉਹ ਮਿਲੀ-ਜੁਲੀ ਮਲਿਆਲੀ ਤੇ ਤਾਮਿਲ ਭਾਸ਼ਾ ਦਾ ਪ੍ਰਯੋਗ ਕਰਦਾ। "ਸਿੱਖਿਆ ਦੇ ਪਾਸਾਰ ਲਈ ਉਸਨੇ ਆਰਟ ਕਲੱਬਾਂ ਦੀ ਸ਼ੁਰੂਆਤ ਕੀਤੀ ਜਿਨ੍ਹਾਂ ਵਿਚ ਸੰਗੀਤ, ਡਰਾਮਾ ਅਤੇ ਅਲੱਗ-ਅਲੱਗ ਪੇਂਡੂ ਖੇਡਾਂ, ਲੋਕ ਨ੍ਰਿਤ, ਲੋਕ ਗੀਤ ਤੇ ਲੋਕ ਕਲਾਵਾਂ ਨਾਲ ਸਬੰਧਿਤ ਗਤੀਵਿਧੀਆਂ ਸ਼ਾਮਲ ਕੀਤੀਆਂ। ਉਸਨੇ ਹਰੀਸ਼ ਚੰਦਰ, ਕਾਕਾ ਰਿਸ਼ੀ, ਨਲਾਥਨਕਾਨ ਆਦਿ ਵਰਗੇ ਲੋਕ ਨਾਟਕ ਖੁਦ ਖੇਡੇ ਹੋਏ ਸਨ, ਜਿਨ੍ਹਾਂ ਦੇ ਡਾਇਲਾਗ ਤੇ ਗੀਤ ਵੀ ਉਸਨੇ ਆਪ ਹੀ ਲਿਖੇ ਸਨ। ਉਹ ਸਰੀਰਕ ਖੇਡਾਂ ਤੇ ਕਸਰਤਾਂ ਕਰਨ ਦਾ ਬਹੁਤ ਸ਼ੌਕੀਨ ਸੀ। ਸਰੀਰਕ ਖੇਡਾਂ ਵਿਚ ਤਾਂ ਉਹ ਬਹੁਤ ਮਾਹਿਰ ਸੀ। ਇਸ ਮੁਹਾਰਤ ਨੇ ਆਪਣੇ ਦੁਸ਼ਮਣ ਨਾਲ ਦੋ-ਹੱਥ ਕਰਦਿਆਂ ਉਸਨੂੰ ਹਮੇਸ਼ਾਂ ਕਾਮਯਾਬੀ ਦੁਆਈ ਸੀ।'' ਆਇਨਕਾਲੀ (ਟੀ. ਐੱਚ. ਪੀ. ਚੈਂਥਰਾਸਰੀ ਆਇਨਕਾਲੀ, ਅਨੁਵਾਦ : ਗਿਆਨ ਸਿੰਘ ਬੱਲ, ਪੰਨਾ-48)

ਆਇਨਕਾਲੀ ਨੇ ਆਪਣੇ ਵਰਗੇ ਨੌਜਵਾਨਾਂ ਨੂੰ ਨਾਲ ਲੈ ਕੇ ਜਾਤ-ਪਾਤ ਵਿਰੋਧੀ ਗਤੀਵਿਧੀਆਂ ਸ਼ੁਰੂ ਕੀਤੀਆਂ। ਨੌਜਵਾਨਾਂ ਦੇ ਸਮੂਹ ਨਾਲ ਜਦੋਂ ਆਇਨਕਾਲੀ ਸੜਕ 'ਤੇ ਚੜ੍ਹਿਆ ਤਾਂ ਸਵਰਣਾਂ ਨੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ। ਖ਼ੂਨੀ ਝੜਪ ਹੋਈ ਤੇ ਇਸ ਦੀ ਅੱਗ ਅਗਾਂਹ ਮਨਾਕੱਦੂ, ਕਾਝਾਕੂੱਟਮ, ਕਨਿਆਪੁਰਮ ਤਕ ਪਹੁੰਚ ਗਈ। ਇਥੋਂ ਸ਼ੁਰੂ ਹੋ ਕੇ ਅਗਲੀਆਂ ਗਤੀਵਿਧੀਆਂ ਵੀ ਸ਼ਾਂਤੀਪੂਰਨ ਨਹੀਂ ਰਹੀਆਂ ਸਗੋਂ ਸਫ਼ਲਤਾਵਾਂ ਇਨ੍ਹਾਂ ਖ਼ੂਨੀ ਟਕਰਾਵਾਂ ਵਿਚੋਂ ਲੰਘ ਕੇ ਹੀ ਮਿਲੀਆਂ।

1889 ਈ. ਨੂੰ ਆਇਨਕਾਲੀ ਨੇ ਇਕ ਗੱਡਾ ਖਰੀਦਿਆ ਜਿਸ ਵਲ ਝਾਕਣਾ ਵੀ ਉਸ ਲਈ ਤੇ ਉਸਦੀ ਜਾਤ ਦੇ ਲੋਕਾਂ ਲਈ ਵਿਵਰਜਤ ਸੀ, ਉਸਦੀ ਸਵਾਰੀ ਕਰਨ ਬਾਰੇ ਤਾਂ ਖ਼ੁਆਬ ਵੀ ਨਹੀਂ ਸੀ ਲਿਆ ਜਾ ਸਕਦਾ। ਦੋ ਦਰਸ਼ਨੀ ਬਲਦ ਲਏ ਅਤੇ ਉਨ੍ਹਾਂ ਦੇ ਗਲਾਂ ਵਿਚ ਟੱਲੀਆਂ ਬੰਨ੍ਹੀਆਂ ਗਈਆਂ। ਆਪ ਆਇਨਕਾਲੀ ਨੇ ਵਿਵਰਜਤ ਕੱਪੜੇ ਪਹਿਨੇ-ਸਿਰ 'ਤੇ ਪੱਗ, ਚਿੱਟਾ ਕੁੜਤਾ ਤੇ ਚਾਦਰਾ ਅਤੇ ਨਾਲ ਰੱਖ ਲਿਆ ਦਾਤਰ ਜੋ ਉਸ ਸਮੇਂ ਕੇਰਲ ਵਿਚ ਲੜਾਈ ਦਾ ਸਭ ਤੋਂ ਵੱਡਾ ਹਥਿਆਰ ਸੀ। ਜਦੋਂ ਉਹ ਪੂਰੇ ਜਲੌਅ ਨਾਲ ਸੜਕ 'ਤੇ ਚੜ੍ਹਿਆ ਤਾਂ ਰਸਤੇ ਵਿਚ ਸਵਰਣਾਂ ਨੇ ਉਸਨੂੰ ਰੋਕਿਆ। ਆਇਨਕਾਲੀ ਨੇ ਦਾਤਰ ਨਾਲ ਉਨ੍ਹਾਂ ਦਾ ਸਾਹਮਣਾ ਕੀਤਾ। ਖ਼ੂਨ-ਖਰਾਬਾ ਟਾਲਿਆ ਨਹੀਂ ਸੀ ਜਾ ਸਕਦਾ। ਆਇਨਕਾਲੀ ਦੀ ਇਹ ਸਦੀਆਂ ਪੁਰਾਣੀ ਜਾਤ-ਪਾਤ ਦੀ ਵਿਵਸਥਾ ਨੂੰ ਚੁਣੌਤੀ ਸੀ। ਇਹ ਡਾ. ਅੰਬੇਡਕਰ ਦੇ ਸਾਰਵਜਨਕ ਰਾਜਨੀਤੀ ਵਿਚ ਪ੍ਰਵੇਸ਼ ਕਰਨ ਤੋਂ ਤਕਰੀਬਨ 25 ਸਾਲ ਪਹਿਲਾਂ ਦੀਆਂ ਘਟਨਾਵਾਂ ਹਨ। ਜਿਥੇ ਇਹ ਭੈੜੀ ਪ੍ਰਥਾ ਖ਼ਤਮ ਕਰਕੇ ਬਰਾਬਰ ਦੇ ਅਧਿਕਾਰ ਪ੍ਰਾਪਤ ਕਰਨ ਦੀ ਲੜਾਈ ਸੀ, ਓਥੇ ਸਦੀਆਂ ਦੇ ਦਮਨ ਕਾਰਨ ਵਿਸ਼ਵਾਸ਼ ਗੁਆ ਬੈਠੇ ਦਲਿਤਾਂ ਵਿਚ ਆਤਮ ਵਿਸ਼ਵਾਸ਼ ਪੈਦਾ ਕਰਨਾ ਵੀ ਇਸ ਸੰਘਰਸ਼ ਦੀ ਵੱਡੀ ਪ੍ਰਾਪਤੀ ਸੀ।

ਆਇਨਕਾਲੀ ਨੇ ਨੌਜਵਾਨਾਂ ਨਾਲ ਤਿਰੂਵੰਨਤਪੁਰਮ ਦੀ ਦਲਿਤ ਬਸਤੀ ਤੋਂ ਲੈ ਕੇ ਪੁੱਤਨ ਬਾਜ਼ਾਰ ਤਕ 'ਆਜ਼ਾਦੀ ਦਾ ਜਲੂਸ' ਕੱਢਿਆ। ਬਾਜ਼ਾਰ ਵਿਚ ਪ੍ਰਵੇਸ਼ ਕਰਦਿਆਂ ਹੀ ਖ਼ੂਨੀ ਝੜਪਾਂ ਹੋਈਆਂ। ਅਨੇਕਾਂ ਲੋਕ ਮਾਰੇ ਗਏ। ਇਸ ਖ਼ੂਨੀ ਸੰਘਰਸ਼ ਨੂੰ 'ਚੈਲੀਆਰ ਸਟਰੀਟ ਵਿਦ੍ਰੋਹ' ਦਾ ਨਾਮ ਦਿੱਤਾ ਜਾਂਦਾ ਹੈ। ਇਸਤੋਂ ਬਾਅਦ ਦਲਿਤਾਂ ਨੂੰ ਸੜਕਾਂ ਉੱਪਰ ਚੱਲਣ ਦਾ ਅਧਿਕਾਰ ਮਿਲਿਆ।

ਆਇਨਕਾਲੀ ਆਪ ਭਾਵੇਂ ਸਕੂਲ ਨਹੀਂ ਸੀ ਜਾ ਸਕਿਆ, ਪਰ ਬਾਕੀ ਸਾਰੇ ਦਲਿਤ ਆਗੂਆਂ ਵਾਂਗ ਉਹ ਵੀ ਚਾਹੁੰਦਾ ਸੀ ਕਿ ਉਸਦਾ ਟੱਬਰ, ਕਬੀਲਾ ਅਤੇ ਸਮੁੱਚਾ ਦਲਿਤ ਸਮਾਜ ਪੜ੍ਹ-ਲਿਖ ਕੇ ਇੱਜ਼ਤ ਪ੍ਰਾਪਤ ਕਰੇ। ਪਰ ਦੂਜੇ ਪਾਸੇ ਉਪਰਲੀਆਂ ਜਾਤਾਂ ਇਸ ਸਮਾਜ ਨੂੰ ਅਨਪੜ੍ਹ ਅਤੇ ਗ਼ੁਲਾਮ ਹੀ ਬਣਾਈ ਰੱਖਣਾ ਚਾਹੁੰਦੀਆਂ ਸਨ ਤਾਂ ਕਿ ਸਦੀਆਂ ਦੀ ਬੇਗਾਰ ਪ੍ਰਥਾ ਨੂੰ ਜਾਰੀ ਰੱਖਿਆ ਜਾ ਸਕੇ। ਅੰਗ੍ਰੇਜ਼ਾਂ ਨੇ ਆਮ ਲੋਕਾਈ ਲਈ ਸਕੂਲ/ਕਾਲਜ ਖੁਲ੍ਹਵਾ ਦਿੱਤੇ ਸਨ, ਪਰ ਉਨ੍ਹਾਂ ਵਿਚ ਅਧਿਆਪਕ ਬ੍ਰਾਹਮਣ ਹੀ ਸਨ, ਕਿਉਂਕਿ ਸਦੀਆਂ ਤੋਂ ਉਨ੍ਹਾਂ ਦੇ ਪੜ੍ਹਨ-ਪੜ੍ਹਾਉਣ ਦਾ ਹੱਕ ਆਪਣੇ ਤਕ ਸੀਮਤ ਰੱਖਿਆ ਹੋਇਆ ਸੀ ਤੇ ਸਕੂਲ ਖੁੱਲ੍ਹਦਿਆਂ ਹੀ ਟੀਚਿੰਗ ਟ੍ਰੇਨਿੰਗ (ਅਧਿਆਪਨ ਦੀ ਸਿਖਲਾਈ ਪ੍ਰਾਪਤ) ਕਰਕੇ ਉਨ੍ਹਾਂ ਨੇ ਸਿੱਖਿਆ ਮਹਿਕਮੇ ਤੋਂ ਲੈ ਕੇ ਨਿਯਮਾਂ ਪ੍ਰਣਾਲੀ ਆਦਿ ਉੱਪਰ ਆਪਣੀ ਅਜਾਰੇਦਾਰੀ ਕਾਇਮ ਕਰ ਲਈ ਸੀ। ਇਹ ਲੋਕ ਦਲਿਤਾਂ ਨੂੰ ਸਕੂਲਾਂ ਵਿਚ ਦਾਖ਼ਲਾ ਤਕ ਨਹੀਂ ਸਨ ਲੈਣ ਦਿੰਦੇ। ਆਇਨਕਾਲੀ ਵਰਗੇ ਨੇਤਾਵਾਂ ਦਾ ਰਾਹ ਵੀ ਇਨ੍ਹਾਂ ਲੋਕਾਂ ਨੇ ਹੀ ਰੋਕੀ ਰੱਖਿਆ।

ਆਇਨਕਾਲੀ ਨੇ 1904 ਤੋਂ ਸਿੱਖਿਆ ਦਾ ਅੰਦੋਲਨ ਸ਼ੁਰੂ ਕੀਤਾ। ਉਸਨੇ ਆਪਣਾ ਕੇਂਦਰ ਵੇਂਗਨੂਰ ਨੂੰ ਬਣਾਇਆ। ਓਥੇ ਹੀ ਉਸਨੇ ਦਲਿਤ ਬੱਚਿਆਂ ਲਈ ਸਕੂਲ ਖੋਲ੍ਹਣ ਦੀ ਯੋਜਨਾ ਬਣਾਈ, ਪਰ ਸਵਰਣਾਂ ਨੇ ਇਸ ਸਕੂਲ ਨੂੰ ਅੱਗ ਦੇ ਹਵਾਲੇ ਕਰ ਦਿੱਤਾ। 1907 ਵਿਚ ਆਇਨਕਾਲੀ ਨੇ 'ਸਾਧੂ ਜਨ ਪਰਿਪਾਲਨ ਸੰਘਮ' ਦੀ ਨੀਂਹ ਰੱਖੀ। ਆਇਨਕਾਲੀ ਨੂੰ ਇਸਦੀ ਪ੍ਰੇਰਣਾ ਨਾਰਾਇਣ ਸੁਆਮੀ ਦੇ 'ਧਾਰਮਿਕ ਪਰਿਪਾਲਨ ਸੰਘਮ' ਤੋਂ ਮਿਲੀ ਸੀ ਪਰ ਉਨ੍ਹਾਂ ਨੇ ਆਪਣੇ ਸੰਘ ਨੂੰ ਧਰਮ ਤੋਂ ਦੂਰ ਰੱਖਿਆ। ਸਾਧੂ ਜਨ ਦਾ ਅਰਥ ਹੈ ਗਰੀਬ ਦਲਿਤ। ਇਸ ਸੰਘ ਦੀ ਸਥਾਪਨਾ ਤੋਂ ਬਾਅਦ ਈਸਾਈਆਂ ਅਤੇ ਸਮਾਜ ਸੁਧਾਰਕ ਹਿੰਦੂਆਂ ਵੱਲੋਂ ਵੀ ਆਇਨਕਾਲੀ ਨੂੰ ਸੱਦੇ ਆਉਣ ਲੱਗੇ। ਟ੍ਰਾਵਨਕੋਰ ਦੇ ਸਿੱਖਿਆ ਵਿਭਾਗ ਦੇ ਡਾਇਰੈਕਟਰ ਨੇ ਇਕ ਆਦੇਸ਼ ਜਾਰੀ ਕੀਤਾ ਕਿ ਸਕੂਲਾਂ ਵਿਚ ਦਲਿਤਾਂ ਨੂੰ ਵੀ ਦਾਖ਼ਲਾ ਦਿੱਤਾ ਜਾਵੇ ਪਰ ਇਸ ਆਦੇਸ਼ ਨੂੰ ਰਸਤੇ ਵਿਚ ਹੀ ਰੋਕ ਦਿੱਤਾ ਗਿਆ। ਇਥੇ 1 ਮਾਰਚ 1910 ਦੀ ਘਟਨਾ ਬੜੀ ਮਹੱਤਵਪੂਰਣ ਹੈ। ਆਇਨਕਾਲੀ ਪੰਜ ਸਾਲ ਦੀ ਬੱਚੀ, ਪੰਚਮੀ ਨੂੰ 'ਊਰੂਟ ਅੰਬਾਲਮ ਸਕੂਲ' ਵਿਚ ਦਾਖ਼ਲ ਕਰਵਾਉਣ ਲਈ ਸਾਥੀਆਂ ਨਾਲ ਪਹੁੰਚੇ। ਨਾਇਰਾਂ ਨੇ ਆਇਨਕਾਲੀ ਦੇ ਸਾਥੀਆਂ 'ਤੇ ਹੀ ਹਮਲਾ ਨਹੀਂ ਕੀਤਾ, ਸਗੋਂ ਪੁਲੀਆਰਾਂ ਦੀ ਬਸਤੀ ਨੂੰ ਹੀ ਤਹਿਸ-ਨਹਿਸ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਬਸਤੀ ਵਿਚੋਂ ਸੱਤ ਦਿਨਾਂ ਤਕ ਧੂੰਆਂ ਉੱਠਦਾ ਰਿਹਾ। ਇਸ ਤਰ੍ਹਾਂ ਇਹ ਸੰਗ੍ਰਾਮ ਮਾਰਯਾ ਮੁਟੱਮ, ਵੇਂਗਨੂਰ, ਪਰੇਸਬਾਝੂਥਰੂ, ਕੰਥਲਤਰ ਆਦਿ ਇਲਾਕਿਆਂ ਵਿਚ ਫੈਲ ਗਿਆ।

ਆਇਨਕਾਲੀ ਨੇ ਸਕੂਲ ਬਣਾਉਣਾ ਜਾਰੀ ਰੱਖਿਆ। ਉਸ ਸਮੇਂ ਇਕ ਅਧਿਆਪਕ ਦੀ ਤਨਖ਼ਾਹ ਛੇ ਰੁਪਏ ਹੁੰਦੀ ਸੀ। ਪਰ ਉਸਨੇ ਨੌਂ ਰੁਪਏ ਤਨਖ਼ਾਹ ਦੇਣੀ ਮੰਨੀ। ਬਣਾਏ ਸਕੂਲਾਂ ਨੂੰ ਅੱਗਾਂ ਲੱਗਣ 'ਤੇ ਵੀ ਮੁੜ ਢਾਂਚਾ ਖੜ੍ਹਾ ਕੀਤਾ ਗਿਆ। ਪ੍ਰਮੇਸ਼ਰਨ ਪਿਲੱਈ ਨਾਂ ਦਾ ਨੌਜਵਾਨ ਅਧਿਆਪਕ ਲੱਗਣ ਲਈ ਰਾਜ਼ੀ ਹੋ ਗਿਆ। ਉਸਦੀ ਜਾਨ ਨੂੰ ਵੀ ਖ਼ਤਰਾ ਸੀ ਇਸ ਲਈ ਪੁਲਿਆਰ ਉਸਨੂੰ ਆਪਣੀ ਹਿਫ਼ਾਜ਼ਤ ਵਿਚ ਸਕੂਲ ਲੈ ਕੇ ਆਉਂਦੇ ਅਤੇ ਆਪਣੀ ਹਿਫ਼ਾਜ਼ਤ ਵਿਚ ਹੀ ਉਸਦੇ ਘਰ ਪਹੁੰਚਾਉਂਦੇ। ਆਇਨਕਾਲੀ ਨੇ ਸਿੱਖਿਆ ਵਿਭਾਗ ਤੋਂ ਸਰਕਾਰੀ ਆਦੇਸ਼ਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਪੱਤਰ ਕੱਢਵਾਇਆ। ਅਧਿਕਾਰੀ ਮਿਸ਼ੇਲ ਇਮਾਨਦਾਰੀ ਨਾਲ ਆਦੇਸ਼ ਲਾਗੂ ਕਰਵਾਉਣ ਲਈ ਸਕੂਲਾਂ ਵਿਚ ਗਿਆ ਤਾਂ ਉਸਦੀ ਜੀਪ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਇਸਦੇ ਬਾਵਜੂਦ ਉਹ ਅਗਾਂਹ ਵਧਿਆ। ਨਤੀਜੇ ਵਜੋਂ ਅੱਠ ਪੁਲਿਆਰਾਂ ਨੂੰ ਇਕ ਦਿਨ ਵਿਚ ਦਾਖ਼ਲਾ ਮਿਲਿਆ। ਇਸਦੀ ਇਕ ਵੱਡੀ ਪ੍ਰਾਪਤੀ ਇਹ ਸੀ ਕਿ ਇਕ ਸੋਲ੍ਹਾਂ ਸਾਲ ਦੇ ਮੁੰਡੇ ਨੂੰ ਪਹਿਲੀ ਜਮਾਤ ਵਿਚ ਦਾਖ਼ਲਾ ਦਿੱਤਾ ਗਿਆ। ਇਹ ਆਇਨਕਾਲੀ ਦੀਆਂ ਮੁਹਿੰਮਾਂ ਦਾ ਅਸਰ ਸੀ ਕਿ 1913 ਤੋਂ 1916 ਵਿਚਾਲੇ ਪਰਾਯਾਤ ਜਾਤੀ ਦੇ ਵਿਦਿਆਰਥੀਆਂ ਦੀ ਗਿਣਤੀ 400% ਅਤੇ ਪੁਲਿਆਰਾਂ ਦੀ ਗਿਣਤੀ 600% ਵਧੀ।

ਵੇਂਗਨੂਰ ਕੇਂਦਰ ਵਿਚ ਕਾਨਫਰੰਸ ਹਾਲ ਦੇ ਨਾਲ ਲਾਇਬ੍ਰੇਰੀ ਦੀ ਉਸਾਰੀ ਵੀ ਕੀਤੀ ਗਈ। ਸੰਘਮ ਦੀਆਂ ਗਤੀਵਿਧੀਆਂ ਵਿਚ ਔਰਤਾਂ ਦੀ ਭੂਮਿਕਾ ਅਹਿਮ ਸੀ। ਉਹ ਘਰ-ਘਰ ਜਾ ਕੇ ਮੁੱਠੀ-ਮੁੱਠੀ ਚਾਵਲ ਇਕੱਠੇ ਕਰਕੇ ਸੰਘਮ ਨੂੰ ਦਿੰਦੀਆਂ। ਇਸ ਤਰ੍ਹਾਂ ਸੰਘਮ ਦਾ ਪ੍ਰਭਾਵ ਖੇਤਰ ਵੀ ਵਧਿਆ ਅਤੇ ਕੰਮ ਦਾ ਖੇਤਰ ਵੀ। ਸੰਘਮ ਅਤੇ ਉਪ-ਸੰਘਮ ਦੇ ਲੋਕ ਹਫ਼ਤੇ ਵਿਚ ਇਕ ਥਾਂ ਇੱਕਠੇ ਹੁੰਦੇ, ਹੋਰ ਫ਼ੈਸਲਿਆਂ ਦੇ ਨਾਲ ਔਰਤਾਂ ਅਰਧ ਚੱਕ੍ਰਮ (ਉਸ ਸਮੇਂ ਦੀ ਮੁਦ੍ਰਾ) ਅਤੇ ਮਰਦ ਇਕ ਚੱਕ੍ਰਮ ਦਾ ਯੋਗਦਾਨ ਪਾਉਂਦੇ। ਇਸ ਤਰ੍ਹਾਂ ਇਕੱਠੇ ਕੀਤੇ ਪੈਸੇ ਤੋਂ ਪੁਲਿਆਰ ਵਿਦਿਆਰਥੀਆਂ ਲਈ ਹੋਸਟਲ ਵੀ ਬਣਾਏ ਗਏ, ਜਿਨ੍ਹਾਂ ਵਿਚੋਂ ਪੜ੍ਹ ਕੇ ਅਨੇਕਾਂ ਵਿਦਿਆਰਥੀ ਉੱਚੀਆਂ ਡਿਗਰੀਆਂ ਪ੍ਰਾਪਤ ਕਰ ਸਕੇ ਪਰ ਅਫ਼ਸੋਸ ਹੈ ਕਿ ਉਸ ਸਮੇਂ ਦੇ ਕੁੱਝ 'ਖੁੱਲ੍ਹ ਦਿਲੇ ਪ੍ਰਗਤੀਸ਼ੀਲਾਂ' ਨੇ ਵੀ ਸਾਰੀਆਂ ਜਾਤਾਂ ਦੇ ਬੱਚਿਆਂ ਨੂੰ ਇਕ ਥਾਂ ਬਿਠਾ ਕੇ ਸਿੱਖਿਆ ਦੇਣ ਦਾ ਵਿਰੋਧ ਕੀਤਾ। ਰਾਮੀ ਸ਼ਨ ਪਿਲੱਈ ਦੇ 'ਸਵਦੇਸ਼ੀ ਅਭਿਮਾਨ' ਪਤ੍ਰਿਕਾ ਵਿਚ ਛਪੇ ਲੇਖ ਦਾ ਇਹ ਅੰਸ਼ ਬਹੁਤ ਵਿਵਾਦਤ ਰਿਹਾ ਹੈ ਜਿਸ ਵਿਚ ਲਿਖਿਆ ਗਿਆ ਹੈ "ਜੋ ਲੋਕ ਬਗ਼ੈਰ ਕਿਸੇ ਠੋਸ ਕਾਰਣਾਂ ਦੇ ਅਤੇ ਜਾਤੀ-ਵੰਡ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਜ਼ਿੰਦਗੀ ਦੇ ਹਰ ਖੇਤਰ 'ਚ ਬਰਾਬਰਤਾ ਦੇ ਅਧਾਰ 'ਤੇ ਸਾਰੇ ਬੱਚਿਆਂ ਨੂੰ ਇਕ ਕਲਾਸ ਵਿਚ ਵਿਤਕਰੇ ਬਗ਼ੈਰ ਬੈਠਣ ਦੀ ਵਕਾਲਤ ਕਰ ਰਹੇ ਹਨ, ਸਾਨੂੰ ਉਨ੍ਹਾਂ ਦੀ ਦਲੀਲ ਵਿਚ ਕੋਈ ਤਰਕ ਨਜ਼ਰ ਨਹੀਂ ਆਉਂਦਾ.... ਉੱਚੀ ਜਾਤੀ ਦੇ ਬੱਚਿਆਂ ਦਾ ਨੀਵੀਂ ਜਾਤੀ ਦੇ ਬੱਚਿਆਂ ਨਾਲ ਕਲਾਸ ਵਿਚ ਘੁਲ-ਮਿਲ ਜਾਣਾ ਇਕ ਘੋੜੇ ਤੇ ਮੱਝ ਨੂੰ ਇਕ ਥਾਂ ਬੰਨ੍ਹਣ ਦੇ ਬਰਾਬਰ ਹੋਵੇਗਾ। ਕਿਉਂਕਿ ਉੱਚੀ ਜਾਤੀ ਦੇ ਬੱਚੇ ਬੌਧਿਕ ਤੌਰ 'ਤੇ ਕਈ ਨਸਲਾਂ ਤੋਂ ਸਿੱਖਿਆ ਵਿਚ ਅੱਗੇ ਵਧ ਚੁੱਕੇ ਹਨ ਜਦ ਕਿ ਨੀਵੀਆਂ ਜਾਤੀਆਂ ਦੇ ਬੱਚੇ ਕਈ ਨਸਲਾਂ ਤੋਂ ਸਿੱਖਿਆ ਵਿਚ ਪਿੱਛੇ ਚਲੇ ਆ ਰਹੇ ਹਨ ਅਤੇ ਨਾਲ ਉਹ ਖੇਤਾਂ ਵਿਚ ਧਾਨ ਵੀ ਲਗਾਉਂਦੇ ਰਹੇ ਹਨ।'' (ਸਵੈਦੇਸ਼ ਅਭਿਮਾਨੀ, 2 ਮਾਰਚ, 1910) ਇਹ ਮਾਨਸਿਕਤਾ ਸੌ ਸਾਲ ਬਾਅਦ ਵੀ ਬਹੁਤੀ ਨਹੀਂ ਬਦਲੀ। ਹੁਣ ਇਕ ਹੋਰ ਰਾਹ ਨਿਕਲ ਆਇਆ ਹੈ ਕਿ ਉੱਚੀਆਂ ਜਾਤਾਂ ਦੇ ਪੈਸੇ ਵਾਲਿਆਂ ਦੇ ਬੱਚੇ ਪ੍ਰਾਈਵੇਟ ਅਦਾਰਿਆਂ ਵਿਚ ਕਰੋੜਾਂ ਰੁਪਏ ਦੇ ਕੇ ਡਿਗਰੀਆਂ ਹਾਸਲ ਕਰ ਰਹੇ ਹਨ, ਪਰ ਹੇਠਲੀਆਂ ਜਾਤਾਂ-ਜਮਾਤਾਂ ਨੂੰ ਵਿਦਿਅਕ ਖੇਤਰ ਵਿਚੋਂ ਬਾਹਰ ਕੱਢਿਆ ਜਾ ਰਿਹਾ ਹੈ। ਅਖੌਤੀ ਨਵੀਂ ਵਿਦਿਅਕ ਨੀਤੀ ਇਸੇ ਸ਼ੈਤਾਨੀ ਚਾਲ 'ਚੋਂ ਉਪਜੀ ਹੈ।

ਜਿਵੇਂ ਉੱਪਰ ਦੱਸ ਆਏ ਹਾਂ ਕਿ ਪੁਲਿਆਰ ਔਰਤਾਂ ਨੂੰ ਛਾਤੀਆਂ ਢੱਕਣ ਦੀ ਇਜਾਜ਼ਤ ਨਹੀਂ ਸੀ ਤੇ ਇਸ ਲਈ

ਛਾਤੀਆਂ ਢੱਕਣ ਤੇ ਜੁਰਮਾਨਾ ਦੇਣਾ ਪੈਂਦਾ ਸੀ। ਨੰਗੇਲੀ ਨਾਂ ਦੀ ਔਰਤ ਨੇ ਛਾਤੀਆਂ ਢੱਕੀਆਂ ਤਾਂ ਅਧਿਕਾਰੀ ਉਸਤੋਂ ਜੁਰਮਾਨਾ ਉਗਰਾਹੁਣ ਲਈ ਪਹੁੰਚ ਗਿਆ। ਨੰਗੇਲੀ ਵੱਲੋਂ ਬਾਰ-ਬਾਰ ਇਹ ਕਿਹਾ ਗਿਆ ਕਿ ਉਹ ਗਰੀਬ ਹੈ ਤੇ ਜੁਰਮਾਨਾ ਨਹੀਂ ਦੇ ਸਕਦੀ। ਪਰ ਫਿਰ ਵੀ ਜਦੋਂ ਅਧਿਕਾਰੀ ਨਾ ਟਲਿਆ ਤਾਂ ਨੰਗੇਲੀ ਗੁੱਸੇ ਵਿਚ ਅੰਦਰ ਗਈ ਅਤੇ ਆਪਣੀ ਛਾਤੀ ਤਿੱਖੀ ਦਾਤੀ ਨਾਲ ਵੱਢ ਕੇ ਜੁਰਮਾਨੇ ਦੇ ਰੂਪ ਵਿਚ ਕੇਲੇ ਦੇ ਛਿਲਕੇ 'ਤੇ ਰੱਖ ਕੇ ਪੇਸ਼ ਕਰ ਦਿੱਤੀ। ਇਸ ਘਟਨਾ ਨਾਲ਼ ਕੋਹਰਾਮ ਮਚ ਗਿਆ। ਨੰਗੇਲੀ ਦੀ ਤਾਂ ਓਸੇ ਦਿਨ ਹੀ ਮੌਤ ਹੋ ਗਈ, ਪਰ ਕੇਰਲ ਦੇ ਲੋਕ ਹੁਣ ਤਕ ਨੰਗੇਲੀ ਦੀ ਪੂਜਾ ਕਰਦੇ ਹਨ। ਇਸ ਘਟਨਾ ਨੇ ਇਕ ਨਵੇਂ ਵਿਦਰੋਹ ਨੂੰ ਜਨਮ ਦਿੱਤਾ। ਜਿਸ ਨੂੰ 'ਸੰਨਾਰ ਲਹਾਲਾ ਉਭੋਵਸਤਰ ਅਧਿਕਾਰ ਵਿਦਰੋਹ' ਦਾ ਨਾਮ ਦਿੱਤਾ ਜਾਂਦਾ ਹੈ। ਇਕ ਪਾਸੇ ਪੱਥਰ/ਲੋਹੇ/ਪਿੱਤਲ ਦੇ ਆਭੂਸ਼ਣਾਂ ਤੋਂ ਮੁਕਤੀ ਦੀ ਲੜਾਈ ਸ਼ੁਰੂ ਹੋਈ ਤੇ ਦੂਜੇ ਪਾਸੇ ਬਲਾਊਜ਼ ਨਾਲ ਛਾਤੀਆਂ ਢੱਕਣ ਦਾ ਸੰਘਰਸ਼।

ਆਭੂਸ਼ਣਾਂ ਤੋਂ ਮੁਕਤੀ ਦਾ ਇਹ ਸੰਘਰਸ਼ ਆਇਨਕਾਲੀ ਨੇ ਦੱਖਣੀ ਤ੍ਰਵਨਕੋਰ ਦੇ ਨਿਯਤਿੰਕਰ ਦੇ ਸਥਾਨ ਤੋਂ ਸ਼ੁਰੂ ਕੀਤਾ। ਜਿਉ ਹੀ ਪਰੰਪਰਾਗਤ ਲੋਹੇ ਆਦਿ ਦੇ ਗਹਿਣੇ ਉਤਾਰਨ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਬਲਾਊਜ਼ ਪਹਿਨਣਾ ਔਰਤਾਂ/ਦਲਿਤਾਂ ਨੇ ਆਰੰਭ ਕੀਤਾ ਤਾਂ ਉੱਚੀ ਜਾਤੀ ਦੇ ਲੋਕ ਫਿਰ ਆਪਣੇ ਅਸਲੀ ਰੂਪ ਵਿਚ ਆ ਗਏ। ਹਥਿਆਰਬੰਦ ਖ਼ੂਨ-ਖ਼ਰਾਬਾ ਹੋਣਾ ਸ਼ੁਰੂ ਹੋ ਗਿਆ। ਓਮ ਪ੍ਰਕਾਸ਼ ਕਸ਼ਯਪ ਨੇ ਆਇਨਕਾਲੀ ਬਾਰੇ ਲਿਖੇ ਲੇਖ ਵਿਚ ਦੱਸਿਆ ਹੈ ਕਿ ਸਥਿਤੀ ਉਸ ਸਮੇਂ ਹੋਰ ਵੀ ਵਿਗੜ ਗਈ ਜਦੋਂ ਸੈਂਟ੍ਰਲ ਟ੍ਰਾਵਨਕੋਰ ਦੇ ਪੁਲਿਆਰ ਨੇਤਾ ਗੋਪਾਲ ਦਾਸ ਨੇ ਔਰਤਾਂ ਦੀ ਇਕ ਸਭਾ ਬੁਲਾ ਕੇ ਉਨ੍ਹਾਂ ਨੂੰ ਆਪਣੇ ਪਰੰਪਰਾਗਤ ਗ਼ੁਲਾਮੀ ਦੇ ਚਿੰਨ੍ਹ, ਗਹਿਣਿਆਂ ਨੂੰ ਲਾਹ ਕੇ ਬਲਾਊਜ਼ ਪਾਉਣ ਲਈ ਉਤਸ਼ਾਹਿਤ ਕੀਤਾ। ਨਤੀਜੇ ਵਜੋਂ ਟ੍ਰਾਵਨਕੋਰ ਵਿਖੇ ਅਨੇਕਾਂ ਥਾਵਾਂ 'ਤੇ ਖ਼ੂਨੀ ਸੰਘਰਸ਼ ਹੋਏ। ਦਲਿਤ, ਇਥੋਂ ਤਕ ਕਿ ਔਰਤਾਂ ਵੀ ਪਿੱਛੇ ਹੱਟਣ ਲਈ ਤਿਆਰ ਨਹੀਂ ਸਨ। ਦੋਵਾਂ ਪੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਅਖੀਰ ਦੋਨਾਂ ਧਿਰਾਂ ਨੂੰ ਸਮਝੌਤੇ ਲਈ ਰਾਜ਼ੀ ਹੋਣਾ ਪਿਆ। ਜਿੱਤ ਆਇਨਕਾਲੀ ਦੀ ਹੋਈ। ਸਰਕਾਰ, ਨਾਇਰਾਂ ਅਤੇ ਆਇਨਕਾਲੀ ਵਿਚਕਾਰ ਹੋਏ ਤਿੰਨ ਧਿਰੀ ਸਮਝੌਤੇ ਤੋਂ ਬਾਅਦ ਕਿਊਲਾਨ ਕਸਬੇ ਵਿਚ ਔਰਤਾਂ ਦੀ ਸਭਾ ਬੁਲਾਈ ਗਈ। ਆਇਨਕਾਲੀ ਅਤੇ ਨਾਇਰ ਚੇਗੰਨਾਚੇਰੀ ਪਰਮੇਸ਼ਰਨ ਪਿਲੱਈ ਦੀ ਹਾਜ਼ਰੀ ਵਿਚ ਸੈਂਕੜੇ ਦਲਿਤ ਔਰਤਾਂ ਨੇ ਗ੍ਰੇਨਾਈਟ ਦੇ ਹਾਰਾਂ ਨੂੰ ਲਾਹ ਦਿੱਤਾ ਅਤੇ ਬਲਾਊਜ਼ ਪਾਏ। ਅਜਿਹੇ ਹੱਕ ਲੈਣ ਦੇ ਸੰਘਰਸ਼ ਨੂੰ ਕਸ਼ਯਪ ਵਰਗੇ 'ਵਿਦਵਾਨ' ਦੰਗਿਆਂ ਦਾ ਨਾਮ ਦਿੰਦੇ ਹਨ ਜੋ ਉਚਿਤ ਨਹੀਂ। ਇਸ ਅੰਦੋਲਨ ਨੂੰ ਕੱਲੂਮਾਲਾ ਅੰਦੋਲਨ ਵੀ ਕਿਹਾ ਜਾਂਦਾ ਹੈ।

ਈ. ਐਮ. ਐੱਸ. ਨੰਬੂਦਰੀਪਾਦ ਨੇ ਲਿਖਿਆ ਹੈ ਕਿ, "1907 ਵਿਚ ਆਇਨਕਾਲੀ ਨੇ ਖੇਤ ਮਜ਼ਦੂਰਾਂ ਦੀ ਹੜਤਾਲ ਦੀ ਅਗਵਾਈ ਕੀਤੀ ਸੀ। ਉਨ੍ਹਾਂ ਨੇ ਬਿੱਖਰੇ ਹੋਏ ਅਸੰਗਠਿਤ ਖੇਤ ਮਜ਼ਦੂਰਾਂ ਨੂੰ ਇਕ ਜੁੱਟ ਕਰਕੇ ਸੰਗਠਿਤ ਤਾਕਤ ਵਿਚ ਬਦਲਣ 'ਚ ਕਾਮਯਾਬੀ ਹਾਸਲ ਕੀਤੀ ਸੀ।" ਕੇਰਲ ਵਿਚ ਇਹ ਹੜਤਾਲ 1913 ਵਿਚ ਹੋਈ ਜਦਕਿ ਟ੍ਰੇਡ ਯੂਨੀਅਨ ਲਹਿਰ ਦੀ ਸ਼ੁਰੂਆਤ ਅਸਰਦਾਰ ਢੰਗ ਨਾਲ ਇੱਥੇ 1920 ਤੋਂ ਬਾਅਦ ਹੋਈ। ਇਸ ਹੜਤਾਲ ਵਿਚ ਪੁਲਿਆਰਾਂ ਤੇ ਦਲਿਤਾਂ ਨੂੰ ਸਕੂਲਾਂ ਵਿਚ ਦਾਖ਼ਲ ਕਰਵਾਉਣ ਦਾ ਸੰਘਰਸ਼ ਵੀ ਜੁੜਿਆ ਹੋਇਆ ਸੀ। ਇਕ ਤਰ੍ਹਾਂ ਨਾਲ ਸਿੱਖਿਆ, ਰੋਜ਼ਗਾਰ ਅਤੇ ਜ਼ਮੀਨ ਵਿਚ ਹਿੱਸੇਦਾਰੀ ਲਈ ਹੀ ਸੀ ਇਹ ਸੰਘਰਸ਼।

ਟ੍ਰਾਵਨਕੋਰ ਵਿਚ ਜ਼ਮੀਨ ਨਾਇਰਾਂ ਕੋਲ ਸੀ। ਆਇਨਕਾਲੀ ਦੀ ਅਗਵਾਈ ਵਿਚ ਖੇਤ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਧਾਨ ਦੇ ਖੇਤਾਂ ਵਿਚ ਜਾਣਾ ਬੰਦ ਕਰ ਦਿੱਤਾ। ਚੈਂਥਰਾਸੇਰੀ ਅਨੁਸਾਰ 'ਪੂਰਾ ਇਕ ਸਾਲ ਖੇਤ ਮਜ਼ਦੂਰਾਂ ਨੇ ਧਾਨ ਦੇ ਖੇਤਾਂ ਵਿਚ ਕਿਸੇ ਵੀ ਕਿਸਮ ਦਾ ਕੰਮ ਕਰਨ ਤੋਂ ਇਨਕਾਰ ਕਰੀ ਰੱਖਿਆ।' ਇਸਦਾ ਪ੍ਰਭਾਵ ਕਾਂਡਲਾ, ਪਲੀਚਲ, ਮੁਦਾਵਾਪਾਰਾ ਤੋਂ ਵਿਝਿਨਜਮ, ਕਾਨੀਆਪੁਰਮ ਆਦਿ ਤਕ ਪੁੱਜਾ। ਇਸ ਹੜਤਾਲ ਤੋਂ ਪਹਿਲਾਂ ਸੰਘਮ ਦੀਆਂ ਤਿੰਨ ਮੁੱਖ ਮੰਗਾਂ ਸਨ- 1. ਕੰਮ ਦੇ ਦਿਨ 7 ਤੋਂ ਘਟਾ ਕੇ 6 ਕਰਨਾ, 2. ਕਾਮਿਆਂ ਨੂੰ ਹਫ਼ਤੇ ਵਿਚ ਇਕ ਦਿਨ ਦੀ ਛੁੱਟੀ ਦੇਣਾ ਅਤੇ 3. ਕੰਮ ਦੌਰਾਨ ਕਾਮਿਆਂ ਨਾਲ ਹੁੰਦੇ ਦੁਰਵਿਵਹਾਰ ਤੋਂ ਮੁਕਤੀ। ਪਰ ਹੜਤਾਲ ਸਮੇਂ ਇਸ ਵਿਚ ਹੋਰ ਵੀ ਕਈ ਮੰਗਾਂ ਸ਼ਾਮਲ ਹੋਈਆਂ ਜਿਵੇਂ; ਖੇਤ ਮਜ਼ਦੂਰਾਂ ਲਈ ਦਿਹਾੜੀ ਨਿਰਧਾਰਿਤ ਕਰਨਾ, ਕੰਮ ਦਾ ਸਮਾਂ ਨਿਸ਼ਚਿਤ ਕਰਨਾ, 6 ਦਿਨ ਕੰਮ ਕਰਨ 'ਤੇ ਇਕ ਦਿਨ ਦੀ ਛੁੱਟੀ, ਮਜ਼ਦੂਰਾਂ ਨੂੰ ਪੱਕੇ ਕਰਨਾ ਅਤੇ ਆਫ਼ ਸੀਜ਼ਨ ਦੀ ਤਨਖ਼ਾਹ ਦੇਣਾ, ਕੋੜੇ ਮਾਰਨੇ ਬੰਦ ਕਰਨਾ, ਬੱਚਿਆਂ ਦਾ ਸਕੂਲਾਂ ਵਿਚ ਦਾਖ਼ਲਾ ਖੋਲ੍ਹਣਾ, ਘੁੰਮਣ-ਫਿਰਨ ਦੀ ਆਜ਼ਾਦੀ ਅਤੇ ਫ਼ਾਲਤੂ ਜ਼ਮੀਨ ਦੀ ਮਜ਼ਦੂਰਾਂ ਵਿਚ ਵੰਡ ਕਰਵਾਉਣਾ ਆਦਿ। ਹੜਤਾਲ ਨੂੰ ਅਸਫ਼ਲ ਕਰਨ ਲਈ 'ਸਾਮ-ਦਾਮ-ਦੰਡ-ਭੇਦ' ਆਦਿ ਦੇ ਸਾਰੇ ਹਰਬੇ ਵਰਤੇ ਗਏ। ਇਸ ਦਰਮਿਆਨ ਪੁਲਿਆਰਾਂ ਦੀ ਬਸਤੀ ਨੂੰ ਅੱਗ ਲਾਈ ਗਈ। ਖ਼ੂਨੀ ਟਕਰਾਅ ਵੀ ਹੋਏ, ਪਰ ਹੜਤਾਲ ਨੂੰ ਤੋੜਿਆ ਨਹੀਂ ਜਾ ਸਕਿਆ। ਸੁਆਲ ਪੈਦਾ ਹੁੰਦਾ ਹੈ ਕਿ ਇਹ ਐਨੀ ਲੰਮੀ ਹੜਤਾਲ ਚੱਲੀ ਕਿਵੇਂ ? ਇਸ ਦੇ ਆਰਥਿਕ ਸੋਮੇ ਕਿੱਥੋਂ ਆਏ ? ਆਇਨਕਾਲੀ ਦੀ ਮਹਿਮਾ ਕਾਰਨ ਉਸਦੇ ਅੰਦੋਲਨ ਵਿਚ ਹੋਰ ਦਲਿਤ ਜਾਤਾਂ ਨੇ ਸਹਿਯੋਗ ਕੀਤਾ ਅਤੇ ਆਪਣੀ ਲੜਾਈ ਨੂੰ ਵੀ ਇਸ ਅੰਦੋਲਨ ਦਾ ਇਕ ਹਿੱਸਾ ਬਣਾਇਆ। ਮਛੁਆਰੇ ਵੀ ਇਸੇ ਕਿਸਮ ਦੇ ਜਾਤ-ਪਾਤੀ ਜ਼ੁਲਮਾਂ ਅਤੇ ਭੇਦ-ਭਾਵ ਦਾ ਸ਼ਿਕਾਰ ਸਨ। ਆਇਨਕਾਲੀ ਨੇ ਮਛੁਆਰਿਆਂ ਨਾਲ ਖੇਤ ਮਜ਼ਦੂਰਾਂ ਨੂੰ ਜੋੜਿਆ। ਉਸਨੇ ਮਛੁਆਰਿਆਂ ਨਾਲ ਸਮਝੌਤਾ ਕੀਤਾ ਜਿਸ ਵਿਚ ਤੈਅ ਹੋਇਆ ਕਿ ਹਰ ਮਛੁਆਰਾ ਇਕ ਪੁਲਿਆਰ ਨੂੰ ਕੰਮ 'ਤੇ ਰੱਖੇਗਾ ਅਤੇ ਉਸਨੂੰ ਦਿਹਾੜੀ ਦੇਵੇਗਾ। ਇਉ ਹੜਤਾਲੀ ਖੇਤ ਮਜ਼ਦੂਰਾਂ ਦਾ ਚੁੱਲ੍ਹਾ ਬਲਦਾ ਰਿਹਾ ਤੇ ਜ਼ਿੰਮੀਂਦਾਰਾਂ (ਨਾਇਰਾਂ) ਨੂੰ ਹਾਰ ਕੇ ਖੇਤ ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਮੰਨਣ ਲਈ ਮਜ਼ਬੂਰ ਹੋਣਾ ਪਿਆ।

ਇਕ ਮਈ 1886 ਨੂੰ ਸ਼ਿਕਾਗੋ ਵਿਚ ਮਜ਼ਦੂਰ ਸ਼ਹੀਦੀਆਂ ਦੇ ਕੇ ਕੰਮ ਦੇ ਘੰਟੇ ਘੱਟ ਕਰਨ ਦੀ ਲੜਾਈ ਨੂੰ ਸਾਰੀ ਦੁਨੀਆਂ ਵਿਚ ਲੈ ਕੇ ਜਾਂਦੇ ਹਨ, ਆਇਨਕਾਲੀ ਇਨ੍ਹਾਂ ਸਮਾਚਾਰਾਂ ਤੋਂ ਅੰਜਾਣ 1913-14 ਈ. ਵਿਚ ਇਹ ਵੱਡਾ ਮੁੱਦਾ ਲੈ ਕੇ ਇਕ ਸਾਲ ਦੀ ਖੇਤ ਮਜ਼ਦੂਰਾਂ ਦੀ ਹੜਤਾਲ ਦੀ ਅਗਵਾਈ ਕਰਦਾ ਹੈ ਅਤੇ ਜਿੱਤ ਵੀ ਪ੍ਰਾਪਤ ਕਰਦਾ ਹੈ। ਕਿਸਾਨ-ਮੋਰਚੇ ਦੇ ਅੰਦੋਲਨ ਵਿਚ ਜਿਥੇ ਅਸੀਂ ਅਜੀਤ ਸਿੰਘ ਵੱਲੋਂ ਚਲਾਏ ਇਕ ਸਾਲ ਲੰਮੇ 'ਪਗੜੀ ਸੰਭਾਲ ਜੱਟਾ' ਅੰਦੋਲਨ ਨੂੰ ਯਾਦ ਕਰਦੇ ਹਾਂ ਤਾਂ ਓਥੇ ਸਾਨੂੰ ਆਇਨਕਾਲੀ ਦੀ ਅਗਵਾਈ ਵਿਚ ਖੇਤ ਮਜ਼ਦੂਰਾਂ, ਪੁਲਿਆਰਾਂ (ਦਲਿਤਾਂ) ਦੀ ਇਕ ਸਾਲ ਲੰਮੀ ਹੜਤਾਲ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਜੋ 1913 ਤੋਂ ਲੈ ਕੇ 1914 ਤਕ ਚੱਲੀ। ਕੇਰਲ ਵਿਚ ਔਰਤਾਂ ਦੀ ਅੱਜ ਜੋ ਸਨਮਾਨਜਨਕ ਸਥਿਤੀ ਹੈ ਉਸ ਪਿੱਛੇ ਆਈਨਕਾਲੀ ਵੱਲੋਂ ਚਲਾਏ ਅੰਦੋਲਨ ਦਾ ਬਹੁਤ ਵੱਡਾ ਹੱਥ ਹੈ।

ਆਇਨਕਾਲੀ ਦੇ ਵਿਸ਼ਾਲ ਪ੍ਰਭਾਵ ਕਾਰਨ 1912 ਵਿਚ ਉਸਨੂੰ ਰਾਜ ਦੀ ਵਿਧਾਨ ਸਭਾ ਲਈ ਨਾਮਜ਼ਦ ਕੀਤਾ ਗਿਆ। ਅੰਗ੍ਰੇਜ਼ੀ ਸਾਮਰਾਜ ਅਧੀਨ ਉਹ ਪਹਿਲਾ ਦਲਿਤ ਨੇਤਾ ਸੀ ਜਿਸਨੂੰ ਇਹ ਮਾਣ ਮਿਲਿਆ। ਵਿਧਾਨ ਸਭਾ ਵਿਚ ਰਹਿੰਦਿਆਂ ਆਇਨਕਾਲੀ ਨੇ ਆਪਣੇ ਵਿੱਢੇ ਸਾਰੇ ਕੰਮਾਂ ਨੂੰ ਅਗਾਂਹ ਵਧਾਇਆ। ਵਿਧਾਨ ਸਭਾ ਵਿਚ ਉਠਾਏ ਮਸਲਿਆਂ ਨੂੰ ਉਹ ਜ਼ਮੀਨ ਉੱਪਰ ਉਤਾਰ ਕੇ ਦੰਮ ਲੈਂਦਾ। ਇਥੇ ਉਸਦੇ ਭਾਸ਼ਣ ਦੇ ਕੁੱਝ ਵਾਕ ਦੇਖੇ ਜਾ ਸਕਦੇ ਹਨ। ਆਇਨਕਾਲੀ ਨੇ ਕਿਹਾ, "ਪੁਲਿਆਰਾਂ ਨੂੰ ਇੰਜੀਨੀਅਰ, ਸਿਹਤ ਅਤੇ ਮੈਡੀਕਲ ਵਿਭਾਗ ਵਿਚ ਭਰਤੀ ਕੀਤਾ ਜਾ ਸਕਦਾ ਹੈ। ਉਨ੍ਹਾਂ ਵਿਚੋਂ ਕਈ ਇਸ ਯੋਗ ਵੀ ਹਨ ਜਿਨ੍ਹਾਂ ਨੂੰ ਸਿੱਖਿਆ ਵਿਭਾਗ ਵਿਚ ਭਰਤੀ ਕੀਤਾ ਜਾ ਸਕਦਾ ਹੈ। ਹਾਲਾਂਕਿ ਪੁਲਿਆਰਾਂ ਨੂੰ ਸੜਕਾਂ 'ਤੇ ਤੁਰਨ, ਕਾਨੂੰਨ ਦੀ ਮਦਦ ਲੈਣ ਅਤੇ ਅਦਾਲਤ ਜਾਣ ਦੇ ਅਧਿਕਾਰ ਦੇ ਸਬੰਧ ਵਿਚ ਸ਼ਾਹੀ ਆਦੇਸ਼ ਜਾਰੀ ਹੋ ਚੁੱਕਾ ਹੈ, ਇਸਦੇ ਬਾਵਜੂਦ ਉਨ੍ਹਾਂ ਨੂੰ ਰੋਕਿਆ ਜਾ ਰਿਹਾ ਹੈ। ਕੁੱਝ ਲੋਕ ਇਸ ਵਿਚ ਰੋੜੇ ਅਟਕਾ ਰਹੇ ਹਨ। ਸਾਨੂੰ ਰਾਹਤ ਪਹੁੰਚਾਉਣ ਲਈ ਜ਼ਰੂਰੀ ਕਦਮ ਉਠਾਉਣੇ ਚਾਹੀਦੇ ਹਨ।" ਸ੍ਰੀ ਮੂਲਮ ਪ੍ਰਜਾ ਸਭਾ ਵਿਚ ਆਇਨਕਾਲੀ ਨੇ ਜ਼ਮੀਨ ਵੰਡ ਦਾ ਮੁੱਦਾ ਉਠਾਇਆ, ਸਿੱਟੇ ਵਜੋਂ 500 ਪਰਿਵਾਰਾਂ ਨੂੰ 500 ਏਕੜ ਜ਼ਮੀਨ ਦੀ ਵੰਡ ਕੀਤੀ ਗਈ। ਇਕ ਪਰਿਵਾਰ ਲਈ ਇਕ ਏਕੜ।

ਆਇਨਕਾਲੀ ਦੀ ਇਕ ਹੋਰ ਵੱਡੀ ਦੇਣ ਸੀ ਦਲਿਤਾਂ ਲਈ 'ਸਮਾਜਿਕ ਅਦਾਲਤਾਂ' ਦਾ ਗਠਨ। ਇਹ ਅੰਗ੍ਰੇਜ਼ਾਂ ਵਰਗੀ ਨਿਆਂ ਪ੍ਰਣਾਲੀ ਸੀ ਪਰ ਬਦਲਵੀਂ ਤੇ ਸਮਾਨਾਂਤਰ। ਇਸਦੀ ਲੋੜ ਕਿਉ ਪਈ ? ਸਦੀਆਂ ਤੋਂ ਦਲਿਤਾਂ ਨੂੰ ਕਿਸੇ ਤਰ੍ਹਾਂ ਦੇ ਨਿਆਂ ਦੀ ਆਸ ਨਹੀਂ ਸੀ। ਹੁਣ ਅੰਗ੍ਰੇਜ਼ ਕੋਰਟਾਂ ਆਉਣ ਨਾਲ ਵੀ ਉਨ੍ਹਾਂ ਨਾਲ ਵਿਤਕਰਾ ਸਾਫ਼ ਸੀ। ਅਦਾਲਤਾਂ ਦੇ ਸਮੇਂ ਤੋਂ ਬਾਅਦ ਜੱਜ ਬਾਹਰ ਦਰੱਖ਼ਤ ਹੇਠ ਵੱਖਰੀ ਅਦਾਲਤ ਲਾਉਂਦਾ। ਦਲਿਤ ਅਰਦਲੀ ਨੂੰ ਆਪਣੀ ਸ਼ਿਕਾਇਤ ਦੱਸਦਾ ਅਤੇ ਅਰਦਲੀ ਅਗਾਂਹ ਜੱਜ ਤਕ ਫ਼ਰਿਆਦ ਪਹੁੰਚਾਉਂਦਾ ਅਤੇ ਜੱਜ ਆਪਣਾ ਫੈਸਲਾ ਦਿੰਦਾ। ਆਇਨਕਾਲੀ ਨੇ ਵੇਂਗਨੂਰ ਵਿਚ 'ਸਮੁਦਾਇ ਕੋਟਾਥੀ' ਸਥਾਪਿਤ ਕੀਤੀ, ਜਿਸਦਾ ਚੀਫ਼ ਜੱਜ ਉਹ ਆਪ ਸੀ। ਹੇਠਾਂ ਇਨ੍ਹਾਂ ਅਦਾਲਤਾਂ ਦੀਆਂ ਸਬ ਅਦਾਲਤਾਂ ਸਥਾਪਿਤ ਕੀਤੀਆਂ ਗਈਆਂ। ਜੇ ਹੇਠਲੀਆਂ ਅਦਾਲਤਾਂ ਵਿਚ ਫ਼ੈਸਲਾ ਨਾ ਹੁੰਦਾ ਤਾਂ ਕੇਸ ਮੁੱਖ ਅਦਾਲਤ ਵਿਚ ਆਉਂਦਾ, ਜੇਲ੍ਹ ਕਰਨ ਦੇ ਫ਼ੈਸਲੇ ਨੂੰ ਛੱਡ ਕੇ ਬਾਕੀ ਸਾਰੇ ਫ਼ੈਸਲੇ ਕੀਤੇ ਜਾਂਦੇ। ਇਉ ਦਲਿਤਾਂ ਨੂੰ ਛੇਤੀ ਹੀ ਸਹੀ ਨਿਆਂ ਮਿਲਣ ਲੱਗਾ। ਸਾਂਝੀਆਂ ਅਦਾਲਤਾਂ ਆਉਣ ਤਕ ਇਹ ਅਦਾਲਤਾਂ ਆਪਣਾ ਕੰਮ ਕਰਦੀਆਂ ਰਹੀਆਂ।

1913-14 ਈ. ਦੀ ਲੰਮੀ ਹੜਤਾਲ ਤੇ ਦੂਸਰੀਆਂ ਖ਼ੂਨੀ ਲੜਾਈਆਂ ਨੇ ਕੇਰਲ ਦੇ ਸਾਹਿਤਕ ਤੇ ਸਭਿਆਚਾਰਕ ਜੀਵਨ ਵਿਚ ਬਦਲਾਅ ਲਿਆਉਣੇ ਸ਼ੁਰੂ ਕੀਤੇ। ਏਸੇ ਸਮੇਂ ਵਿਚ ਦਲਿਤ ਲੇਖਨ ਦੀ ਸ਼ੁਰੂਆਤ ਵੀ ਹੁੰਦੀ ਹੈ। ਦਲਿਤਾਂ ਨੂੰ ਇਤਿਹਾਸ ਵਿਚੋਂ ਖ਼ਾਰਿਜ ਕਰਨ ਦਾ ਗਿਲਾ ਤੇ ਕੇਂਦਰ ਵਿਚ ਆਉਣ ਦੀ ਚਾਹ ਦੀ ਪ੍ਰਤੀਕ ਪੋਈਕਾਇਲ ਯੋਹੱਨ ਦੀ ਮਲਿਆਲੀ ਕਵਿਤਾ ਸਭ ਤੋਂ ਵਧੇਰੇ ਯਾਦ ਕੀਤੀ ਜਾਂਦੀ ਹੈ-

ਮੈਂ ਪੜ੍ਹੇ ਹਨ ਕਈ ਸੱਭਿਆਤਾਵਾਂ ਦੇ ਇਤਿਹਾਸ
ਖੋਜਿਆ ਹੈ, ਦੇਸ਼ ਪ੍ਰਦੇਸ਼ ਦੇ ਹਰੇਕ ਇਤਿਹਾਸ ਨੂੰ
ਕਿਤੇ ਕੁੱਝ ਨਹੀਂ ਮਿਲਿਆ, ਮੇਰੀ ਜਾਤ ਬਾਰੇ
ਧਰਤੀ 'ਤੇ ਨਹੀਂ ਹੈ ਕੋਈ ਕਲਮਕਾਰ
ਜੋ ਲਿਖੇ ਮੇਰੀ ਜਾਤੀ ਦਾ ਇਤਿਹਾਸ
ਜਿਸਨੂੰ ਧੱਕ ਦਿੱਤਾ ਗਿਆ ਹੈ ਰਸਾਤਲ ਵਿਚ
ਜੋ ਗੁਆਚ ਚੁੱਕੀ ਹੈ,
ਇਤਿਹਾਸ ਦੀਆਂ ਅਣਮਿਣਵੀਆਂ ਗਹਿਰਾਈਆਂ ਵਿਚ

ਕੁਮਾਰਨ ਆਸਨ ਦੀ 'ਦੁਰ ਅਵਸਥਾ' ਨਾਮੀ ਕਵਿਤਾ ਵਿਚ ਕਬੀਰ ਵਰਗੀ ਵਿਦਰੋਹੀ ਧੁਨੀ ਦਿਖਾਈ ਦਿੰਦੀ ਹੈ। ਉਹ ਲਿਖਦਾ ਹੈ :-

ਕੀ ਜਾਤ ਖ਼ੂਨ ਵਿਚ ਹੁੰਦੀ ਹੈ
ਜਾਂ ਫਿਰ ਕੀ ਇਹ ਹੱਡੀ ਵਿਚ
ਜਾਂ ਹੱਡੀਆਂ ਦੀ ਮਿੱਝ ਵਿਚ ?
ਕੀ ਚੰਡਾਲ ਔਰਤ ਦੇ ਸਰੀਰ 'ਚ
ਬ੍ਰਾਹਮਣ ਦਾ ਬੀਜ ਨਹੀਂ ਪਲ ਸਕਦਾ

ਉਹ ਉਚੇਰਾ ਹੋਕ ਦਿੰਦਿਆਂ ਕਹਿੰਦਾ ਹੈ :

ਬਹਾਦਰੀ ਨਾਲ ਅੱਗੇ ਵਧੋ
ਪੁਰਾਤਨ ਰੀਤਾਂ ਆਪਣੀਆਂ ਨੂੰ
ਦਿਓ ਬਦਲ
ਨਹੀਂ ਤਾਂ ਤੁਹਾਨੂੰ ਹੀ ਕਰ ਦਿੱਤਾ ਜਾਵੇਗਾ ਦਰਕਿਨਾਰ

ਅੰਦੋਲਨਾਂ ਵਿਚ ਜਿੱਤਾਂ ਪ੍ਰਾਪਤ ਕਰਕੇ ਆਇਨਕਾਲੀ ਦਾ ਤੇਜ ਕਈ ਵਿਰੋਧਾਂ ਤੇ ਆਤਮ ਵਿਰੋਧਾਂ ਕਾਰਣ ਮੱਠਾ ਪੈ ਗਿਆ ਪਰ ਉਸਦੇ ਅੰਦੋਲਨ ਨੇ ਕੇਰਲ ਵਿਚ ਬਾਅਦ ਵਿਚ ਚਲੇ ਅੰਦੋਲਨਾਂ ਉੱਪਰ ਨਿੱਗਰ ਪ੍ਰਭਾਵ ਪਾਇਆ। ਕਿਉਂਕਿ ਇਨ੍ਹਾਂ ਅੰਦਲਨਾਂ ਵਿਚ ਸ਼ਾਮਿਲ ਲੋਕ ਕਦੇ ਆਇਨਕਾਲੀ ਦੇ ਸੰਘਮ ਦਾ ਹਿੱਸਾ ਵੀ ਰਹੇ ਸਨ। ਇਸ ਬਾਰੇ ਬਜਰੰਗ ਬਿਹਾਰੀ ਦਾ ਲੇਖ 'ਆਂਦੋਲਨ ਕਾ ਵਿਸਤਾਰ : ਚੇਰਮਾਰ ਮਹਾਜਨ ਸਭਾ' ਪੜ੍ਹਿਆ ਜਾ ਸਕਦਾ ਹੈ। (ਕੇਰਲ ਮੇਂ ਸਮਾਜਿਕ ਆਂਦੋਲਨ ਔਰ ਦਲਿਤ ਸਾਹਿਤਯ, ਪੰਨੇ : 99-108)

ਜਦੋਂ ਆਇਨਕਾਲੀ ਨੇ ਕੰਮਕਾਰ ਆਪਣੇ ਜਵਾਈ ਕੇਸ਼ਵਨ ਸ਼ਾਸਤਰੀ ਨੂੰ ਸੌਂਪ ਦਿੱਤਾ ਅਤੇ ਆਪ ਲਾਂਭੇ ਹੋ ਗਿਆ ਤਾਂ ਪਰਿਪਲਨ ਸੰਘਮ ਦਾ ਕੰਮ ਢਿੱਲਾ ਪੈ ਗਿਆ ਤੇ ਇਕ ਜਾਤੀ ਵਿਸ਼ੇਸ਼ ਤਕ ਸਿਮਟ ਕੇ ਰਹਿ ਗਿਆ। ਇਹ ਜਾਗਰਣ ਕਾਲ ਵਿਚ ਪੈਦਾ ਹੋਈਆਂ ਸਾਰੀਆਂ ਦਲਿਤ ਲਹਿਰਾਂ ਦਾ ਦੁਖਾਂਤ ਰਿਹਾ ਹੈ ਕਿ ਜਦੋਂ ਇਹ ਉੱਠੀਆਂ ਤਾਂ ਇਨ੍ਹਾਂ ਨੇ ਸਮਾਜ ਦੀਆਂ ਨੀਵੀਆਂ ਸਮਝੀਆਂ ਜਾਂਦੀਆਂ ਸਾਰੀਆਂ ਜਾਤਾਂ ਨੂੰ ਸੰਗਠਿਤ ਹੀ ਨਹੀਂ ਕੀਤਾ ਸਗੋਂ ਉਪਰਲੀਆਂ ਜਾਤਾਂ-ਜਮਾਤਾਂ ਨੂੰ ਵੀ ਆਪਣੇ ਦਾਇਰੇ ਵਿਚ ਲੈ ਆਂਦਾ, ਵੱਡੇ-ਵੱਡੇ ਸੰਘਰਸ਼ ਤੇ ਸੁਧਾਰਕ ਕੰਮ ਕੀਤੇ ਪਰ ਅਖੀਰ ਇਕ ਜਾਤੀ ਵਿਸ਼ੇਸ਼ ਤਕ ਸਿਮਟ ਕੇ ਰਹਿ ਗਈਆਂ।

ਆਇਨਕਾਲੀ ਦਾ ਅੰਦੋਲਨ ਪੁਲਿਆਰਾਂ ਤਕ, ਡਾ. ਅੰਬੇਡਕਰ ਦਾ ਮਹਾਰਾਂ ਤਕ, ਜੋਤੀਬਾ ਫੂਲੇ ਦਾ ਮਾਲੀਆਂ ਤਕ ਅਤੇ ਬਾਬੂ ਮੰਗੂ ਰਾਮ ਦਾ ਪ੍ਰਭਾਵ ਸਾਰੇ ਆਦਿਧਰਮੀਆਂ ਦੀ ਬਜਾਏ ਕੇਵਲ ਚਮੜੇ ਦੇ ਕੰਮ ਨਾਲ਼ ਜੁੜੇ ਲੋਕਾਂ ਤਕ ਸੀਮਤ ਹੋ ਕੇ ਰਹਿ ਗਿਆ। ਅੱਜ ਸੱਤਾ ਵੱਲੋਂ ਕੀਤੇ ਅੱਤਿਆਚਾਰਾਂ ਕਾਰਣ ਅਤੇ ਮੰਨੂ ਸਿਮ੍ਰਤੀ ਦੇ ਵਿਧਾਨ ਨੂੰ ਦੁਬਾਰਾ ਜਿਉਂਦੇ ਕਰਨ ਦੇ ਯਤਨਾਂ ਕਰਕੇ ਦਲਿਤ ਦੁਬਾਰਾ ਲਾਮਬੰਦ ਹੋ ਰਹੇ ਹਨ। ਮਾਰਕਸਵਾਦੀ ਆਪਣੀ ਸਵੈ-ਪੜਚੋਲ ਕਰਕੇ ਇਨ੍ਹਾਂ ਵੱਲ ਵਿਸ਼ੇਸ਼ ਧਿਆਨ ਦੇਣ ਲੱਗੇ ਹਨ। ਘੱਟ ਗਿਣਤੀਆਂ ਇਨ੍ਹਾਂ ਨਾਲ ਜੁੜ ਕੇ ਵਿਸ਼ਾਲ ਏਕਤਾ ਬਣਾ ਕੇ ਅਗਾਂਹ ਵਧਣ ਲਈ ਯਤਨਸ਼ੀਲ ਹਨ, ਜਿਸਦੇ ਸਿੱਟੇ ਸਾਰਥਿਕ ਨਿਕਲਦੇ ਨਜ਼ਰ ਆਉਣ ਲੱਗੇ ਹਨ। ਜਿੰਨੀ ਛੇਤੀ ਇਹ ਸ਼ਕਤੀਆਂ ਇਕਮੁੱਠ ਹੋ ਕੇ ਕਾਰਜਸ਼ੀਲ ਹੋਣਗੀਆਂ, ਓਨਾ ਹੀ ਦੇਸ਼ ਲਈ ਚੰਗਾ ਹੋਵੇਗਾ।

**ਸੰਗਰਾਮੀ ਲਹਿਰ 'ਚੋਂ ਧੰਨਵਾਦ ਸਹਿਤ**

# ਕਾਮਰੇਡ ਇਕਬਾਲ ਸੰਧੂ ਸਦੀਵੀ ਵਿਛੋੜਾ ਦੇ ਗਏ

**-ਬੂਟਾ ਸਿੰਘ**

ਸਾਡੇ ਬਹੁਤ ਹੀ ਹਰਦਿਲ ਅਜ਼ੀਜ਼ ਅਤੇ ਕਿਰਤੀ ਹੱਕਾਂ ਦੇ ਅਣਥੱਕ ਸੰਗਰਾਮੀਏ ਕਾਮਰੇਡ ਇਕਬਾਲ ਸੰਧੂ ਨੇ ਕੱਲ੍ਹ 12 ਮਈ ਨੂੰ ਇੰਗਲੈਂਡ ਦੀ ਧਰਤੀ 'ਤੇ ਆਖ਼ਰੀ ਸਵਾਸ ਲਏ।

ਇਕਬਾਲ ਸੰਧੂ ਕਿਸਾਨੀ ਪਰਿਵਾਰ ਵਿੱਚੋਂ ਸਨ। ਉਨ੍ਹਾਂ ਦਾ ਜਨਮ 1932 'ਚ ਅਣਵੰਡੇ ਪੰਜਾਬ ਵਿਚ ਹੋਇਆ। ਪਾਕਿਸਤਾਨ ਬਣਨ ਤੋਂ ਬਾਦ ਉਨ੍ਹਾਂ ਦੇ ਪਰਿਵਾਰ ਨੇ ਪੂਰਬੀ ਹਿੱਸੇ 'ਚ ਪਿੰਡ ਸੰਘੇ ਆ ਕੇ ਪਨਾਹ ਲਈ ਅਤੇ ਆਖ਼ਿਰਕਾਰ ਗੋਰਾਇਆ ਨੇੜੇ ਪਿੰਡ ਗਹੌਰ 'ਚ ਵਸ ਗਿਆ। ਉਸ ਸਮੇਂ ਉਨ੍ਹਾਂ ਦੀ ਉਮਰ 14 ਸਾਲ ਸੀ। ਸਕੂਲੀ ਪੜ੍ਹਾਈ ਤੋਂ ਬਾਦ ਫ਼ਗਵਾੜਾ ਦੇ ਕਾਲਜ 'ਚ ਪੜ੍ਹਾਈ ਕਰਦਿਆਂ ਉਹ ਕਮਿਊਨਿਸਟ ਸਰਗਰਮੀਆਂ ਨਾਲ ਜੁੜੇ ਅਤੇ ਹਮੇਸ਼ਾ ਲਈ ਸਮਾਜਿਕ ਤਬਦੀਲੀ ਦੀ ਜੱਦੋਜਹਿਦ ਨੂੰ ਸਮਰਪਿਤ ਹੋ ਗਏ। 1956 'ਚ ਉਹ ਰੋਜ਼ਗਾਰ ਦੀ ਤਲਾਸ਼ 'ਚ ਇੰਗਲੈਂਡ ਚਲੇ ਗਏ ਅਤੇ ਉਹ ਕੁਵੈਂਟਰੀ ਸ਼ਹਿਰ 'ਚ ਰਹਿੰਦੇ ਸਨ। ਥੋੜ੍ਹਾ ਸਮਾਂ ਫੈਕਟਰੀਆਂ 'ਚ ਕੰਮ ਕਰਨ ਤੋਂ ਬਾਦ ਉਨ੍ਹਾਂ ਨੇ ਬੱਸ ਡਰਾਈਵਰ ਦੀ ਨੌਕਰੀ ਕਰ ਲਈ, ਹੋਰ ਵੀ ਕਈ ਰੋਜ਼ਗਾਰ ਕੀਤੇ ਅਤੇ ਆਖ਼ਿਰਕਾਰ 1996 'ਚ ਉਹ ਰਿਟਾਇਰ ਹੋ ਗਏ।

ਇੰਗਲੈਂਡ ਜਾਂਦੇ ਸਾਰ ਉਹ ਟਰੇਡ ਯੂਨੀਅਨ ਲਹਿਰ 'ਚ ਸਰਗਰਮ ਹੋ ਗਏ ਸਨ ਅਤੇ ਤਾਉਮਰ ਇਸੇ ਕਾਜ ਨੂੰ ਸਮਰਪਿਤ ਰਹੇ। ਉਹ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਆਈ.ਡਬਲਯੂ.ਏ.ਜੀ.ਬੀ.) ਦੇ ਅਣਥੱਕ ਕਾਰਕੁੰਨ ਸਨ। ਉਹ ਕੁਵੈਂਟਰੀ ਬਰਾਂਚ ਦੇ ਪ੍ਰਧਾਨ ਰਹੇ ਅਤੇ ਨਾਲ ਹੀ ਐਸੋਸੀਏਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਉਹ ਜਿੱਥੇ ਮਜ਼ਦੂਰ ਜਮਾਤ ਦੇ ਹੱਕਾਂ ਲਈ ਮੋਹਰੀਆਂ ਸਫ਼ਾਂ 'ਚ ਲੜਨ ਵਾਲੇ ਜੁਝਾਰੂ ਸਨ ਉੱਥੇ ਉਨ੍ਹਾਂ ਨੇ ਆਈ.ਡਬਲਯੂ.ਏ. ਵਿਚ ਹਾਵੀ ਹੋਏ ਸੋਧਵਾਦੀ, ਸਥਾਪਤੀ



ਪੱਖੀ ਭੋਗ ਪਾਊ ਰੁਝਾਨ ਵਿਰੁੱਧ ਵੀ ਡੱਟ ਕੇ ਸਟੈਂਡ ਲਿਆ। ਉਨ੍ਹਾਂ ਨੇ ਜੁਝਾਰੂ ਆਗੂ ਜਗਮੋਹਣ ਜੋਸ਼ੀ ਦੀ ਇਨਕਲਾਬੀ ਪਰੰਪਰਾ ਉੱਪਰ ਨਿਰੰਤਰ ਪਹਿਰਾ ਦਿੰਦੇ ਹੋਏ ਮੌਲਿਕ ਪ੍ਰੋਗਰਾਮ ਉੱਪਰ ਜਥੇਬੰਦੀ ਨੂੰ ਮੁੜ-ਜਥੇਬੰਦ ਕਰਨ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਅਤੇ ਹਮੇਸ਼ਾ ਬੁਲੰਦ ਹੌਸਲੇ ਨਾਲ ਸਰਗਰਮ ਰਹਿੰਦੇ ਸਨ। ਉਹ ਨਕਸਲੀ ਲਹਿਰ ਦੀ ਸੋਚ ਦੇ ਧਾਰਨੀ ਸਨ ਅਤੇ ਭਾਰਤ ਸਮੇਤ ਦੁਨੀਆ ਭਰ ਵਿਚ ਲੋਕ ਮੁਕਤੀ ਜੱਦੋਜਹਿਦਾਂ ਦੇ ਹੱਕ 'ਚ ਧੜੱਲੇ ਨਾਲ ਖੜ੍ਹਦੇ ਸਨ।

ਦੇਹਾਂਤ ਦੇ ਸਮੇਂ ਉਨ੍ਹਾਂ ਦੀ ਉਮਰ 89 ਸਾਲ ਸੀ। ਜ਼ਿੰਦਗੀ ਦੇ ਇਸ ਪੜਾਅ 'ਚ ਵੀ ਉਨ੍ਹਾਂ ਦਾ ਇਨਕਲਾਬੀ ਜਜ਼ਬਾ ਨੌਜਵਾਨਾਂ ਵਰਗਾ ਸੀ। ਉਨ੍ਹਾਂ ਦਾ ਮਾਰਕਸਵਾਦੀ ਵਿਚਾਰਧਾਰਾ ਵਿਚ ਦ੍ਰਿੜ ਵਿਸ਼ਵਾਸ ਅਤੇ ਲੋਕ ਹਿੱਤਾਂ ਲਈ ਜੂਝਣ ਦੀ ਨਿਹਚਾ ਬੇਮਿਸਾਲ ਸੀ। ਉਨ੍ਹਾਂ ਨਾਲ ਅਕਸਰ ਗੱਲ ਹੁੰਦੀ ਰਹਿੰਦੀ ਸੀ ਅਤੇ ਉਹ ਹਮੇਸ਼ਾ ਚੜ੍ਹਦੀ ਕਲਾ 'ਚ ਹੁੰਦੇ ਸਨ। ਉਹ ਸਭਨਾਂ 'ਚ ਸਤਿਕਾਰੇ ਜਾਂਦੇ ਸਨ ਅਤੇ ਮੱਤਭੇਦਾਂ ਵਾਲੇ ਲੋਕਾਂ ਨਾਲ ਵੀ ਟੀਮ ਸਪਿਰਿਟ ਦੀ ਭਾਵਨਾ ਨਾਲ ਮਿਲ-ਜੁਲ ਕੇ ਕੰਮ ਕਰਨ ਦੇ ਨਜ਼ਰੀਏ ਵਾਲੇ ਇਨਸਾਨ ਸਨ। ਉਹ ਘਰ-ਪਰਿਵਾਰ, ਜਥੇਬੰਦੀ ਅਤੇ ਸਮਾਜ ਹਰ ਥਾਂ ਸਤਿਕਾਰੇ ਜਾਂਦੇ ਬਹੁਗੁਣੀ ਆਗੂ ਸਨ। ਕਮਿਊਨਿਜ਼ਮ ਅਤੇ ਸੋਸ਼ਲਿਜ਼ਮ ਦੇ ਕਾਜ ਨੂੰ ਪ੍ਰਣਾਏ ਟਰੇਡ ਯੂਨੀਅਨ ਆਗੂ ਹੋਣ ਦੇ ਨਾਲ-ਨਾਲ ਉਹ ਇਨਕਲਾਬੀ ਕਵੀ ਵੀ ਸਨ ਅਤੇ ਪਿੱਛੇ ਜਹੇ ਉਨ੍ਹਾਂ ਦੇ ਗੀਤਾਂ-ਨਜ਼ਮਾਂ ਦਾ ਸੰਗ੍ਰਹਿ ਛਪਿਆ ਸੀ।

ਬੇਹੱਦ ਆਸ਼ਾਵਾਦੀ ਹੋਣ ਕਾਰਨ ਹਰ ਵਾਰ ਉਹ ਬੀਮਾਰੀਆਂ ਦੇ ਹਮਲੇ ਦਾ ਪੂਰੇ ਹੌਸਲੇ ਨਾਲ ਮੁਕਾਬਲੇ ਕਰਕੇ ਸਿਹਤਯਾਬ ਹੋ ਜਾਂਦੇ ਸਨ। ਪਿਛਲੇ ਸਾਲਾਂ ਤੋਂ ਉਨ੍ਹਾਂ ਦੀ ਸਿਹਤ ਨਾਸਾਜ਼ ਸੀ ਅਤੇ ਇਸ ਵਾਰ ਉਨ੍ਹਾਂ ਦੀ ਪਾਚਨ-ਪ੍ਰਣਾਲੀ ਇਸ ਕਦਰ ਨੁਕਸਾਨੀ ਗਈ ਕਿ ਉਹ ਜ਼ਿੰਦਗੀ ਦੀ ਲੜਾਈ ਹਾਰ ਗਏ ਅਤੇ 12 ਮਈ ਨੂੰ ਆਪਣੇ ਸਕੇ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। 22 ਮਈ ਨੂੰ ਕੁਵੈਂਟਰੀ 'ਚ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦੇ ਦਿੱਤੀ ਗਈ।

ਅਲਵਿਦਾ ਸਾਥੀ ਸੰਧੂ ਜੀ। ਤੁਹਾਡੀਆਂ ਯਾਦਾਂ ਅਤੇ ਇਨਕਲਾਬੀ ਘਾਲਣਾ ਅਮਿੱਟ ਹੈ।

## ਕਿਸਾਨੀ ਅੰਦੋਲਨ ਨੂੰ ਸਮਰਪਿਤ

**ਮਹਿੰਦਰਪਾਲ ਸਿੰਘ ਪਾਲ**

ਕਲ ਤਾਂ ਦਿੱਲੀ ਦੂਰ ਸੀ ਲੱਗਦੀ, ਅੱਜ ਹੋ ਗਈ ਏ ਨੇੜੇ
ਹੱਦਾਂ ਉੱਤੇ ਆ ਕਿਸਾਨਾਂ, ਲਾ ਲਏ ਨੇ ਹੁਣ ਡੇਰੇ

ਤੂੰ ਆਖੇਂ ਸਾਨੂੰ ਸਮਝ ਨਹੀਂ ਹੈ, ਇੱਕੋ ਤੂੰ ਸਿਆਣਾ
ਭਰਮ ਭੁਲੇਖੇ ਦੂਰ ਕਰਾਂਗੇ, ਵੇਖੀਂ ਜਾਈ ਤੇਰੇ

ਸਾਨੂੰ ਤਾਂ ਰੋਟੀ ਦੀ ਭੁੱਖ ਹੈ, ਤੂੰ ਤਾਕਤ ਦਾ ਭੁੱਖਾ
ਸਾਡੀ ਰੋਟੀ ਖੋਹਣ ਨੂੰ ਫਿਰਦੈਂ, ਕੰਮ ਨਾਂ ਚੰਗੇ ਤੇਰੇ

ਲੋਕਾਂ ਦਾ ਤੂੰ ਹਾਕਮ ਹੈਂ, ਪਰ ਲੋਕਾਂ ਨੂੰ ਹੀ ਲੁੱਟੇਂ
ਮੌਜ ਮਨਾਉਂਦੇ ਐਪਰ ਜਾਪਣ ਜੋ ਨੇ ਮਿੱਤਰ ਤੇਰੇ

ਜਦ ਤਕ ਖ਼ੂਨ ਹੈ ਗੇੜੀ ਦਿੰਦਾ, ਤਦ ਤਕ ਲੜਦੇ ਰਹਿਣਾਂ
ਮੁੜਨਾ ਹੈ ਹੱਕ ਲੈ ਕੇ ਇੱਥੋਂ, ਤੂੰ ਪਰਖੀਂ ਸਾਡੇ ਜੇਰੇ
• • •

## ਅੰਦੋਲਨ 2020

ਬਣ ਕੇ ਕਾਫ਼ਲਾ ਤੁਰ ਪਿਆ
ਹੈ ਦੇਸ਼ ਦਾ ਅੱਜ ਕਿਸਾਨ

ਲੱਗਦਾ ਉਸ ਦੇ ਸਿਦਕ ਦਾ
ਹੈ ਅੱਜ ਹੋਣਾ ਇਮਤਿਹਾਨ

ਹੁਣ ਪਿੱਛੇ ਨਹੀਂ ਉਸ ਮੁੜਨਾ
ਉਹਨੇ ਲਿਆ ਹੈ ਦਿਲ ਵਿਚ ਠਾਣ

ਹੱਕਾਂ ਦੇ ਖ਼ਾਤਰ ਲੜਨਗੇ
ਅੱਜ ਬੁੱਢੇ ਅਤੇ ਜਵਾਨ

ਪ੍ਰਸ਼ਾਸਨ ਨੂੰ ਪਈਆਂ ਭਾਜੜਾਂ
ਤੇ ਹੈ ਹਾਕਮ ਵੀ ਪਰੇਸ਼ਾਨ

ਹੁਣ ਹੋ ਕੇ ਰਹਿਣਗੇ ਫ਼ੈਸਲੇ
ਲਈ ਰੱਖ ਤਲੀ ਤੇ ਜਾਨ

ਤੇਰੇ ਨਾਲ ਨੇ ਕਾਮੇ ਦੇਸ਼ ਦੇ
ਰੱਖੀਂ ਦਿਲ ਵਿਚ ਇਤਮੀਨਾਨ

ਤੇਰੇ ਜੋਸ਼ ਦੇ ਅੱਗੇ ਯੋਧਿਆ
ਝੁਕੂ ਹਾਕਮ ਬੇਈਮਾਨ
• • •

## ਗ਼ਜ਼ਲ

ਮੈਂ ਬੰਜਰ ਆਬਾਦ ਕੀਤੇ, ਹੱਥਾਂ ਨਾ ਹਲ਼ ਵਾਹ ਕੇ
ਕਬਜ਼ਾ ਹੈ ਕਰਨਾ ਚਾਹੁੰਦਾ, ਹੁਣ ਹੋਰ ਕੋਈ ਆ ਕੇ

ਗਰਮੀ ਦੀ ਰੁੱਤ ਦੇ ਅੰਦਰ ਕਿੰਜ ਚੋਇਆ ਮੇਰਾ ਪਸੀਨਾ
ਇਹ ਉਹ ਭਲਾ ਕੀ ਜਾਣਨ, ਬੈਠੇ ਜੋ ਪੱਖੇ ਲਾ ਕੇ

ਮਿੱਟੀ ਨਾ ਮਿੱਟੀ ਹੋ ਕੇ, ਕਿੰਜ ਫ਼ਸਲ ਮੈਂ ਉਗਾਵਾਂ
ਕੁੱਝ ਲੋਕ ਨੇ ਹੁਣ ਬੈਠੇ, ਮੇਰੀ ਦਾਸਤਾਂ ਭੁਲਾ ਕੇ

ਹੈ ਮੇਰੇ ਲਹੂ ਵਿਚ ਵਗਦਾ, ਕੁਰਬਾਨੀਆਂ ਦਾ ਜਜ਼ਬਾ
ਜਿੱਤੀ ਆਜ਼ਾਦੀ ਮੈਂ ਸੀ, ਗਲ਼ ਫਾਂਸੀ ਦੇ ਫੰਦੇ ਪਾ ਕੇ

ਖੋਟੇ ਤੇਰੇ ਮਨਸੂਬੇ, ਨਾਕਾਮ ਹੋਣੇ ਹਾਕਮ
ਭਾਵੇਂ ਵੇਖ ਲਈਂ ਮੈਨੂੰ, ਸੋ ਵਾਰ ਤੂੰ ਅਜਮਾ ਕੇ
• • •

2

ਸਰਕਾਰ ਜੋ ਆਪਣੀ ਪਰਜਾ ਦੀ ਲੈਂਦੀ ਸਾਰ ਨਹੀਂ
ਸੋਚ ਮੇਰੀ ਦੇ ਅੰਦਰ ਉਹ ਕੋਈ ਸਰਕਾਰ ਨਹੀਂ

ਰਾਖਾ ਜਿਹੜਾ ਆਪ ਹੀ ਹੈ ਘਰ ਨੂੰ ਲੁੱਟੀ ਜਾ ਰਿਹਾ
ਚੋਰ ਹੀ ਹੋਣਾ ਕੋਈ, ਉਹ ਕੋਈ ਪਹਿਰੇਦਾਰ ਨਹੀਂ

ਆਪਣੇ ਵਾਅਦੇ ਦੇ ਉੱਤੇ ਜੋ ਕਦੀ ਖੜਦਾ ਨਹੀਂ
ਐਸੇ ਨੇਤਾ ਦੇ ਉੱਤੇ, ਮੈਨੂੰ ਕੋਈ ਇਤਬਾਰ ਨਹੀਂ

ਹੈ ਮੁਬਾਰਕ ਪੈਸਾ ਤੈਨੂੰ, ਪੈਸੇ ਵਾਲੇ ਦੋਸਤਾ
ਪਰ ਮੇਰੀ ਰੋਟੀ ਦੇ ਉੱਤੇ, ਤੇਰਾ ਕੋਈ ਅਧਿਕਾਰ ਨਹੀਂ

ਲੋਕਤੰਤਰ ਤਾਂ ਬਣਾਇਆ ਹੀ ਸੀ ਲੋਕਾਂ ਦੇ ਲਈ
ਏਸ ਦਾ ਮਾਲਕ ਕੋਈ, ਨੇਤਾ ਜਾਂ ਸ਼ਾਹੂਕਾਰ ਨਹੀਂ

ਜੰਗ ਜੇ ਯਾਰੋ ਇਹ ਆਪਣੇ, ਹੱਕਾਂ ਦੀ ਹੈ ਜਿੱਤਣੀ
ਏਕੇ ਤੋਂ ਵੱਡਾ ਕੋਈ, ਹੋਰ ਤਾਂ ਹਥਿਆਰ ਨਹੀਂ
• • •

3

ਲੋਕਾਂ ਦੀ ਆਵਾਜ਼ ਵੀ ਸੁਣ, ਆਪਣੇ ਮਨ ਦੀ ਬਾਤ ਨਾਂ ਕਰ
ਮਾਨਵਤਾ ਦੇ ਰਿਸਦੇ ਫੱਟ ’ਤੇ ਕੋਈ ਦਵਾ ਜਾਂ ਮਰਹਮ ਧਰ

ਕਿੰਜ ਤੂੰ ਸੌਂ ਜਾਂਦਾ ਹੈਂ ਰਾਤੀਂ, ਆਪਣੇ ਸ਼ਾਹੀ ਮਹਿਲ ਅੰਦਰ
ਤੇਰੀ ਜਨਤਾ ਤੇਰੇ ਲੋਕ, ਜਦੋਂ ਰਹੇ ਸੜਕਾਂ ’ਤੇ ਮਰ

ਜਿਸ ਕੁਰਸੀ ’ਤੇ ਬੈਠਾ ਹੈਂ ਤੂੰ, ਜਨਤਾ ਦੀ ਉਹ ਕੁਰਸੀ ਹੈ
ਲਾਹ ਦੇਵਣਗੇ ਕੁਰਸੀ ਤੋਂ ਉਹ, ਐਨਾ ਵੀ ਹੰਕਾਰ ਨਾ ਕਰ

ਵੇਖ ਕੇ ਹੰਝੂ ਪਰਜਾ ਦੇ, ਕੀ ਤੇਰਾ ਮਨ ਰੋਂਦਾ ਨਹੀਂ ਏ
ਜਾਂ ਫਿਰ ਤੇਰੇ ਸੀਨੇ ਦੇ ਵਿਚ, ਦਿਲ ਦੀ ਥਾਂ ਤੇ ਹੈ ਪੱਥਰ

ਕੋਈ ਏਥੇ ਬੈਠ ਨਾ ਰਹਿੰਦਾ, ਦੁਨੀਆਂ ਆਣੀ ਜਾਣੀ ਹੈ
ਖ਼ਾਲੀ ਹੱਥੀਂ ਤੁਰ ਗਏ ਏਥੋਂ ਲੱਖ ਸਿਕੰਦਰ ਤੇ ਹਿਟਲਰ
• • •

## ਹੱਕਾਂ ਦੀ ਜੰਗ

ਜੰਗ ਹੱਕਾਂ ਦੀ ਜਿੱਤਣੀ ਪੈਣੀ, ਤੈਨੂੰ ਠੋਸ ਵਿਚਾਰਾਂ ਦੇ ਨਾ
ਇਹ ਉਹ ਜੰਗ ਨੀਂ ਜਿਹੜੀ ਜਿੱਤੀ ਜਾਂਦੀ ਹੈ ਹਥਿਆਰਾਂ ਦੇ ਨਾ

ਇੱਕ ਪਾਸੇ ਤਾਂ ਜੰਗ ਹੈ ਤੇਰੀ, ਹਾਕਮ ਦੀ ਬੇਈਮਾਨੀ ਦੇ ਨਾ
ਦੂਜੇ ਪਾਸੇ ਜੰਗ ਹੈ ਤੇਰੀ, ਵਿਕ ਚੁੱਕੀ ਅਖ਼ਬਾਰਾਂ ਦੇ ਨਾ

ਜਿਸ ਹਾਕਮ ਨੇ ਬਾਂਹ ਸੀ ਫੜਨੀ ਆਪਣੀ ਸਾਰੀ ਪਰਜਾ ਦੀ ਹੀ
ਉਹ ਹਾਕਮ ਤਾਂ ਰਲ਼ ਬੈਠਾ ਹੈ, ਚੋਰਾਂ ਤੇ ਸ਼ਾਹੂਕਾਰਾਂ ਦੇ ਨਾ

ਭਾਲ ਰਹੇ ਨੇ ਉਹ ਤਾਂ ਮੌਕਾ, ਕਦ ਤੂੰ ਖ਼ੁਦ ਨੂੰ ਠਿੱਬੀ ਲਾਵੇਂ
ਸੋਚ ਵਿਹੂਣੀ ਗੱਲ ਨਾਂ ਕਰਨਾ ਸ਼ਾਤਰ ਪੱਤਰਕਾਰਾਂ ਦੇ ਨਾ

ਤੇਰੀ ਹੈ ਇਹ ਜ਼ਿੰਮੇਵਾਰੀ, ਖ਼ੁਦ ਨੂੰ ਉੱਚਾ ਸੁੱਚਾ ਰੱਖੀਂ
ਦਿਲ ਜਿੱਤਣੇ ਨੇ ਮਨ ਜਿੱਤਣੇ ਨੇ, ਤੂੰ ਆਪਣੇ ਕਿਰਦਾਰਾਂ ਦੇ ਨਾ

## ਫੌਜ

ਟਰਾਏ ਦੀਆਂ ਕੰਧਾਂ ਤੋਂ ਸਾਰਾਗੜ੍ਹੀ ਦੇ ਕਿਲੇ ਤੱਕ
ਫੌਜੀਆਂ ਦਾ ਲਹੂ ਦਰਿਆ ਬਣ ਵਹਿੰਦਾ ਹੈ।
ਜੀਹਦੇ ਚਿੱਕੜ ’ਚ ਸਾਮਰਾਜੀ ਹੰਕਾਰ ਚਾਂਭੜਾਂ ਪਾਉਂਦਾ ਹੈ।

ਇਤਿਹਾਸ ਮਾਸੂਮ ਲਹੂ ਤੋਂ ਬਿਨਾਂ ਕੁਛ ਵੀ ਨਹੀਂ।
ਮਾਸੂਮ ਲਹੂ ਚ ਨਹਾ ਕੇ ਸਲਤਨਤਾਂ ਅਬਾਦ ਹੁੰਦੀਆਂ।
ਲਹੂ ਵਹਾਉਂਦੇ ਜੋ
ਉਹ ਹੈਵਾਨ ਨਹੀਂ ਹੁੰਦੇ,
ਸ਼ੈਤਾਨ ਨਹੀਂ ਹੁੰਦੇ,
ਭਗਵਾਨ ਨਹੀਂ ਹੁੰਦੇ
ਇਨਸਾਨ ਵੀ ਨਹੀਂ ਹੁੰਦੇ,
ਰਾਜਸੀ ਬੰਦੂਕ ਦੀ ਨਾਲੀ ਦੇ ਕਾਰਤੂਸ ਹੁੰਦੇ ਨੇ।
ਰਾਜਸੀ ਬੰਦੂਕ ਕਹਿੰਦੀ ਹੈ
ਬਲਾਤਕਾਰ ਕਰੋ,ਉਹ ਕਰਦੇ ਨੇ।
ਕਹਿੰਦੀ ਹੈ ਨਾ ਕਰੋ ਉਹ ਨਹੀਂ ਕਰਦੇ
ਕਹਿੰਦੀ ਹੈ ਪੈਲੱਟ ਗੰਨਾ ਵਰਤੋ
ਉਹ ਵਰਤਦੇ ਨੇ।
ਉਹ ਸ਼ੈਤਾਨ,ਹੈਵਾਨ ਨਹੀਂ,ਭਗਵਾਨ ਨਹੀਂ
ਗੁਲਾਮ ਹੁੰਦੇ ਨੇ।

ਸ਼ੈਤਾਨ ਤਾਂ ਰਾਜੇ ਦਾ ਹੁਕਮ ਹੁੰਦਾ ਹੈ।

ਅਸਲ ਚ ਉਹ ਭੁੱਖੇ ਢਿੱਡ ਹੁੰਦੇ ਨੇ,
‘ਸੰਗੀਨਾਂ ਸੰਗ ਟਕਰਾਉਣ ਲਈ ਸਰਾਪੇ’।

ਰਾਜਿਆਂ ਦਾ ਰਾਜ ਫੌਜੀਆਂ ਨਾਲ ਨੀ ਚਲਦਾ
ਫੌਜੀਆਂ ਨਾਲ ਕੀਤੇ ਧਰੋਹ ਨਾਲ ਚਲਦਾ ਹੈ।
ਫੌਜੀਪੁਣਾ ਇਨਸਾਨੀਅਤ ਨਾਲ ਕੀਤਾ
ਸਭ ਤੋਂ ਵੱਡਾ ਧਰੋਹ ਹੈ,
ਇਨਸਾਨ ਨੂੰ ਜਾਨਵਰ ਬਣਾਉਣ ਦਾ
ਸਭ ਤੋਂ ਵੱਡਾ ਕਾਰਖਾਨਾ ਫੌਜ ਹੈ।

ਪਰ ਇਹ ਕਾਰਖਾਨਾ ਜਿਸ ਬ੍ਰਹਿਮੰਡ ਚ ਸਕਾਰ ਹੁੰਦਾ ਹੈ
ਉਹਦਾ ਨਾਂ ਸਭਿਅਤਾ ਹੈ।
ਇਸ ਸਭਿਅਤਾ ਤੇ ਸ਼ਰਮਿੰਦਾ ਹੋਣਾ ਤਾ ਬਣਦਾ ਹੈ।
ਇਹਦਾ ਹਰ ਪੌਡਾ ਲਹੂ ਚ ਰੰਗਿਆ ਹੈ।
ਚਾਹੇ ਕਿ ਇਹਦਾ ਰੰਗੀਨ ਪੌਡਾ ਵੀ
ਲਹੂ ਚ ਰੰਗਕੇ ਸਕਾਰ ਹੋਵੇਗਾ।
ਪਰ ਉਹ ਵਹਿੰਦਾ ਲਹੂ ਵਿਕਿਆ ਨਹੀਂ ਹੋਵੇਗਾ।

**- ਮਨਪ੍ਰੀਤ ਜਸ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਗੱਭਰੂ ਜਵਾਨ ਨਸ਼ਿਆਂ ਨੇ ਖਾ ਲਏ/-ਬਹਾਦਰ ਡਾਲਵੀ

ਲੱਗ ਗਈ ਨਜ਼ਰ ਰੰਗਲੇ ਪੰਜਾਬ ਨੂੰ
ਮਿੱਟੀ ਵਿਚ ਰੋਲਤਾ ਸ਼ਹੀਦਾਂ ਦੇ ਖ਼ਾਬ ਨੂੰ
ਹਾਕਮਾਂ ਨੇ ਮਹਿਲ ਤੇ ਮੁਨਾਰੇ ਪਾ ਲਏ
ਗੱਭਰੂ ਜਵਾਨ ਨਸ਼ਿਆਂ ਨੇ ਖਾ ਲਏ।

ਬਾਪੂ ਦੀਆਂ ਸੱਧਰਾਂ ’ਤੇ ਪਾਣੀ ਫੇਰਤਾ
ਮਾਂ ਦੀਆਂ ਅੱਖਾਂ ਵਿਚੋਂ ਹੰਝੂ ਕੇਰਤਾ

ਬੁੱਢੇ ਵਾਰੇ ਤਲ ਤਾਈਂ ਰੋਗ ਲਾ ਲਏ
ਗੱਭਰੂ ਜਵਾਨ ਨਸ਼ਿਆਂ ਨੇ ਖਾ ਲਏ।

ਪੁੱਤਾਂ ਦੀਆਂ ਲਾਸ਼ਾਂ ਉਤੇ ਪਾਉਣ ਕੀਰਨੇ
ਸੌਂ ਗਏ ਨੀਂਦ ਸਦਾ ਲਈ ਭੈਣਾਂ ਦੇ ਵੀਰ ਨੇ

ਰੋ ਰੋ ਅੱਖਾਂ ਵਿਚੋਂ ਅੱਥਰੂ ਸੁਕਾ ਲਏ
ਗੱਭਰੂ ਜਵਾਨ ਨਸ਼ਿਆਂ ਨੇ ਖਾ ਲਏ।

ਖਾਂਦੇ ਸੀ ਜੋ ਮੱਖਣ ਮਲਾਈਆਂ ਥੁੜ ਗਏ
ਗੋਲੀਆਂ, ਸਮੈਕ, ਫੈਂਸੀਆਂ ’ਚ ਰੁੜ੍ਹ ਗਏ।

ਕੁੰਦਨ ਸਰੀਰ ਖੁੰਘਲ਼ ਕਰਾ ਲਏ
ਗੱਭਰੂ ਜਵਾਨ ਨਸ਼ਿਆਂ ਨੇ ਖਾ ਲਏ।

ਕੀਹਨੂੰ ਕਹੀਏ ਵਾੜ ਖੇਤ ਨੂੰ ਹੀ ਖਾ ਗਈ
ਉਮਰਾਂ ਦਾ ਰੋਣਾ ਝੋਲ਼ੀ ਵਿਚ ਪਾ ਗਈ।

ਭੰਗੜੇ ਦੇ ਬੋਲ ਪੌਣਾਂ ’ਚ ਗਵਾ ਲਏ
ਗੱਭਰੂ ਜਵਾਨ ਨਸ਼ਿਆਂ ਨੇ ਖਾ ਲਏ।

‘ਡਾਲਵੀ’ ਦੀ ਕਲਮ ਪਈ ਹੰਝੂ ਕੇਰਦੀ
ਪੰਜਾਬ ਦੇ ਦੁੱਖਾਂ ਦੀ ਦਾਸਤਾਨ ਛੇੜਦੀ

ਮਾਪਿਆਂ ਪੁੱਤਾਂ ਦੇ ਕਫ਼ਨ ਸਵਾ ਲਏ
ਗੱਭਰੂ ਜਵਾਨ ਨਸ਼ਿਆਂ ਨੇ ਖਾ ਲਏ।

## ਭਗਤ ਸਿੰਘ ਨੂੰ ਅਲਵਿਦਾ

ਵੀਰੇ ਜੋ ਤੂੰ ਸੋਚ ਰਿਹਾ ਸੀ
ਉਹ ਅੱਜ ਨਹੀਂ ਹੋ ਰਿਹਾ
ਅੱਜ ਸਾਡੀ ਸੋਚ ਬੜੀ
ਖ਼ਤਰਨਾਕ ਹੋ ਗਈ ਹੈ
ਅਕਲ ਵਿਗੜੀ ਹੈ
ਬੜੇ ਖ਼ਤਰਨਾਕ ਢੰਗ ਨਾਲ
ਕੈਂਸਰੀ ਹੋ ਗਈ ਹੈ ਸੋਚ ਸਾਡੀ
ਕੈਂਸਰਾਂ ਦੀ ਭਰਮਾਰ ਹੋ ਗਈ ਹੈ
ਸਿਰਫ਼ ਅਮਲ ਦੀ ਵਰਤੋਂ
ਕਰਦੇ ਹਾਂ ਅਸੀਂ
ਦਿਲ ਦੀ ਚਾਲ ਮੱਠੀ
ਤੇ ਮੰਦਹਾਲ ਹੋ ਗਈ ਹੈ।
ਨਾਨਕ-ਮਾਰਕਸ ਦੀ ਗੱਲ ਛੱਡੋ
ਪਤਾ ਨਹੀਂ ਕਿਹੜੇ ਚੇਲੇ-ਚੇਲੀਆਂ ਦੀ
ਸਰਕਾਰ ਹੋ ਗਈ ਹੈ
ਤੇਰੀ ਸੋਚ ਦੀ
ਜੋ ਕਦੀ ਭਰਦੇ ਸਨ ਹਾਮੀ
ਅਪਣੇ ਹੀ ਘਰ ਵੜ ਕੇ
ਕੰਗਾਲ ਹੋ ਗਈ ਹੈ
ਜੜੋਂ ਵੱਢਣ ਤੁਰ ਪਏ ਹਾਂ
ਤੇ ਸਾਡੇ ਪੈਰਾਂ ਦੀ ਜ਼ਮੀਨ
ਕੰਗਾਲ ਹੋ ਗਈ ਹੈ
ਤਖ਼ਤਿਆਂ ’ਤੇ ਖੜ੍ਹ ਕੇ
ਮਾਰਦੇ ਸਨ ਜੋ ਦਮਗਜ਼ੇ ਕਦੇ
ਚਾਲ ਉਨ੍ਹਾਂ ਦੀ ਵੀ
ਬੇਤਾਲ ਹੋ ਗਈ ਹੈ
ਉਂਜ ਜੋ ਕਹਿੰਦੇ ਸੀ ਉਹ ਕਦੇ
ਅਸੀਂ ਹੋਵਾਂਗੇ
ਆਉਣ ਵਾਲੇ ਸਮੇਂ ਦੇ
ਚਮਕਦੇ ਸਿਤਾਰੇ
ਇਨ੍ਹਾਂ ਸਿਤਾਰਿਆਂ ਦੀ ਰੌਸ਼ਨੀ
ਬੇਤਾਰ ਹੋ ਗਈ ਹੈ
ਆਪਣੀਆਂ ਕੋਠੀਆਂ – ਬੈਂਕ ਬੈਲੈਂਸ
ਅਪਣੇ ਹੀ ਟੱਬਰ
ਤੇ ਆਪਣੀ ਹੀ ਸੋਚ ਦਾ ਬੜਾ ਹੀ ਹੈ
ਗ਼ਰੂਰ ਉਨ੍ਹਾਂ ਨੂੰ
ਪਰ ਮਨ ਦੇ ਵਿਗਿਆਨ ਦੀ ਦਸ਼ਾ
ਬੇਜ਼ਾਰ ਹੋ ਗਈ ਹੈ।
ਵੀਰੇ ! ਤੂੰ ਐਵੇਂ ਹੀ ਲੜਦਾ ਰਿਹਾ ਅਸਾਡੇ ਲਈ
ਦਿੱਤੀ ਸ਼ਹੀਦੀ ਤੇ ਵਾਰ-ਤੀ ਜਿੰਦ ਆਪਣੀ
ਤੂੰ ਸੱਚਾ ਤੇਰੀ ਸ਼ਹਾਦਤ ਸੱਚੀ ਹੈ
ਪਰ ਜਿਨ੍ਹਾਂ ਲਈ ਇਹ ਸ਼ੌਕ ਕੀਤਾ ਸੀ
ਉਹ ਤੇਰੀ ਸੋਚ ਦੀ ਗੱਲ
ਉੱਚੀ ਅਵਾਜ਼ ਵਿਚ ਕਰਦੇ ਹਨ
ਪਰ ਅੰਦਰੋਂ ਡਰਦੇ ਹਨ
ਮਤਾਂ ਕੋਈ ਪੁਲਸੀਆ
ਨਾ ਲਵੇ ਦਬੋਚ
ਤੇ ਮੁਫ਼ਤ ਵਿਚ ਮਾਰੇ ਜਾਈਏ
ਮਹਾਨ ਸ਼ਹੀਦ ਦੇ ਨਾਉਂ ’ਤੇ।
ਵੀਰੇ ! ਪਤਾ ਨਹੀਂ ਕਿਉਂ
ਅਜੇ ਤਾਂ ਤੇਰੀ ਸੋਚ ਦਾ
ਪਾਠ ਕਰਨ ਵਾਲੇ ਬਹੁਤ ਹਨ
ਪਰ ਉਸਦਾ ਹਾਣੀ ਕਿਤੇ ਨਜ਼ਰ ਨਹੀਂ ਪੈਂਦਾ
ਤੇਰੀ ਸੋਚ ਦੇ ਹਾਣੀ ਨੇ
ਪਤਾ ਨਹੀਂ ਕਦੋਂ ਤੇ ਕਿੱਥੇ
ਜਨਮ ਲੈਣਾ ਹੈ ?
ਵੀਰੇ ! ਸਾਥੋਂ ਆਸ ਨਾ ਰੱਖਣਾ
ਅਸੀਂ ਸੁਫ਼ਨਿਆਂ ਦੇ
ਹਾਣੀ ਬਣਾਂਗੇ
ਚੰਗਾ ਹੋਵੇ ਜੇ ਤੇਰੀ ਪਵਿੱਤਰ ਆਤਮਾ
ਸਵਰਗ ਵਿਚ ਹੀ ਰਹੇ
ਨਹੀਂ ਤਾਂ ਵੀਰੇ ਅਸੀਂ ਤੈਨੂੰ
ਨਰਕ ਦਾ ਕ੍ਰਿਸ਼ਮਾ ਦਿਖਾਣ ਦੀ
ਦਲੇਰੀ ਰਖਦੇ ਹਾਂ।
ਅਲਵਿਦਾ ! ਅਲਵਿਦਾ !!

**- ਨਰਿੰਦਰ ਸ਼ਰਮਾ**

## ਤਿਰੇ ਇਸ਼ਕ ਕੀ ਇੰਤਿਹਾ ਚਾਹਤਾ ਹੂੰ

ਤਿਰੇ ਇਸ਼ਕ ਕੀ ਇੰਤਿਹਾ ਚਾਹਤਾ ਹੂੰ
ਮਿਰੀ ਸਾਦਗੀ ਦੇਖ ਕ ?ਯਾ ਚਾਹਤਾ ਹੂੰ

ਸਿਤਮ ਕਿ ਹੋ ਵਾਦਾ-ਏ-ਬੇ-ਹਿਜਾਬੀ
ਕੋਈ ਬਾਤ ਸਬ੍ਰ-ਆਜ਼ਮਾ ਚਾਹਤਾ ਹੂੰ

ਯੇ ਜੰਨਤ ਮੁਬਾਰਕ ਰਹੇ ਜ਼ਾਹਿਦੋਂ ਕੋ
ਕਿ ਮੈਂ ਆਪਕਾ ਸਾਮਨਾ ਚਾਹਤਾ ਹੂੰ

ਜ਼ਰਾ ਸਾ ਤੋ ਦਿਲ ਹੂੰ, ਮਗਰ ਸ਼ੋਖ ਇਤਨਾ
ਵਹੀ ਲੰਤਰਾਨੀ ਸੁਨਾ ਚਾਹਤਾ ਹੂੰ

ਕੋਈ ਦਮ ਕਾ ਮੇਹਮਾਂ ਹੂੰ ਐ ਅਹਲ-ਏ-ਮਹਫਿਲ
ਚਰਾਗ਼-ਏ-ਸਹਰ ਹੂੰ, ਬੁਝਾ ਚਾਹਤਾ ਹੂੰ

ਭਰੀ ਬਜ਼ਮ ਮੇਂ ਰਾਜ਼ ਕੀ ਬਾਤ ਕਹ ਦੀ
ਬੜਾ ਬੇ-ਅਦਬ ਹੂੰ, ਸਜ਼ਾ ਚਾਹਤਾ ਹੂੰ

**- ਡਾ ਅੱਲਾਮਾ ਮੁਹੰਮਦ ਇਕਬਾਲ**

## ਅਸੀਂ ਵਾਰਿਸ ਹਾਂ

ਅਸੀਂ ਵਾਰਿਸ ਹਾਂ
ਸਾਡੇ ਨਾਲ ਟਕਰਾਉਣ ਤੋਂ ਪਹਿਲਾਂ
ਤੂੰ ਜਾਣ ਲੈ
ਸਾਡੀਆਂ ਅੱਖਾਂ ’ਚੋਂ
ਲਹਿਰਾਉਂਦੇ ਜਿੱਤ ਦੇ ਪਰਚਮ
ਸਾਡੇ ਸੀਨਿਆਂ ਉਤੇ ਲਿਖਿਆ
ਪੜ੍ਹ ਲੈ ਤੂੰ।
ਸ਼ਹੀਦੀਆਂ ਸ਼ਹਾਦਤਾਂ ਦਾ ਇਤਿਹਾਸ,
ਸਾਡੇ ਸਾਹਾਂ ਵਿਚ ਸੁਣ ਲੈ
ਇਨਕਲਾਬ ਜਿੰਦਾਬਾਦ ਦੇ ਬੁਲੰਦ
ਪਹਾੜਾਂ ਵਰਗੇ ਬੋਲ
ਤੂੰ ਸਾਡੀਆਂ ਜ਼ਮੀਨਾਂ ਤੇ ਜ਼ਮੀਰ
ਤੂੰ ਸਮਝ ਲਿਆ ਲਾਵਾਰਿਸ
ਤੂੰ ਨਹੀਂ ਜਾਣਦਾ
ਅਸੀਂ ਹਾਂ ਵਾਰਿਸ।
ਖ਼ੂਨ ਨਾਲ ਲਿਖੀਆਂ ਤਕਦੀਰਾਂ ਦੇ
ਅਸੀਂ ਹਾਂ ਵਾਰਿਸ
ਹੱਕ ਸੱਚ ਲਈ ਉਠੀਆਂ ਸਮੀਰਾਂ ’ਚ
ਸਾਡੇ ਨਾਲ ਮੱਥਾ ਲਾਉਣ ਤੋਂ ਪਹਿਲਾਂ
ਸਾਡੇ ਮੱਥਿਆਂ ਵਿਚੋਂ ਉਠਦਾ ਚਾਨਣ
ਪਿਛੇ ਛੱਡਕੇ ਤੇ ਜਿੱਤ ਕੇ ਆਉਣਾ
ਇਤਿਹਾਸ ਨੂੰ ਜਾਣ ਲੈ
ਪਹਿਚਾਣ ਲੈ
ਅਸੀਂ ਅੱਗ ਦੇ ਪੁੱਤ ਹਾਂ
ਦੁੱਖੀ ਹਾਂ ਸੁੱਖੀ ਹਾਂ
ਪਰ ਧਰਤੀ ਦੇ ਪੁੱਤ ਹਾਂ।

**ਨਵਦੀਪ ਕੌਰ**
78376-04481


www.malwatires.ca
NOW OPEN AT
MALWA
TIRES & SERVICES LTD
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

PIONEER FINANCIAL SERVICES

TRUCK LOANS

Low Interest Rates, Fast Approval




PTS PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

Monarch

INSURANCE BROKERS

TRUCK INSURANCE

BEST INSURANCE RATES IN ALBERTA

CALL: 587-832-1208

HOMELIFE HIGHER STANDARDS

HOMELIFE SILVERCITY
REALTY INC.,BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS

HOMELIFE HIGHER STANDARDS

HOMELIFE SILVERCITY
REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract

JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
Cambridge
PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.